ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 33 | 20 August 2021 to 26 August 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਅਫ਼ਗਾਨੀ ਸਿੱਖ ਖ਼ੁਦ ਨੂੰ ਮਹਿਸੂਸ ਕਰ ਰਹੇ ਨੇ ਅਸੁਰੱਖਿਅਤ

## ✪ ਤਾਲਿਬਾਨ ਨੇ ਹਿੰਦੂ-ਸਿੱਖਾਂ ਨੂੰ ਦਿੱਤਾ ਸੁਰੱਖਿਆ ਦਾ ਭਰੋਸਾ : ਰਵੇਲ ਸਿੰਘ ✪ ਮੋਦੀ ਵਲੋਂ ਅਫਗਾਨਿਸਤਾਨ ਤੋਂ ਸਿੱਖਾਂ ਤੇ ਹਿੰਦੂਆਂ ਨੂੰ ਸੁਰੱਖਿਅਤ ਭਾਰਤ ਲਿਆਉਣ ਦੇ ਨਿਰਦੇਸ਼ ✪ ਅਫ਼ਗਾਨੀ ਸਿੱਖਾਂ ਦੇ ਬੱਚਿਆਂ ਨੂੰ ਮੁਫ਼ਤ ਸਿੱਖਿਆ ਦੇਵੇਗਾ : ਚੀਫ਼ ਖ਼ਾਲਸਾ ਦੀਵਾਨ

**ਅੰਮ੍ਰਿਤਸਰ/ਏ.ਟੀ.ਨਿਊਜ਼** : ਅਫ਼ਗਾਨਿਸਤਾਨ 'ਤੇ ਤਾਲਿਬਾਨ ਦੇ ਹੋਏ ਕਬਜ਼ੇ ਤੋਂ ਬਾਅਦ ਉੱਥੇ ਰਹਿ ਰਹੇ ਹਿੰਦੂ-ਸਿੱਖ ਅਫ਼ਗਾਨ ਨਾਗਰਿਕਾਂ ਵਲੋਂ ਲੰਘੇ ਦਿਨ ਇਹ ਬਿਆਨ ਜਾਰੀ ਕੀਤਾ ਗਿਆ ਸੀ ਕਿ ਇਲਾਕੇ 'ਚ ਹੋਈਆਂ ਲੁੱਟ-ਖਸੁੱਟ ਦੀਆਂ ਵਾਰਦਾਤਾਂ ਕਾਰਨ ਉਹ ਪਹਿਲਾਂ ਸਹਿਮੇ ਹੋਏ ਸਨ, ਜਦਕਿ ਹੁਣ ਕੁਝ ਤਾਲਿਬਾਨ ਆਗੂਆਂ ਨੇ ਉਨਾਂ ਨਾਲ ਬੈਠਕ ਕਰਕੇ ਨਾ ਸਿਰਫ਼ ਉਨਾਂ ਨੂੰ ਸੁਰੱਖਿਆ ਦਾ ਭਰੋਸਾ ਦਿੱਤਾ ਹੈ, ਸਗੋਂ ਆਪਣੇ ਫ਼ੋਨ ਨੰਬਰ ਉਨਾਂ ਨੂੰ ਦੇ ਕੇ ਇਹ ਵੀ ਕਿਹਾ ਕਿ ਕੋਈ ਵੀ ਮੁਸੀਬਤ ਆਉਣ 'ਤੇ ਉਹ ਤਾਲਿਬਾਨ ਦੇ ਸੁਰੱਖਿਆ ਅਧਿਕਾਰੀਆਂ ਨਾਲ ਸੰਪਰਕ ਕਰ ਸਕਦੇ ਹਨ। ਇਸ ਬਿਆਨ ਦੇ ਬਾਅਦ ਅਫ਼ਗਾਨਿਸਤਾਨ ਦੇ ਗੁਰਦੁਆਰਾ ਕਰਤਾ-ਏ-ਪਰਵਾਨ ਤੋਂ ਅਫ਼ਗਾਨ ਸਿੱਖ ਭਾਈਚਾਰੇ ਨੇ ਵੀਡੀਓ ਜਾਰੀ ਕਰਦਿਆਂ ਕਿਹਾ ਹੈ ਕਿ ਤਾਲਿਬਾਨ ਦੇ ਹਮਲਿਆਂ ਨਾਲ ਉਹ ਬਹੁਤ ਡਰੇ ਹੋਏ ਹਨ ਅਤੇ ਕਿਸੇ ਵੀ ਸਮੇਂ ਉਨਾਂ ਲਈ ਹਾਲਾਤ ਬਦਤਰ ਹੋ ਸਕਦੇ ਹਨ। ਉਨਾਂ ਦਾ ਕਹਿਣਾ ਸੀ ਕਿ ਤਾਲਿਬਾਨ ਰਾਜ ਅਤੇ ਦੂਜੀ ਸਰਕਾਰ ਦੌਰਾਨ ਸਿੱਖਾਂ ਅਤੇ ਹਿੰਦੂਆਂ ਨੂੰ ਕੋਈ ਕੁਝ ਨਹੀਂ ਕਹਿੰਦਾ, ਪਰ ਜਦੋਂ ਵੀ ਜੰਗ ਜਾਂ ਝਗੜਾ ਹੁੰਦਾ ਹੈ ਤਾਂ ਉਸ ਹਾਲਾਤ ਨਾਲ ਹਿੰਦੂਆਂ ਤੇ ਸਿੱਖਾਂ ਨੂੰ ਵੀ ਨੁਕਸਾਨ ਹੁੰਦਾ ਹੈ। ਉਨਾਂ ਕਿਹਾ ਕਿ ਮੌਜੂਦਾ ਸਮੇਂ ਉਕਤ ਗੁਰਦੁਆਰਾ ਸਾਹਿਬ ਵਿਚ ਕੁਲ 285 ਅਫ਼ਗਾਨ ਹਿੰਦੂ ਅਤੇ ਸਿੱਖ ਰਹਿ ਰਹੇ ਹਨ। ਉਨਾਂ ਕਿਹਾ ਕਿ ਭਾਵੇਂ ਕਿ ਤਾਲਿਬਾਨ ਦੇ ਆਗੂਆਂ ਨੇ ਗੁਰਦੁਆਰੇ ਵਿਚ ਆ ਕੇ ਹਿੰਦੂ-ਸਿੱਖਾਂ ਨੂੰ ਸੁਰੱਖਿਆ ਦਾ ਭਰੋਸਾ ਵੀ ਦੁਆਇਆ ਹੈ। ਪਰ ਡਰ ਕਾਰਨ ਲੋਕ ਉੱਥੋਂ ਨਿਕਲਣਾ ਚਾਹੁੰਦੇ ਹਨ।ਇਸ ਦੇ ਨਾਲ ਹੀ ਉਨਾਂ ਪਰਵਾਸੀ ਸਿੱਖ ਭਾਈਚਾਰੇ ਤੋਂ ਮੰਗ ਕੀਤੀ ਹੈ ਕਿ ਉਨਾਂ ਦੀ ਸੁਰੱਖਿਆ ਲਈ ਪੱਕੇ ਤੌਰ 'ਤੇ ਉਨਾਂ ਦੀ ਰਿਹਾਇਸ਼ ਦਾ ਪ੍ਰਬੰਧ ਅਮਰੀਕਾ ਜਾਂ ਕੈਨੇਡਾ ਵਿਚ ਕੀਤਾ ਜਾਵੇ ।

ਜਲਾਲਾਬਾਦ ਦੇ ਹੀ ਮਨਮੀਤ ਸਿੰਘ ਨੇ ਦੱਸਿਆ ਕਿ ਅਫ਼ਗਾਨਿਸਤਾਨ ਵਿਚ ਮੌਜੂਦਾ ਸਮੇਂ ਕੁਲ 19-20 ਸਿੱਖ ਪਰਿਵਾਰ ਰਹਿ ਰਹੇ ਹਨ। ਜਿਨਾਂ ਦੀ ਅਬਾਦੀ 150 ਤੋਂ ਵੀ ਘੱਟ ਹੈ, ਜਦਕਿ ਹਿੰਦੂ ਭਾਈਚਾਰੇ ਦੀ ਗਿਣਤੀ 65 ਤੋਂ 70 ਦੇ ਵਿਚਕਾਰ ਹੈ। ਉਨਾਂ ਦੱਸਿਆ ਕਿ ਸਿੱਖ ਗੁਰਦੁਆਰਾ ਕਰਤਾ-ਏ-ਪਰਵਾਨ ਅਤੇ ਆਪਣੇ ਘਰਾਂ ਵਿਚ ਟਿਕੇ ਹੋਏ ਹਨ, ਜਦਕਿ ਜ਼ਿਆਦਾਤਰ ਹਿੰਦੂ ਪਰਿਵਾਰ ਜਲਾਲਾਬਾਦ ਸ਼ਹਿਰ ਦੇ ਆਸਾਮਾਈ ਮੰਦਰ ਵਿਚ ਅਸਥਾਈ ਤੌਰ 'ਚ ਰਹਿ ਰਹੇ ਹਨ।



**ਮੋਦੀ ਸਰਕਾਰ ਸਰਗਰਮ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਕਿ ਅਫ਼ਗਾਨਿਸਤਾਨ ਵਿਚ ਫਸੇ ਸਾਰੇ ਭਾਰਤੀ ਨਾਗਰਿਕਾਂ ਨੂੰ ਸੁਰੱਖਿਅਤ ਲਿਆਂਦਾ ਜਾਵੇ ਅਤੇ ਜੋ ਵੀ ਅਫ਼ਗਾਨ ਸਿੱਖ ਅਤੇ ਹਿੰਦੂ ਭਾਈਚਾਰੇ ਦੇ ਲੋਕ ਭਾਰਤ ਆਉਣਾ ਚਾਹੁੰਦੇ ਹਨ, ਉਨਾਂ ਨੂੰ ਸ਼ਰਨ ਦਿੱਤੀ ਜਾਵੇ । ਪ੍ਰਧਾਨ ਮੰਤਰੀ ਨੇ ਇਹ ਨਿਰਦੇਸ਼ ਇਕ ਉੱਚ ਪੱਧਰੀ ਬੈਠਕ ਦੀ ਅਗਵਾਈ ਕਰਦੇ ਹੋਏ ਦਿੱਤੇ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਦੱਸਿਆ ਕਿ ਭਾਰਤੀ ਅਧਿਕਾਰੀ ਅਫ਼ਗਾਨਿਸਤਾਨ 'ਤੇ ਤਾਲਿਬਾਨ ਦਾ ਕਬਜ਼ਾ ਹੋਣ ਤੋਂ ਬਾਅਦ ਕਾਬੁਲ ਨੇੜੇ ਇਕ ਗੁਰਦੁਆਰੇ ਵਿਚ ਸ਼ਰਨ ਲੈਣ ਵਾਲੇ ਸਿੱਖਾਂ ਦੇ ਸੰਪਰਕ 'ਚ ਹਨ ਅਤੇ ਉਨਾਂ ਨੂੰ ਜਲਦੀ ਭਾਰਤ ਲਿਆਂਦਾ ਜਾਵੇਗਾ। ਭਾਜਪਾ ਦੇ ਲੋਕ ਸਭਾ ਸੰਸਦ ਮੈਂਬਰ ਹੰਸ ਰਾਜ ਹੰਸ ਨੇ ਅਫਗਾਨਿਸਤਾਨ ਵਿਚ ਫਸੇ ਸਿੱਖਾਂ ਦੀ ਮਦਦ ਕਰਨ ਲਈ ਸ: ਪੁਰੀ ਤੱਕ ਪਹੁੰਚ ਕੀਤੀ ਸੀ ਅਤੇ ਉਨਾਂ ਇਹ ਮੁੱਦਾ ਵਿਦੇਸ਼ ਮੰਤਰੀ ਐਸ. ਜੈ ਸ਼ੰਕਰ ਕੋਲ ਉਠਾਇਆ ਹੈ।

ਇਸ ਦੌਰਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨੇ ਅਫ਼ਗਾਨਿਸਤਾਨ ਦੇ ਮੌਜੂਦਾ ਹਾਲਾਤ ਅਤੇ ਉੱਥੇ ਫਸੇ ਭਾਰਤੀਆਂ ਅਤੇ ਖ਼ਾਸ ਕਰਕੇ ਸਿੱਖਾਂ ਦੀ ਦੇਸ਼ ਵਾਪਸੀ ਲਈ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨਾਲ ਗੱਲਬਾਤ ਕੀਤੀ। ਇਸ ਦੌਰਾਨ ਜਥੇਦਾਰ ਗੌਹਰ ਨੇ ਆਖਿਆ ਕਿ ਅਫ਼ਗਾਨਿਸਤਾਨ ਵਿੱਚ ਜੇ ਕੋਈ ਵੀ ਸਿੱਖ ਜਾਂ ਹਿੰਦੂ ਪਰਿਵਾਰ ਫਸਿਆ ਹੋਇਆ ਹੈ ਤਾਂ ਉਹ ਉਨਾਂ ਨਾਲ ਸੰਪਰਕ ਕਰ ਸਕਦੇ ਹਨ।

**ਬਾਕੀ ਸਫ਼ਾ 29 'ਤੇ**

# ਜਥੇਦਾਰ ਅਕਾਲ ਤਖ਼ਤ ਅਫਗਾਨੀ ਸਿੱਖਾਂ ਬਾਰੇ ਚਿੰਤਤ

## ਸ਼੍ਰੋਮਣੀ ਕਮੇਟੀ ਤੇ ਦਿੱਲੀ ਗੁਰਦੁਆਰਾ ਕਮੇਟੀ ਫਾਰਸੀ ਅਰਬੀ ਭਾਸ਼ਾਵਾਂ ਵਿਚ ਨਿਪੁੰਨ ਅਫ਼ਗਾਨਿਸਤਾਨੀ ਸਿੱਖਾਂ ਦਾ ਇਤਿਹਾਸ ਨੂੰ ਲੱਭਣ ਤੇ ਉੱਲਥਾ ਕਰਨ ਵਿੱਚ ਸਹਿਯੋਗ ਲਵੇ



**ਅੰਮ੍ਰਿਤਸਰ/ਏ.ਟੀ.ਨਿਊਜ਼** : ਅਫਗਾਨਿਸਤਾਨ ਵਿਚ ਤਾਲਿਬਾਨ ਦੀ ਵਾਪਸੀ ਕਾਰਨ ਬਣੇ ਹਾਲਾਤ ਦੌਰਾਨ ਅਕਾਲ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅਫ਼ਗਾਨਿਸਤਾਨ ਦੇ ਸਿੱਖ ਭਾਈਚਾਰੇ ਦੀ ਸੁਰੱਖਿਆ ਤੇ ਗੁਰਦੁਆਰਾ ਸਾਹਿਬਾਨ ਦੀ ਸਾਂਭ ਸੰਭਾਲ ਪ੍ਰਤੀ ਚਿੰਤਾ ਪ੍ਰਗਟ ਕੀਤੀ ਹੈ । ਉਨਾਂ ਨੇ ਭਾਰਤ ਸਮੇਤ ਦੁਨੀਆ ਭਰ ਦੇ ਦੇਸ਼ਾਂ ਦੀਆਂ ਸਰਕਾਰਾਂ ਨੂੰ ਅਫ਼ਗਾਨਿਸਤਾਨ ਦੇ ਸਿੱਖਾਂ ਤੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਯਤਨ ਆਰੰਭਣ ਦੀ ਅਪੀਲ ਕੀਤੀ ।

ਸਿੰਘ ਸਾਹਿਬ ਨੇ ਕਿਹਾ ਕਿ ਭਾਵੇਂ ਅਫ਼ਗਾਨਿਸਤਾਨ ਤੋਂ ਬਹੁਤ ਸਾਰੇ ਸਿੱਖ ਕੈਨੇਡਾ, ਅਮਰੀਕਾ ਤੇ ਹੋਰ ਦੇਸ਼ਾਂ ਦੇ ਨਾਲ-ਨਾਲ ਦਿੱਲੀ ਵਿਚ ਵੱਸ ਚੁੱਕੇ ਹਨ ਪਰ ਕੁਝ ਪਰਿਵਾਰ ਅਜੇ ਵੀ ਅਫ਼ਗਾਨਿਸਤਾਨ ਵਿਚ ਰਹਿ ਰਹੇ ਹਨ ਜਿਨਾਂ ਨੇ ਗੁਰਦੁਆਰਾ ਸਾਹਿਬ ਵਿਚ ਸ਼ਰਨ ਲੈਂਦਿਆਂ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ।

ਸਿੰਘ ਸਾਹਿਬ ਨੇ ਕਿਹਾ ਕਿ ਅਫ਼ਗਾਨਿਸਤਾਨੀ ਸਿੱਖਾਂ ਦੀ ਫਾਰਸੀ ਅਰਬੀ 'ਤੇ ਚੰਗੀ ਪਕੜ ਹੈ। ਉਨਾਂ ਦੀਆਂ ਸੇਵਾਵਾਂ ਇਤਿਹਾਸ ਨੂੰ ਲੱਭਣ ਅਤੇ ਉੱਲਥਾ ਕਰਨ ਵਿੱਚ ਲਈ ਜਾ ਸਕਦੀ ਹੈ ਜਿਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ।

ਦੂਜੇ ਪਾਸੇ 3 ਦਿਨਾਂ ਕਸ਼ਮੀਰ ਦੌਰੇ ਤੋਂ ਵਾਪਸ ਆਏ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਉਨਾਂ ਕਸ਼ਮੀਰ ਵਿਖੇ 5 ਧਾਰਮਿਕ ਸਮਾਗਮ ਕੀਤੇ, ਜਿੱਥੇ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਸ਼ਮੂਲੀਅਤ ਕੀਤੀ। ਉਨਾਂ ਕਿਹਾ ਕਿ ਕਸ਼ਮੀਰੀ ਸਿੱਖ ਕੁੜੀਆਂ ਨੂੰ ਵੱਡੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਕਰਕੇ ਬਹੁਤ ਸਾਰੀਆਂ ਕੁੜੀਆਂ ਨੇ ਪੜਾਈ ਛੱਡ ਦਿੱਤੀ ਪਰ ਹੁਣ ਸ਼੍ਰੋਮਣੀ ਕਮੇਟੀ ਨੇ 100 ਕਸ਼ਮੀਰੀ ਕੁੜੀਆਂ ਨੂੰ ਦਮਦਮਾ ਸਾਹਿਬ ਵਿਖੇ ਮੁਫ਼ਤ ਪੜਾਈ ਕਰਵਾਉਣ ਦਾ ਸ਼ਲਾਘਾਯੋਗ ਕੰਮ ਕੀਤਾ ਹੈ। ਉਨਾਂ ਵਿਦੇਸ਼ੀ ਸਿੱਖਾਂ ਨੂੰ ਕਸ਼ਮੀਰੀ ਸਮੇਤ ਕਈ ਰਾਜਾਂ ਵਿੱਚ ਮੁਸਕਲਾਂ ਕੱਟ ਰਹੇ ਸਿੱਖ ਭਾਈਚਾਰੇ ਦੀ ਮਦਦ ਲਈ ਅੱਗੇ ਆਉਣ ਦੀ ਅਪੀਲ ਕੀਤੀ ਹੈ।

# ਸੁਮੇਧ ਸੈਣੀ ਹਾਈਕੋਰਟ ਦੇ ਆਦੇਸ਼ 'ਤੇ ਰਿਹਾਅ

## ✪ ਗ੍ਰਿਫ਼ਤਾਰੀ ਤੋਂ ਪਹਿਲਾਂ ੭ ਦਿਨ ਦਾ ਨੋਟਿਸ ਦੇਣਾ ਹੋਵੇਗਾ ✪ ਕੈਬਨਿਟ ਮੰਤਰੀ ਰੰਧਾਵਾ ਵਲੋਂ ਕੈਪਟਨ ਤੋਂ ਐਡਵੋਕੇਟ ਜਨਰਲ ਨੂੰ ਬਰਖ਼ਾਸਤ ਕਰਨ ਦੀ ਮੰਗ

**ਚੰਡੀਗੜ੍/ਏ.ਟੀ.ਨਿਊਜ਼:** ਪੰਜਾਬ ਵਿਜੀਲੈਂਸ ਵਲੋਂ ਗ੍ਰਿਫ਼ਤਾਰ ਕੀਤੇ ਸਾਬਕਾ ਡੀ.ਜੀ.ਪੀ ਸੁਮੇਧ ਸੈਣੀ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਤੁਰੰਤ ਰਿਹਾਅ ਕਰਨ ਦੇ ਆਦੇਸ਼ ਦਿੱਤੇ ਅਤੇ ਹਾਈਕੋਰਟ ਦੇ ਆਦੇਸ਼ ਪੁੱਜਣ ਤੋਂ ਬਾਅਦ ਮੁਹਾਲੀ ਅਦਾਲਤ ਵਲੋਂ ਸੈਣੀ ਨੂੰ ਦੇਰ ਰਾਤ ਦੌਰਾਨ ਰਿਹਾਅ ਕੀਤਾ ਗਿਆ । ਹਾਈਕੋਰਟ ਦੇ ਜਸਟਿਸ ਅਰੁਣ ਕੁਮਾਰ ਤਿਆਗੀ ਦੀ ਬੈਂਚ ਨੇ ਸੈਣੀ ਦੀ ਸਬੰਧਿਤ ਮੰਗ ਨੂੰ ਮਨਜ਼ੂਰ ਕਰਦਿਆਂ ਇਹ ਆਦੇਸ਼ ਦਿੱਤੇ । ਹਾਈਕੋਰਟ ਨੇ ਪਾਇਆ ਕਿ ਸੈਣੀ ਦੀ ਗ੍ਰਿਫ਼ਤਾਰੀ ਹਾਈਕੋਰਟ ਦੇ ੧੧ ਅਕਤੂਬਰ, ੨੦੧੯, ੨੩ ਸਤੰਬਰ, ੨੦੨੦ ਅਤੇ ੧੨ ਅਗਸਤ, ੨੦੨੧ ਦੇ ਆਦੇਸ਼ਾਂ ਦੀ ਉਲੰਘਣਾ ਹੈ । ਹਾਈਕੋਰਟ ਨੇ ੧੧ ਅਕਤੂਬਰ, ੨੦੧੯ ਦੇ ਆਦੇਸ਼ ਵਿਚ ਕਿਹਾ ਸੀ ਕਿ ਜੇਕਰ ਸੈਣੀ ਦੀ ਗ੍ਰਿਫ਼ਤਾਰੀ ਲੋੜੀਂਦੀ ਹੋਵੇ ਤਾਂ ਉਸ ਨੂੰ ੭ ਦਿਨ ਦਾ ਅਗਾਊਂ ਨੋਟਿਸ ਜਾਰੀ ਕੀਤਾ ਜਾਵੇ । ਇਸ ਤੋਂ ਪਹਿਲਾਂ ਦਿਨ ਸਮੇਂ ਸੈਣੀ ਦੀਆਂ ੨ ਪਟੀਸ਼ਨਾਂ ਵਿਚ ਲੰਮੀ ਬਹਿਸ ਚੱਲੀ । ਇਕ ਵਿਚ ਸੈਣੀ ਨੂੰ ਦਿੱਤੀ ਸੁਰੱਖਿਆ ਅੱਗੇ ਵਧਾਉਣ ਦੀ ਮੰਗ ਕੀਤੀ ਸੀ ਜਦਕਿ ਦੂਜੀ ਪਟੀਸ਼ਨ ਉਸ ਨੂੰ ਰਿਹਾਅ ਕਰਨ ਸਬੰਧੀ ਸੀ ।ਸੈਣੀ ਦੇ ਵਕੀਲ ਨੇ ਹਾਈਕੋਰਟ ਨੂੰ ਹੋਰ ਦਲੀਲਾਂ ਪੇਸ਼ ਕਰਦੇ ਹੋਏ ਦੱਸਿਆ ਕਿ ਸੈਣੀ ਨੂੰ ਹਾਈਕੋਰਟ ਦੇ ਆਦੇਸ਼ਾਂ ਦੀ ਉਲੰਘਣਾ ਕਰਕੇ ਗ੍ਰਿਫ਼ਤਾਰ ਕੀਤਾ ਗਿਆ ਹੈ ।ਵਿਜੀਲੈਂਸ ਵਲੋਂ ਜਿੰਨਾਂ ਧਰਾਵਾਂ ਤਹਿਤ ਸੈਣੀ ਨੂੰ ਨਾਮਜ਼ਦ ਕੀਤਾ ਗਿਆ ਸੀ, ਹਾਈਕੋਰਟ ਦੇ ਫ਼ੈਸਲੇ ਤੋਂ ਬਾਅਦ ਉਨਾਂ ਨੂੰ ਰੱਦ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਅੱਜ ਸੁਮੇਧ ਸੈਣੀ ਨੂੰ ਮੁਹਾਲੀ ਸਥਿਤ ਚੀਫ਼ ਮੈਜਿਸਟ੍ਰੇਟ ਸ੍ਰੀਮਤੀ ਪੈਮਲਪ੍ਰੀਤ ਗਰੇਵਾਲ ਦੀ ਅਦਾਲਤ 'ਚ ਪੇਸ਼ ਕੀਤਾ ਗਿਆ। ਵਿਜੀਲੈਂਸ ਅਧਿਕਾਰੀਆਂ ਨੇ ਅਦਾਲਤ ਤੋਂ ਸੈਣੀ ਦੇ ਰਿਮਾਂਡ ਦੀ ਮੰਗ ਕੀਤੀ ਜਦੋਂਕਿ ਐਡਵੋਕੇਟ ਏ. ਪੀ. ਐਸ. ਦਿਓਲ ਅਤੇ ਐਡਵੋਕੇਟ ਐਚ. ਐਸ. ਧਨੋਆ ਵਲੋਂ ਸੁਮੇਧ ਸੈਣੀ ਦੇ ਕੇਸ ਦੀ ਪੈਰਵੀ ਕੀਤੀ



ਗਈ ਅਤੇ ਉਨਾਂ ਅਦਾਲਤ ਨੂੰ ਦੱਸਿਆ ਕਿ ਸੁਮੇਧ ਸੈਣੀ ਨੂੰ ਹਾਈਕੋਰਟ ਦੇ ਹੁਕਮਾਂ ਦੀ ਉਲੰਘਣਾ ਕਰਕੇ ਗ੍ਰਿਫ਼ਤਾਰ ਕੀਤਾ ਗਿਆ ਹੈ । ਇਸੇ ਮਾਮਲੇ 'ਚ ਗ੍ਰਿਫ਼ਤਾਰ ਕੀਤੇ ਦਵਿੰਦਰ ਸਿੰਘ ਸੰਧੂ (ਡਾਇਰੈਕਟਰ ਡਬਲਿਊ. ਡਬਲਿਊ. ਆਈ. ਸੀ. ਐਸ.) ਨੂੰ ਕੱਲ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ ।ਜਦੋਂ ਕਿ ਇਸੇ ਮਾਮਲੇ 'ਚ ਸ਼ਕਤੀ ਸਾਗਰ ਭਾਟੀਆ ਸੇਵਾਮੁਕਤ ਅਧਿਕਾਰੀ ਨਗਰ ਨਿਗਮ ਪਟਿਆਲਾ ਨੂੰ ਡਿਊਟੀ ਮੈਜਿਸਟ੍ਰੇਟ ਦੀ ਅਦਾਲਤ ਵਿਚ ਪੇਸ਼ ਕਰਕੇ ਪੁਲਿਸ ਨੇ ਦੋ ਦਿਨਾਂ ਦਾ ਰਿਮਾਂਡ ਹਾਸਲ ਕੀਤਾ ।ਬੀਤੀ ਰਾਤ ਸੈਣੀ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਉਸ ਨੇ ਵਿਜੀਲੈਂਸ ਥਾਣੇ ਦੀ ਹਵਾਲਾਤ 'ਚ ਸਾਰੀ ਰਾਤ ਗੁਜਾਰੀ ।ਜਾਣਕਾਰੀ ਅਨੁਸਾਰ ਵਿਜੀਲੈਂਸ ਦੇ ਏ. ਆਈ. ਜੀ ਆਸ਼ੀਸ਼ ਕਪੂਰ ਦੇ ਬਿਆਨਾਂ 'ਤੇ ਦਵਿੰਦਰ ਸਿੰਘ ਸੰਧੂ , ਨਗੇਂਦਰ ਰਾਉ ਕੰਪਨੀ ਦੇ ਜੀ. ਐਮ., ਅਸ਼ੋਕ ਕੁਮਾਰ ਸਿੱਕਾ ਪੀ. ਸੀ. ਐਸ. (ਸੇਵਾ-ਮੁਕਤ), ਸ਼ਕਤੀ ਸਾਗਰ ਭਾਟੀਆ ਐਸ. ਟੀ. ਪੀ. ਨਗਰ ਨਿਗਮ ਪਟਿਆਲਾ (ਸੇਵਾ-ਮੁਕਤ) ਖ਼ਿਲਾਫ਼ ਧਾਰਾ-੪੦੯, ੪੨੦, ੪੬੭, ੪੬੮, ੪੭੧, ੧੨੦ਬੀ ਅਤੇ ਭ੍ਰਿਸ਼ਟਾਚਾਰ ਐਕਟ ਤਹਿਤ ਮਾਮਲਾ ਦਰਜ ਕੀਤਾ ਸੀ ।

**ਬਾਕੀ ਸਫ਼ਾ 29 'ਤੇ**

# ਕੈਲੀਫੋਰਨੀਆ ਗੁਬਰਨੇਟੋਰਿਅਲ ਮੁੜ ਚੋਣ

## 14 ਸਤੰਬਰ

ਆਪਣੇ ਮੇਲਬਾਕਸ ਵਿੱਚ ਦੇਖੋ ! ਬੈਲਟ ਭੇਜੇ ਜਾ ਚੁੱਕੇ ਹਨ !
ਤੁਸੀਂ ਪ੍ਰੀਪੇਡ ਡਾਕ ਦੇ ਨਾਲ ਡਾਕ ਰਾਹੀਂ, ਇੱਕ ਸੁਰੱਖਿਅਤ ਡ੍ਰੌਪ ਬਾਕਸ ਤੇ, ਜਾਂ ਵਿਅਕਤੀਗਤ ਰੂਪ ਵਿੱਚ ਬੈਲਟ ਵਾਪਸ ਕਰ ਸਕਦੇ ਹੋ।

**ਤੁਹਾਡਾ ਵੋਟ ਤੁਹਾਡੀ ਅਵਾਜ਼ ਹੈ!**



VOTE SAFE CALIFORNIA
A CALIFORNIA SECRETARY OF STATE CAMPAIGN

ਮੇਲਬੌਕਸ
ਤੁਹਾਨੂੰ ਹੋਰ ਕੀ ਜਾਣਨ ਦੀ ਜ਼ਰੂਰਤ ਹੈ ਬਾਰੇ ਅੱਜ ਹੀ ਪਤਾ ਕਰੋ!

vote.ca.gov/



TRANS-ALLIANCE
TOGETHER WE SAVE

**FUEL DISCOUNTS**
UPTO 80 CENTS PER GALLON DISCOUNT
MAJOR NETWORK OF TRUCK STOPS

FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

**TRUCK REPAIR & TIRE DISCOUNTS**
GET NATIONAL ACCOUNT
NEARLY 3,000 HIGHLY SKILLED TECHNICIANS COAST TO COAST




**FUEL CARDS**
NO CREDIT - NO PROBLEM
BEST CUSTOMER SERVICE

**YOU BREAK DOWN**
WE SHOW UP
24-HOUR ROADSIDE ASSISTANCE

**FUEL MANAGEMENT**
DAILY FUEL RATES IN PHONE APP

CALL FOR MORE INFO
**(855)641-6955, (888)795-7035**

# ਟਾਊਟ ਤੇ ਮੰਗਤੇ ਸਾਨੂੰ ਸੁਆਲ ਕਰਦੇ ਐ: ਜਸਜੀਤ ਸਿੰਘ

**ਫਰੀਮਾਂਟ/ਏ.ਟੀ.ਨਿਊਜ਼:** ਸਿੱਖ ਸੰਗਤ ਬੇ-ਏਰੀਆ ਦੇ ਗੁਰਸ਼ਰਨ ਸਿੰਘ ਥਿੰਦ ਉਰਫ ਐਸ ਪੀ ਸਿੰਘ ਮਿਰਚੀ ਅਤੇ ਕੁਲਜੀਤ ਸਿੰਘ ਨੇ ਪਿੱਛਲੇ ਕੁੱਝ ਦਿਨਾਂ ਵਿੱਚ ਮੇਰੇ ਵਿਰੁੱਧ **Eviction Notice** ਤੇ ਕੋਰਟਾਂ ਦੇ ਕੁੱਝ ਕੇਸਾਂ ਦਾ ਵੇਰਵਾ ਦੇ ਕੇ ਖ਼ਬਰਾਂ ਛਾਪੀਆਂ ਹਨ ਤੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਦਿੱਤੀ ਹੈ ਕਿ ਜਿਵੇਂ ਮੈਂ ਕੋਈ ਬਹੁਤ ਵੱਡੇ ਫਰਾਡ ਕੀਤੇ ਹਨ। ਨਾਲ ਨਾਲ ਮੇਰੇ ਵਲੋਂ ਇਹਨਾਂ ਵਿਰੁੱਧ ਕੀਤੇ ਕੇਸਾਂ ਦਾ ਰੋਣਾ ਵੀ ਰੋਇਆ ਹੈ।

ਇਹਨਾਂ ਨੇ ਤਿੰਨ **Eviction Notice** ਛਾਪੇ ਹਨ। ਮੈਂ ਸੰਗਤ ਨੂੰ ਦੱਸ ਦਿਆਂ ਕਿ ਇਹਨਾਂ ਵਿੱਚੋਂ ਇੱਕ ਵੀ ਮੇਰਾ ਨਹੀਂ। ਮੈਂ ਇੱਕੋ ਘਰ ਵਿੱਚ 22 ਸਾਲ ਤੋਂ ਰਹਿ ਰਿਹਾ ਹਾਂ। ਹੁਣ ਇਹ ਮੈਂ ਆਪਣੇ ਚੱਲ ਰਹੇ ਕੇਸ ਵਿੱਚ **amend** ਕਰਨ ਲਈ ਵਕੀਲ ਨੂੰ ਦੇ ਦਿੱਤੇ ਹਨ ਅਤੇ ਇਹਨਾਂ ਕੋਲ ਸਬੂਤ ਪੇਸ਼ ਕਰਨ ਲਈ ਖੁੱਲ੍ਹਾ ਸਮਾਂ ਹੋਵੇਗਾ ਕਿ ਇਹ ਨੋਟਿਸ ਮੇਰੇ ਹੀ ਸਨ।

ਇੱਕ ਇਹਨਾਂ ਨੇ ਟੈਕਸ ਦੀ ਲੀਅਨ ਜੋ ਕਿ $13513 ਦੀ ਲਾਈ ਹੈ। ਟੈਕਸ ਦੀ ਲੀਅਨ ਅਸਲ ਵਿੱਚ $215,000 ਦੀ ਕੈਲੇਫੋਰਨੀਆ ਸਟੇਟ ਦੇ ਈ ਡੀ ਡੀ ਡਿਪਾਰਟਮੈਂਟ ਦੀ ਸਾਡੀ ਟਰਕਿੰਗ ਕੰਪਨੀ ਦਾ ਟੈਕਸ ਆਡਿਟ ਕਰਣ ਤੋਂ ਬਾਅਦ ਲਾਈ ਸੀ। ਚਾਹੇ ਕੰਪਨੀ ਵਿੱਚ ਮੇਰਾ ਹਿੱਸਾ 1/3 ਸੀ ਪਰ ਮੈਂ ਕਿਸ਼ਤਾਂ ਬਣਾ ਕੇ $215,000 ਮੋੜਿਆ ਸੀ। **IRS** ਜਾਂ **State** ਟੈਕਸ ਕਈ ਵਾਰੀ ਲੋਕ ਕਿਸ਼ਤਾਂ ਬਣਾ ਕੇ ਹੀ ਮੋੜਦੇ ਹਨ, ਕੀ ਇਹ ਕਨੂੰਨ ਦੀ ਉਲੰਘਣਾ ਹੈ? ਆਪਣੀ ਮਿਹਨਤ ਨਾਲ ਪੈਸੇ ਕਮਾਉਂਦੇ ਹਾਂ ਤਾਂ ਹੀ ਆਈ ਆਰ ਐਸ ਪੈਸੇ ਮੰਗਦੀ ਹੈ, ਨੰਗਾ ਵਾਂਗ ਗੁਰਦੁਆਰੇ ਤੋਂ ਪੈਸੇ ਲੈ ਕੇ ਰੇਡੀਓ ਤੇ ਅਖਬਾਰ ਨਹੀਂ ਚਲਾਉਂਦੇ।

ਇੱਕ ਕੋਈ $9303 ਦੀ ਸਿਵਲ **Judgement** ਲਾਈ ਹੈ। ਇਹ ਇੱਕ 2003 ਦਾ ਟਰਕਿੰਗ ਦੇ ਹੀ **claim** ਦਾ ਕੇਸ ਸੀ। ਇਸ ਤਰਾਂ ਦੇ ਕਾਰੋਬਾਰੀ ਕੇਸ ਚੱਲਦੇ ਹੀ ਰਹਿੰਦੇ ਹਨ ਕਿਸੇ ਵਿੱਚ ਜੱਜ ਤੁਹਾਡੇ ਹੱਕ ਵਿੱਚ ਕਰ ਦਿੰਦਾ ਹੈ ਤੇ ਕੋਈ ਤੁਹਾਡੇ ਵਿਰੁੱਧ। ਇਹ ਭਾਊ ਇਸ ਤਰਾਂ ਦੀ ਲਿਸਟ ਆਪਣੇ ਵੱਡੇ ਸਲਾਹਕਾਰਾਂ ਦੀ ਵੀ ਦੇਖ ਲੈਣ ਜਿਸ ਵਿੱਚ $385 ਤੋਂ ਲੈ ਕੇ ਮਿਲੀਅਨ ਡਾਲਰਾਂ ਦੇ ਕੇਸ ਹੋਏ ਹਨ। ਮੇਰੇ ਤੇ ਪੈਸੇ ਲੈਣ ਦੇਣ ਬਾਰੇ ਕਿਸੇ ਨੇ ਨਿੱਜੀ ਕੇਸ ਕੀਤਾ ਹੋਵੇ ਤਾਂ ਦੱਸਣ। ਮੈਂ ਕਿਸੇ ਦੇ ਪੈਸੇ ਦੇਣੇ ਹੋਣ ਤੇ ਮੈਂ ਨਾਂ ਦਿੰਦਾ ਹੋਵਾਂ ਤਾਂ ਦੱਸਣ। ਮੈਂ ਕਿਸੇ ਨਾਲ ਕਦੇ ਪੈਸੇ ਦੀ ਹੇਰਾ-ਫੇਰੀ ਕੀਤੀ ਹੋਵੇ ਤਾਂ ਸਾਹਮਣੇ ਲਿਆਉਣ।

ਮੇਰੇ ਵੱਲੋਂ ਬਣਾਈ **The Black Prince** ਫ਼ਿਲਮ ਜਿਸਨੇ ਦੇਖੀ ਹੈ ਉਹਨਾਂ ਨੂੰ ਸ਼ਪੱਸ਼ਟ ਕਰਨ ਦੀ ਜ਼ਰੂਰਤ ਨਹੀਂ। ਬੜੀ ਹੈਰਾਨੀ ਦੀ ਗੱਲ ਹੈ ਕਿ ਇਹਨਾਂ ਨੇ **Line Producer** ਦਾ ਕੰਮ ਵੀ ਸਾਂਭ ਲਿਆ ਹੈ। ਕਹਿੰਦੇ ਹਨ 5-6 ਲੱਖ ਡਾਲਰ ਹੀ ਲੱਗਿਆ ਹੈ ਪਰ ਲੋਕਾਂ ਤੋਂ ਮਿਲੀਅਨਾਂ ਡਾਲਰ ਇਕੱਠਾ ਕਰ ਲਿਆ। ਵੈਸੇ ਇੱਕ ਬੰਦਾ ਦੱਸੋ ਜਿਹੜਾ ਕਹੇ ਕਿ ਜਸਜੀਤ ਸਿੰਘ ਨੇ ਫ਼ਿਲਮ ਲਈ ਪੈਸੇ ਲਏ ਸਨ। ਮੈਂ ਲੋਕਾਂ ਤੋਂ ਕੋਈ ਪੈਸਾ ਲਿਆ ਹੀ ਨਹੀਂ , ਆਪਣੇ ਹੀ ਕੁੱਝ ਦੋਸਤਾਂ ਤੋਂ ਲਏ ਸਨ ਤੇ ਸੱਭ ਦੇ ਬਕਾਇਦਾ ਮੋੜੇ ਹਨ। ਜਿਹੜੇ ਬੰਦਿਆਂ ਨੂੰ ਫੋਟੋ ਖਿੱਚਣ ਦਾ ਵੱਲ ਨਹੀਂ , ਦਾੜੀ ਤੇ ਕਲਫ਼ ਲਾਉਣ ਦੀ ਜਾਚ ਨਹੀਂ ਉਹ ਫ਼ਿਲਮ ਦੇ ਬੱਜਟ ਦੀਆਂ ਗੱਲਾਂ ਕਰਦੇ ਐ।

ਇੱਕ ਹੋਰ ਕਹਿ ਰਹੇ ਹਨ ਕਿ ਮੈਂ ਇਹਨਾਂ ਤੇ ਕੇਸ ਕਰ ਦਿੰਦਾ ਹਾਂ। ਅਜਿਹੇ ਅਨਸਰਾਂ ਨੂੰ ਨਜਿੱਠਣ ਦੇ ਦੋ ਹੀ ਤਰੀਕੇ ਹਨ; ਇੱਕ ਛਿੱਤਰ ਪੌਲਾ ਤੇ ਦੂਜਾ ਕਨੂੰਨੀ ਚਾਰਾਜੋਈ। ਜੇ ਇਹਨਾਂ ਕੋਲ ਹਰ ਗੱਲ ਦੇ ਸਬੂਤ ਹਨ ਤਾਂ ਕੇਸਾਂ ਤੋਂ ਡਰਦੇ ਕਿਉਂ ਹਨ? ਮੈਂ ਤਾਂ ਇਸ ਵਾਰ ਆਪਣੀ ਜੇਬ ਵਿੱਚੋਂ $250,000 ਬਾਹਰ ਕੱਢ ਕੇ ਰੱਖਿਆ ਹੈ ਤੇ ਅੱਜ ਸਵੇਰ ਤੱਕ ਉਸ ਵਿੱਚੋਂ $164,363 ਹਲੇ ਬਚੇ ਪਏ ਹਨ, ਇਹਨਾਂ ਤੇ ਹੀ ਲਾਉਣੇ ਹਨ। ਕੁਲਜੀਤ ਵਰਗਿਆਂ ਵਾਂਗ ਇੰਸੋਰੈਂਸ ਤੋਂ ਵਕੀਲ ਨਹੀਂ ਲਏ। ਪਰ ਇਸ ਵਾਰ ਡੀਲ ਨਹੀਂ ਫ਼ੈਸਲੇ ਹੀ ਹੋਣੇ ਹਨ। ਮੈਂ ਆਪਣੇ ਨਿੱਜੀ ਕੇਸਾਂ ਲਈ ਕਦੇ ਵੀ ਆਪਣੇ ਗਰੁੱਪ ਦੇ ਬੰਦਿਆਂ ਕੋਲੋਂ ਪੈਸਾ ਨਹੀਂ ਲੈਂਦਾ, ਬਾਬਾ ਕ੍ਰਿਪਾ ਰੱਖੇ। ਐਸ ਪੀ ਤੇ ਖਾਨ ਦੀ ਟਾਊਟੀ ਵੇਲੇ ਵੀ $272,000 ਆਪਣੇ ਕੋਲੋਂ ਹੀ ਲਾਇਆ ਸੀ।

ਮੈਂ ਹਮੇਸ਼ਾ ਹੀ ਇਹਨਾਂ ਵੱਲੋਂ ਬੇਬੁਨਿਆਦ ਇਲਜ਼ਾਮਾਂ ਦੇ ਜੁਆਬ ਦਿੰਦਾ ਆਇਆ ਹਾਂ ਤਾਂ ਜੋ ਸੰਗਤ ਨੂੰ ਇਹਨਾਂ ਦੀ ਅਸਲ ਖ਼ਸਲਤ ਦਾ ਪਤਾ ਲੱਗ ਸਕੇ। ਮੈਂ ਹਮੇਸ਼ਾ ਇਹ ਗੱਲ ਵੀ ਆਖਦਾ ਹਾਂ ਕਿ ਮੈਨੂੰ ਕੋਈ ਵੀ ਮੇਰੀ ਨਿੱਜੀ ਜ਼ਿੰਦਗੀ ਤੋਂ ਲੈ ਕੇ ਪੰਥਕ ਜ਼ਿੰਦਗੀ ਬਾਰੇ ਸੁਆਲ ਕਰੇ ਮੈਂ ਜੁਆਬ ਦਿਆਂਗਾ ਪਰ ਇਸਦੇ ਉਲਟ ਮੈਂ ਕਦੇ ਵੀ ਕਿਸੇ ਬੰਦੇ ਦੀ ਨਿੱਜੀ ਜ਼ਿੰਦਗੀ ਜਾਂ ਉਸਦੇ ਪਰਿਵਾਰ ਬਾਰੇ ਦੋਸ਼ ਨਹੀਂ




ਗੁਰਸ਼ਰਨ ਸਿੰਘ ਥਿੰਦ ਉਰਫ ਐਸ ਪੀ ਸਿੰਘ ਮਿਰਚੀ — ਕੁਲਜੀਤ ਸਿੰਘ

ਲਾਉਂਦਾ। ਮੇਰੇ ਕੋਲ ਕਈ ਬੰਦਿਆਂ ਦੀ ਨਿੱਜੀ ਜ਼ਿੰਦਗੀ ਬਾਰੇ ਅਜਿਹੇ ਸਬੂਤ ਹਨ (ਜਿਹਨਾਂ ਵਿੱਚ ਇਹਨਾਂ ਦੇ ਲੀਡਰ ਵੀ ਆਉਂਦੇ ਹਨ) ਜਿਹੜੇ ਦੱਸਦੇ ਹਨ ਕਿ ਉਹਨਾਂ ਨੇ;

* ਲੋਕਾਂ ਦੇ ਕਿੰਨੇ ਪੈਸੇ ਦੇਣੇ ਸਨ ਜਾਂ ਉਹਨਾਂ ਨੇ ਕਿੰਨੇ ਦਾ ਘਪਲਾ ਕਾਰੋਬਾਰਾਂ ਤੇ ਕੀਤਾ ਹੈ
* ਆਪਣੀਆਂ ਪਤਨੀਆਂ ਨਾਲ ਦੁਰਵਿਹਾਰ ਕਰਨ ਕਰਕੇ ਗ੍ਰਿਫਤਾਰ ਹੋਏ ਹਨ
* ਦੋ-ਦੋ ਵਿਆਹ ਹੋਏ ਹਨ ਤੇ ਇੱਕ ਦੀ ਪਤਨੀ ਨੇ ਮੈਨੂੰ ਇੱਕ ਵਾਰ ਰਿਕਾਰਡਿੰਗ ਵੀ ਭੇਜੀ ਸੀ ਕਿ ਉਸਦੇ ਪਤੀ ਨੇ ਉਸਨਾਲ ਕਿਵੇਂ ਕੁੱਟ-ਮਾਰ ਕੀਤੀ ਤੇ ਦੂਜੇ ਵਿਆਹ ਤੋਂ ਬਾਅਦ ਪਹਿਲੀ ਪਤਨੀ ਦੇ ਬੱਚਿਆਂ ਨੂੰ ਜਦੋਂ ਉਹ 16 ਸਾਲ ਤੋਂ ਵੀ ਛੋਟੇ ਸਨ ਤਾਂ ਕਿਵੇਂ ਘਰੋਂ ਕੱਢਦਾ ਸੀ
* ਡਰੰਕ ਡ੍ਰਾਈਵਿੰਗ ਦੀਆਂ ਟਿੱਕਟਾਂ
* ਆਪਣੇ ਹੀ ਘਰਾਂ ਦੀ **short sale** ਕਰਕੇ ਦੋਸਤਾਂ ਤੇ ਰਿਸ਼ਤੇਦਾਰਾਂ ਦੇ ਨਾਮ ਘਰ ਲੁਆਉਣੇ
* ਉਧਾਰੇ ਪੈਸੇ ਨਾਂ ਮੋੜਨੇ
* ਗੁਰਦੁਆਰੇ ਦੇ ਪੈਸੇ ਆਪਣੇ ਕਾਰੋਬਾਰਾਂ ਜਾਂ ਕਮਾਈ ਦੇ ਤੌਰ ਤੇ ਵਰਤਣਾ
* ਆਪਣੇ ਭਰਾਵਾਂ ਤੱਕ ਦੀ ਜਾਇਦਾਦ ਹੜੱਪਣੀ
* ਬੱਚਿਆਂ ਦੀ ਨਿੱਜੀ ਜ਼ਿੰਦਗੀ ਜਿਸ ਵਿੱਚ ਗੋਰਿਆਂ ਕਾਲਿਆਂ ਨਾਲ ਵਿਆਹ ਕਰਾਉਣੇ ਜਾਂ ਡਰੱਗ ਦੇ ਕੇਸਾਂ ਵਿੱਚ ਅੰਦਰ ਹੋਣਾ

ਬਾਕੀ ਮੈਂ ਕਦੇ ਕਿਸੇ ਦੀ ਨਿੱਜੀ ਜ਼ਿੰਦਗੀ ਬਾਰੇ ਨਹੀਂ ਬੋਲਿਆ ਬਸ਼ਰਤੇ ਉਸਦਾ ਗੁਰਦੁਆਰੇ ਜਾਂ ਪੰਥਕ ਅਸਰ ਨਾਂ ਹੋਵੇ। ਮੈਂ ਹੁਣ ਵੀ ਨਹੀਂ ਬੋਲਨਾ ਭਾਂਵੇ ਇਹ ਕਿਸੇ ਵੀ ਘਟੀਆ ਲੈਵਲ ਤੇ ਚਲੇ ਜਾਣ। ਐਸ ਪੀ ਦਾ ਤਾਂ ਚਲੋ ਪਤਾ ਹੀ ਕਿ 'ਜਗਤ ਮੰਗਤਾ' ਹੈ, ਰੇਡੀਓ ਚਲਾਉਣ ਲਈ ਸਿੱਖ ਪੰਚਾਇਤ ਦੀਆਂ ਜੇਬਾਂ ਫਰੋਲਦਾ ਰਿਹਾ। ਗੁਰਦੂਆਰੇ ਤੋਂ $2500 ਡਾਲਰ ਮਹੀਨਾ ਮੰਗਦਾ ਸੀ ਤੇ ਜਦੋਂ ਸਿੱਖ ਪੰਚਾਇਤ ਨੇ ਨਹੀਂ ਦਿੱਤਾ ਤਾਂ ਬਾਬ ਢਿੱਲੋ ਦੇ ਪੈਰੀਂ ਪੈ ਗਿਆ। ਗਰੇਵਾਲ਼ ਦੇ ਕੇਸ ਲਈ ਸਿੱਖ ਪੰਚਾਇਤ ਨੇ ਕਿੰਨੇ ਪੈਸੇ ਦਿੱਤੇ ਸਨ?

ਆਹ ਦੂਜਾ ਸ਼ੁਦਾਈ ਕੁਲਜੀਤ, ਬੜਾ ਦੁੱਧ ਧੋਤਾ ਬਣਿਆ ਫਿਰਦਾ। ਵੀਰ, ਲੋਕਾਂ ਦੇ ਝੂਠੇ **Eviction Notice** ਲਾਉਨੈ ਪਰ ਦੱਸੀ ਕੇਸ ਨੰਬਰ **HG12619093** ਬੈਂਕ ਆਫ ਅਮਰੀਕਾ ਨਾਲ ਕਾਹਦਾ? ਕਿੰਨੇ ਸਾਲ ਘਰ ਦੀਆਂ ਕਿਸ਼ਤਾਂ ਨਹੀਂ ਦਿੱਤੀਆਂ **short sale** ਕਰਾਉਣ ਲਈ?

***(ਫੋਟੋ ਨੰਬਰ 1)***

ਮੈਂ ਤਾਂ ਕਿਸੇ ਦਾ ਕੋਈ ਪੈਸਾ ਦੇਣਾ ਨਹੀਂ ਪਰ ਤੁਹਾਡੇ ਲੀਡਰ ਨੇ ਸਾਡੇ $27598.13 ਦੇਣੇ ਹਨ ਤੇ ਉਹ ਦੱਸੋ ਕਿਵੇਂ ਦੇਣੇ ਐ? ***(ਫੋਟੋ ਨੰਬਰ 2)***

ਮੈਂ ਸੰਗਤ ਨੂੰ ਇੱਕ ਗੱਲ ਸ਼ਪੱਸ਼ਟ ਕਰਨੀ ਚਾਹੁੰਦਾ ਹਾਂ ਕਿ ਮੈਂ ਨਾਂ ਤਾਂ ਗੁਰਦੂਆਰੇ ਜਾਂ ਰਾਜਸੀ ਪਾਰਟੀ ਵਿੱਚ ਕੋਈ ਅਹੁਦਾ ਲਿਆ ਹੈ ਤੇ ਨਾਂਹ ਹੀ ਲੈਣਾ ਹੈ। ਨਾਂ ਕਦੇ ਪੰਥ ਦਾ ਪ੍ਰੋਜੈਕਟ ਕਰਨ ਲਈ ਕੋਈ ਪੈਸਾ ਲੈਣਾ ਹੈ। ਬਾਬਾ ਜਿੰਨੀ ਕੁ ਸਮਰੱਥਾ ਬਖ਼ਸ਼ਦਾ ਉਂਨੀ ਕੁ ਸੇਵਾ ਕਰ ਲਈਦੀ। ਕਿਸੇ ਤੇ ਕੋਈ ਅਹਿਸਾਨ ਨਹੀ , ਆਪਣਾ ਦਿੱਲ ਕਰਦਾ ਤੇ ਵਾਹਿਗੁਰੂ ਬੱਲ ਬਖ਼ਸ਼ਦਾ ਉਂਨੀ ਕੁ ਸੇਵਾ ਕਰੀਦੀ ਐ। ਪਰ ਕਦੇ ਆਪਦੀ ਅਲੋਚਨਾ ਜਾਂ ਕਿਸੇ ਵਿਅਕਤੀ ਜਾਂ ਤਾਕਤਵਰ ਦੇ ਡਰ ਤੋਂ ਪਿੱਛੇ ਨਹੀਂ ਹਟੇ। ਹੁਣ ਕੁੱਝ ਬੰਦਿਆਂ ਨੇ ਇਹ ਸਥਿਤੀ ਬਣਾ ਦਿੱਤੀ ਹੈ ਕਿ ਲੋਕ ਗੁਰਦੂਆਰੇ ਦੇ ਪ੍ਰਬੰਧਕਾਂ ਤੇ ਸ਼ੱਕ ਕਰਨ ਲੱਗ ਪਏ ਹਨ। ਖਾਨ ਤੇ ਬਾਸਾ ਗਰੁੱਪ ਨੇ ਬਿਨਾਂ ਸਬੂਤ ਏਨਾ ਝੂਠ ਬੋਲਿਆ ਹੈ ਕਿ ਕਿਸੇ ਬੰਦੇ ਨੂੰ ਸੁਣ ਕੇ ਕਚਿਆਣ ਆਉਂਦੀ ਹੈ ਅਤੇ ਅਸੀਂ ਤਾਂ ਇਹਨਾਂ ਦਾ ਕੋਰਟ ਵਿੱਚ ਜੋ ਹਾਲ ਹੁੰਦਾ ਦੇਖਿਆ ਹੈ ਉਹ ਬਿਆਨ ਕਰਨਾ ਔਖਾ ਹੈ। ਵਾਹਿਗੁਰੂ ਦਾ ਸ਼ੁਕਰ ਹੈ ਕਿ ਸੱਭ ਕੁੱਝ ਨਿੱਤਰ ਰਿਹਾ ਹੈ ਸ਼ਾਇਦ ਉਸਦੇ ਹੁਕਮ ਵਿੱਚ ਹੀ ਹੋ ਰਿਹਾ ਹੈ।

MAHESH BAJORIA, ESQ. [SBN 224849]
Law Offices of Mahesh Bajoria
39355 California Street, Ste. 310
Fremont, CA 94538
(510) 791-9911 (phone)
(510) 791-9912 (fax)
mahesh@bajorialaw.com

Attorneys for Plaintiffs
KULJIT SINGH AND BALWINDER KAUR

*9865900*

FILED
ALAMEDA COUNTY
FEB 28 2012
CLERK OF THE SUPERIOR COURT
By ... Deputy

SUPERIOR COURT OF CALIFORNIA

COUNTY OF ALAMEDA– UNLIMITED JURISDICTION

KULJIT SINGH AND BALWINDER KAUR;

Plaintiffs,

v.

BANK OF AMERICA, N.A., a business entity, form unknown; MORTGAGE ELECTRONIC REGISTRATION SYSTEMS INC, a Business entity, from unknown, ORO REAL INC., a Business entity; from unknown; RECONTRUST COMPANY, a business entity, form unknown; SPECIALIZED LOAN SERVICING LLC; a business entity; form unknown; and all persons claiming any legal or equitable right, title, estate, lien or interest in the property described in this complaint adverse to Plaintiffs' title thereto, and DOES 1 through 30, inclusive,

Defendants.

CASE NO: HG12619093

EJ-190

ATTORNEY OR PARTY WITHOUT ATTORNEY (Name, address, and State Bar number):
After recording, return to:
Trevor J. Zink, Esq. (218860)
Omni Law Group, LLP
1940 Hamilton Ave.
San Jose

TEL NO.: (408) 879-8500 FAX NO. (optional): (408) 879-8501
E-MAIL ADDRESS (Optional): tzink@omnilawgroup.com
[✓] ATTORNEY FOR [✓] JUDGMENT CREDITOR [ ] ASSIGNEE OF RECORD

SUPERIOR COURT OF CALIFORNIA, COUNTY OF Alameda
STREET ADDRESS: 24405 Amador Street
MAILING ADDRESS: 24405 Amador Street
CITY AND ZIP CODE: Hayward 94544
BRANCH NAME: Hayward Hall of Justice

FOR RECORDER'S USE ONLY

PLAINTIFF: Gurmeet Singh Khalsa et al.

CASE NUMBER: HG10503817

APPLICATION FOR AND RENEWAL OF JUDGMENT

FOR COURT USE ONLY

ENDORSED
FILED
ALAMEDA COUNTY
SEP 17 2020
CLERK OF THE SUPERIOR COURT
By JAMIE THOMAS, Deputy

[✓] Judgment creditor
[ ] Assignee of record
applies for renewal of the judgment as follows:

1. Applicant (name and address):
Jaswinder Singh Jandi, 30948 Tidewater Dr., Union City, CA 94587

2. Judgment debtor (name and last known address):
Gurmeet Singh Khalsa, 9303 S. Bright Road, French Camp, CA 95231

3. Original judgment
   a. Case number (specify): HG10503817
   b. Entered on (date): 10-13-2010
   c. Recorded:
      (1) Date:
      (2) County:
      (3) Instrument No.:

4. [ ] Judgment previously renewed (specify each case number and date):

5. [✓] Renewal of money judgment

| | | |
|---|---|---|
| a. | Total judgment | $13,861.53 |
| b. | Costs after judgment | $0.00 |
| c. | Subtotal (add a and b) | $13,861.53 |
| d. | Credits after judgment | $0.00 |
| e. | Subtotal (subtract d from c) | $13,861.53 |
| f. | Interest after judgment | $13,706.60 |
| g. | Fee for filing renewal application | $30.00 |
| h. | Total renewed judgment (add e, f, and g) | $27,598.13 |

i. [ ] The amounts called for in items a–h are different for each debtor. These amounts are stated for each debtor on Attachment 5.

FILE BY FAX

Page 1 of 2

Form Approved for Optional Use Judicial Council of California EJ-190 [Rev. July 1, 2014]

APPLICATION FOR AND RENEWAL OF JUDGMENT

Code of Civil Procedure, § 683.140

# ਪਹਿਲੀ ਮੇਅਰ ਬੀਬੀ ਜਰੀਫਾ ਨੇ ਤਾਲਿਬਾਨ ਨੂੰ ਦਿੱਤੀ ਚੁਣੌਤੀ

## ਮੈਨੂੰ ਮਾਰ ਦੋ, ਮੈਂ ਮੌਤ ਤੋਂ ਨਹੀਂ ਡਰਦੀ

**ਕਾਬੁਲ/ਏ.ਟੀ.ਨਿਊਜ਼ :** ਅਫਗਾਨਿਸਤਾਨ ਵਿਚ ਕੱਟੜਪੰਥੀ ਸੰਗਠਨ ਤਾਲਿਬਾਨ ਦੇ ਕਬਜ਼ਾ ਕਰਨ ਤੋਂ ਬਾਅਦ ਔਰਤਾਂ ਦੀ ਸੁਰੱਖਿਆ ਨੂੰ ਲੈ ਕੇ ਸੰਕਟ ਵਧ ਗਿਆ ਹੈ। ਤਾਲਿਬਾਨ ਹਮੇਸ਼ਾ ਹੀ ਆਪਣੀਆਂ ਔਰਤ ਵਿਰੋਧੀ ਨੀਤੀਆਂ ਲਈ ਬਦਨਾਮ ਰਿਹਾ ਹੈ। ਅਫਗਾਨਿਸਤਾਨ ਦੀ ਪਹਿਲੀ ਮਹਿਲਾ ਮੇਅਰ ਜ਼ਰੀਫਾ ਗਫਾਰੀ ਨੇ ਤਾਲਿਬਾਨ ਦੇ ਕਬਜ਼ਾ ਕਰਨ ਤੋਂ ਬਾਅਦ ਤਾਲਿਬਾਨ ਨੂੰ ਖੁੱਲੀ ਚਿਤਾਵਨੀ ਦਿੱਤੀ ਹੈ। ਜ਼ਰੀਫਾ ਨੇ ਇਕ ਨਿਊਜ਼ ਵੈਬਸਾਈਟ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੈਂ ਉਡੀਕ ਕਰ ਰਹੀ ਹਾਂ ਕਿ ਤਾਲਿਬਾਨ ਆ ਕੇ ਮੈਨੂੰ ਅਤੇ ਮੇਰੇ ਵਰਗੇ ਹੋਰ ਲੋਕਾਂ ਨੂੰ ਮਾਰ ਦੇਣ। ਜ਼ਰੀਫਾ ਨੇ ਕਿਹਾ, ਮੈਂ ਦੇਸ਼ ਛੱਡ ਕੇ ਨਹੀਂ ਭੱਜਾਂਗੀ। ਲਗਭਗ ਇਕ ਹਫ਼ਤੇ ਪਹਿਲਾਂ ਇਕ ਇੰਟਰਵਿਊ ਵਿਚ, ਜ਼ਰੀਫਾ ਨੇ ਕਿਹਾ ਕਿ ਉਸਨੇ ਆਪਣੇ ਦੇਸ਼ ਦੇ ਭਵਿੱਖ ਨੂੰ ਬਿਹਤਰ ਵੇਖਿਆ, ਪਰ ਬਦਲੀ ਹੋਈ ਸਥਿਤੀ ਦੌਰਾਨ ਮੈਂ ਹੁਣ ਉਮੀਦ ਗੁਆ ਦਿੱਤੀ ਹੈ। ਜ਼ਰੀਫਾ ਨੇ ਕਿਹਾ ਕਿ ਮੈਂ ਆਪਣੇ ਅਪਾਰਟਮੈਂਟ ਦੇ ਕਮਰੇ ਵਿਚ ਬੈਠ ਕੇ ਤਾਲਿਬਾਨ ਦੀ ਉਡੀਕ ਕਰ ਰਹੀ ਹਾਂ। ਇਸ ਦੇ ਨਾਲ ਹੀ ਜ਼ਰੀਫਾ ਨੇ ਇਹ ਵੀ ਕਿਹਾ ਕਿ ਇਸ ਕਮਰੇ ਵਿਚ ਮੇਰੀ ਜਾਂ ਮੇਰੇ ਪਰਿਵਾਰ ਦੀ ਮਦਦ ਲਈ ਕੋਈ ਵੀ ਮੌਜੂਦ ਨਹੀਂ ਹੈ। ਮੈਂ ਆਪਣੇ ਪਰਿਵਾਰ ਅਤੇ ਪਤੀ ਨਾਲ ਆਪਣੇ ਕਮਰੇ ਵਿਚ ਰਹਿ ਰਹੀ ਹਾਂ ਅਤੇ ਤਾਲਿਬਾਨ ਦੇ ਮੈਨੂੰ ਅਤੇ ਮੇਰੇ ਵਰਗੇ ਲੋਕਾਂ ਨੂੰ ਮਾਰਨ ਦੀ ਉਡੀਕ ਕਰ ਰਹੀ ਹਾਂ, ਪਰ ਮੈਂ ਕਿਸੇ ਵੀ ਹਾਲਤ ਵਿਚ ਆਪਣੇ ਪਰਿਵਾਰ ਨੂੰ ਨਹੀਂ ਛੱਡਾਂਗੀ। ਆਖ਼ਰ, ਮੈਂ ਜਾਵਾਂ ਵੀ ਤਾਂ ਕਿੱਥੇ ? ਜ਼ਰੀਫਾ ਨੇ ਕਿਹਾ ਕਿ ਅਫਗਾਨਿਸਤਾਨ ਦੇ ਹਾਲਾਤ ਬਹੁਤ ਖ਼ਰਾਬ ਹਨ ਅਤੇ ਕਈ ਮਸ਼ਹੂਰ ਲੋਕ ਦੇਸ਼ ਤੋਂ ਭੱਜ ਰਹੇ ਹਨ। 27 ਸਾਲਾ ਗਫਾਰੀ 2018 ਵਿਚ ਵਾਰਦਕ ਪ੍ਰਾਂਤ ਦੀ ਸਭ ਤੋਂ ਨੌਜਵਾਨ ਅਤੇ ਪਹਿਲੀ ਮਹਿਲਾ ਮੇਅਰ ਚੁਣੀ ਗਈ ਸੀ। ਗਫਾਰੀ ਨੂੰ ਰੱਖਿਆ ਮੰਤਰਾਲੇ ਵਿਚ ਜ਼ਿੰਮੇਵਾਰੀ ਸੌਂਪੀ ਗਈ ਕਿਉਂਕਿ ਤਾਲਿਬਾਨ ਦੁਆਰਾ ਸ਼ਕਤੀਸ਼ਾਲੀ ਹੋ ਗਿਆ ਸੀ। ਉਹ ਹਮਲੇ ਵਿਚ ਜ਼ਖ਼ਮੀ ਹੋਏ ਫੌਜੀਆਂ ਅਤੇ ਨਾਗਰਿਕਾਂ ਦੀ ਦੇਖਭਾਲ ਕਰ ਰਹੀ ਸੀ। 3 ਹਫ਼ਤੇ ਪਹਿਲਾਂ ਗਫਾਰੀ ਨੇ ਕਿਹਾ ਕਿ ਨੌਜਵਾਨ ਜਾਣਦੇ ਹਨ ਕਿ ਕੀ ਹੋ ਰਿਹਾ ਹੈ। ਉਨਾਂ ਕੋਲ ਸੋਸ਼ਲ ਮੀਡੀਆ ਹੈ ਅਤੇ ਉਹ



ਇਕ ਦੂਜੇ ਨਾਲ ਗੱਲਬਾਤ ਕਰਦੇ ਹਨ।ਤਾਲਿਬਾਨ ਹਮੇਸ਼ਾ ਔਰਤ ਨੇਤਾਵਾਂ ਨੂੰ ਮਾਰਨ ਦੀਆਂ ਧਮਕੀਆਂ ਦਿੰਦਾ ਰਿਹਾ ਹੈ। ਗਫਾਰੀ ਦੇ ਪਿਤਾ ਦਾ ਵੀ ਪਿਛਲੇ ਸਾਲ 15 ਨਵੰਬਰ ਨੂੰ ਕਤਲ ਕਰ ਦਿੱਤਾ ਗਿਆ ਸੀ। ਦੂਜੇ ਪਾਸੇ, ਫਰਜ਼ਾਨਾ ਕੋਚਾਈ ਇਕ ਅਫਗਾਨ ਸੰਸਦ ਮੈਂਬਰ ਹੈ। ਫਰਜ਼ਾਨਾ ਕਹਿੰਦੀ ਹੈ ਕਿ ਮੈਨੂੰ ਉਮੀਦ ਨਹੀਂ ਸੀ ਕਿ ਤਾਲਿਬਾਨ ਇੰਨੀ ਜਲਦੀ ਕਾਬੁਲ 'ਤੇ ਕਬਜ਼ਾ ਕਰ ਲਵੇਗਾ।

## ਸਾਊਥ ਏਸ਼ੀਅਨ ਕੌਂਸਲ ਦੇ ਨਵੇਂ ਕਮਿਊਨਿਟੀ ਸੈਂਟਰ ਦਾ ਉਦਘਾਟਨ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਨਿਊਯਾਰਕ ਵਿਚ 'ਸਾਊਥ ਏਸ਼ੀਅਨ ਕੌਂਸਲ ਫਾਰ ਸੋਸ਼ਲ ਸਰਵਿਸਜ਼' ਦੇ ਨਵੇਂ ਕਮਿਊਨਿਟੀ ਸੈਂਟਰ ਦਾ ਉਦਘਾਟਨ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਜਾਰੀ ਪ੍ਰੈਸ ਰਲੀਜ ਅਨੁਸਾਰ ਸਾਊਥ ਏਸ਼ੀਅਨ ਕੌਂਸਲ ਫਾਰ ਸੋਸ਼ਲ ਸਰਵਿਸਜ਼ ਇਕ 20 ਸਾਲ ਪੁਰਾਣੀ ਸਮਾਜ ਸੇਵੀ ਸੰਸਥਾ ਹੈ ਜੋ ਭਾਰਤੀ ਮੂਲ ਦੇ ਅਮਰੀਕੀ ਲੋੜਵੰਦਾਂ, ਦੱਖਣ ਏਸ਼ੀਅਨਾਂ ਤੇ ਹੋਰ ਪ੍ਰਵਾਸੀਆਂ ਨੂੰ ਸਮਰਪਿਤ ਹੈ। ਕੌਂਸਲ ਲੋੜਵੰਦ ਬਜੁਰਗਾਂ ਸਮੇਤ ਹੋਰ ਪ੍ਰਵਾਸੀਆਂ ਦੀ ਹਰ ਤਰਾਂ ਮੱਦਦ ਕਰਨ ਲਈ ਤਿਆਰ ਰਹਿੰਦੀ ਹੈ। ਦੋ ਮੰਜਿਲੇ ਕਮਿਊਨਿਟੀ ਸੈਂਟਰ ਦਾ ਉਦਘਾਟਨ ਕਾਂਗਰਸਮੈਨ ਗਰੇਸ ਮੈਂਗ, ਨਿਊਯਾਰਕ ਸਟੇਟ ਸੈਨੇਟਰ ਟੌਬੀ ਐਨ ਸਤਾਵਿਸਕੀ ਤੇ ਜੌਹਨ ਲਿਊ, ਅਸੈਂਬਲੀ ਮੈਂਬਰ ਨਿਲੀ ਰੋਜ਼ਿਕ, ਕੁਈਨਜ ਬਰੌਘ ਪ੍ਰਧਾਨ ਡੋਨੋਵੈਨ ਰਿਚਰਡ ਜੂਨੀਆ, ਡਿਪਟੀ ਕੁਈਨਜ ਬਰੌਘ ਪ੍ਰਧਾਨ ਰੌਂਡਾ ਬਿੰਦਾ, ਨਿਊਯਾਰਕ ਦੇ ਕੌਂਸਲ ਮੈਂਬਰਾਂ ਪੀਟਰ ਕੂ, ਡੈਨੀਅਲ ਡਰੌਮ ਤੇ ਬੈਰੀ ਗਰੋਡਨਚਿਕ ਨੇ ਸਾਂਝੇ ਤੌਰ 'ਤੇ ਰਿਬਨ ਕੱਟ ਕੇ ਕੀਤਾ। ਇਸ ਮੌਕੇ ਹੋਏ ਸਮਾਗਮ ਨੂੰ ਸੰਬੋਧਨ ਕਰਦਿਆਂ ਸਾਊਥ ਏਸ਼ੀਅਨ ਕੌਂਸਲ ਦੀ ਕਾਰਜਕਾਰੀ ਮੁਖੀ ਸੁਧਾ ਅਚਾਰੀਆ ਨੇ ਕਿਹਾ ਕਿ ਵਧ ਰਹੀਆਂ ਲੋੜਾਂ ਦੇ ਮੱਦੇਨਜਰ ਕਮਿਊਨਿਟੀ ਸੈਂਟਰ ਦੀ ਉਸਾਰੀ ਇਕ ਸੁਪਨਾ ਸੀ ਜੋ ਸੁਪਨਾ ਅੱਜ ਪੂਰਾ ਹੋਇਆ ਹੈ। ਉਨਾਂ ਨੇ ਚੁਣੇ ਹੋਏ ਅਧਿਕਾਰੀਆਂ, ਦਾਨ ਦੇਣ ਵਾਲਿਆਂ ਤੇ ਹੋਰ ਲੋਕਾਂ ਦਾ ਧੰਨਵਾਦ ਕੀਤਾ ਜਿਨਾਂ ਨੇ ਇਹ ਸੁਪਨਾ ਸਾਕਾਰ ਕਰਨ ਵਿਚ ਯੋਗਦਾਨ ਪਾਇਆ।



*ਸਾਊਥ ਏਸ਼ੀਅਨ ਕੌਂਸਲ ਫਾਰ ਸੋਸ਼ਲ ਸਰਵਿਸਜ਼ ਦੀ ਪ੍ਰਧਾਨ ਸੁਧਾ ਅਚਾਰੀਆ ਸਮਾਗਮ ਨੂੰ ਸੰਬੋਧਨ ਕਰਦੀ ਹੋਈ। ਨਾਲ ਨਵੇਂ ਬਣੇ ਕਮਿਊਨਿਟੀ ਸੈਂਟਰ ਦਾ ਬਾਹਰੀ ਦ੍ਰਿਸ਼*

## ਟੀਕਾਕਰਨ ਕਰਵਾ ਚੁੱਕੇ ਅਮਰੀਕਾ ਦੇ 3 ਸੈਨਟ ਮੈਂਬਰ ਕੋਰੋਨਾ ਪਾਜ਼ੇਟਿਵ ਪਾਏ ਗਏ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਮੁਕੰਮਲ ਕੋਵਿਡ-19 ਟੀਕਾਕਰਨ ਕਰਵਾ ਚੁੱਕੇ 3 ਸੈਨੇਟ ਮੈਂਬਰਾਂ ਦੀ ਰਿਪੋਰਟ ਪਾਜ਼ੇਟਿਵ ਆਈ ਹੈ। ਸੈਨੇਟਰ ਰੋਜਰ ਵਿਕਰ, ਅੰਗੁਸ ਕਿੰਗ ਤੇ ਜੌਹਨ ਹਿਕਨਲੂਪਰ ਨੇ ਵੱਖਰੇ-ਵੱਖਰੇ ਬਿਆਨ ਵਿਚ ਆਪਣੇ ਆਪ ਨੂੰ ਕੋਰੋਨਾ ਪਾਜ਼ੇਟਿਵ ਐਲਾਨਿਆ ਹੈ। ਵਿਕਰ ਦੇ ਦਫਤਰ ਨੇ ਕਿਹਾ ਹੈ ਕਿ 'ਮਾਮੂਲੀ ਲੱਛਣਾਂ ਤੋਂ ਬਾਅਦ ਕਰਵਾਏ ਟੈਸਟ ਉਪਰੰਤ ਸੈਨੇਟਰ ਦੀ ਰਿਪੋਰਟ ਪਾਜ਼ੇਟਿਵ ਆਈ ਹੈ। ਉਹ ਇਕਾਂਤਵਾਸ ਵਿਚ ਹੈ ਤੇ ਸਿਹਤਮੰਦ ਹੈ।' ਕਿੰਗ ਦੇ ਦਫਤਰ ਅਨੁਸਾਰ ਉਸ ਵੱਲੋਂ ਕੋਰੋਨਾ ਤੋਂ ਬਚਾਅ ਲਈ ਕੀਤੀਆਂ ਕੋਸ਼ਿਸ਼ਾਂ ਦੇ ਬਾਵਜੂਦ ਉਸ ਦੀ ਰਿਪੋਰਟ ਕੋਰੋਨਾ ਪਾਜ਼ੇਟਿਵ ਆਈ ਹੈ। ਕਿੰਗ ਨੇ ਕਿਹਾ ਹੈ ਕਿ 'ਹਾਲਾਂਕਿ ਮੈਂ ਬਹੁਤ ਜਿਆਦਾ ਚੰਗਾ ਮਹਿਸੂਸ ਨਹੀਂ ਕਰ ਰਿਹਾ



ਪਰ ਫਿਰ ਵੀ ਟੀਕਾਕਰਣ ਕਰਵਾਉਣ ਤੋਂ ਬਾਅਦ ਪਹਿਲਾਂ ਦੀ ਤੁਲਨਾ ਵਿਚ ਵਧੀਆ ਅਨੁਭਵ ਕਰ ਰਿਹਾ ਹਾਂ।' ਹਿਕਨਲੂਪਰ ਨੇ ਟਵੀਟ ਵਿਚ ਕਿਹਾ ਹੈ ਕਿ ਉਸ ਦਾ ਟੈਸਟ ਪਾਜ਼ੇਟਿਵ ਆਇਆ ਹੈ ਪ੍ਰੰਤੂ ਉਹ ਠੀਕ ਹੈ ਤੇ ਇਕਾਂਤਵਾਸ ਵਿਚ ਹੈ। ਇਨਾਂ ਸੈਨੇਟਰਾਂ ਨੇ ਅਮਰੀਕੀਆਂ ਨੂੰ ਕਿਹਾ ਹੈ ਕਿ ਬਿਨਾਂ ਦੇਰੀ ਕੋਵਿਡ-19 ਟੀਕਾਕਰਨ ਕਰਵਾ ਲੈਣ ਅਜਿਹਾ ਕਰਕੇ ਹੀ ਸਮੁੱਚੇ ਅਮਰੀਕੀ ਸੁਰੱਖਿਅਤ ਹੋ ਸਕਦੇ ਹਨ। ਇਥੇ ਜਿਕਰਯੋਗ ਹੈ ਕਿ ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਟੀਕਾਕਰਨ ਨਾ ਕਰਵਾਉਣ ਵਾਲੇ ਲੋਕ ਕੋਵਿਡ-19 ਦੇ ਫੈਲਾਅ ਦਾ ਕਾਰਨ ਬਣ ਰਹੇ ਹਨ।

## ਟੈਕਸਾਸ ਦੇ ਸਕੂਲਾਂ ਨੂੰ ਮਾਸਕ ਜਰੂਰੀ ਪਾਉਣ ਬਾਰੇ ਮਿਲੀ ਆਰਜੀ ਕਾਨੂੰਨੀ ਰਾਹਤ, ਜੱਜ ਨੇ ਗਵਰਨਰ ਦੇ ਆਦੇਸ਼ ਨੂੰ ਨਕਾਰਿਆ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਦੱਖਣੀ ਟੈਕਸਾਸ ਦੇ ਸਕੂਲਾਂ ਤੇ ਹੈਰਿਸ ਕਾਊਂਟੀ ਨੇ ਵਿਦਿਆਰਥੀਆਂ ਲਈ ਮਾਸਕ ਜਰੂਰੀ ਪਾਉਣ ਦੇ ਮਾਮਲੇ ਵਿਚ ਆਰਜੀ ਤੌਰ 'ਤੇ ਕਾਨੂੰਨ ਲੜਾਈ ਜਿੱਤ ਲਈ ਹੈ ਤੇ



ਟਰਾਵਿਸ ਕਾਊਂਟੀ ਦੀ ਇਕ ਅਦਾਲਤ ਨੇ ਦਾਇਰ ਪਟੀਸ਼ਨ ਉਪਰ ਦੋ ਘੰਟਿਆਂ ਦੀ ਸੁਣਵਾਈ ਉਪਰੰਤ ਹੈਰਿਸ ਕਾਊਂਟੀ ਤੇ ਦੱਖਣੀ ਟੈਕਸਾਸ ਸਕੂਲ ਡਿਸਟ੍ਰਿਕਟਸ ਦੇ ਹੱਕ ਵਿਚ ਆਰਜੀ ਫੈਸਲਾ ਸੁਣਾਉਂਦਿਆਂ ਕਿਹਾ ਕਿ ਉਹ ਗਵਰਨਰ ਗਰੇਗ ਅਬੋਟ ਦੇ ਹੁਕਮਾਂ ਨੂੰ ਨਕਾਰਦਿਆਂ ਮਾਸਕ ਪਾਉਣਾ ਲਾਜ਼ਮੀ ਕਰ ਸਕਦੇ ਹਨ। ਗਵਰਨਰ ਨੇ ਇਕ ਆਦੇਸ਼ ਜਾਰੀ ਕਰਕੇ ਮਾਸਕ ਜਰੂਰੀ ਪਾਉਣ ਉਪਰ ਪਾਬੰਦੀ ਲਾ ਦਿੱਤੀ ਸੀ ਤੇ ਕਿਹਾ ਸੀ ਕਿ ਮਾਸਕ ਪਾਉਣ ਜਾਂ ਨਾ ਪਾਉਣ ਦਾ ਨਿਰਨਾ ਮਾਪਿਆਂ ਉਪਰ ਛੱਡ ਦੇਣਾ ਚਾਹੀਦਾ ਹੈ। ਦਾਇਰ ਪਟੀਸ਼ਨ ਦੇ ਹੱਕ ਵਿਚ ਦਲੀਲੀ ਦਿੱਤੀ ਗਈ ਕਿ ਮਾਸਕ ਨਾ ਪਾਉਣ ਕਾਰਨ ਕੋਵਿਡ-19 ਮਹਾਂਮਾਰੀ ਭਿਆਨਕ ਰੂਪ ਅਖਤਿਆਰ ਕਰ ਸਕਦੀ ਹੈ। ਹੈਰਿਸ ਕਾਊਂਟੀ ਤੇ ਦੱਖਣੀ ਟੈਕਸਾਸ ਸਕੂਲ ਡਿਸਟ੍ਰਿਕਟਸ ਨੇ ਦਾਇਰ ਪਟੀਸ਼ਨ ਵਿਚ ਕੋਵਿਡ-19 ਦੇ ਵਧ ਰਹੇ ਮਾਮਲਿਆਂ ਦਾ ਵੀ ਹਵਾਲਾ ਦਿੱਤਾ ਸੀ।

## ਅਨਿਲ ਜੋਸ਼ੀ ਅਕਾਲੀ ਦਲ 'ਚ ਹੋਣਗੇ ਸ਼ਾਮਲ

**ਚੰਡੀਗੜ/ਏ.ਟੀ.ਨਿਊਜ਼ :** ਭਾਜਪਾ ਤੋਂ ਅਨੁਸ਼ਾਸਨਹੀਣਤਾ ਦੇ ਦੋਸ਼ ਹੇਠ ਬਰਖ਼ਾਸਤ ਸਾਬਕਾ ਮੰਤਰੀ ਅਨਿਲ ਜੋਸ਼ੀ ਛੇਤੀ ਹੀ ਅਕਾਲੀ ਦਲ 'ਚ ਸ਼ਾਮਲ ਹੋ ਜਾਣਗੇ। ਉਨਾਂ ਨਾਲ ਕਈ ਭਾਜਪਾ ਵਰਕਰ ਵੀ ਅਕਾਲੀ ਦਲ 'ਚ ਜਾਣਗੇ। ਮਾਝੇ ਤੇ ਸ਼ਹਿਰੀ ਹਿੰਦੂ ਵਰਗ ਵਿਚ ਜੋਸ਼ੀ ਦਾ ਚੰਗਾ ਰਸੂਖ਼ ਹੈ। ਉਨਾਂ ਨੇ ਤਿੰਨ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਕਿਸਾਨਾਂ ਦੀ ਹਮਾਇਤ ਕੀਤੀ ਸੀ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਅਫਗਾਨਿਸਤਾਨੀ ਸੁਰੱਖਿਆ ਫੋਰਸਾਂ ਨੂੰ ਦਿੱਤੇ ਅਮਰੀਕੀ ਹਥਿਆਰ ਤਾਲਿਬਾਨ ਨੇ ਕੀਤੇ ਜ਼ਬਤ : ਜੇਕ ਸੁਲੀਵਨ

## ਤਾਲਿਬਾਨ ਨੇ ਕਬਜ਼ੇ ਵਿਚ ਲਏ ਬਲੈਕਹਾਕ ਮਿਲਟਰੀ ਹੈਲੀਕਾਪਟਰ ਦੀਆਂ ਤਸਵੀਰਾਂ ਕੀਤੀਆਂ ਜਾਰੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਨ ਨੇ ਕਿਹਾ ਹੈ ਕਿ ਅਮਰੀਕਾ ਵੱਲੋਂ ਫੌਜੀ ਹਥਿਆਰ ਜੋ ਅਫਗਾਨਿਸਤਾਨ ਦੀਆਂ ਸੁਰੱਖਿਆ ਫੋਰਸਾਂ ਨੂੰ ਦਿੱਤੇ ਸਨ, ਤਾਲਿਬਾਨ ਦੇ ਹੱਥਾਂ ਵਿਚ ਚਲੇ ਗਏ ਹਨ। ਵਾਈਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜੇਕ ਸੁਲੀਵਨ ਨੇ ਕਿਹਾ ਕਿ ਹਾਲਾਂਕਿ ਮੁਕੰਮਲ ਤਸਵੀਰ ਸਾਫ ਨਹੀਂ ਹੈ ਪ੍ਰੰਤੂ ਯਕੀਨਨ ਹਥਿਆਰਾਂ ਦਾ ਵੱਡਾ ਹਿੱਸਾ ਤਾਲਿਬਾਨ ਨੇ ਜ਼ਬਤ ਕਰ ਲਿਆ ਹੈ ਤੇ ਅਜੇ ਇਹ ਕਹਿਣਾ ਮੁਸ਼ਕਿਲ ਹੈ ਕਿ ਤਾਲਿਬਾਨ ਇਹ ਹਥਿਆਰ ਕਾਬੁਲ ਹਵਾਈ ਅੱਡੇ ਉਪਰ ਤਾਇਨਾਤ ਅਮਰੀਕੀ ਫੌਜ ਦੇ ਸਪੁਰਦ ਕਰ ਦੇਵੇਗਾ। ਅਫਗਾਨਿਸਤਾਨ ਉਪਰ ਕਾਬਜ਼ ਹੋਣ ਉਪਰੰਤ ਤਾਲਿਬਾਨ ਨੇ ਕਬਜ਼ੇ ਵਿਚ ਲਏ ਕੰਧਾਰ ਕੌਮਾਂਤਰੀ ਹਵਾਈ ਅੱਡੇ ਉਪਰ ਖੜੇ ਬਲੈਕ ਹਾਕ ਮਿਲਟਰੀ ਹੈਲੀਕਾਪਟਰ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ ਜੋ ਹੈਲੀਕਾਪਟਰ ਅਮਰੀਕਾ ਨੇ ਅਫਗਾਨਿਸਤਾਨੀ ਫੌਜ ਨੂੰ ਦਿੱਤੇ ਸਨ। ਸੁਲੀਵਨ ਨੇ ਕਿਹਾ ਕਿ ਇਹ ਹੈਲੀਕਾਪਟਰ ਤਾਲਿਬਾਨ ਨੂੰ ਨਹੀਂ ਬਲਕਿ ਅਫਗਾਨਿਸਤਾਨੀ ਸੁਰੱਖਿਆ ਫੋਰਸਾਂ ਨੂੰ ਆਪਣੀ ਰੱਖਿਆ ਕਰਨ ਲਈ ਦਿੱਤੇ ਗਏ ਸਨ।

ਸੁਲੀਵਨ ਨੇ ਕਿਹਾ ਕਿ ਅਫਗਾਨਿਸਤਾਨ ਦੇ ਸਾਬਕਾ ਰਾਸ਼ਟਰਪਤੀ ਅਸ਼ਰਫ ਗਨੀ ਨੇ ਵਾਇਟ ਹਾਊਸ ਵਿਚ ਇਸ ਸਾਲ ਜੂਨ ਵਿਚ ਹੋਈ ਮੀਟਿੰਗ ਦੌਰਾਨ ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨੂੰ ਹੈਲੀਕਾਪਟਰ ਦੇਣ ਦੀ ਬੇਨਤੀ ਕੀਤੀ ਸੀ। ਹਾਲਾਂਕਿ ਓਦੋਂ ਵੀ ਇਹ ਖਤਰਾ ਸੀ ਕਿ ਇਹ ਹੈਲੀਕਾਪਟਰ ਤਾਲਿਬਾਨ ਦੇ ਹੱਥਾਂ ਵਿਚ ਜਾ ਸਕਦੇ ਹਨ ਪ੍ਰੰਤੂ ਫਿਰ ਵੀ ਅਫਗਾਨਿਸਤਾਨ ਦੀ ਰਾਖੀ ਲਈ ਇਹ ਹੈਲੀਕਾਪਟਰ ਅਫਗਾਨ ਫੋਰਸਾਂ ਨੂੰ ਦਿੱਤੇ ਗਏ। ਉਨਾਂ ਨੇ ਤਾਲਿਬਾਨ ਦੇ ਹੱਥਾਂ ਵਿਚ ਗਏ ਹੋਰ ਵਿਸ਼ੇਸ਼ ਹਥਿਆਰਾਂ ਬਾਰੇ ਜਾਣਕਾਰੀ ਨਹੀਂ ਦਿੱਤੀ। ਸੁਲੀਵਨ ਨੇ ਹੋਰ ਕਿਹਾ ਕਿ ਬਾਈਡਨ ਪ੍ਰਸ਼ਾਸਨ ਦੀ ਇਸ ਵੇਲੇ ਮੁੱਖ ਤਰਜੀਹ ਅਮਰੀਕਨਾਂ ਤੇ ਹੋਰ ਲੋਕ



ਜੇਕ ਸੁਲੀਵਨ

ਜੋ ਅਫਗਾਨਿਸਤਾਨ ਵਿਚੋਂ ਨਿਕਲਣਾ ਚਹੁੰਦੇ ਹਨ, ਨੂੰ ਸੁਰੱਖਿਅਤ ਲਿਆਉਣ ਦੀ ਹੈ। ਉਨਾਂ ਕਿਹਾ ਕਿ ਅਮਰੀਕੀ ਅਧਿਕਾਰੀ ਤਾਲਿਬਾਨ ਦੇ ਸੰਪਰਕ ਵਿਚ ਹਨ ਤਾਂ ਜੋ ਕਾਬੁਲ ਹਵਾਈ ਅੱਡੇ ਜੋ ਅਮਰੀਕੀ ਫੌਜ ਦੇ ਕਬਜ਼ੇ ਹੇਠ ਹੈ, ਤੱਕ ਪਹੁੰਚਣ ਲਈ ਲੋਕਾਂ ਨੂੰ ਸੁਰੱਖਿਅਤ ਲਾਂਘਾ ਦਿੱਤਾ ਜਾ ਸਕੇ। ਇਸ ਮੌਕੇ ਵਾਇਟ ਹਾਊਸ ਦੇ ਪ੍ਰੈਸ ਸਕੱਤਰ ਜੇਨ ਪਸਾਕੀ ਨੇ ਕਿਹਾ ਕਿ ਬਾਈਡਨ ਪ੍ਰਸ਼ਾਸਨ ਤਾਲਿਬਾਨ ਵੱਲੋਂ ਕੀਤੇ ਐਲਾਨ ਕਿ ਲੋਕ ਬਿਨਾਂ ਕਿਸੇ ਰੁਕਾਵਟ ਦੇ ਹਵਾਈ ਅੱਡੇ 'ਤੇ ਆ ਸਕਦੇ ਹਨ, ਵੱਲ ਤਵਜੋਂ ਦਿੱਤੇ ਬਿਨਾਂ ਸਥਿਤੀ ਉਪਰ ਨਜ਼ਰ ਰੱਖ ਰਿਹਾ ਹੈ। ਇੱਥੇ ਜ਼ਿਕਰਯੋਗ ਹੈ ਕਿ 9/11 ਹਮਲੇ ਉਪਰੰਤ ਵਾਸ਼ਿੰਗਟਨ ਵੱਲੋਂ ਅਲਕਾਇਦਾ ਦੇ ਸਫਾਏ ਲਈ ਸ਼ੁਰੂ ਕੀਤੀ ਗਈ ਜੰਗ ਤੋਂ ਬਾਅਦ ਅਮਰੀਕਾ 80 ਅਰਬ ਡਾਲਰ ਅਫਗਾਨ ਸੁਰੱਖਿਆ ਫੋਰਸਾਂ ਨੂੰ ਸਿਖਲਾਈ ਤੇ ਹਥਿਆਰ ਦੇਣ ਉਪਰ ਖਰਚ ਕਰ ਚੁੱਕਾ ਹੈ ਪ੍ਰੰਤੂ ਇਨਾਂ ਕੋਸ਼ਿਸ਼ਾਂ ਦੇ ਬਾਵਜੂਦ ਅਫਗਾਨੀ ਫੌਜ ਤਾਲਿਬਾਨ ਅੱਗੇ ਕੁਝ ਦਿਨਾਂ ਵਿਚ ਹੀ ਗੋਡੇ ਟੇਕ ਗਈ। ਅਮਰੀਕੀ ਰਾਸ਼ਟਰਪਤੀ ਖੁਦ ਕਹਿ ਚੁੱਕੇ ਹਨ ਕਿ ਅਸ਼ਰਫ ਗਨੀ ਬਿਨਾਂ ਲੜਿਆਂ ਹੀ ਮੈਦਾਨ ਖਾਲੀ ਛੱਡ ਗਏ ਹਨ।

## ਅਫਗਾਨਿਸਤਾਨ ਵਿਚੋਂ ਫੌਜਾਂ ਕੱਢਣ ਦਾ ਫੈਸਲਾ ਦਰੁੱਸਤ ਸੀ : ਜੋ ਬਾਈਡਨ

### ਅਫਗਾਨਿਸਤਾਨ ਵਿਚ ਅਮਰੀਕੀ ਫੌਜੀ ਦਖਲ ਖਤਮ ਕਰਨ ਦਾ ਵਾਅਦਾ ਪੂਰਾ ਕੀਤਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-**ਤਾਲਿਬਾਨ ਦੇ ਅਫਗਾਨਿਸਤਾਨ ਉਪਰ ਹੋਏ ਮੁੜ ਕਬਜੇ ਨੂੰ ਲੈ ਕੇ ਹੋ ਰਹੀ ਅਲੋਚਨਾ ਦਰਮਿਆਨ ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡਨ ਨੇ ਕਿਹਾ ਹੈ ਕਿ ਅਫਗਾਨਿਸਤਾਨ ਵਿਚੋਂ ਫੌਜਾਂ ਕੱਢਣ ਦਾ ਨਿਰਨਾ ਦਰੁੱਸਤ ਸੀ। ਉਨਾਂ ਨੇ ਵਾਈਟ ਹਾਊਸ ਵਿਚ ਸੰਬੋਧਨ ਕਰਦਿਆਂ ਕਿਹਾ ਕਿ ਮੈਂ ਆਪਣੇ ਫੈਸਲੇ ਉਪਰ ਦ੍ਰਿੜਤਾ ਨਾਲ ਕਾਇਮ ਹਾਂ ਪ੍ਰੰਤੂ ਤਾਲਿਬਾਨ ਨੇ ਜਿਸ ਤੇਜ਼ੀ ਨਾਲ ਅਫਗਾਨਿਸਤਾਨ ਨੂੰ ਆਪਣੇ ਕਬਜੇ ਵਿਚ ਲਿਆ ਹੈ ਇਸ ਦੀ ਆਸ ਨਹੀਂ ਸੀ। ਉਨਾਂ ਕਿਹਾ ਕਿ ਰਾਸ਼ਟਰਪਤੀ ਅਸ਼ਰਫ ਗਨੀ ਸਮੇਤ ਅਫਗਾਨਿਸਤਾਨ ਦੇ ਅਧਿਕਾਰੀਆਂ ਨੇ ਉਸ ਨੂੰ ਭਰੋਸਾ ਦਿਵਾਇਆ ਸੀ ਕਿ ਅਫਗਾਨ ਫੋਰਸਾਂ ਬਾਗੀਆਂ ਨਾਲ ਲੋਹਾ ਲੈਣ ਦੇ ਸਮਰੱਥ ਹਨ ਪਰ ਸੱਚਾਈ ਇਹ ਹੈ ਕਿ ਆਸ ਨਾਲੋਂ ਕਈ ਗੁਣਾਂ ਤੇਜ਼ੀ ਨਾਲ ਤਾਲਿਬਾਨ ਨੇ ਅਫਗਾਨ ਸਰਕਾਰ ਦਾ ਤਖਤਾ ਪਲਟ ਦਿੱਤਾ ਹੈ। ਆਪਣੇ ਕੋਲੋਂ ਹੋਈ ਕੋਈ ਗਲਤੀ ਦਾ ਜ਼ਿਕਰ ਕੀਤੇ ਬਿਨਾਂ ਰਾਸ਼ਟਰਪਤੀ ਨੇ ਕਿਹਾ ਕਿ ਫੌਜਾਂ ਕੱਢਣ ਦਾ ਕੰਮ ਸੁਖਾਲਾ ਨਹੀਂ ਰਿਹਾ ਪ੍ਰੰਤੂ ਉਹ ਆਪਣੀ ਚੋਣ ਮੁਹਿੰਮ ਵੇਲੇ ਕੀਤੇ ਪ੍ਰਣ ਕਿ ਅਫਗਾਨਿਸਤਾਨ



ਵਿਚ ਅਮਰੀਕੀ ਫੌਜ ਦਾ ਦਖਲ ਸਮਾਪਤ ਹੋ ਜਾਵੇਗਾ, ਉਪਰ ਕਾਇਮ ਰਹੇ ਹਨ। ਆਪਣੇ ਸੰਬੋਧਨ ਉਪਰੰਤ ਰਾਸ਼ਟਰਪਤੀ ਨੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਨਹੀਂ ਦਿੱਤੇ ਤੇ ਉਹ ਕਾਹਲੀ ਨਾਲ ਵਾਪਿਸ ਚਲੇ ਗਏ। ਤਾਲਿਬਾਨ ਦੇ ਮੁੜ ਸੱਤਾ ਉਪਰ ਕਾਬਜ਼ ਹੋਣ ਉਪਰੰਤ ਰਾਸ਼ਟਰਪਤੀ ਦਾ ਇਹ ਪਹਿਲਾ ਜਨਤਿਕ ਬਿਆਨ ਸੀ। ਇੱਥੇ ਜਿਕਰਯੋਗ ਹੈ ਕਿ ਮਾਹਿਰਾਂ ਨੇ ਚਿਤਾਵਨੀ ਦਿੱਤੀ ਸੀ ਕਿ ਅਮਰੀਕੀ ਫੌਜਾਂ ਕੱਢਣ ਉਪਰੰਤ ਅਫਗਾਨਿਸਤਾਨ ਵਿਚ ਹਾਲਾਤ ਵਿਗੜ ਸਕਦੇ ਹਨ ਪ੍ਰੰਤੂ ਰਾਸ਼ਟਰਪਤੀ ਨੇ ਕਿਹਾ ਸੀ ਕਿ ਅਫਗਾਨੀ ਫੋਰਸਾਂ ਤਾਲਿਬਾਨ ਦਾ ਮੁਕਾਬਲਾ ਕਰਨ ਤੇ ਅਫਗਾਨਿਸਤਾਨ ਦੀ ਰਖਿਆ ਕਰਨ ਦੇ ਸਮਰੱਥ ਹਨ। ਉਨਾਂ ਕਿਹਾ ਸੀ ਕਿ ਅਫਗਾਨਿਸਤਾਨੀ ਫੋਰਸਾਂ ਨੂੰ ਬਾਗੀਆਂ ਦਾ ਮੁਕਾਬਲਾ ਕਰਨ ਵਾਸਤੇ ਬਕਾਇਦਾ ਸਿਖਲਾਈ ਦਿੱਤੀ ਗਈ ਹੈ ਪ੍ਰੰਤੂ ਹਕੀਕਤ ਵਿਚ ਅਜਿਹਾ ਕੁਝ ਵੀ ਨਹੀਂ ਦੇਖਣ ਨੂੰ ਨਜ਼ਰ ਆਇਆ ਤੇ ਤਾਲਿਬਾਨ ਅੱਗੇ ਅਫਗਾਨੀ ਫੋਰਸਾਂ ਬਹੁਤ ਬੌਣੀਆਂ ਸਾਬਤ ਹੋਈਆਂ ਹਨ।

## 30 ਸਤੰਬਰ ਨੂੰ ਹੋਣਗੀਆਂ ਕੈਨੇਡਾ ਵਿਚ ਚੋਣਾਂ

### ਪ੍ਰਧਾਨ ਮੰਤਰੀ ਟਰੂਡੋ ਵਲੋਂ ਐਲਾਨ

**ਟੋਰਾਂਟੋ/ਏ.ਟੀ.ਨਿਊਜ਼ :** ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦੇਸ਼ ਵਿਚ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਤੇ ਕਿਹਾ ਕਿ ਉਹ ਕੈਨੇਡਾ ਦੇ ਵਿਸ਼ਵ ਦੇ ਸਭ ਤੋਂ ਵੱਧ ਟੀਕਾਕਰਨ ਵਾਲੇ ਦੇਸ਼ਾਂ ਵਿਚੋਂ ਇਕ ਹੋਣ ਦਾ ਹਵਾਲਾ ਦੇ ਕੇ ਇਕ ਵਾਰ ਫਿਰ ਸੱਤਾ ਵਿਚ ਵਾਪਸੀ ਦਾ ਯਤਨ ਕਰਨਗੇ। ਟਰੂਡੋ ਨੇ ਗਵਰਨਰ ਜਨਰਲ ਨਾਲ ਮੁਲਾਕਾਤ ਤੋਂ ਬਾਅਦ ਐਲਾਨ ਕੀਤਾ ਕਿ ਚੋਣਾਂ 20 ਸਤੰਬਰ ਨੂੰ ਹੋਣਗੀਆਂ। ਟਰੂਡੋ ਸੰਸਦ ਵਿਚ ਵੱਧ ਤੋਂ ਵੱਧ ਸੀਟਾਂ 'ਤੇ ਜਿੱਤ ਹਾਸਲ ਕਰਨਾ ਚਾਹੁਣਗੇ। ਉਨਾਂ ਦੀ ਲਿਬਰਲ ਪਾਰਟੀ ਦੋ ਸਾਲ ਪਹਿਲਾਂ ਘੱਟ ਬਹੁਮਤ ਵਿਚ ਆ ਗਈ ਸੀ ਤੇ ਬਿੱਲ ਪਾਸ ਕਰਵਾਉਣ ਲਈ ਵਿਰੋਧੀ ਧਿਰ 'ਤੇ ਨਿਰਭਰ ਸੀ।



## ਕੈਨੇਡਾ ਤਾਲਿਬਾਨ ਸਰਕਾਰ ਨੂੰ ਮਾਨਤਾ ਦੇਣ ਤੋਂ ਇਨਕਾਰੀ

**ਓਟਾਵਾ/ਏ.ਟੀ.ਨਿਊਜ਼ :** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਅਫਗਾਨਿਸਤਾਨ ਦੀ ਮੌਜੂਦਾ ਸਥਿਤੀ 'ਤੇ ਚਿੰਤਾ ਪ੍ਰਗਟ ਕੀਤੀ ਹੈ। ਟਰੂਡੋ ਨੇ ਅਫਗਾਨਿਸਤਾਨ ਵਿਚ ਨਵੀਂ ਤਾਲਿਬਾਨ ਸਰਕਾਰ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਉਨਾਂ ਇਹ ਵੀ ਕਿਹਾ ਕਿ 20 ਸਾਲ ਪਹਿਲਾਂ ਵੀ ਜਦੋਂ ਅੱਤਵਾਦੀ ਸਮੂਹ ਨੇ ਅਫਗਾਨਿਸਤਾਨ 'ਤੇ ਕਬਜ਼ਾ ਕਰ ਲਿਆ ਸੀ, ਕੈਨੇਡਾ ਨੇ ਤਾਲਿਬਾਨ ਨੂੰ ਦੇਸ਼ ਦੀ ਸਰਕਾਰ ਵਜੋਂ ਮਾਨਤਾ ਨਹੀਂ ਦਿੱਤੀ ਸੀ।

# ਅਮਰੀਕੀ ਫੌਜ ਦੇ ਜਹਾਜ਼ ਤੋਂ ਡਿੱਗ ਕੇ ਮਰਨ ਵਾਲਿਆਂ ਵਿਚ ਅਫਗਾਨਿਸਤਾਨ ਦੀ ਕੌਮੀ ਫੁੱਟਬਾਲ ਟੀਮ ਦਾ ਖਿਡਾਰੀ ਵੀ ਸ਼ਾਮਿਲ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਬੀਤੇ ਐਤਵਾਰ ਤਾਲਿਬਾਨ ਦੇ ਕਾਬੁਲ ਉਪਰ ਕਬਜ਼ੇ ਦੇ ਇਕ ਦਿਨ ਬਾਅਦ ਡਰ ਕਾਰਨ ਮੱਚੀ ਹਫੜਾ ਦਫੜੀ ਦੌਰਾਨ ਦੇਸ਼ ਵਿਚੋਂ ਬਾਹਰ ਭੱਜ ਜਾਣ ਲਈ ਕਾਬੁਲ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਖੜੇ ਅਮਰੀਕੀ ਫੌਜ ਦੇ ਸੀ-17 ਜਹਾਜ਼ ਵਿਚ ਚੜਨ ਦੀ ਸੈਂਕੜੇ ਲੋਕਾਂ ਨੇ ਅਸਫਲ ਕੋਸ਼ਿਸ਼ ਕੀਤੀ। ਇਨਾਂ ਲੋਕਾਂ ਵਿਚ ਅਫਗਾਨਿਸਤਾਨ ਦੀ ਯੂਥ ਕੌਮੀ ਫੁੱਟਬਾਲ ਟੀਮ ਦਾ ਇਕ ਖਿਡਾਰੀ ਵੀ ਸ਼ਾਮਿਲ ਸੀ, ਜੋ ਅਮਰੀਕੀ ਜਹਾਜ਼ ਦੇ ਨਾਲ ਲਟਕ ਗਿਆ ਤੇ ਅੱਧ ਅਸਮਾਨੋਂ ਡਿੱਗ ਕੇ ਮਾਰਿਆ ਗਿਆ। ਇਹ ਜਾਣਕਾਰੀ ਅਫਗਾਨਿਸਤਾਨ ਦੇ ਸਰੀਰਕ ਸਿੱਖਿਆ ਤੇ ਖੇਡ ਵਿਭਾਗ ਦੇ ਮੁੱਖੀ ਨੇ ਜਾਰੀ ਇਕ ਬਿਆਨ ਵਿਚ ਦਿੰਦਿਆਂ ਕਿਹਾ ਹੈ ਕਿ 'ਬਹੁਤ ਹੀ ਦੁੱਖ ਅਤੇ ਅਫਸੋਸ ਨਾਲ ਦੱਸਣਾ ਪੈ ਰਿਹਾ ਹੈ ਕਿ ਅਮਰੀਕੀ ਜਹਾਜ਼ ਤੋਂ ਡਿੱਗ ਕੇ ਮਰਨ ਵਾਲਿਆਂ ਵਿਚ ਜ਼ਕੀ ਅਨਵਾਰੀ ਵੀ ਸ਼ਾਮਿਲ ਹੈ ਜੋ ਯੂਥ



ਅਮਰੀਕੀ ਜਹਾਜ਼ ਤੋਂ ਡਿੱਗ ਕੇ ਮਰੇ ਜ਼ਕੀ ਅਨਵਾਰੀ ਦੀਆਂ ਫਾਇਲ ਤਸਵੀਰਾਂ

ਕੌਮੀ ਫੁੱਟਬਾਲ ਟੀਮ ਦੇ ਖਿਡਾਰੀਆਂ ਵਿਚੋਂ ਇਕ ਸੀ।' ਸੋਸ਼ਲ ਮੀਡੀਆ ਉਪਰ ਪਾਏ ਇਸ ਬਿਆਨ ਵਿਚ ਕਿਹਾ ਹੈ ਕਿ 'ਜ਼ਕੀ ਅਨਵਾਰੀ ਸ਼ਹੀਦ ਹੈ ਜੋ ਹੋਰ ਸੈਂਕੜੇ ਲੋਕਾਂ ਵਾਂਗ ਆਪਣੇ ਚੰਗੇ ਭਵਿੱਖ ਲਈ ਅਮਰੀਕਾ ਦੌੜ ਜਾਣਾ ਚਾਹੁੰਦਾ ਸੀ। ਉਸ ਦੀ ਭਿਆਨਕ ਮੌਤ ਦਾ ਦ੍ਰਿਸ਼ ਦਿੱਲ ਨੂੰ ਦਹਿਲਾਉਣ ਵਾਲਾ ਹੈ।' ਇਥੇ ਜਿਕਰਯੋਗ ਹੈ ਕਿ ਅਮਰੀਕੀ ਜਹਾਜ਼ ਤੋਂ ਘੱਟੋ ਘੱਟ ਦੋ ਵਿਅਕਤੀਆਂ ਨੂੰ ਡਿੱਗਦਿਆਂ ਵੇਖਿਆ ਗਿਆ ਹੈ ਜੋ ਡਿੱਗਣ ਸਾਰ ਹੀ ਦਮ ਤੋੜ ਗਏ।

## ਅਣਪਛਾਤੇ ਹਮਲਾਵਰ ਨੇ 2 ਬੱਚੀਆਂ ਦੇ ਮਾਰੀਆਂ ਗੋਲੀਆਂ, ਇਕ ਦੀ ਮੌਤ ਇਕ ਗੰਭੀਰ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-**ਸ਼ਿਕਾਗੋ (ਇਲੀਨੋਇਸ) ਵਿਚ ਅਣਪਛਾਤੇ ਹਮਲਵਾਰ ਨੇ ਇਕ ਕਾਰ ਵਿਚ ਬੈਠੀਆਂ ਦੋ ਬੱਚੀਆਂ ਜਿਨਾਂ ਦੀ ਉਮਰ 7 ਤੇ 6 ਸਾਲ ਦੀ ਸੀ, ਨੂੰ ਗੋਲੀਆਂ ਮਾਰ ਕੇ ਗੰਭੀਰ ਰੂਪ ਵਿਚ ਜ਼ਖਮੀ ਕਰ ਦਿੱਤਾ। ਦੋਨਾਂ ਨੂੰ ਲੋਯੋਲਾ ਯੁਨੀਵਰਸਿਟੀ ਮੈਡੀਕਲ ਸੈਂਟਰ ਲਿਜਾਇਆ ਗਿਆ ਜਿਥੇ 7 ਸਾਲਾ ਬੱਚੀ ਦੀ ਮੌਤ ਹੋ ਗਈ ਜਦ ਕਿ ਦੂਸਰੀ ਬੱਚੀ ਜਿੰਦਗੀ ਲਈ ਜਦੋਜਹਿਦ ਕਰ ਰਹੀ ਹੈ। 7 ਸਾਲਾ ਬੱਚੀ ਦੀ ਛਾਤੀ ਤੇ ਧੜ ਉਪਰ ਗੋਲੀਆਂ ਵੱਜੀਆਂ ਸਨ ਜਦ ਕਿ ਦੂਸਰੀ ਬੱਚੀ ਦੀ ਛਾਤੀ ਤੇ ਕੱਛ ਵਿਚ ਗੋਲੀ ਵੱਜੀ ਹੈ। ਇਹ ਘਟਨਾ ਦੁਪਹਿਰ 2.50 ਵਜੇ ਵੈਸਟ ਗਰੈਂਡ ਐਵਨਿਊ ਸ਼ਿਕਾਗੋ ਦੇ 6200 ਬਲਾਕ ਵਿਚ ਵਾਪਰੀ ਜਿਥੇ ਇਕ ਖੜੀ ਕਾਰ ਵਿਚ ਬੱਚੀਆਂ ਖੇਡ ਰਹੀਆਂ ਸਨ। ਸ਼ਿਕਾਗੋ ਪੁਲਿਸ ਵਿਭਾਗ ਦੇ ਆਪਰੇਸ਼ਨ ਮੁਖੀ ਕਮਾਂਡਰ ਬਰੀਅਨ ਮੈਕਡੈਰਮੋਟ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦੋਨੋਂ ਬੱਚੀਆਂ ਭੈਣਾਂ ਸਨ ਤੇ ਉਨਾਂ ਦੀ ਮਾਂ ਬੱਚੀਆਂ ਨੂੰ ਕਾਰ ਦੀ ਪਿਛਲੀ ਸੀਟ ਉਪਰ ਬੈਠਾ ਕੇ ਗਈ ਸੀ। ਪੁਲਿਸ ਦਾ ਵਿਚਾਰ ਹੈ ਕਿ ਹਮਲਵਾਰ ਦਾ ਨਿਸ਼ਾਨਾ ਬੱਚੀਆਂ ਜਾਂ ਉਨਾਂ ਦੀ ਮਾਂ ਨਹੀਂ ਸੀ। ਪੁਲਿਸ ਨੇ ਹਮਲਾਵਰ ਦੀ ਗ੍ਰਿਫਤਾਰੀ ਲਈ ਲੋਕਾਂ ਤੋਂ ਮੱਦਦ ਮੰਗੀ ਹੈ। ਇਥੇ ਜਿਕਰਯੋਗ ਹੈ ਕਿ ਸ਼ਿਕਾਗੋ ਵਿਚ ਪਿਛਲੇ ਹਫਤੇ 42 ਲੋਕਾਂ ਉਪਰ ਗੋਲੀਆਂ ਚਲਾਈਆਂ ਗਈਆਂ ਹਨ ਜਿਨਾਂ ਵਿਚੋਂ 4 ਦੀ ਮੌਤ ਹੋਈ ਹੈ। 2020 ਦੀ ਤੁਲਨਾ ਵਿਚ ਇਸ ਸਾਲ ਸ਼ਿਕਾਗੋ ਵਿਚ ਗੋਲੀਬਾਰੀ ਦੀਆਂ ਘਟਨਾਵਾਂ ਵਿਚ 11% ਵਾਧਾ ਹੋਇਆ ਹੈ ਜਦ ਕਿ 2019 ਦੀ ਤੁਲਨਾ ਵਿਚ ਇਹ ਵਾਧਾ 63% ਹੈ।

# ਦੁਨੀਆ ਦੀ ਪਹਿਲੀ ਅਲਗੋਜ਼ਾ ਵਾਦਕ ਅਨੁਰੀਤ ਪਾਲ ਕੌਰ ਦਾ ਨਾਮ ਇੰਡੀਆ ਬੁੱਕ ਆਫ਼ ਰਿਕਾਰਡ ਵਿੱਚ ਦਰਜ






**ਮੁਹਾਲੀ/ਏ.ਟੀ.ਨਿਊਜ਼ :** ਮੁਹਾਲੀ ਦੀ ਵਸਨੀਕ ਅਨੁਰੀਤ ਪਾਲ ਕੌਰ ਨੇ ਆਪਣਾ ਨਾਮ ਇੰਡੀਆ ਬੁੱਕ ਆਫ਼ ਰਿਕਾਰਡ ਵਿੱਚ ਦਰਜ ਕਰਵਾਉਣ ਵਿਚ ਕਾਮਯਾਬੀ ਹਾਸਲ ਕੀਤੀ ਹੈ। ਉਸ ਨੇ ਇਹ ਨਾਮ ਪੰਜਾਬੀ ਲੋਕ ਸਾਜ਼ ਅਲਗੋਜ਼ਾ ਵਜਾਉਣ ਵਾਲੀ ਦੁਨੀਆ ਦੀ ਪਹਿਲੀ ਕੁੜੀ ਹੋਣ ਕਰਕੇ ਦਰਜ ਕਰਵਾਇਆ। ਅਨੁਰੀਤ ਚਾਰ ਸਾਲ ਤੋਂ ਅਲਗੋਜਾ ਵਜਾ ਰਹੀ ਹੈ। ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਅਪਣੀ ਕਲਾ ਦਾ ਲੋਹਾ ਮਨਵਾ ਚੁੱਕੀ ਹੈ।

ਅੱਜ ਦੇ ਸੰਗੀਤ ਦੇ ਵਿਚ ਬੇਸ਼ੱਕ ਪੰਜਾਬ ਦਾ ਲੋਕਸਾਜ ਅਲਗੋਜਾ ਕਿਤੇ ਖੋਹ ਗਿਆ ਹੋਵੇ ਲੇਕਿਨ ਇਸ ਦੀ ਮਿੱਠੀ ਧੁੰਨ ਦੇ ਬਿਨਾਂ ਪੰਜਾਬੀ ਵਿਰਸਾ ਅਧੂਰਾ ਹੈ। ਅਲਗੋਜਾ ਪੰਜਾਬ ਸਣੇ ਰਾਜਸਥਾਨ ਅਤੇ ਮਾਰਵਾੜਾ ਦਾ ਵੀ ਰਵਾਇਤੀ ਸਾਜ ਹੈ। ਪੁਰਸ਼ ਪ੍ਰਧਾਨ ਸਮਾਜ ਵਿਚ ਇਹ ਲੋਕਸਾਜ਼ ਵੀ ਪੁਰਸ਼ਾਂ ਦੇ ਹੀ ਹੱਥਾਂ ਵਿਚ ਰਿਹਾ। ਅਨੁਰੀਤ ਪੰਜਾਬ ਹੀ ਨਹੀਂ ਬਲਕਿ ਦੁਨੀਆ ਦੀ ਪਹਿਲੀ ਅਜਿਹੀ ਬੀਬੀ ਬਣੀ, ਜਿਸ ਨੇ ਨਾ ਸਿਰਫ ਅਲਗੋਜ਼ਾ ਵਜਾਉਣਾ ਸਿੱਖਿਆ ਬਲਕਿ ਯਾਦਾਂ ਵਿਚ ਖੋਂਦੇ ਇਸ ਸਾਜ਼ ਨਾਲ ਕੌਮੀ ਅਤੇ ਕੌਮਾਂਤਰੀ ਪੱਧਰ ਦੀ ਪੇਸ਼ਕਾਰੀ ਕਰਕੇ ਪੰਜਾਬ ਦੇ ਮਨਮੋਹਕ ਲੋਕ ਸੰਗੀਤ ਨੂੰ ਮੁੜ ਤੋਂ ਸੰਜੀਵਨੀ ਦਿੱਤੀ। ਅਨੁਰੀਤ ਨੇ ਇਹ ਕਲਾ ਆਪਣੇ ਉਸਤਾਦ ਇੰਟਰਨੈਸ਼ਨਲ ਅਲਗੋਜ਼ਾ ਵਾਦਕ ਕਰਮਜੀਤ ਸਿੰਘ ਬੱਗਾ ਦੀ ਸ਼ਾਗਿਰਦੀ ਵਿੱਚ ਸਿੱਖੀ। ਅਨੂ ਨੇ ਇਹ ਕਲਾ 2017 ਵਿੱਚ ਸਿੱਖਣੀ ਸ਼ੁਰੂ ਕੀਤੀ। ਅਲਗੋਜ਼ੇ ਵਜਾਉਣ ਦੇ ਨਾਲ ਨਾਲ ਘੋੜਸਵਾਰੀ, ਪੰਜਾਬੀ ਲੋਕ ਨਾਚਾਂ ਤੋਂ ਇਲਾਵਾ ਗਤਕੇ ਵਿਚ ਵੀ ਮੁਹਾਰਤ ਹਾਸਲ ਹੈ। ਉਹ ਕਈ ਵਾਰੀ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਆਪਣੀ ਕਲਾ ਦੇ ਜੌਹਰ ਵਿਖਾ ਚੁੱਕੀ ਹੈ।

ਉਨਾਂ ਨੇ ਗਤਕੇ ਦੀ ਟ੍ਰੇਨਿੰਗ ਆਪਣੇ ਨਾਨਾ ਗੁਰਪ੍ਰੀਤ ਸਿੰਘ ਖਾਲਸਾ ਕੋਲੋਂ ਲਈ। ਅਨੁਰੀਤ ਦੀ ਮਾਤਾ ਸੁਖਬੀਰ ਪਾਲ ਕੌਰ ਅਤੇ ਪਿਤਾ ਨਰਿੰਦਰ ਦੋਵੇਂ ਹੀ ਪੰਜਾਬੀ ਲੋਕ ਕਲਾਵਾਂ ਨਾਲ ਜੁੜੇ ਹਨ। ਇੰਡੀਆ ਬੁੱਕ ਆਫ ਰਿਕਾਰਡ ਨੇ ਅਨੁਰੀਤ ਨੂੰ ਸਰਟੀਫਿਕੇਟ , ਮੈਡਲ, ਪਛਾਣ ਪੱਤਰ ਅਤੇ ਬੈਜ ਭੇਜਿਆ ਹੈ। ਅਨੁਰੀਤ ਪਾਲ ਕੌਰ ਅਲਗੋਜੇ ਨੂੰ ਦਸ ਮਿੰਟ ਤੱਕ ਬਿਨਾਂ ਰੁਕੇ ਵਜਾ ਸਕਦੀ ਹੈ। ਇਹ ਇੰਨਾ ਅਸਾਨ ਵੀ ਨਹੀਂ ਹੈ। ਅਲਗੋਜਾ, ਬੰਸਰੀ ਜਿਹਾ ਸਾਜ ਹੈ। ਬੰਸਰੀ ਦੀ ਤਰਾਂ ਅਲਗੋਜਾ ਵੀ ਬਾਂਸ ਨਾਲ ਹੀ ਬਣਿਆ ਹੁੰਦਾ। ਬਾਂਸਰੀ ਵਿਚ ਸੱਤ ਸੁਰ ਹੁੰਦੇ ਹਨ। ਅਲਗੋਜੇ ਵਿਚ ਦੋ ਬੰਸਰੀਆਂ ਨੂੰ ਇਕੱਠੇ ਵਜਾਉਣਾ ਹੁੰਦਾ ਹੈ। ਹਰੇਕ ਅਲਗੋਜੇ ਵਿਚ ਚਾਰ ਸੁਰ ਹੁੰਦੇ ਹਨ। ਅਲਗੋਜਾ ਵਜਾਉਣ ਲਈ ਸਖ਼ਤ ਅਭਿਆਸ ਦੀ ਵੀ ਜ਼ਰੂਰਤ ਹੈ।

# ਲਾਹੌਰ 'ਚ ਸ਼ੇਰ-ਏ-ਪੰਜਾਬ ਦੇ ਬੁੱਤ ਭੰਨਿਆ

## ✪ ਮੌਲਵੀ ਨੇ ਹਥੌੜਿਆਂ ਨਾਲ ਕੀਤਾ ਹਮਲਾ, ਗ੍ਰਿਫ਼ਤਾਰ
## ✪ ਭਾਰਤ ਨੇ ਪਾਕਿਸਤਾਨ ਨੂੰ ਘੱਟ ਗਿਣਤੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਿਹਾ



**ਅੰਮ੍ਰਿਤਸਰ/ਏ.ਟੀ.ਨਿਊਜ਼ :** ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 180ਵੀਂ ਬਰਸੀ ਮੌਕੇ ਲਾਹੌਰ ਸ਼ਾਹੀ ਕਿਲੇ ਵਿਚਲੀ ਸਿੱਖ ਗੈਲਰੀ ਵਿਚ ਤਬਦੀਲ ਕੀਤੀ ਜਾ ਚੁੱਕੀ ਮਾਈ ਜਿੰਦਾ ਦੀ ਹਵੇਲੀ ਦੇ ਬਾਹਰ ਸਥਾਪਿਤ ਮਹਾਰਾਜਾ ਦੇ ਆਦਮ-ਕੱਦ ਬੁੱਤ ਨੂੰ ਤੀਜੀ ਵਾਰ ਨੁਕਸਾਨ ਪਹੁੰਚਾਇਆ ਗਿਆ। ਦੱਸਿਆ ਜਾ ਰਿਹਾ ਹੈ ਕਿ ਪਾਕਿਸਤਾਨੀ ਕੱਟੜਪੰਥੀ ਸੰਗਠਨ ਤਹਿਰੀਕ-ਏ-ਲੈਬਬੈਕ ਨਾਲ ਸਬੰਧਤ ਰਿਜ਼ਵਾਨ ਨਾਂ ਦਾ ਇਕ ਮੌਲਵੀ ਆਪਣੇ ਨਾਲ ਇਕ ਹਥੌੜਾ ਲੈ ਕੇ ਭਾਰੀ ਸੁਰੱਖਿਆ ਵਾਲੇ ਲਾਹੌਰ ਸ਼ਾਹੀ ਕਿਲੇ ਦੀ ਸਿੱਖ ਗੈਲਰੀ ਦੇ ਬਾਹਰ ਪਹੁੰਚਿਆ ਅਤੇ ਉੱਥੇ ਆਪਣੀ ਧਾਰਮਿਕ ਪ੍ਰਾਰਥਨਾ ਕਰਨ ਉਪਰੰਤ ਉਸ ਨੇ ਧਾਰਮਿਕ ਨਾਅਰੇ ਲਗਾਉਂਦਿਆਂ ਮਹਾਰਾਜਾ ਦੇ ਬੁੱਤ 'ਤੇ ਹਮਲਾ ਕਰ ਦਿੱਤਾ। ਜਿਸ ਨਾਲ ਬੁੱਤ ਵੱਖ-ਵੱਖ ਹਿੱਸਿਆਂ ਵਿਚ ਜ਼ਮੀਨ 'ਤੇ ਡਿੱਗ ਗਿਆ। ਲਾਹੌਰ ਦੇ ਚੀਫ਼ ਕੈਪੀਟਲ ਪੁਲਿਸ ਪ੍ਰਮੁੱਖ ਗ਼ੁਲਾਮ ਮਹਿਮੂਦ ਡੋਗਰ ਨੇ ਦੱਸਿਆ ਕਿ ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਤੁਰੰਤ ਐਸ. ਪੀ. ਸਿਟੀ ਲਾਹੌਰ ਨੂੰ ਸ਼ਾਹੀ ਕਿਲੇ ਵਿਖੇ ਭੇਜਿਆ ਗਿਆ। ਉਨਾਂ ਕਿਹਾ ਕਿ ਦੋਸ਼ੀ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ ਅਤੇ ਉਸ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਦੱਸਿਆ ਜਾ ਰਿਹਾ ਹੈ ਕਿ ਲਾਹੌਰ ਸ਼ਾਹੀ ਕਿਲੇ ਦੀ ਸਿੱਖ ਗੈਲਰੀ ਦੇ ਬਾਹਰ ਵਾਲਡ ਸਿਟੀ ਆਫ਼ ਲਾਹੌਰ ਅਥਾਰਿਟੀ (ਪੰਜਾਬ ਸਰਕਾਰ) ਵਲੋਂ ਸਿੱਖ ਹੈਰੀਟੇਜ ਫਾਊਂਡੇਸ਼ਨ ਯੂ. ਕੇ. ਦੇ ਸਹਿਯੋਗ ਨਾਲ ਸਥਾਪਿਤ ਕੀਤਾ ਗਿਆ ਉਕਤ 9 ਫੁੱਟ ਉੱਚਾ ਬੁੱਤ ਫਾਈਬਰ ਗਲਾਸ ਅਤੇ ਕਾਂਸੇ ਨਾਲ ਬਣਾਇਆ ਗਿਆ ਹੈ। ਪਾਕਿਸਤਾਨੀ ਸਿੱਖ ਭਾਈਚਾਰੇ ਨੇ ਇਸ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਪ੍ਰਸ਼ਾਸਨ ਉਕਤ ਬੁੱਤ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਖ਼ਤ ਕਦਮ ਚੁੱਕੇ।

ਲਾਹੌਰ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨੂੰ ਨੁਕਸਾਨ ਪਹੁੰਚਾਉਣ ਦੀਆਂ ਖ਼ਬਰਾਂ 'ਤੇ ਤਿੱਖੀ ਪ੍ਰਤੀਕਿਰਿਆ ਪ੍ਰਗਟ ਕਰਦੇ ਹੋਏ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਪਾਕਿਸਤਾਨ ਆਪਣੇ ਉਥੇ ਘੱਟ ਗਿਣਤੀਆਂ ਸੰਗਠਨਾਂ ਖ਼ਿਲਾਫ਼ ਚਿੰਤਾਜਨਕ ਦਰ ਨਾਲ ਵੱਧ ਰਹੀ ਹਿੰਸਾ ਦੀਆਂ ਘਟਨਾਵਾਂ ਨੂੰ ਰੋਕਣ ਵਿਚ ਪੂਰੀ ਤਰਾਂ ਨਾਲ ਨਾਕਾਮ ਰਿਹਾ ਹੈ। ਵਿਦੇਸ਼ ਮੰਤਰਾਲੇ ਨੇ ਪਾਕਿਸਤਾਨ ਸਰਕਾਰ ਨੂੰ ਘੱਟ ਗਿਣਤੀ ਸੰਗਠਨਾਂ ਦੀ ਸੁਰੱਖਿਆ ਅਤੇ ਕਾਰੋਬਾਰ ਨੂੰ ਯਕੀਨੀ ਬਣਾਉਣ ਦੀ ਵੀ ਮੰਗ ਕੀਤੀ ਹੈ। ਇਸ ਘਟਨਾ 'ਤੇ ਸਖ਼ਤ ਟਿੱਪਣੀ ਕਰਦੇ ਹੋਏ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਕਿਹਾ ਕਿ ਅਸੀਂ ਲਾਹੌਰ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨੂੰ ਨੁਕਸਾਨ ਪਹੁੰਚਾਉਣ ਦੀ ਮੀਡੀਆ ਵਿਚ ਪ੍ਰੇਸ਼ਾਨ ਕਰਨ ਵਾਲੀਆਂ ਖ਼ਬਰਾਂ ਦੇਖੀਆਂ ਹਨ। ਸਾਲ 2019 ਵਿਚ ਉਦਘਾਟਨ ਤੋਂ ਬਾਅਦ ਬੁੱਤ ਦੀ ਤੋੜ ਭੰਨ ਕਰਨ ਦੀ ਇਹ ਤੀਸਰੀ ਅਜਿਹੀ ਘਟਨਾ ਹੈ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੋਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਯੂ.ਪੀ. ਬਣਿਆ ਝੂਠੇ ਪੁਲਿਸ ਮੁਕਾਬਲਿਆਂ ਦਾ ਪ੍ਰਦੇਸ਼

## ✪ ਮਨੁੱਖੀ ਅਧਿਕਾਰ ਸੰਗਠਨਾਂ ਨੇ ਲਗਾਏ ਦੋਸ਼ ਕਿ ਮੁਸਲਮ ਭਾਈਚਾਰੇ ਦਾ ਲੱਕ ਤੋੜਨ ਲਈ ਮੁਸਲਮ ਨੌਜਵਾਨਾਂ ਨੂੰ ਮਾਰਿਆ ਜਾ ਰਿਹਾ

## ✪ 8472 ਐਨਕਾਊਂਟਰਾਂ 'ਚ 3302 ਕਥਿਤ ਅਪਰਾਧੀਆਂ ਨੂੰ ਗੋਲੀਆਂ ਮਾਰ ਕੇ ਕੀਤਾ ਫੱਟੜ

**ਲਖਨਊ/ਏ.ਟੀ.ਨਿਊਜ਼ :** ਯੂ.ਪੀ. ਸਰਕਾਰ ਲੰਮੇ ਸਮੇਂ ਤੋਂ ਅਪਰਾਧਿਕ ਸਰਗਰਮੀਆਂ ਵਿਚ ਕਮੀ ਹੋਣ ਦਾ ਦਾਅਵਾ ਕਰ ਰਹੀ ਹੈ। ਖ਼ੁਦ ਮੁੱਖ ਮੰਤਰੀ ਯੋਗੀ ਆਦਿੱਤਿਆ ਨਾਥ ਲਗਾਤਾਰ ਅਪਰਾਧੀਆਂ ਨੂੰ ਧਮਕਾਉਂਦੇ ਤੇ ਯੂ.ਪੀ. ਛੱਡ ਜਾਣ ਦੀਆਂ ਨਸੀਹਤਾਂ ਦਿੰਦੇ ਆ ਰਹੇ ਹਨ। ਇਸੇ ਦੌਰਾਨ ਪੁਲਿਸ ਨੇ ਅਪਰਾਧ ਦੀ ਰੋਕਥਾਮ ਲਈ ਜਿਹੜੇ ਅੰਕੜੇ ਜਾਰੀ ਕੀਤੇ ਹਨ, ਉਹ ਕਾਫੀ ਹੈਰਾਨ ਕਰਨ ਵਾਲੇ ਹਨ। ਮਾਰਚ 2017 ਵਿਚ ਸੱਤਾ ਵਿਚ ਆਈ ਭਾਜਪਾ ਦੇ ਰਾਜ 'ਚ ਪੁਲਿਸ ਹੁਣ ਤੱਕ 8472 ਐਨਕਾਊਂਟਰਾਂ 'ਚ 3302 ਕਥਿਤ ਅਪਰਾਧੀਆਂ ਨੂੰ ਗੋਲੀਆਂ ਮਾਰ ਕੇ ਫੱਟੜ ਕਰ ਚੁੱਕੀ ਹੈ। ਇਨਾਂ ਗੋਲੀਬਾਰੀ ਦੀਆਂ ਘਟਨਾਵਾਂ ਵਿਚ ਹੁਣ ਤੱਕ 146 ਲੋਕ ਮਾਰੇ ਜਾ ਚੁੱਕੇ ਹਨ ਤੇ ਵੱਡੀ ਗਿਣਤੀ 'ਚ ਲੋਕਾਂ ਦੇ ਪੈਰਾਂ ਵਿਚ ਗੋਲੀਆਂ ਲੱਗੀਆਂ ਹਨ। ਹਾਲਾਂਕਿ ਅਧਿਕਾਰਤ ਤੌਰ 'ਤੇ ਸਰਕਾਰ ਨੇ ਇਨਾਂ ਅਪ੍ਰੇਸ਼ਨਾਂ ਨੂੰ ਕੋਈ ਨਾਂ ਨਹੀਂ ਦਿੱਤਾ ਹੈ, ਪਰ ਕੁਝ ਪੁਲਿਸ ਵਾਲੇ ਇਸ ਨੂੰ 'ਆਪ੍ਰੇਸ਼ਨ ਲੰਗੜਾ' ਕਹਿੰਦੇ ਹਨ। ਪੁਲਿਸ ਵਾਲੇ ਪੈਰਾਂ ਵਿਚ ਗੋਲੀਆਂ ਮਾਰਨ ਨੂੰ ਆਪ੍ਰੇਸ਼ਨ ਲੰਗੜਾ ਕਹਿੰਦੇ ਹਨ ਪਰ ਹਕੀਕਤ 'ਚ ਇਹ ਅਪ੍ਰੇਸ਼ਨ ਇਕ ਫਿਰਕੇ ਅਤੇ ਛੋਟੀਆਂ ਜਾਤਾਂ ਵਾਲਿਆਂ ਨੂੰ ਲੰਗੜਾ ਕਰਨ ਵਾਲਾ ਹੈ। ਕਿਸੇ ਜ਼ਮਾਨੇ ਵਿਚ ਯੂ.ਪੀ. ਦੇ ਵੱਡੇ ਪੁਲਿਸ ਅਫਸਰ ਰਹੇ ਐੱਸ ਆਰ ਦਾਰਾਪੁਰੀ, ਜਿਹੜੇ ਅੱਜ ਕੱਲ ਮਨੁੱਖੀ ਅਧਿਕਾਰ ਕਾਰਕੁੰਨ ਹਨ, ਦਾ ਕਹਿਣਾ ਹੈ-ਪੁਲਿਸ ਇਕ ਰਣਨੀਤੀ ਤਹਿਤ ਐਨਕਾਊਂਟਰ ਕਰ ਰਹੀ ਹੈ। ਖਾਸ ਤੌਰ 'ਤੇ ਮੁਸਲਮ ਭਾਈਚਾਰੇ ਦਾ ਲੱਕ ਤੋੜਨ ਲਈ ਮੁਸਲਮ ਨੌਜਵਾਨਾਂ ਨੂੰ ਮਾਰਿਆ ਜਾ ਰਿਹਾ ਹੈ। ਦਲਿਤਾਂ ਤੇ ਓ ਬੀ ਸੀ ਵਿਰੁੱਧ ਇਸ ਦਾ ਇਸਤੇਮਾਲ ਉਨਾਂ ਨੂੰ ਅਪਰਾਧਿਕ ਮਾਮਲਿਆਂ 'ਚ ਫਸਾਉਣ ਲਈ ਕੀਤਾ ਜਾ ਰਿਹਾ ਹੈ।ਪੁਲਿਸ ਮੁਸਲਮਾਨਾਂ, ਦਲਿਤਾਂ ਤੇ ਓ ਬੀ ਸੀ ਵਿਰੁੱਧ ਅਪਰਾਧ ਰੋਕਣ ਲਈ ਵੀ ਏਨੀ ਸਰਗਰਮੀ ਕਿਉਂ ਨਹੀਂ ਦਿਖਾਉਂਦੀ?



ਸੁਪਰੀਮ ਕੋਰਟ ਕਹਿ ਚੁੱਕੀ ਹੈ ਕਿ ਸਿਰਫ ਇਸ ਲਈ ਕਿ ਕੋਈ ਮੁਲਜ਼ਮ ਖਤਰਨਾਕ ਅਪਰਾਧੀ ਹੈ, ਪੁਲਿਸ ਨੂੰ ਉਸ ਨੂੰ ਜਾਨ ਤੋਂ ਮਾਰ ਦੇਣ ਦਾ ਅਧਿਕਾਰ ਨਹੀਂ ਮਿਲ ਜਾਂਦਾ। ਪੁਲਿਸ ਦਾ ਕੰਮ ਮੁਲਜ਼ਮ ਨੂੰ ਗ੍ਰਿਫਤਾਰ ਕਰਨਾ ਤੇ ਉਸ 'ਤੇ ਮੁਕੱਦਮਾ ਚਲਾਉਣਾ ਹੈ। ਇਸ ਅਦਾਲਤ ਨੇ ਵਾਰ-ਵਾਰ ਬੰਦੂਕ ਦਾ ਟ੍ਰਿਗਰ ਦੱਬਣ ਵਿਚ ਆਨੰਦ ਲੈਣ ਵਾਲੇ ਪੁਲਿਸ ਵਾਲਿਆਂ ਨੂੰ ਚੇਤਾਵਨੀ ਦਿੱਤੀ ਹੈ, ਜਿਹੜੇ ਅਪਰਾਧੀਆਂ ਨੂੰ ਮਾਰਨ ਤੋਂ ਬਾਅਦ ਘਟਨਾ ਨੂੰ ਐਨਕਾਊਂਟਰ ਦਾ ਨਾਂ ਦਿੰਦੇ ਹਨ।

ਪੰਜਾਬ ਟਾਈਮਜ ਸਮਝਦਾ ਹੈ ਕਿ ਅਜਿਹੇ ਕਤਲਾਂ ਦੀ ਨਿਸ਼ਚਿਤ ਤੌਰ 'ਤੇ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਇਨਾਂ ਨੂੰ ਭਾਰਤੀ ਫੌਜਦਾਰੀ ਨਿਆਂ ਦੀ ਪ੍ਰਸ਼ਾਸਨਿਕ ਵਿਵਸਥਾ 'ਚ ਕਾਨੂੰਨ-ਅਨੁਸਾਰ ਨਹੀਂ ਮੰਨਿਆ ਜਾਂਦਾ ਹੈ। ਇਹ ਰਾਜ-ਪ੍ਰਯੋਜਿਤ ਦਹਿਸ਼ਤਗਰਦੀ ਦੇ ਬਰਾਬਰ ਹੈ। ਪਰ ਲੱਗਦਾ ਹੈ ਕਿ ਯੂ.ਪੀ. ਦੇ ਮੁੱਖ ਮੰਤਰੀ ਦਹਿਸ਼ਤ ਪੈਦਾ ਕਰਕੇ ਹੀ ਰਾਜ ਕਰਨਾ ਚਾਹੁੰਦੇ ਹਨ। ਉਹ ਅਗਲੇ ਸਾਲ ਹੋਣ ਵਾਲੀਆਂ ਅਸੰਬਲੀ ਚੋਣਾਂ ਜਿੱਤਣ ਲਈ ਐਨਕਾਊਂਟਰਾਂ ਨੂੰ ਵੱਡੀ ਪ੍ਰਾਪਤੀ ਵਜੋਂ ਪੇਸ਼ ਕਰ ਰਹੇ ਹਨ।

# ਭਾਈ ਮੰਡ ਨੇ ਮੰਤਰੀ ਤੇ ਵਿਧਾਇਕ ਨੂੰ ਮੁੜ ਕੀਤਾ ਤਲਬ

## ਕਾਂਗਰਸ ਸਰਕਾਰ 'ਤੇ ਧੋਖੇ ਨਾਲ ਬਰਗਾੜੀ ਮੋਰਚਾ ਖ਼ਤਮ ਕਰਾਉਣ ਦੇ ਲਗਾਏ ਦੋਸ਼

**ਬਠਿੰਡਾ/ਏ.ਟੀ.ਨਿਊਜ਼ :** ਮੁਤਵਾਜੀ ਜਥੇਦਾਰ ਧਿਆਨ ਸਿੰਘ ਮੰਡ ਵੱਲੋਂ ਬਰਗਾੜੀ ਮੋਰਚੇ 'ਤੇ ਇਨਸਾਫ਼ ਨਾ ਮਿਲਦਾ ਦੇਖ ਇੱਥੇ ਸਿੱਖ ਜਥੇਬੰਦੀਆਂ ਦੀ ਇਕੱਤਰਤਾ ਕੀਤੀ ਗਈ। ਇਸ ਦੌਰਾਨ ਸਿੱਖ ਜਥੇਬੰਦੀਆਂ ਦੀ ਘਾਟ ਰੜਕੀ। ਜ਼ਿਕਰਯੋਗ ਹੈ ਕਿ ਜਥੇਦਾਰ ਮੰਡ ਨੇ ਕਾਂਗਰਸ ਦੇ ਦੋ ਮੰਤਰੀਆਂ ਅਤੇ ਵਿਧਾਇਕਾਂ ਨੂੰ ਦੋ ਵਾਰ ਅਕਾਲ ਤਖ਼ਤ 'ਤੇ ਤਲਬ ਕੀਤਾ ਸੀ, ਪਰ ਕਾਂਗਰਸੀ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ, ਤਿੰਨ ਵਿਧਾਇਕ ਕੁਲਬੀਰ ਸਿੰਘ ਜ਼ੀਰਾ, ਹਰਮਿੰਦਰ ਸਿੰਘ ਗਿੱਲ ਅਤੇ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਪੇਸ਼ ਨਾ ਹੋਏ। ਜਥੇਦਾਰ ਮੰਡ ਨੇ ਬਰਗਾੜੀ ਮੋਰਚੇ ਨੂੰ ਖ਼ਤਮ ਕਰਾਉਣ ਦੀ



ਕਾਂਗਰਸ ਦੀ ਚਾਲ ਕਰਾਰ ਦਿੰਦਿਆਂ ਕਿਹਾ ਕਿ ਬਰਗਾੜੀ ਮੋਰਚਾ ਸ਼ਾਂਤੀਪੂਰਵਕ ਚੱਲ ਰਿਹਾ ਸੀ, ਪਰ ਕੈਪਟਨ ਅਮਰਿੰਦਰ ਸਿੰਘ ਵੱਲੋਂ ਮੋਰਚੇ ਵਿੱਚ ਭੇਜੇ ਗਏ ਕੈਬਨਿਟ ਵਜ਼ੀਰ ਅਤੇ ਤਿੰਨ ਵਿਧਾਇਕਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਵਿਸ਼ਵਾਸ ਦਿਵਾਇਆ ਸੀ ਕਿ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣਗੀਆਂ। ਇਸ ਵਿਸ਼ਵਾਸ 'ਤੇ ਬਰਗਾੜੀ ਮੋਰਚਾ ਚੁੱਕਿਆ ਗਿਆ ਸੀ। ਉਨਾਂ ਚਿਤਾਵਨੀ ਦਿੱਤੀ ਕਿ ਜੇ ਕਾਂਗਰਸੀ ਮੰਤਰੀ ਤੇ ਵਿਧਾਇਕ 20 ਅਗਸਤ ਨੂੰ ਅਕਾਲ ਤਖ਼ਤ 'ਤੇ ਪੇਸ਼ ਨਾ ਹੋਏ ਤਾਂ ਪੰਥਕ ਧਿਰਾਂ ਵੱਲੋਂ ਬੁਲਾਈ ਇਕੱਤਰਤਾ ਮੌਕੇ ਸਰਬਸੰਮਤੀ ਨਾਲ ਲਏ ਫੈਸਲੇ ਮੁਤਾਬਕ ਸਖ਼ਤ ਸਜ਼ਾ ਸੁਣਾਈ ਜਾਵੇਗੀ।

# ਪੰਜਾਬੀ ਗਾਇਕ ਸਿੰਗਾ ਦੇ ਖ਼ਿਲਾਫ਼ ਕੇਸ ਦਰਜ

## ਚੱਲਦੀ ਕਾਰ ਵਿਚ ਹਵਾਈ ਫਾਇਰਿੰਗ ਕਰਕੇ ਫੁਕਰੇਬਾਜੀ ਕੀਤੀ

**ਮੋਹਾਲੀ/ਏ.ਟੀ.ਨਿਊਜ਼:** ਪੰਜਾਬੀ ਦੇ ਮਸ਼ਹੂਰ ਗਾਇਕ ਸਿੰਗਾ ਦੇ ਖ਼ਿਲਾਫ਼ ਪੁਲਿਸ ਨੇ ਗੋਲ਼ੀਆਂ ਚਲਾਉਣ ਦੇ ਮਾਮਲੇ 'ਚ ਐੱਫਆਈਆਰ ਦਰਜ ਕੀਤੀ ਹੈ। ਸਿੰਗਾ ਆਪਣੇ ਦੋਸਤ ਨਾਲ ਕਾਰ 'ਚ ਜਾ ਰਿਹਾ ਸੀ, ਜਿਹੜਾ ਚੱਲਦੀ ਕਾਰ ਵਿਚ ਹਵਾਈ ਫਾਇਰਿੰਗ ਕਰ ਰਿਹਾ ਸੀ। ਇਸ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਪੁਲਿਸ ਨੇ ਇਸ ਮਾਮਲੇ ਨੂੰ ਸਖ਼ਤੀ ਨਾਲ ਲਿਆ ਤੇ ਪੰਜਾਬੀ ਗਾਇਕ ਸਿੰਗਾ ਤੇ ਉਸ ਦੇ ਦੋਸਤ ਖ਼ਿਲਾਫ਼ ਕੇਸ ਦਰਜ ਕਰ ਲਿਆ। ਇਹ ਵੀਡੀਓ ਹੋਮਲੈਂਡ ਸੁਸਾਇਟੀ ਦਾ ਦੱਸਿਆ ਜਾ ਰਿਹਾ ਹੈ।















# ਪੰਜਾਬੀ ਸਿਆਸਤਦਾਨਾਂ ਤੋਂ ਸੁਚੇਤ ਹੋਣ

## ✪ 2022 ਦੀ ਚੋਣ ਤੋਂ ਪਹਿਲਾਂ ਕਾਂਗਰਸ ਪਾਰਟੀ ਵਿੱਚ ਵੀ ਲੰਬਾ ਸਮਾਂ ਘਮਸਾਨ ਜਿਹਾ ਛਿੜਿਆ ✪ ਸ਼੍ਰੋਮਣੀ ਅਕਾਲੀ ਦਲ ਵਲੋਂ ਲੁਭਾਵਣੇ ਵਾਅਦੇ

## ✪ ਪੰਜਾਬ ਹੁਣ ਤਿੰਨ ਲੱਖ ਕਰੋੜ ਰੁਪਏ ਦੇ ਕਰਜ਼ੇ ਦੇ ਬੋਝ ਥੱਲੇ ਦੱਬਿਆ ✪ ਚੋਣ ਵਾਅਦਿਆਂ ਵਿਚਲੇ ਮੁਫਤ ਦੇ ਭੰਬਲਭੂਸੇ ਤੋਂ ਸੁਚੇਤ ਰਹੋ ਪੰਜਾਬੀਓ

**ਐਡਵੋਕੇਟ ਦਰਸ਼ਨ ਸਿੰਘ ਰਿਆੜ**

ਚੱਲ ਰਹੇ ਬਰਸਾਤ ਦੇ ਮੌਸਮ ਦੌਰਾਨ ਆਉਣ ਵਾਲੀਆਂ 2022 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੇ ਚੋਣ ਵਾਅਦਿਆਂ ਦੀ ਬਰਸਾਤ ਵੀ ਸ਼ੁਰੂ ਹੋ ਗਈ ਹੈ। ਸਾਲ 2017 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਵਾਲੇ ਸੱਤਾਧਾਰੀ ਪਾਰਟੀ ਕਾਂਗਰਸ ਦੇ ਵਾਅਦਿਆਂ ਦੀ ਸੂਚੀ ਬੜੀ ਲੰਬੀ ਸੀ। ਲੋਕਾਂ ਅਨੁਸਾਰ ਤਾਂ ਉਨ੍ਹਾਂ ਵਿੱਚੋਂ ਹਾਲੇ ਗੋਡੇ ਵਿੱਚੋਂ ਪੂਣੀ ਵੀ ਕੱਤ ਨਹੀਂ ਹੋਈ। ਇਸੇ ਕਾਰਨ ਹੀ ਆਉਣ ਵਾਲੀ 2022 ਦੀ ਚੋਣ ਤੋਂ ਪਹਿਲਾਂ ਕਾਂਗਰਸ ਪਾਰਟੀ ਵਿੱਚ ਵੀ ਲੰਬਾ ਸਮਾਂ ਘਮਸਾਨ ਜਿਹਾ ਛਿੜਿਆ ਰਿਹਾ ਸੀ। ਹੁਣ ਪਾਰਟੀ ਸੰਗਠਨ ਦੇ ਨਵੇਂ ਸਿਰੇ ਤੋਂ ਸ਼ੁਰੂ ਹੋਏ ਢਾਂਚੇ ਦੇ ਗਠਨ ਅਨੁਸਾਰ ਇਹ ਕਿਆਸ ਅਰਾਈਆਂ ਲੱਗਣ ਲੱਗ ਪਈਆਂ ਹਨ ਕਿ ਪਾਰਟੀ ਅੰਦਰ ਸਭ ਕੁਝ ਠੀਕ ਹੈ। ਉਂਜ ਪਤਾ ਨਹੀਂ ਇਹ ਤੂਫਾਨ ਤੋਂ ਪਹਿਲੇ ਦੀ ਸ਼ਾਂਤੀ ਹੈ ਜਾਂ ਕੁਝ ਹੋਰ, ਪਰ ਹਾਲ ਦੀ ਘੜੀ ਮਹੌਲ ਠੀਕ ਲੱਗ ਰਿਹਾ ਹੈ। ਕਾਂਗਰਸ ਪਾਰਟੀ ਅਤੇ ਸਰਕਾਰ 80 ਤੋਂ 90% ਵਾਅਦੇ ਪੂਰੇ ਕਰਨ ਦੇ ਦਮਗਜ਼ੇ ਮਾਰ ਰਹੀ ਹੈ। ਉਂਜ ਕਾਂਗਰਸ ਹਾਈ ਕਮਾਨ ਵੱਲੋਂ 18 ਨੁਕਾਤੀ ਪ੍ਰੋਗਰਾਮ ਚੋਣਾਂ ਤੋਂ ਪਹਿਲਾਂ ਸਿਰੇ ਚਾੜਨ ਦੀ ਗੱਲ ਵੀ ਖਬਰਾਂ ਵਿੱਚ ਹੈ ਜਿਸ ਵਿੱਚੋਂ ਪੰਜਾਬ ਪ੍ਰਦੇਸ਼ ਦੇ ਪ੍ਰਧਾਨ ਨੇ 5 ਨੁਕਤਿਆਂ ਦੀ ਪਹਿਲ ਦੀ ਗੱਲ ਵੀ ਕੀਤੀ ਹੈ। ਭਖਦੇ ਮਸਲਿਆਂ ਵਿੱਚ ਬੇਅਦਬੀ ਦਾ ਮਸਲਾ, ਨਸ਼ਿਆਂ ਦਾ ਕਾਰੋਬਾਰ, ਮਾਫੀਆ ਕਲਚਰ, ਕਰਜ਼ੇ ਦੀ ਮੁਆਫੀ ਅਤੇ ਘਰ ਘਰ ਨੌਕਰੀ ਮੁੱਖ ਮਸਲੇ ਸਨ। ਇਹ ਹੁਣ ਫਿਰ ਚਰਚਾ ਵਿੱਚ ਹਨ। ਘਰ ਘਰ ਨੌਕਰੀ ਬੜਾ ਹੀ ਲੁਭਾਵਣਾ ਵਾਅਦਾ ਸੀ ਅਤੇ ਹੈ ਪਰ ਬੇਰੋਜ਼ਗਾਰੀ ਸਭ ਹੱਦਾਂ ਬੰਨੇ ਟੱਪ ਗਈ ਹੈ। ਦਸ ਕੁ ਹਜ਼ਾਰ ਪੁਲਿਸ ਦੀਆਂ ਅਸਾਮੀਆਂ ਵਾਸਤੇ ਲੱਖਾਂ ਦੀ ਗਿਣਤੀ ਵਿੱਚ ਆਈਆਂ ਅਰਜ਼ੀਆਂ ਇਸ ਗੱਲ ਦਾ ਸਪੱਸ਼ਟ ਸਬੂਤ ਹਨ। ਆਈਲੈਟਸ ਟ੍ਰੇਨਿੰਗ ਸੈਂਟਰਾਂ ਮੂਹਰੇ ਅਤੇ ਟਰੈਵਲ ਏਜੰਟਾਂ ਦੇ ਦਫਤਰਾਂ ਮੂਹਰੇ ਵਿਦੇਸ਼ ਪ੍ਰਵਾਸ ਕਰਨ ਵਾਲੇ ਨੌਜਵਾਨਾਂ ਦੀਆਂ ਲੰਬੀਆਂ ਲਾਈਨਾਂ ਬੇਰੋਜ਼ਗਾਰੀ ਦੀ ਦੁਰਦਸ਼ਾ ਦੀ ਦੁਹਾਈ ਦੇਂਦੀਆਂ ਹਨ। ਪੰਜਾਬ ਦੇ ਕਿਸਾਨ ਮਜ਼ਦੂਰ ਪਿਛਲੇ ਅੱਠ ਮਹੀਨਿਆਂ ਤੋਂ ਦੇਸ਼ ਦੀ ਰਾਜਧਾਨੀ ਦਿੱਲੀ ਦੀਆਂ ਬਰੂਹਾਂ ਤੇ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਹਨ। ਇਸ ਸ਼ਾਂਤਮਈ ਸੰਘਰਸ਼ ਦੌਰਾਨ ਸਾਢੇ ਪੰਜ ਸੌ ਤੋਂ ਵੱਧ ਕਿਸਾਨ ਤੇ ਮਜ਼ਦੂਰ ਸ਼ਹੀਦ ਵੀ ਹੋ ਚੁੱਕੇ ਹਨ। ਪੰਜਾਬ ਸਰਕਾਰ ਉਹਨਾਂ ਸ਼ਹੀਦਾਂ ਦੇ ਪਰਿਵਾਰਾਂ ਵਿੱਚੋਂ ਇੱਕ ਇੱਕ ਮੈਂਬਰ ਨੂੰ ਨੌਕਰੀ ਦੇਣ ਦੀ ਘੋਸ਼ਣਾ ਵੀ ਕਰ ਚੁੱਕੀ ਹੈ। ਪਰ ਕੇਂਦਰ ਸਰਕਾਰ ਹਾਲੇ ਤੱਕ ਇਸ ਸਬੰਧ ਵਿੱਚ ਟੱਸ ਤੋਂ ਮੱਸ ਨਹੀਂ ਹੋ ਰਹੀ।



ਰਾਜਨੀਤਕ ਪਾਰਟੀਆਂ ਨੂੰ 2022 ਦੀਆਂ ਚੋਣਾਂ ਦੀ ਚਿੰਤਾ ਸਤਾਉਣ ਲੱਗ ਪਈ ਹੈ। ਛੇ ਮਹੀਨੇ ਪਹਿਲਾਂ ਹੀ ਸਾਰੀਆਂ ਰਾਜਨੀਤਕ ਪਾਰਟੀਆਂ ਲੰਗੋਟੇ ਕੱਸ ਕੇ ਮੈਦਾਨ ਵਿੱਚ ਉੱਤਰ ਆਈਆਂ ਹਨ। ਨਵੀਆਂ ਤਕਨੀਕਾਂ ਅਤੇ ਰਣ ਨੀਤੀਆਂ ਅਨੁਸਾਰ ਚੋਣ-ਨੀਤੀਕਾਰ ਵੀ ਗੋਟੀਆਂ ਫਿੱਟ ਕਰਨ ਵਿੱਚ ਮਸਰੂਫ ਹੋ ਗਏ ਹਨ। ਦਿੱਲੀ ਵਿੱਚ ਸਰਕਾਰ ਚਲਾ ਰਹੀ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪਿਛਲੇ ਦਿਨੀਂ ਚੰਡੀਗੜ ਵਿਖੇ ਕੁਝ ਅਹਿਮ ਐਲਾਨ ਕੀਤੇ ਸਨ। ਆਉਣ ਵਾਲੀਆਂ 2022 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੇ ਮੱਦੇਨਜ਼ਰ ਪੰਜਾਬੀਆਂ ਲਈ 300 ਯੂਨਿਟ ਘਰੇਲੂ ਬਿਜਲੀ ਮੁਫਤ ਕਰਨ ਅਤੇ 24 ਘੰਟੇ ਨਿਰਵਿਘਨ ਬਿਜਲੀ ਸਪਲਾਈ ਦੀ ਗਰੰਟੀ ਦੀ ਉਨਾਂ ਦੀ ਘੋਸ਼ਣਾ ਨੇ ਸਾਰਿਆਂ ਦਾ ਧਿਆਨ ਖਿੱਚਿਆ ਸੀ। ਹਾਲਾਂਕਿ ਇਸ ਤੋਂ ਪਹਿਲਾਂ ਪੰਜਾਬ ਦੀ ਸੱਤਾਧਾਰੀ ਪਾਰਟੀ ਕਾਂਗਰਸ ਵੱਲੋਂ ਸ਼ਹਿਰ ਵਾਸੀਆਂ ਲਈ 200 ਯੂਨਿਟ ਘਰੇਲੂ ਬਿਜਲੀ ਮੁਫਤ ਕਰਨ ਦੀਆਂ ਕਨਸੋਆਂ ਆ ਰਹੀਆਂ ਸਨ। ਆਮ ਆਦਮੀ ਪਾਰਟੀ ਦੀ ਪਹਿਲ ਕਾਰਨ ਉਹ ਘੋਸ਼ਣਾ ਵਿੱਚੇ ਹੀ ਲਟਕ ਗਈ ਪ੍ਰਤੀਤ ਹੁੰਦੀ ਹੈ।

'ਤਾਏ ਦੀ ਧੀ ਚੱਲੀ, ਮੈਂ ਕਿਉਂ ਰਹਾਂ ਇਕੱਲੀ' ਪੰਜਾਬੀ ਦਾ ਪ੍ਰਸਿੱਧ ਮੁਹਾਵਰਾ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਹਾਸ਼ੀਏ 'ਤੇ ਆ ਚੁੱਕੇ ਸ਼੍ਰੋਮਣੀ ਅਕਾਲੀ ਦਲ ਨੇ ਆਪਣਾ ਵੋਟ ਬੈਂਕ ਸੁਧਾਰਨ ਲਈ ਪਹਿਲਾਂ ਬਸਪਾ ਨਾਲ ਚੋਣ ਸਮਝੌਤਾ ਕਰਕੇ ਦੂਜੀਆਂ ਪਾਰਟੀਆਂ ਨੂੰ ਪਿੱਸੂ ਪਾਏ ਤੇ ਫਿਰ ਨਾਲ ਲਗਦਾ 400 ਯੂਨਿਟ ਬਿਜਲੀ ਮੁਫਤ ਕਰਨ ਦਾ ਬਿਗਲ ਵਜਾ ਦਿੱਤਾ ਹੈ। ਲੱਖਾਂ ਦੀ ਗਿਣਤੀ ਵਿੱਚ ਸਰਕਾਰੀ ਅਤੇ ਨਿੱਜੀ ਖੇਤਰਾਂ ਵਿੱਚ ਨੌਕਰੀਆਂ ਦੇਣ ਦਾ ਵਾਅਦਾ ਵੀ ਇਸ ਪਾਰਟੀ ਨੇ ਕਰ ਦਿੱਤਾ ਹੈ। ਹੁਣ 300 ਯੂਨਿਟ ਅਤੇ 200 ਯੂਨਿਟ ਮੁਫਤ ਦੇਣ ਵਾਲੇ ਵੀ ਕਿਸੇ ਹੋਰ ਲੁਭਾਉਣੇ ਵਾਅਦੇ ਬਾਰੇ ਜ਼ਰੂਰ ਸੋਚਦੇ ਹੋਣਗੇ ਤਾਂ ਜੋ ਉਹ ਪੰਜਾਬੀਆਂ ਦੀਆਂ ਵੋਟਾਂ ਆਪਣੇ ਹੱਕ ਵਿੱਚ ਪੱਕੀਆਂ ਕਰ ਸਕਣ। ਬਿਜਲੀ ਦੇ ਮੌਜੂਦਾ ਸੰਕਟ ਬਾਰੇ ਕੋਈ ਕੁਝ ਨਹੀਂ ਬੋਲਦਾ। ਲੰਙੇ ਡੰਗ ਆ ਰਹੀ ਬਿਜਲੀ ਅਤੇ ਪਾਵਰ ਕੱਟ ਕਿਸੇ ਨੂੰ ਵੀ ਯਾਦ ਨਹੀਂ ਹਨ। ਥਰਮਲ ਬੰਦ ਅਤੇ ਮਹਿੰਗੀ ਬਿਜਲੀ ਕਿਸੇ ਲਈ ਚਿੰਤਾ ਦਾ ਵਿਸ਼ਾ ਨਹੀਂ ਬਣੀ। ਪ੍ਰਵਾਸ ਰੋਕਣ ਲਈ ਕਿਸੇ ਦੀ ਵੀ ਇੱਛਾ ਸ਼ਕਤੀ ਕੰਮ ਕਰਦੀ ਨਜ਼ਰ ਨਹੀਂ ਆਉਂਦੀ।

ਪਿਛਲੀਆਂ ਬਿਹਾਰ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਬਿਹਾਰ ਲਈ ਮਦਦ ਦੀ ਲਗਾਈ ਗਈ ਬੋਲੀ ਉਦੋਂ ਬਹੁਤ ਚਰਚਾ ਦਾ ਵਿਸ਼ਾ ਬਣੀ ਸੀ। ਹੁਣ ਪੰਜਾਬ ਵੀ ਰਾਜਨੀਤਕ ਪਾਰਟੀਆਂ ਦੀ ਨਜ਼ਰ ਵਿੱਚ ਉਸੇ ਮੁਹਾਜ 'ਤੇ ਆਣ ਖੜਾ ਹੈ। ਵੱਖ ਵੱਖ ਪਾਰਟੀਆਂ ਹੁਣ ਪੰਜਾਬੀਆਂ ਨੂੰ ਖਰੀਦਣ ਦੀਆਂ ਬੋਲੀਆਂ ਲਗਾ ਰਹੀਆਂ ਪ੍ਰਤੀਤ ਹੁੰਦੀਆਂ ਹਨ। ਕਦੇ ਸਮਾਂ ਸੀ ਜਦੋਂ ਪੰਜਾਬ ਦੇ ਇੱਕ ਅਲਬੇਲੇ ਕਵੀ ਪ੍ਰੋ. ਪੂਰਨ ਸਿੰਘ ਨੇ ਕਿਹਾ ਸੀ ਕਿ ਪੰਜਾਬ ਜੀਊਂਦਾ ਗੁਰਾਂ ਦੇ ਨਾਮ 'ਤੇ। ਇੰਜ ਲਗਦਾ ਹੈ ਜਿਵੇਂ ਸਮੇਂ ਦੇ ਵਹਾਅ ਨਾਲ ਉਹ ਮੁਹਾਰਨੀ ਬਦਲ ਗਈ ਹੋਵੇ। ਤੇ ਹੁਣ ਪੰਜਾਬ ਬਿਜਲੀ ਦੇ ਬਲਬੂਤੇ ਜੀਊਣ ਵਾਲਾ ਰੋਬੋਟ ਬਣ ਗਿਆ ਹੋਵੇ। ਤਾਹੀਉਂ ਵੱਖ ਵੱਖ ਰਾਜਨੀਤਕ ਪਾਰਟੀਆਂ ਦਾ ਪਹਿਲਾ ਮੁੱਖ ਚੋਣ ਵਾਅਦਾ ਬਿਜਲੀ ਤੋਂ ਹੀ ਸ਼ੁਰੂ ਹੁੰਦਾ ਹੈ। ਸਕੂਲਾਂ, ਕਾਲਜਾਂ ਅਤੇ ਹਸਪਤਾਲਾਂ ਦੀ ਦੁਰਦਸ਼ਾ ਦੀ ਕੋਈ ਪ੍ਰਵਾਹ ਨਹੀਂ। ਹਾਲੇ ਕੱਲ ਦੀ ਗੱਲ ਹੈ ਜਦੋਂ ਪਹਿਲੀ ਅਤੇ ਦੂਜੀ ਕੋਰੋਨਾ ਮਹਾਂਮਾਰੀ ਦੀ ਆਫਤ ਦੀ ਲਹਿਰ ਨਾਲ ਕੁਰਬਲ ਕੁਰਬਲ ਕਰਦੇ ਮਰੀਜ਼ਾ ਨੂੰ ਹਸਪਤਾਲ ਅਤੇ ਡਾਕਟਰ ਨਹੀਂ ਸਨ ਲੱਭਦੇ। ਲਾਕਡਾਊਨ ਕਾਰਨ ਸਾਰਾ ਸੰਸਾਰ ਤ੍ਰਾਹ ਤ੍ਰਾਹ ਕਰਨ ਲੱਗ ਪਿਆ ਸੀ। ਆਕਸੀਜਨ ਦੀ ਕਮੀ ਕਾਰਨ ਅਨੇਕਾਂ ਬਦਕਿਸਮਤ ਮਰੀਜ਼ ਸੜਕਾਂ ਉੱਪਰ ਹੀ ਦਮ ਤੋੜ ਗਏ ਸਨ। ਹਜ਼ਾਰਾਂ ਦੀ ਗਿਣਤੀ ਵਿੱਚ ਮਨੁੱਖਾਂ ਦੀਆਂ ਗੰਗਾ ਦਰਿਆ ਵਿੱਚ ਤੈਰਦੀਆਂ ਲਾਸ਼ਾਂ ਚਰਚਾ ਦਾ ਵਿਸ਼ਾ ਬਣੀਆਂ ਸਨ। ਭੁੱਖਮਰੀ ਤੋਂ ਛੁਟਕਾਰਾ ਪਾਉਣ ਵਿੱਚ ਬੰਗਲਾ ਦੇਸ਼ ਵਰਗੇ ਗਰੀਬ ਅਤੇ ਕੱਲ ਅਜ਼ਾਦ ਹੋਏ ਦੇਸ਼ ਸਾਥੋਂ ਅੱਗੇ ਨਿੱਕਲ ਗਏ ਹਨ। ਅਸੀਂ ਇੱਕ ਹੀ ਲੇਬਲ ਦਾ ਟੈਗ 'ਵਿਸ਼ਵ ਦਾ ਵੱਡਾ ਲੋਕਤੰਤਰ' ਗਲ਼ ਵਿੱਚ ਲਟਕਾ ਸਭ ਕੁਝ ਸਰ ਕਰ ਲਿਆ ਸਮਝਣ ਦੇ ਭਰਮ-ਜਾਲ ਵਿੱਚ ਗੁਆਚੇ ਹੋਏ ਹਾਂ।

'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਵੀ ਪੰਜਾਬ ਦਾ ਜਮਾਂਦਰੂ ਸੰਜੋਗ ਹੈ। ਮੁਗਲ ਕਾਲ ਅਤੇ ਪਠਾਣਾਂ ਦੇ ਹਮਲਿਆਂ ਸਮੇਂ ਤੋਂ ਹੀ ਪੰਜਾਬ ਦੇ ਜੁਝਾਰੂ ਲੋਕ ਹਮਲਾਵਰਾਂ ਨਾਲ ਲੋਹਾ ਲੈਣ ਦੇ ਆਦੀ ਰਹੇ ਹਨ। ਪੰਜਾਬ ਨੇ ਬੜੇ ਭਿਆਨਕ ਦੌਰ ਵੀ ਵੇਖੇ ਹਨ।

ਬਾਕੀ ਸਫ਼ਾ 30 'ਤੇ

# ਸਾਡੇ ਰਾਜਨੀਤਕ ਨੇਤਾਵਾਂ ਦਾ ਹਾਲ ਵਖਤੋਂ ਖੁੰਝੀ ਡੂੰਮਣੀ ਵਾਲਾ

**ਅੰਮ੍ਰਿਤ ਕੌਰ ਬੜਰੁੱਖਾਂ**

ਸਾਡੇ ਰਾਜਨੀਤਕ ਨੇਤਾਵਾਂ ਦਾ ਹਾਲ ਵਖਤੋਂ ਖੁੰਝੀ ਡੂੰਮਣੀ ਵਾਲਾ ਹੋ ਗਿਆ। ਜਦੋਂ ਸਮਾਂ ਸੀ ਉਦੋਂ ਸੰਭਾਲਿਆ ਨਹੀਂ। ਹੁਣ ਕੋਈ ਕਿਧਰੇ ਨੂੰ ਭੱਜਦਾ ਕੋਈ ਕਿੱਧਰ ਨੂੰ। ਕੋਈ ਆਪਣੀ ਹੀ ਪਾਰਟੀ ਦੀ ਉੱਚੀ ਕੁਰਸੀ ਹਥਿਆਉਣ ਲਈ ਸੌ ਸੌ ਪਾਪੜ ਵੇਲਦਾ ਹੈ। ਕੋਈ ਆਪਣੀ ਪਾਰਟੀ ਛੱਡ ਦੂਜੀ ਪਾਰਟੀ ਦੀ ਕੁਰਸੀ ਵੱਲ ਨੂੰ ਭੱਜਦਾ ਹੈ। ਕੋਈ ਦੂਜੀ ਵੀ ਛੱਡ ਤੀਜੀ ਪਾਰਟੀ ਵੱਲ ਨੂੰ ਭੱਜਦਾ ਹੈ। ਹਾਲਤ ਉਦੋਂ ਖਰਾਬ ਹੁੰਦੀ ਹੈ ਜਦੋਂ ਨਾ ਪਹਿਲੀ ਪਾਰਟੀ ਨਾ ਦੂਜੀ ਵਿੱਚ ਕੁਝ ਬਣਦਾ ਹੈ। ...ਨਾ ਖੁਦਾ ਹੀ ਮਿਲਾ, ਨਾ ਵਿਸਾਲ ਏ ਸਨਮ। ਨਾ ਇਧਰ ਕੇ ਰਹੇ ਨਾ ਉਧਰ ਕੇ। ਪੰਜਾਬੀ ਵਾਲਾ ਅਖਾਣ ਵਰਤੀਏ ਤਾਂ ' ਧੋਬੀ ਦਾ ਕੁੱਤਾ ਨਾ ਘਰ ਦਾ, ਨਾ ਘਾਟ ਦਾ। ਇਹ ਸਿਰਫ਼ ਅਖਾਣ ਹੀ ਵਰਤਿਆ, ਸਾਡੇ ਵਰਗੇ ਆਮ ਲੋਕਾਂ ਦੀ ਐਨੀ ਹਿੰਮਤ ਕਿੱਥੇ ਕਿ ਨੇਤਾਵਾਂ ਦੀ ਤੁਲਨਾ ਕਿਸੇ ਹੋਰ ਪ੍ਰਾਣੀ ਨਾਲ ਕਰ ਸਕੀਏ। ਅਸੀਂ ਨੇਤਾ ਨਾਰਾਜ਼ ਥੋੜੀ ਕਰਨੇ ਨੇ। ਨਾਲੇ ਬੇਜ਼ੁਬਾਨ ਵਫ਼ਾਦਾਰ ਪ੍ਰਾਣੀ ਨਰਾਜ਼ ਹੋਊ ਕਿ ਲੋਕ ਬਿਨਾਂ ਸੋਚੇ ਸਮਝੇ ਹੀ ਮੇਰੀ ਤੁਲਨਾ ਕੀਹਦੇ ਨਾਲ ਕਰੀ ਜਾਂਦੇ ਨੇ।

ਊਂ ਇੱਕ ਗੱਲ ਹੈ ਕਿ ਜਦੋਂ ਜਨਤਾ ਨੇ ਤਾਕਤ ਦਿੱਤੀ ਸੀ, ਸਿਰ 'ਤੇ ਬਿਠਾਇਆ ਸੀ, ਜੇ ਉਦੋਂ ਮੌਕਾ ਸੰਭਾਲਿਆ ਹੁੰਦਾ ਤਾਂ ਆਹ ਦਿਨ ਨਾ ਦੇਖਣੇ ਪੈਂਦੇ। ਇੱਕ ਦੂਜੇ ਦੇ ਔਗੁਣਾਂ ਨੂੰ ਫਰੋਲ ਫਰੋਲ ਪਾਪਾਂ ਦੇ ਭਾਗੀ ਨਾ ਬਣਨਾ ਪੈਂਦਾ। ਸਚਾਈ ਅਤੇ ਇਮਾਨਦਾਰੀ ਨਾਲ ਆਪਣੀ ਤਾਕਤ ਦਾ ਇਸਤੇਮਾਲ ਕੀਤਾ ਹੁੰਦਾ ਤਾਂ ਲੋਕਾਂ ਨੇ ਸਿਰ 'ਤੇ ਬਿਠਾਈ ਰੱਖਣਾ ਸੀ। ਪਰ ਇਹਨਾਂ ਤਾਂ ਤਾਕਤ ਬਖ਼ਸ਼ਣ ਵਾਲਿਆਂ ਦੇ ਸਿਰ 'ਤੇ ਬੈਠ ਕੇ ਉਹਨਾਂ ਦੇ ਹੀ ਅੱਖੀਂ ਘੱਟਾ ਪਾ ਦਿੱਤਾ। ਉਹਨਾਂ ਦੇ ਅੱਖਾਂ, ਕੰਨ, ਮੂੰਹ ਸਭ ਬੰਦ ਕਰ ਦਿੱਤੇ। ਉਹਨਾਂ ਦੀਆਂ ਰੋਟੀਆਂ ਖੋਹਣ ਜਾ ਪਏ। ਐਨੀ ਅਕ੍ਰਿਤਘਣਤਾ ਚੰਗੀ ਨਹੀਂ ਹੁੰਦੀ ਲੈ ਡੁੱਬਦੀ ਹੈ। ਕਈ ਵਾਰ ਖੜਾਕ ਕਿਤੇ ਹੋਰ ਹੁੰਦਾ ਤੇ ਸੁਣਾਈ ਕਿਤੇ ਹੋਰ ਹੁੰਦਾ ਹੈ। ਇਸ ਤਰਾਂ ਅਗਲੇ ਸਾਡੇ ਜੜੀਂ ਦਾਤੀ ਚਲਾ ਰਹੇ ਸੀ, ਸਾਨੂੰ ਲੱਗਦਾ ਸੀ ਕਿਸੇ ਹੋਰ ਦੀਆਂ ਜੜਾਂ ਵੱਢੀਆਂ ਜਾ ਰਹੀਆਂ ਹਨ, ਆਪਾਂ ਕੀ ਲੈਣਾ ਹੈ। ਜਦੋਂ ਪਤਾ ਲੱਗਿਆ ਕਿ ਦਾਤੀ ਤਾਂ ਅੰਨਦਾਤੇ ਦੇ ਜੜੀਂ ਚੱਲ ਰਹੀ ਹੈ, ਅੰਨਦਾਤੇ ਦੇ ਜੜੀਂ ਦਾਤੀ ਚੱਲਣ ਦਾ ਮਤਲਬ ਉਨਾਂ ਸਾਰਿਆਂ ਦੇ ਜੜੀਂ ਜਿਹੜੇ ਅੰਨਦਾਤੇ ਨਾਲ ਜੁੜੇ ਹੋਏ ਨੇ। ਅੰਨਦਾਤੇ ਨਾਲ ਉਹ ਸਾਰੇ ਜੁੜੇ ਹੋਏ ਨੇ ਜਿਹਨਾਂ ਦਾ ਢਿੱਡ ਲੱਗਿਆ ਹੋਇਆ। ਹੁਣ ਮੁੱਕਰਿਆ ਤਾਂ ਨਹੀਂ ਜਾ ਸਕਦਾ ਕਿ ਸਾਡੇ ਤਾਂ ਢਿੱਡ ਹੈ ਨਹੀਂ। ਇਹਦਾ ਮਤਲਬ ਹੈ ਸਾਰਿਆਂ ਨੂੰ ਨੁਕਸਾਨ ਹੋਵੇਗਾ। ਜਿਹਨਾਂ ਨੂੰ ਅਸਲੀਅਤ ਸਮਝ ਆ ਗਈ, ਇਸ ਹੋਣ ਵਾਲੇ ਨੁਕਸਾਨ ਦੀ ਉਹ ਸਾਰੀਆਂ ਰੁਕਾਵਟਾਂ ਪਾਰ ਕਰਕੇ ਜਾ ਬੈਠੇ ਦਿੱਲੀ ਦੀਆਂ ਬਰੂਹਾਂ 'ਤੇ ਇਹ ਦੱਸਣ ਕਿ ਜਾਗਦੀਆਂ ਜ਼ਮੀਰਾਂ ਵਾਲੇ ਬੈਠੇ ਆਂ ਅਸੀਂ। ਐਂ ਕਿਵੇਂ ਤੁਸੀਂ ਸਾਡੇ ਨਾਲ ਧੱਕਾ ਕਰ ਸਕਦੇ ਓ? ਜਿਨਾਂ ਦੇ ਦਿਮਾਗਾਂ ਦੀ ਚਾਬੀ ਰਾਜੇ ਵਜ਼ੀਰਾਂ ਨੇ ਆਪਣੇ ਕੋਲ ਸਾਂਭ ਰੱਖੀ ਹੈ, ਉਹ ਤਾਂ ਜੇ ਨੇਤਾ ਜੀ ਡਕਾਰ ਵੀ ਮਾਰਨ ਤਾਂ ਵੀ ਜੈ ਜੈ ਕਾਰ ਕਰ ਦੇਣਗੇ।

ਇੱਕ ਸੱਚ ਇਹ ਵੀ ਹੈ ਕਿ ਜਿਹੜੇ ਭੋਲੇ-ਭਾਲੇ ਲੋਕ ਨੇਤਾਵਾਂ ਅਤੇ ਵਪਾਰੀਆਂ ਨਾਲ ਦਿਲੋਂ ਜੁੜਦੇ ਨੇ, ਉਨਾਂ ਦੇ ਦਿਲ ਦਾ ਤਾਂ ਰੱਬ ਈ ਰਾਖਾ। ਵਪਾਰੀ ਲੁੱਟਣ ਲੱਗਿਆਂ ਦੇਰ ਨਹੀਂ ਲਾਉਂਦੇ ਤੇ ਨੇਤਾ ਜੀ ਟਪੂਸੀਆਂ ਮਾਰਨ ਲੱਗਿਆਂ ਦੇਰ ਨਹੀਂ ਲਾਉਂਦੇ। ਸਮਰਥਕਾਂ ਦੀ ਭੀੜ ਵਿੱਚੋਂ ਹੀ ਨਿਕਲ ਕੇ ਦੂਜੀ ਟਹਿਣੀ 'ਤੇ ਜਾ ਬੈਠਦੇ ਨੇ। ਸਮਰਥਕ ਵਿਚਾਰਿਆਂ ਨੂੰ ਤਾਂ ਲੋਕ ਦੱਸਦੇ ਨੇ ਕਿ ਭਾਈ ਜਿਹਦੇ ਆਲੇ ਦੁਆਲੇ ਤੁਸੀਂ ਘੁੰਮਦੇ ਸੀ ਉਹ ਤਾਂ ਅਹੁ ਗਏ, ਔਹ ਗਏ। ਪਹਿਲਾਂ ਤਾਂ ਸੱਚ ਜਿਹਾ ਨਹੀਂ ਆਉਂਦਾ ਕਿ ਇਸ ਤਰਾਂ ਕਿਵੇਂ ਕਰ ਸਕਦਾ ਹੈ ਕੋਈ? ਜਿਹੜੀ ਪਾਰਟੀ ਨੂੰ ਕੱਲ ਤੱਕ ਪੱਬਾਂ ਭਾਰ ਹੋ ਕੇ ਗਾਲਾਂ ਕੱਢਦੇ ਸੀ, ਅੱਜ ਉਹਦੀ ਸ਼ਾਨ ਵਿੱਚ ਕਸੀਦੇ ਪੜ ਰਹੇ ਨੇ। ਇਨਾਂ ਰੋਡੂ ਪ੍ਰਸ਼ਾਦਾਂ ਦੇ ਸ਼ਾਮਲ ਹੋਣ ਸਾਰ ਹੀ ਪਾਰਟੀ ਦੁੱਧ ਧੋਤੀ ਕਿਵੇਂ ਹੋ ਗਈ। ਹੈਰਾਨੀ ਦੀ ਗੱਲ ਤਾਂ ਇਹ ਐ ਕਿ ਕਿੰਨਾ ਤਪ ਤੇਜ਼ ਹੈ ਇਨਾਂ ਦਾ, ਜਿਹੜੀ ਪਾਰਟੀ ਵਿੱਚ ਜਾਂਦੇ ਨੇ, ਉੱਥੇ ਹੀ ਸਭ ਕੁਝ ਗੰਧਲੇ ਤੋਂ ਨਿਰਮਲ ਹੋ ਜਾਂਦਾ ਹੈ। ਸਮਰਥਕ ਤਾਂ ਵਿਚਾਰੇ ਕਈ ਕਈ ਦਿਨ ਘਰੋਂ ਬਾਹਰ




ਨਹੀਂ ਨਿਕਲਦੇ ਭਾਵੇਂ ਉਨਾਂ ਦਾ ਕੋਈ ਕਸੂਰ ਨਹੀਂ ਹੁੰਦਾ ਪਰ ਉਹ ਭੋਲੇ ਭਾਲੇ ਆਮ ਲੋਕ ਹੁੰਦੇ ਨੇ ਜਿਹੜੇ ਨੇਤਾਵਾਂ ਦੀਆਂ ਕਹਿਣੀਆਂ 'ਤੇ ਭਰੋਸਾ ਕਰ ਲੈਂਦੇ ਨੇ। ਇਹ ਨਹੀਂ ਸਮਝ ਸਕਦੇ ਕਿ ਬਹੁਤੇ ਨੇਤਾਵਾਂ ਦੀ ਕਹਿਣੀ ਤੇ ਕਰਨੀ ਵਿੱਚ ਬਹੁਤ ਫਰਕ ਹੁੰਦਾ ਹੈ, ਜ਼ਮੀਨ ਅਸਮਾਨ ਦਾ ਫ਼ਰਕ। ਜਿਨਾਂ ਨੇਤਾਵਾਂ ਪਿੱਛੇ ਆਮ ਲੋਕ ਆਪੋ ਵਿੱਚ ਲੜ ਲੜ ਮਰਦੇ ਨੇ ਉਨਾਂ ਦੀਆਂ ਤਾਂ ਆਪਸ ਵਿੱਚ ਰਿਸ਼ਤੇਦਾਰੀਆਂ ਨੇ। ਫਿਰ ਅਸੀਂ ਕਾਹਨੂੰ ਉਹਨਾਂ ਪਿੱਛੇ ਇੱਕ ਦੂਜੇ ਦੇ ਦੁਸ਼ਮਣ ਬਣਦੇ ਹਾਂ। ਅੰਗਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਜੇ ਤੱਕ ਸਾਡੇ 'ਤੇ ਚਲਾਈ ਜਾਂਦੇ ਨੇ।

ਚੋਣਾਂ ਥੋੜੇ ਕੁ ਮਹੀਨਿਆਂ ਦੀ ਦੂਰੀ 'ਤੇ ਨੇ। ਯਾਨੀਕਿ ਜਮਾਂ ਹੀ ਨੇੜੇ। ਹੁਣ ਨੇਤਾ ਜੀ ਜੁੱਤੀਆਂ ਲਾਹ ਕੇ ਭੱਜੇ ਫਿਰਦੇ ਨੇ। ਹੁਣ ਇਹ ਤਾਂ ਨਹੀਂ ਪਤਾ ਕਿ ਜੁੱਤੀਆਂ ਹੱਥ ਵਿੱਚ ਫੜ ਕੇ ਭੱਜੇ ਫਿਰਦੇ ਨੇ ਜਾਂ ਨੰਗੇ ਪੈਰੀਂ। ਜੁੱਤੀਆਂ ਹੱਥ ਵਿੱਚ ਫੜ ਕੇ ਦੁਖੀ ਜਨਤਾ ਦੇ ਸਾਹਮਣੇ ਜਾਣਾ ਸ਼ਾਇਦ ਖਤਰੇ ਤੋਂ ਖਾਲੀ ਨਹੀਂ ਹੋਵੇਗਾ। ਚਲੋ ਜਿਵੇਂ ਮਰਜ਼ੀ ਕਰਦੇ ਹੋਣਗੇ ਅਗਲੇ। ਜਿਉਂ ਜਿਉਂ ਚੋਣਾਂ ਨੇੜੇ ਆ ਰਹੀਆਂ ਨੇ ਇਨਾਂ ਦੇ ਨੁਕਾਤੀ ਪ੍ਰੋਗਰਾਮ ਬਣਦੇ ਨੇ। ਠਾਹ ਠਾਹ ਵਾਅਦੇ ਅਤੇ ਲਾਰੇ ਸੁੱਟ ਰਹੇ ਨੇ ਲੋਕਾਂ ਵੱਲ ਨੂੰ। ਲੋਕਾਂ ਨੂੰ ਇਹ ਛੱਪਰ ਪਾੜ ਵਾਅਦੇ ਸਾਂਭਣੇ ਔਖੇ ਹੋਏ ਪਏ ਨੇ। ਛੱਜਾਂ ਨੇ ਤਾਂ ਬੋਲਣਾ ਹੀ ਹੈ, ਛਾਨਣੀਆਂ ਵੀ ਬੋਲੀ ਜਾਂਦੀਆਂ ਨੇ। ਜਨਤਾ ਵਿਚਾਰੀ ਨੂੰ ਸਮਝ ਨਹੀਂ ਆਉਂਦੀ ਇਹ ਕੀਹਨੇ ਬੀਨ ਵਜਾ ਕੇ ਖੁੱਡਾਂ ਵਿੱਚੋਂ ਕੱਢ ਲਏ ਜਿਹੜੇ ਬਾਹਰ ਮੇਲਦੇ ਫਿਰਦੇ ਨੇ ਤੇ ਜਨਤਾ ਨੂੰ ਆਪਣੇ ਮਕਰ ਜਾਲ਼ ਵਿੱਚ ਉਲਝਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਨੇ। ਇਹਨਾਂ ਦੀਆਂ ਲੂੰਬੜ ਚਾਲਾਂ ਨੂੰ ਸਮਝਣ ਵਾਲੇ ਆਖਦੇ ਨੇ, 'ਦੇਖਿਓ ਭਾਈ, ਕਿਤੇ ਫਸ ਨਾ ਜਾਇਓ। ਆਪਾਂ ਨੂੰ ਬਰਬਾਦੀ ਦੇ ਅੰਤ ਤੱਕ ਲਿਜਾ ਚੁੱਕੇ ਨੇ। ਜੇ ਹੁਣ ਗਲਤੀ ਕਰ ਲਈ ਫਿਰ ਭੱਜਣ ਵਾਸਤੇ ਕੋਈ ਰਾਹ ਨਹੀਂ ਛੱਡਿਆ ਇਨਾਂ ਨੇ।'

ਊਂ ਇੱਕ ਸਿੱਧੀ ਜਿਹੀ ਗੱਲ ਹੈ ਕਿ ਜੇ ਭਲਾ ਇਹ ਜਨਤਾ ਦੀ ਕਸੌਟੀ 'ਤੇ ਖਰੇ ਉੱਤਰਨ, ਜਨਤਾ ਦੀ ਭਲਾਈ ਲਈ ਹੀ ਕੰਮ ਕਰਨ, ਫਿਰ ਕਿਹੜਾ ਇਨਾਂ ਦਾ ਕੁਝ ਵਿਗੜ ਜਾਣਾ ਹੁੰਦਾ। ਜਨਤਾ ਆਪੇ ਕੰਮਾਂ ਨੂੰ ਦੇਖ ਕੇ ਵੋਟਾਂ ਪਾ ਦੇਵੇਗੀ। ਕਾਹਨੂੰ ਗੱਪ ਛੜੱਪ ਮਾਰ ਕੇ, ਗਪੌੜ ਸੰਖ ਕਹਾ ਕੇ ਜੱਗ ਹਸਾਈ ਕਰਵਾਉਂਦੇ ਨੇ। ਤਾਈ ਭਾਨੋ ਕਈ ਵਾਰ ਆਖਦੀ ਹੁੰਦੀ ਹੈ, 'ਇੱਥੇ ਜੈ ਵੱਢੇ ਦਾ ਕੋਈ ਉਈਂ ਮਾੜਾ ਜਾ ਉੱਚਾ ਨੀਵਾਂ ਬੋਲ ਦਵੇ ਮਰਨ ਹੋ ਜਾਂਦਾ ਹੈ, ਧਰਤੀ ਬਿਆੜ ਨੀ ਦਿੰਦੀ ਲੁਕਣ ਨੂੰ, ਇਹ ਪਤਾ ਨੀ ਕਿਹੜੀ ਮਿੱਟੀ ਦੇ ਬਣੇ ਹੋਏ ਨੇ, ਮੋਟੇ ਬਸ਼ਰਮ।' ਇਸ ਤੋਂ ਅੱਗੇ ਤਾਈ ਦੀ ਬੁੜਬੁੜ ਹੁੰਦੀ ਐ ਜੋ ਸਮਝ ਨਹੀਂ ਆਉਂਦੀ ਹੁੰਦੀ। ਹੁਣ ਤਾਈ ਵਿਚਾਰੀ ਨੂੰ ਕੀ ਪਤਾ ਇਨਾਂ ਨੂੰ ਤਾਂ ਗਾਲ੍ਹਾਂ ਘਿਉ ਦੀਆਂ ਨਾਲ੍ਹਾਂ ਬਣ ਕੇ ਸ਼ਕਤੀ ਦਿੰਦੀਆਂ ਨੇ।

ਭਾਵੇਂ ਪੰਜੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ ਪਰ ਜਦੋਂ ਇਹ ਜਨਤਾ ਦਾ ਖੂਨ ਪੀਣੇ ਬਘਿਆੜ ਇਕੱਠੇ ਹੋ ਜਾਣ ਸਾਰੀਆਂ ਉਂਗਲਾਂ ਇਕੱਠੀਆਂ ਹੋ ਕੇ ਮੁੱਠੀ ਬਣ ਜਾਣ ਤਾਂ ਇਹ ਸਾਰੀਆਂ ਬਰਾਬਰ ਹੋ ਜਾਇਆ ਕਰਦੀਆਂ ਨੇ।

ਬਾਕੀ ਸਫ਼ਾ 30 'ਤੇ

# ਤਾਲਿਬਾਨ ਦੇ ਤਿੰਨ ਮੁੱਖ ਲੀਡਰ ਕੌਣ ਜਿਨਾਂ ਨੇ ਸੰਗਠਨ ਨੂੰ ਮੁੜ ਮਜ਼ਬੂਤ ਕੀਤਾ

## ਅ.ਫਗਾਨ .ਫੌਜ ਪੂਰੀ ਤਰਾਂ ਖੋਖਲੀ ਤੇ ਕਮਜ਼ੋਰ ਸਾਬਿਤ ਹੋਈ ਹੈ ਤਾਲਿਬਾਨ ਸਾਹਮਣੇ

### ਪ੍ਰਗਟ ਸਿੰਘ ਜੰਡਿਆਲਾ ਗੁਰੂ





ਤਾਲਿਬਾਨ ਨੇ ਲਗਭਗ ਪੂਰੇ ਅ.ਫਗਾਨਿਸਤਾਨ 'ਤੇ ਕਬਜ਼ਾ ਕਰ ਲਿਆ ਹੈ। ਤਾਲਿਬਾਨ ਦਾ ਦਾਅਵਾ ਹੈ ਕਿ ਉਨਾਂ ਨੇ ਕਾਬੁਲ ਵਿੱਚ ਰਾਸ਼ਟਰਪਤੀ ਭਵਨ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਮੁਲਕ ਦੇ ਰਾਸ਼ਟਰਪਤੀ ਅਸ਼ਰਫ਼ ਗਨੀ ਨੇ ਮੁਲਕ ਛੱਡ ਦਿੱਤਾ ਹੈ। ਅਜਿਹੇ ਵਿੱਚ ਚਰਚਾ ਹੈ ਕਿ ਅ.ਫਗਾਨਿਸਾਤਨ ਦੀ ਸੱਤਾ ਦੇ ਕੇਂਦਰ ਵਿੱਚ ਕਿਹੜੇ ਤਾਲਿਬਾਨ ਆਗੂ ਹੋਣਗੇ। ਇਸ ਮਾਮਲੇ ਵਿੱਚ ਤਿੰਨ ਲੋਕਾਂ ਦੇ ਨਾਂ ਮੂਹਰੇ ਹਨ- ਮੁੱਲਾ ਅਬਦੁਲ ਗਨੀ ਬਰਾਦਰ, ਹਿਬਤੁੱਲਾਹ ਅਖੁੰਦਜ਼ਾਦਾ ਅਤੇ ਸਿਰਾਜੁਦੀਨ ਹੱਕਾਨੀ।

ਸਾਲ 2001 ਵਿੱਚ ਅਮਰੀਕਾ ਦੀ ਅਗਵਾਈ ਵਾਲੀਆਂ ਫੌਜਾਂ ਨੇ ਤਾਲਿਬਾਨ ਨੂੰ ਅ.ਫ.ਗਾਨਿਸਤਾਨ ਵਿੱਚ ਸੱਤਾ ਤੋਂ ਬਾਹਰ ਕੱਢ ਦਿੱਤਾ ਸੀ। ਪਰ ਇਸ ਸਮੂਹ ਨੇ ਹੌਲੀ-ਹੌਲੀ ਆਪਣੀ ਤਾਕਤ ਵਧਾਈ ਅਤੇ ਹੁਣ ਦੁਬਾਰਾ ਇਸ ਖੇਤਰ ਉੱਤੇ ਕਬਜ਼ਾ ਕਰ ਰਿਹਾ ਹੈ।

ਮੁੱਲਾ ਅਬਦੁਲ ਗਨੀ ਬਾਰਾਦਰ ਉਨਾਂ ਚਾਰ ਲੋਕਾਂ ਵਿੱਚ ਸ਼ੁਮਾਰ ਹੈ ਜਿਨਾਂ ਨੇ 1994 ਵਿੱਚ ਤਾਲਿਬਾਨ ਦੀ ਸਥਾਪਨਾ ਕੀਤੀ ਸੀ। ਬਰਾਦਰ ਹੁਣ ਤਾਲਿਬਾਨ ਦੇ ਰਾਜਨੀਤਿਕ ਦਫਤਰ ਦਾ ਮੁਖੀ ਹੈ।ਉਹ ਉਸ ਟੀਮ ਦਾ ਹਿੱਸਾ ਹੈ ਜੋ ਦੋਹਾ ਵਿੱਚ ਇੱਕ ਰਾਜਨੀਤਿਕ ਸੌਦੇ ਨੂੰ ਨੇਪਰੇ ਚਾੜਨ ਦੀ ਕੋਸ਼ਿਸ਼ ਵਿੱਚ ਹੈ, ਜਿਸ ਨਾਲ ਅ.ਫਗਾਨਿਸਤਾਨ ਵਿੱਚ ਸੀਜ਼ਫਾਇਰ ਅਤੇ ਸ਼ਾਂਤੀ ਸਥਾਪਤ ਹੋਵੇ।'

ਸਾਲ 2018 ਵਿੱਚ ਜਦੋਂ ਕਤਰ ਵਿੱਚ ਅਮਰੀਕਾ ਨਾਲ ਗੱਲਬਾਤ ਕਰਨ ਲਈ ਤਾਲਿਬਾਨ ਦਾ ਦਫ਼ਤਰ ਖੁੱਲਿਆ ਤਾਂ ਬਰਾਦਰ ਨੂੰ ਸਿਆਸੀ ਦਲ ਦਾ ਮੁਖੀ ਬਣਾਇਆ ਗਿਆ। ਮੁੱਲਾ ਬਰਾਦਰ ਹਮੇਸ਼ਾ ਤੋਂ ਅਮਰੀਕਾ ਨਾਲ ਗੱਲਬਾਤ ਦੇ ਸਮਰਥਨ ਵਿੱਚ ਸੀ।

ਬਰਾਦਰ ਮੁੱਲਾ ਉਮਰ ਦੇ ਸਭ ਤੋਂ ਭਰੋਸੇਯੋਗ ਕਮਾਂਡਰਾਂ ਵਿੱਚੋਂ ਇੱਕ ਸੀ। ਬਰਾਦਰ ਨੂੰ 2010 ਵਿੱਚ ਦੱਖਣੀ ਪਾਕਿਸਤਾਨ ਦੇ ਸ਼ਹਿਰ ਕਰਾਚੀ ਵਿੱਚ ਸੁਰੱਖਿਆ ਬਲਾਂ ਨੇ ਫੜ ਲਿਆ ਸੀ ਅਤੇ 2018 ਵਿੱਚ ਰਿਹਾਅ ਕੀਤਾ ਗਿਆ ਸੀ।

ਹਿਬਤੁੱਲਾਹ ਅਖੁੰਦਜ਼ਾਦਾ ਨੂੰ 'ਲੀਡਰ ਆਫ਼ ਦਾ ਫੇਥਫੁੱਲ' ਆਖਿਆ ਜਾਂਦਾ ਹੈ। ਉਹ ਇਸਲਾਮਿਕ ਕਾਨੂੰਨੀ ਵਿਦਵਾਨ ਹਨ ਅਤੇ ਤਾਲਿਬਾਨ ਦੇ ਸਰਬਉੱਚ ਨੇਤਾ ਹਨ ਜੋ ਗਰੁੱਪ ਦੇ ਰਾਜਨੀਤਿਕ, ਧਾਰਮਿਕ ਅਤੇ ਫੌਜੀ ਮਾਮਲਿਆਂ 'ਤੇ ਅੰਤਮ ਅਧਿਕਾਰ ਰੱਖਦੇ ਹਨ।ਅਖੁੰਦਜ਼ਾਦਾ ਨੇ ਉਦੋਂ ਅਹੁਦਾ ਸੰਭਾਲਿਆ ਜਦੋਂ ਉਨਾਂ ਦੇ ਭਰਾ ਅਖ਼ਤਰ ਮਨਸੂਰ 2016 ਵਿੱਚ ਅਫਗਾਨ-ਪਾਕਿਸਤਾਨ ਸਰਹੱਦ ਦੇ ਨੇੜੇ ਇੱਕ ਅਮਰੀਕੀ ਡਰੋਨ ਹਮਲੇ ਵਿੱਚ ਮਾਰੇ ਗਏ ਸਨ। ਅਖੁੰਦਜ਼ਾਦਾ ਨੇ ਕੁਚਲਕ ਦੀ ਇੱਕ ਮਸਜਿਦ ਵਿੱਚ ਪੜਾਇਆ ਅਤੇ ਉਪਦੇਸ਼ ਵੀ ਦਿੱਤਾ ਹੈ। 1980 ਦੇ ਦਹਾਕੇ ਵਿੱਚ ਉਨਾਂ ਨੇ ਸੋਵੀਅਤ ਸੰਘ ਦੇ ਖਿਲਾਫ਼ ਅਫ਼ਗਾਨਿਸਤਾਨ ਦੇ ਵਿਦਰੋਹ ਵਿੱਚ ਕਮਾਂਡਰ ਦੀ ਭੂਮਿਕਾ ਨਿਭਾਈ ਸੀ।ਉਨਾਂ ਦੀ ਉਮਰ ਲਗਭਗ 60 ਸਾਲ ਹੈ ਅਤੇ ਉਨਾਂ ਦੇ ਠਿਕਾਣੇ ਬਾਰੇ ਅਜੇ ਕੁਝ ਨਹੀਂ ਪਤਾ ਪਰ ਹਿਬਤੁੱਲਾਹ ਨੇ ਜ਼ਿਆਦਾ ਸਮਾਂ ਅ.ਫਗਾਨਿਸਤਾਨ ਵਿੱਚ ਬਿਤਾਇਆ ਹੈ।

ਮਸ਼ਹੂਰ ਮੁਜਾਹਿਦੀਨ ਕਮਾਂਡਰ ਜਲਾਲੂਦੀਨ ਹੱਕਾਨੀ ਦੇ ਪੁੱਤਰ, ਸਿਰਾਜੁਦੀਨ ਹੱਕਾਨੀ ਨੈਟਵਰਕ ਦੀ ਅਗਵਾਈ ਕਰਦੇ ਹਨ।ਇਹ ਗਰੁੱਪ ਜੋ ਪਾਕਿਸਤਾਨ-ਅਫਗਾਨਿਸਤਾਨ ਸਰਹੱਦ ਦੇ ਪਾਰ ਤਾਲਿਬਾਨ ਦੀ ਵਿੱਤੀ ਅਤੇ ਫੌਜੀ ਸੰਪਤੀਆਂ ਦੀ ਨਿਗਰਾਨੀ ਕਰਦਾ ਹੈ। ਕੁਝ ਮਾਹਰਾਂ ਦਾ ਮੰਨਣਾ ਹੈ ਕਿ ਹੱਕਾਨੀ ਅਫਗਾਨਿਸਤਾਨ ਵਿੱਚ ਆਤਮਘਾਤੀ ਬੰਬ ਧਮਾਕਿਆਂ ਲਈ ਜਾਣਿਆ ਜਾਂਦਾ ਹੈ। ਉਨਾਂ ਨੂੰ ਅਫਗਾਨਿਸਤਾਨ ਵਿੱਚ ਕਈ ਉੱਚ ਪੱਧਰੀ ਹਮਲਿਆਂ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਹੈ।

ਇਸ ਵਿੱਚ ਕਾਬੁਲ ਦੇ ਚੋਟੀ ਦੇ ਹੋਟਲ 'ਤੇ ਹਮਲਾ, ਤਤਕਾਲੀ ਰਾਸ਼ਟਰਪਤੀ ਹਾਮਿਦ ਕਰਜ਼ਈ ਦੇ ਕਤਲ ਦੀ ਕੋਸ਼ਿਸ਼ ਅਤੇ ਭਾਰਤੀ ਅੰਬੈਸੀ 'ਤੇ ਆਤਮਘਾਤੀ ਹਮਲਾ ਸ਼ਾਮਲ ਹੈ। ਮੰਨਿਆ ਜਾਂਦਾ ਹੈ ਕਿ ਹੱਕਾਨੀ ਦੀ ਉਮਰ 50 ਸਾਲ ਦੇ ਕਰੀਬ ਹੈ ਅਤੇ ਉਨਾਂ ਦੇ ਟਿਕਾਣੇ ਬਾਰੇ ਅਜੇ ਕੁਝ ਪਤਾ ਨਹੀਂ।

**ਤਾਲਿਬਾਨ ਕੌਣ ਹਨ**

ਤਾਲਿਬਾਨ ਜਿਸ ਦਾ ਪਸ਼ਤੋ ਭਾਸ਼ਾ 'ਚ ਅਰਥ ਹੈ 'ਵਿਦਿਆਰਥੀ', ਇਹ ਸਮੂਹ 1990 ਦੇ ਦਹਾਕੇ ਦੀ ਸ਼ੁਰੂਆਤ 'ਚ ਅ.ਫਗਾਨਿਸਤਾਨ ਤੋਂ ਸੋਵੀਅਤ ਫ਼ੌਜਾਂ ਦੀ ਵਾਪਸੀ ਤੋਂ ਬਾਅਦ ਉੱਤਰੀ ਪਾਕਿਸਤਾਨ 'ਚ ਉੱਭਰਿਆ ਸੀ। ਸਤੰਬਰ 1994 'ਚ ਉਨਾਂ ਨੇ ਈਰਾਨ ਦੀ ਸਰਹੱਦ ਨਾਲ ਲੱਗਦੇ ਹੇਰਾਤ ਪ੍ਰਾਂਤ 'ਤੇ ਕਬਜ਼ਾ ਕੀਤਾ ਸੀ। ਠੀਕ ਇਕ ਸਾਲ ਬਾਅਦ ਉਨਾਂ ਨੇ ਰਾਸ਼ਟਰਪਤੀ ਬੁਰਹਾਨੁਦੀਨ ਰੱਬਾਨੀ ਦੇ ਸ਼ਾਸਨ ਦਾ ਤਖ਼ਤਾ ਪਲਟ ਕਰਦਿਆਂ ਅ.ਫਗਾਨਿਸਤਾਨ ਦੀ ਰਾਜਧਾਨੀ ਕਾਬੁਲ 'ਤੇ ਕਬਜ਼ਾ ਕਰ ਲਿਆ ਸੀ। ਸਾਲ 1998 ਤਕ ਤਾਲਿਬਾਨ ਨੇ ਅ.ਫਗਾਨਿਸਤਾਨ ਦੇ ਲਗਭਗ 90% ਹਿੱਸੇ 'ਤੇ ਕਬਜ਼ਾ ਕਰ ਲਿਆ ਸੀ। ਸੰਨ 2001 'ਚ ਅਮਰੀਕਾ ਦੀ ਅਗਵਾਈ ਵਾਲੀਆਂ ਫ਼ੌਜਾਂ ਨੇ ਤਾਲਿਬਾਨ ਨੂੰ ਅ.ਫਗਾਨਿਸਤਾਨ ਦੀ ਸੱਤਾ 'ਤੋਂ ਲਾਹ ਦਿੱਤਾ। ਉਦੋਂ ਤੋਂ ਇੱਥੇ ਨਾਟੋ ਦੀ ਫ਼ੌਜ ਦੀ ਮੌਜੂਦਗੀ ਬਣੀ ਹੋਈ ਸੀ। ਤਾਲਿਬਾਨ ਨੇ 2018 'ਚ ਅਮਰੀਕਾ ਨਾਲ ਸਿੱਧੀ ਗੱਲਬਾਤ ਕੀਤੀ ਅਤੇ ਫਰਵਰੀ 2020 'ਚ ਦੋਵਾਂ ਵਿਚਕਾਰ ਸ਼ਾਂਤੀ ਸਮਝੌਤਾ ਹੋਇਆ ਸੀ ਜਿਸ ਮੁਤਾਬਕ ਅਮਰੀਕਾ ਇੱਥੋਂ ਵਾਪਸ ਜਾਣ ਲਈ ਅਤੇ ਤਾਲਿਬਾਨ ਅਮਰੀਕੀ ਫ਼ੌਜਾਂ 'ਤੇ ਹਮਲੇ ਰੋਕਣ ਲਈ ਵਚਨਬੱਧ ਹੋ ਗਿਆ ਸੀ। ਤਾਲਿਬਾਨ ਨੇ ਹਾਲਾਂਕਿ ਇਸ ਸਮਝੌਤੇ ਦੀ ਪਾਲਣਾ ਨਹੀਂ ਕੀਤੀ। ਇਸ ਸਾਰੇ ਘਟਨਾਕ੍ਰਮ 'ਚ ਅ.ਫਗਾਨ ਫ਼ੌਜਾਂ ਦੀ ਭੂਮਿਕਾ 'ਤੇ ਸਵਾਲ ਖੜੇ ਹੋ ਰਹੇ ਹਨ। ਪਿਛਲੇ ਵੀਹ ਸਾਲਾਂ ਦੌਰਾਨ ਅਮਰੀਕਾ ਤੇ ਨਾਟੋ ਮਿੱਤਰ ਦੇਸ਼ਾਂ ਨੇ ਅ.ਫਗਾਨਿਸਤਾਨ ਨੂੰ ਆਹਲਾ ਦਰਜੇ ਦੇ ਫ਼ੌਜੀ ਉਪਕਰਨ ਤੇ ਸਿਖਲਾਈ ਮੁਹੱਈਆ ਕਰਵਾਈ ਸੀ। ਜੇ ਇਹ ਸੱਚ ਹੈ ਤਾਂ ਫਿਰ ਅ.ਫਗਾਨ ਫ਼ੌਜਾਂ ਕਿਤੇ ਵੀ ਤਾਲਿਬਾਨ ਦਾ ਮੁਕਾਬਲਾ ਕਰਦਿਆਂ ਨਜ਼ਰ ਕਿਉਂ ਨਹੀਂ ਆਈਆਂ? ਅ.ਫਗਾਨ ਫ਼ੌਜ ਪੂਰੀ ਤਰਾਂ ਖੋਖਲੀ ਤੇ ਕਮਜ਼ੋਰ ਸਾਬਿਤ ਹੋਈ ਹੈ। ਅ.ਫਗਾਨਿਸਤਾਨ ਫ਼ੌਜ ਦੀ ਨਫਰੀ ਤਿੰਨ ਲੱਖ ਤੋਂ ਵਧੇਰੇ ਹੈ ਜਿਸ 'ਚ ਥਲ ਸੈਨਾ, ਹਵਾਈ ਫ਼ੌਜ ਤੇ ਪੁਲਿਸ ਸ਼ਾਮਲ ਹੈ। ਅਮਰੀਕਾ ਦੇ ਅਨੁਮਾਨ ਮੁਤਾਬਕ ਤਾਲਿਬਾਨ ਲੜਾਕਿਆਂ ਦੀ ਗਿਣਤੀ 60,00 ਹੈ ਜਿਸ 'ਚ ਹੋਰ ਗਰੁੱਪਾਂ ਦੇ ਲੜਾਕੇ ਵੀ ਮਿਲਾ ਲਏ ਜਾਣ ਤਾਂ ਇਹ ਗਿਣਤੀ ਲਗਪਗ ਦੋ ਲੱਖ ਹੋ ਸਕਦੀ ਹੈ। ਨਫਰੀ, ਫੰਡਿੰਗ ਤੇ ਹਥਿਆਰਾਂ ਦੇ ਮਾਮਲੇ 'ਚ ਅ.ਫਗਾਨਿਸਤਾਨ ਸਰਕਾਰ ਦਾ ਪਲੜਾ ਭਾਰੀ ਹੋਣਾ ਚਾਹੀਦਾ ਸੀ ਪਰ ਹੋਇਆ ਇਸ ਦੇ ਉਲਟ। ਅਮਰੀਕਾ ਦੀ ਜੁਲਾਈ 2021 ਦੀ ਰਿਪੋਰਟ ਮੁਤਾਬਕ ਅ.ਫਗਾਨਿਸਤਾਨ ਦੀ ਸੁਰੱਖਿਆ ਲਈ 88 ਬਿਲੀਅਨ ਡਾਲਰ ਭੇਜੇ ਗਏ। ਦਾਅਵਾ ਸੀ ਕਿ ਇਹ ਪੈਸਾ ਸਹੀ ਤਰੀਕੇ ਨਾਲ ਖ਼ਰਚ ਕੀਤਾ ਗਿਆ ਹੈ ਪਰ ਜ਼ਮੀਨੀ ਲੜਾਈ ਦੇ ਨਤੀਜਿਆਂ ਤੋਂ ਅਜਿਹਾ ਜਾਪਦਾ ਨਹੀਂ। ਅ.ਫਗਾਨਿਸਤਾਨ ਦੀ ਹਵਾਈ ਫ਼ੌਜ ਇਸ ਦੀ ਜ਼ਮੀਨੀ ਫ਼ੌਜ ਲਈ ਅਹਿਮ ਮਦਦਗਾਰ ਮੰਨੀ ਜਾਂਦੀ ਸੀ ਜਿਸ ਕੋਲ 200 ਤੋਂ ਵੱਧ ਲੜਾਕੂ ਜਹਾਜ਼ ਹਨ। ਤਾਲਿਬਾਨ ਨੇ ਲੜਾਈ ਦੌਰਾਨ ਪਾਇਲਟਾਂ ਨੂੰ ਨਿਸ਼ਾਨਾ ਬਣਾਇਆ ਜਿਸ ਕਾਰਨ ਹਵਾਈ ਫ਼ੌਜ ਵੀ ਕਿਤੇ ਨਜ਼ਰ ਨਹੀਂ ਆਈ। ਇੰਜ ਅਮਰੀਕਾ ਤੇ ਨਾਟੋ ਮੁਲਕਾਂ ਦੇ ਦੇਸ਼ ਛੱਡਣ ਤੋਂ ਬਾਅਦ ਅ.ਫਗਾਨ ਫ਼ੌਜ ਤੇ ਪੁਲਿਸ ਦਾ ਸਾਰਾ ਢਾਂਚਾ ਤਬਾਹ ਹੋ ਗਿਆ। ਅ.ਫਗਾਨਿਸਤਾਨ ਦੀ ਸੱਤਾ 'ਤੇ ਕਬਜ਼ਾ ਕਰ ਚੁੱਕੇ ਤਾਲਿਬਾਨ ਲੋਕਾਂ ਨੂੰ ਮੂਰਖ ਬਣਾਉਣ ਲਈ ਆਪਣੀ ਲੜਾਈ ਨੂੰ ਜੇਹਾਦ ਤੇ ਇਬਾਦਤ ਦੱਸਦੇ ਹਨ। ਉਹ ਆਖਦੇ ਹਨ ਕਿ ਅਸੀਂ ਇਸ ਨੂੰ ਸੱਤਾ ਲਈ ਨਹੀਂ ਲੜ ਰਹੇ ਬਲਕਿ ਅੱਲਾ ਅਤੇ ਉਸ ਦੇ ਕਾਨੂੰਨ ਲਈ ਲੜ ਰਹੇ ਹਾਂ। ਉਹ ਕਾਨੂੰਨ ਜਿਸ ਨੂੰ ਸ਼ਰੀਆ ਕਿਹਾ ਜਾਂਦਾ ਹੈ। ਤਾਲਿਬਾਨ ਨੇ ਸਖ਼ਤ ਸ਼ਰੀਆ ਕਾਨੂੰਨ ਦੇ ਨਾਲ-ਨਾਲ ਸਜ਼ਾ ਦੇਣ ਦੀ ਸ਼ੁਰੂਆਤ ਵੀ ਕੀਤੀ ਸੀ ਜਿਵੇਂ ਕਿ ਦੋਸ਼ੀ ਠਹਿਰਾਏ ਕਾਤਲਾਂ ਅਤੇ ਮਾੜੇ ਚਰਿੱਤਰ ਵਾਲੇ ਵਿਅਕਤੀਆਂ ਨੂੰ ਜਨਤਕ ਤੌਰ 'ਤੇ ਫਾਂਸੀ ਦੇਣਾ ਅਤੇ ਚੋਰੀ ਦੇ ਦੋਸ਼ੀ ਪਾਏ ਗਏ ਲੋਕਾਂ ਦੇ ਅੰਗ ਕੱਟਣੇ ਆਦਿ। ਇਸ ਕਾਨੂੰਨ ਮੁਤਾਬਕ ਹਰੇਕ ਮਰਦ ਦਾ ਪੱਗ ਬੰਨਣਾ ਤੇ ਦਾੜੀ ਰੱਖਣਾ ਲਾਜ਼ਮੀ ਹੈ। ਅਜਿਹਾ ਨਾ ਕਰਨ 'ਤੇ ਤਾਲਿਬਾਨ ਅੱਤਵਾਦੀ ਲੋਕਾਂ ਨੂੰ ਕੁੱਟਦੇ ਹਨ। ਸੰਗੀਤ ਵਜਾਉਣ 'ਤੇ ਵੀ ਰੋਕ ਹੈ। ਸ਼ਰੀਆ ਕਾਨੂੰਨ 'ਚ ਸਭ ਤੋਂ ਮਾੜੀ ਹਾਲਤ ਔਰਤਾਂ ਦੀ ਹੁੰਦੀ ਹੈ। ਦਸ ਸਾਲ ਤੋਂ ਵੱਧ ਉਮਰ ਦੀਆਂ ਲੜਕੀਆਂ ਨੂੰ ਸਕੂਲ ਜਾਣ ਦੀ ਆਗਿਆ ਨਹੀਂ ਹੈ। ਹਰੇਕ ਔਰਤ ਲਈ ਪਰਦਾ ਲਾਜ਼ਮੀ ਹੈ। ਪੇਂਡੂ ਇਲਾਕਿਆਂ 'ਚ ਤਾਲਿਬਾਨ ਦਾ ਬਹੁਤ ਘੱਟ ਵਿਰੋਧ ਹੈ। ਤਾਲਿਬਾਨ ਦਾ ਵਾਅਦਾ ਸੀ ਕਿ ਇੱਕ ਵਾਰ ਸੱਤਾ ਵਿੱਚ ਆਉਣ ਤੋਂ ਬਾਅਦ ਉਹ ਪਾਕਿਸਤਾਨ ਅਤੇ ਅ.ਫਗਾਨਿਸਤਾਨ ਦੇ ਪਸ਼ਤੂਨ ਖੇਤਰਾਂ ਵਿੱਚ ਸ਼ਾਂਤੀ ਅਤੇ ਸੁਰੱਖਿਆ ਨੂੰ ਬਹਾਲ ਕਰਨਗੇ ਅਤੇ ਆਪਣੇ ਸਿੱਧੇ-ਸਾਦੇ ਸ਼ਰੀਆ ਜਾਂ ਇਸਲਾਮਿਕ ਕਾਨੂੰਨ ਲਾਗੂ ਕਰਨਗੇ।ਤਾਲਿਬਾਨ ਨੇ ਤੇਜ਼ੀ ਨਾਲ ਅ.ਫ.ਗਾਨਿਸਤਾਨ ਦੇ ਦੱਖਣ-ਪੱਛਮੀ ਇਲਾਕੇ ਵਿੱਚ ਆਪਣੇ ਪ੍ਰਭਾਵ ਨੂੰ ਵਧਾਇਆ।

# ਤਾਲਿਬਾਨਾਂ ਦਾ ਕਬਜ਼ਾ ਅਮਰੀਕਾ ਦੀ ਹਾਰ

### ਰਜਿੰਦਰ ਸਿੰਘ ਪੁਰੇਵਾਲ

ਅ.ਫਗਾਨਿਸਤਾਨ 'ਚ ਤਾਲਿਬਾਨ ਦਾ ਕਬਜ਼ਾ ਹੋ ਚੁੱਕਾ ਹੈ। ਅ.ਫਗਾਨਿਸਤਾਨ ਦੇ ਕਈ ਚੁਣੇ ਹੋਏ ਨੇਤਾ, ਰਾਸ਼ਟਰਪਤੀ ਅਸ਼ਰਫ .ਗਨੀ ਆਪਣੇ ਅਧਿਕਾਰੀਆਂ ਦੇ ਨਾਲ ਅ.ਫਗਾਨਿਸਤਾਨ ਛੱਡ ਕੇ ਤਜਾਕਿਸਤਾਨ ਚਲੇ ਗਏ ਹਨ। ਬੀਤੇ ਦਿਨੀਂ ਕਾਬੁਲ ਹਵਾਈ ਅੱਡੇ ਦੇ ਦੁਖਾਂਤਕ ਦ੍ਰਿਸ਼ ਦੇਖਣ ਨੂੰ ਮਿਲੇ। ਕਿਵੇਂ ਲੋਕ ਤਾਲਿਬਾਨਾਂ ਤੋਂ ਡਰੇ ਜਹਾਜ਼ਾਂ 'ਤੇ ਚੜਨ ਵਾਸਤੇ ਜਾਨ ਦੀ ਬਾਜ਼ੀ ਲਾ ਰਹੇ ਸਨ। ਲੋਕ ਮਿਲਟਰੀ ਦੇ ਜਹਾਜ਼ ਦੇ ਟਾਇਰਾਂ ਵਿਚਾਲੇ ਖੜੇ ਹੋ ਗਏ ਸਨ ਤੇ ਜਦੋਂ ਜਹਾਜ਼ ਨੇ ਉਡਾਨ ਭਰੀ ਤਾਂ 3 ਲੋਕ ਡਿੱਗ ਗਏ। ਕਾਬੁਲ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਲੋਕਾਂ ਦੀ ਭਾਰੀ ਭੀੜ ਜਮਾਂ ਹੋ ਗਈ ਸੀ। ਹਵਾਈ ਅੱਡੇ ਨੂੰ ਕੰਟਰੋਲ ਕਰਨ ਵਾਲੇ ਅਮਰੀਕੀ ਫੌਜੀਆਂ ਵੱਲੋਂ ਖਿੰਡਾਉਣ ਲਈ ਕੀਤੀ ਗਈ ਫਾਈਰਿੰਗ ਵਿਚ 5 ਲੋਕ ਮਾਰੇ ਗਏ। ਅਮਰੀਕਾ ਨੇ ਕਿਹਾ ਹੈ ਕਿ ਉਹ ਹਵਾਈ ਅੱਡੇ 'ਤੇ 6 ਹਜ਼ਾਰ ਫੌਜੀ ਤਾਇਨਾਤ ਕਰੇਗਾ ਤਾਂ ਜੋ ਲੋਕਾਂ ਨੂੰ ਸੁਰੱਖਿਅਤ ਕੱਢਿਆ ਜਾ ਸਕੇ । ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਹੈ ਕਿ ਅਫਗਾਨਿਸਤਾਨ ਦੇ ਲੋਕਾਂ ਨੇ ਗੁਲਾਮੀ ਦੀਆਂ ਬੇੜੀਆਂ ਨੂੰ ਤੋੜ ਦਿੱਤਾ ਹੈ । ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਆਜ਼ਾਦ ਰੂਪ ਵਿਚ ਆਪਣੀ ਹੋਣੀ ਤੈਅ ਕਰਨ ਦੇ ਅਫਗਾਨ ਲੋਕਾਂ ਦੇ ਅਧਿਕਾਰ ਦਾ ਚੀਨ ਸਨਮਾਨ ਕਰਦਾ ਹੈ ਅਤੇ ਅਫਗਾਨਿਸਤਾਨ ਨਾਲ ਦੋਸਤਾਨਾ ਤੇ ਮਿਲਵਰਤਨੀ ਸਬੰਧ ਵਿਕਸਿਤ ਕਰਨਾ ਜਾਰੀ ਰੱਖਣਾ ਚਾਹੁੰਦਾ ਹੈ। ਪਿਛਲੇ ਮਹੀਨੇ ਦੀ ਅਮਰੀਕੀ ਸੂਹੀਆ ਰਿਪੋਰਟ 'ਚ ਕਿਹਾ ਗਿਆ ਸੀ ਕਿ ਰਾਜਧਾਨੀ ਕਾਬੁਲ ਤਕ ਕੁਝ ਹੀ ਹ.ਫਤਿਆਂ 'ਚ ਤਾਲਿਬਾਨ ਪਹੁੰਚ ਸਕਦੇ ਹਨ ਅਤੇ ਲਗਭਗ 90 ਦਿਨਾਂ 'ਚ ਉੱਥੋਂ ਦੀ ਸਰਕਾਰ ਡਿੱਗ ਸਕਦੀ ਹੈ।ਪਰ ਇੰਨੀ ਜਲਦੀ ਸਰਕਾਰ ਦਾ ਡਿੱਗਣਾ ਅਤੇ ਉੱਥੇ ਫੈਲੀ ਅਰਾਜਕਤਾ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਲਈ ਕਈ ਚੁਣੌਤੀਆਂ ਲੈ ਕੇ ਆਈ ਹੈ। ਇਸੇ ਕਰਕੇ ਵਿਸ਼ਵ ਦੇ ਦੇਸ਼ਾਂ ਇੰਗਲੈਂਡ ਸਮੇਤ ਅ.ਫਗਾਨਿਸਤਾਨ 'ਚ ਇਸ ਉਥਲ-ਪੁਥਲ ਲਈ ਅਮਰੀਕਾ ਨੂੰ ਹੀ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਇਸਦੇ ਪਿਛੇ ਕਾਰਨ ਹੈ ਕਿ ਬਾਈਡਨ ਸਰਕਾਰ ਨੇ ਅ.ਫਗਾਨਿਸਤਾਨ ਤੋਂ .ਫੌਜਾਂ ਕੱਢਣ ਤੋਂ ਪਹਿਲਾਂ ਉੱਥੋਂ ਦੇ ਲੋਕਾਂ ਦੀ ਸੁਰੱਖਿਆ ਲਈ ਕੋਈ ਠੋਸ ਯੋਜਨਾ ਨਹੀਂ ਸੀ ਬਣਾਈ ਤੇ ਨਾ ਹੀ ਏਨਾ ਸਮਾਂ ਤੇ ਧਨ ਲਗਾ ਕੇ ਅਫਗਾਨਿਸਤਾਨ ਸਰਕਾਰ ਤੇ ਫੌਜ ਨੂੰ ਟਰੇਂਡ ਕਰ ਸਕੀ। ਚੋਣਾਂ ਜਿੱਤਣ ਤੋਂ ਬਾਅਦ ਬਾਈਡਨ ਨੇ ਘਰੇਲੂ ਏਜੰਡਿਆਂ 'ਤੇ ਧਿਆਨ ਕੇਂਦ੍ਰਿਤ ਕੀਤਾ ਹੋਇਆ ਹੈ ਤੇ ਅਮਰੀਕੀ ਜਨਤਾ ਦਾ ਦਬਾਅ ਸੀ ਕਿ ਅਮਰੀਕੀ ਖਜ਼ਾਨਾ ਬੇਵਜਾ ਅਫਗਾਨਿਸਤਾਨ ਵਿਚ ਫੌਜੀ ਪ੍ਰਬੰਧਾਂ ਉਪਰ ਉਜਾੜਿਆ ਜਾ ਰਿਹਾ ਹੈ। ਪਰ ਵਿਰੋਧ ਕੀਤੇ ਬਿਨਾਂ ਕਾਬੁਲ ਦਾ ਇੰਜ ਛੇਤੀ ਢਹਿ-ਢੇਰੀ ਹੋ ਜਾਣਾ ਇਤਿਹਾਸ ਵਿਚ ਅਮਰੀਕਾ ਦੀ ਸਭ ਤੋਂ ਵੱਡੀ ਹਾਰ ਵਜੋਂ ਦੇਖਿਆ ਜਾ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਆਪਣੇ ਸੰਬੋਧਨ ਵਿੱਚ ਇਹ



ਸਪੱਸ਼ਟ ਕਰ ਦਿੱਤਾ ਕਿ ਅਮਰੀਕਾ ਨੇ ਆਪਣੇ ਸਰੋਤਾਂ ਅਤੇ ਸੈਨਿਕਾਂ ਨਾਲ ਅਫਗਾਨਿਸਤਾਨ ਦੀ ਬਹੁਤ ਮਦਦ ਕੀਤੀ। ਹੁਣ ਇਹ ਅਫਗਾਨਿਸਤਾਨ ਦੇ ਲੋਕਾਂ ਨੂੰ ਤੈਅ ਕਰਨਾ ਹੈ ਕਿ ਉਹ ਆਪਣਾ ਭਵਿੱਖ ਕਿਵੇਂ ਚਾਹੁੰਦੇ ਹਨ ।ਬਾਈਡਨ ਨੇ ਸਾਫ ਕਰ ਦਿੱਤਾ ਹੈ ਕਿ ਮੈਂ ਆਪਣੇ ਦੇਸ਼ ਵਾਸੀਆਂ ਨੂੰ ਹੁਣ ਹੋਰ ਜ਼ਿਆਦਾ ਗੁੰਮਰਾਹ ਨਹੀਂ ਕਰਾਂਗਾ। ਮੈਂ ਉਨਾਂ ਨੂੰ ਇਹ ਨਹੀਂ ਕਹਾਂਗਾ ਕਿ ਇਹ ਲੜਾਈ ਬਸ ਕੁੱਝ ਹੀ ਦਿਨਾਂ ਵਿਚ ਖਤਮ ਨਹੀਂ ਹੋ ਜਾਵੇਗੀ, ਕਿਉਂਕਿ ਇਹ ਸਹੀ ਨਹੀਂ ਹੈ। ਉਨਾਂ ਕਿਹਾ ਕਿ ਅਫਗਾਨਿਸਤਾਨ ਵਿੱਚ ਹਾਲਾਤ ਬੇਹੱਦ ਗੰਭੀਰ ਹਨ। ਅਸ਼ਰਫ ਗਨੀ ਬਿਨਾਂ ਲੜੇ ਉਥੋਂ ਭੱਜ ਗਏ। ਉਨਾਂ ਤੋਂ ਸਵਾਲ ਪੁੱਛਿਆ ਜਾਣਾ ਚਾਹੀਦਾ ਹੈ ਕਿ ਆਖਿਰ ਕਿਉਂ ਉਨਾਂ ਨੇ ਤਾਲਿਬਾਨ ਖਿਲਾਫ ਲੜਾਈ ਨਹੀਂ ਲੜੀ। ਇਹ ਇਕ ਵੱਡੀ ਸਮੱਸਿਆ ਦੀ ਸ਼ੁਰੂਆਤ ਹੈ।

ਦੂਸਰੇ ਪਾਸੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਬਿਨਾ ਕਿਸੇ ਵਿਰੋਧ ਦੇ ਤਾਲਿਬਾਨ ਦਾ ਕਾਬੁਲ 'ਤੇ ਕਬਜ਼ਾ ਅਮਰੀਕੀ ਇਤਿਹਾਸ ਦੀ ਸਭ ਤੋਂ ਵੱਡੀ ਹਾਰ ਹੈ।

ਅਮਰੀਕਾ ਦੀ ਸੰਯੁਕਤ ਰਾਸ਼ਟਰ ਵਿਚ ਰਹੀ ਸਾਬਕਾ ਰਾਜਦੂਤ ਨਿੱਕੀ ਹੇਲੀ ਨੇ ਕਾਬੁਲ 'ਤੇ ਤਾਲਿਬਾਨ ਦੇ ਕਬਜ਼ੇ ਨੂੰ ਬਾਈਡਨ ਪ੍ਰਸ਼ਾਸਨ ਦੀ ਨਾਕਾਮੀ ਦੱਸਿਆ ਹੈ। ਉਨਾਂ ਕਿਹਾ ਕਿ ਉੱਥੋਂ ਸੁਰੱਖਿਅਤ ਨਿਕਲਣ ਦੀ ਤਾਲਿਬਾਨ ਤੋਂ ਭੀਖ ਮੰਗਣਾ ਮੰਦਭਾਗਾ ਹੈ।

ਸਾਬਕਾ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੇ ਕਿਹਾ ਕਿ ਹਾਲੇ ਮੈਂ ਡੋਨਾਲਡ ਟਰੰਪ ਵਰਗੇ ਕਮਾਂਡਰ ਇਨ ਚੀ.ਫ ਦੇ ਨਾਲ ਮੰਤਰੀ ਹੁੰਦਾ ਤਾਂ ਤਾਲਿਬਾਨ ਨੂੰ ਸਮਝ ਵਿਚ ਆ ਜਾਂਦਾ ਕਿ ਅਮਰੀਕਾ ਦੇ ਖਿਲਾ.ਫ ਸਾਜ਼ਿਸ਼ ਰਚਣ ਦਾ ਕੀ ਨਤੀਜਾ ਹੁੰਦਾ ਹੈ।

ਮੌਜੂਦਾ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਇਨਾਂ ਬਿਆਨਾਂ 'ਤੇ ਪ੍ਰਤੀਕ੍ਰਿਆ ਦਿੰਦੇ ਹੋਏ ਕਿਹਾ ਕਿ

ਬਾਕੀ ਸ.ਫਾ 30 'ਤੇ

# ਤਾਲਿਬਾਨ ਤੋਂ ਬਚਾਉਣ ਲਈ ਦੁਨੀਆਂ ਭਰ ਦੇ ਕਲਾਕਾਰ ਸਾਡੀ ਮਦਦ ਕਰਨ

## ਅਫਗਾਨ ਫਿਲਮ ਨਿਰਦੇਸ਼ਕ ਸਹਾਰਾ ਕਰੀਮੀ ਵਲੋਂ ਦੁਨੀਆ ਨੂੰ ਕੀਤੀ ਅਪੀਲ

**ਕਾਬੁਲ/ਏ.ਟੀ.ਨਿਊਜ਼** : ਅਫਗਾਨਿਸਤਾਨ ਦੀ ਫਿਲਮ ਨਿਰਦੇਸ਼ਕ ਤੇ ਅਫਗਾਨ ਫਿਲਮ ਦੀ ਮੌਜੂਦਾ ਡਾਇਰੈਕਟਰ ਜਨਰਲ ਸਹਾਰਾ ਕਰੀਮੀ ਨੇ 12 ਅਗਸਤ ਨੂੰ ਹਾਲੀਵੁੱਡ ਅਦਾਕਾਰਾ ਐਂਜਲਿਨਾ ਜੋਲੀ ਨੂੰ ਸੰਬੋਧਨ ਕਰਦਿਆਂ ਇਹ ਚਿੱਠੀ ਲਿਖੀ ਤੇ 13 ਅਗਸਤ ਨੂੰ ਫੇਸਬੁੱਕ 'ਤੇ ਸ਼ੇਅਰ ਕਰਕੇ ਲਿਖਿਆ, 'ਤੁਸੀਂ ਸਾਡੇ ਪਿਆਰੇ ਲੋਕਾਂ ਨੂੰ ਤਾਲਿਬਾਨ ਤੋਂ ਬਚਾਓ। ਮੈਂ ਇਸ ਸੰਸਾਰ ਨੂੰ ਨਹੀਂ ਸਮਝਦੀ। ਇਹ ਚੁੱਪ ਸਮਝ ਨਹੀਂ ਆਉਂਦੀ। ਮੈਂ ਖੜੀ ਹੋ ਕੇ ਆਪਣੇ ਦੇਸ਼ ਲਈ ਲੜਾਂਗੀ, ਪਰ ਮੈਂ ਇਹ ਇਕੱਲੀ ਨਹੀਂ ਜੂਝ ਸਕਦੀ। ਮੈਨੂੰ ਤੁਹਾਡੇ ਵਰਗੇ ਸਹਿਯੋਗੀਆਂ ਦੀ ਲੋੜ ਹੈ।' ਇਹ ਚਿਠੀ ਕੈਲੇਫੋਰਨੀਆ ਦੀ ਵੈਬਸਾਈਟ ਉਪਰ ਵੀ ਪ੍ਰਕਾਸ਼ਿਤ ਹੋਈ ਹੈ। ਇਹ 1964 ਵਿੱਚ ਸਥਾਪਤ ਇੱਕੋ ਇੱਕ ਸਰਕਾਰੀ ਫਿਲਮ ਕੰਪਨੀ ਦੀ ਡਾਇਰੈਕਟਰ ਹੈ।

ਸਹਾਰਾ ਕਰੀਮੀ ਦਾ ਕਹਿਣਾ ਹੈ ਕਿ ਮੈਂ ਇਸ ਨੂੰ ਟੁੱਟੇ ਹੋਏ ਦਿਲ ਨਾਲ ਲਿਖ ਰਹੀ ਹਾਂ ਅਤੇ ਡੂੰਘੀ ਉਮੀਦ ਨਾਲ ਕਿ ਤੁਸੀਂ ਮੇਰੇ ਸੁੰਦਰ ਲੋਕਾਂ, ਖਾਸ ਕਰਕੇ ਫਿਲਮ ਨਿਰਮਾਤਾਵਾਂ ਨੂੰ ਤਾਲਿਬਾਨ ਤੋਂ ਬਚਾਉਣ ਵਿੱਚ ਸ਼ਾਮਲ ਹੋਵੋਗੇ। ਉਸਦਾ ਕਹਿਣਾ ਹੈ ਕਿ ਤਾਲਿਬਾਨ ਨੇ ਪਿਛਲੇ ਕੁਝ ਹਫਤਿਆਂ ਵਿੱਚ ਕਈ ਪ੍ਰਾਂਤਾਂ 'ਤੇ ਕਬਜ਼ਾ ਕਰ ਲਿਆ ਹੈ। ਉੱਥੇ ਤਾਲਿਬਾਨਾਂ ਵਲੋਂ ਖੁੱਲੇਆਮ ਕਤਲੇਆਮ ਹੋ ਰਹੇ ਹਨ। ਉੱਥੋਂ ਦੇ ਨਾਗਰਿਕ ਸਰਕਾਰ ਤੇ ਹੋਰ ਦੇਸ਼ਾਂ ਤੋਂ ਮਦਦ ਦੀ ਅਪੀਲ ਕਰ ਰਹੇ ਹਨ।

**ਤਾਲਿਬਾਨ ਦਾ ਕਤਲੇਆਮ**

ਸਹਾਰਾ ਕਰੀਮੀ ਅੱਗੇ ਲਿਖਦੀ ਹੈ, 'ਉਹ ਸਾਡੇ ਲੋਕਾਂ ਦਾ ਕਤਲੇਆਮ ਕਰ ਰਹੇ ਹਨ। ਉਨਾਂ ਨੇ ਬਹੁਤ ਸਾਰੇ ਬੱਚਿਆਂ ਨੂੰ ਅਗਵਾ ਕੀਤਾ ਹੈ। ਉਹ ਆਪਣੇ ਲੜਾਕਿਆਂ ਨੂੰ ਸਾਡੀਆਂ ਕੁੜੀਆਂ ਵੇਚ ਰਹੇ ਹਨ। ਉਹ ਔਰਤਾਂ ਨੂੰ ਮਾਰ ਰਹੇ ਹਨ। ਉਨਾਂ ਦੀਆਂ ਅੱਖਾਂ ਕੱਢ ਰਹੇ ਹਨ। ਉਨਾਂ ਨੇ ਸਾਡੇ ਇਕ ਪਸੰਦੀਦਾ ਕਾਮੇਡੀਅਨ ਨੂੰ ਤਸੀਹੇ ਦਿੱਤੇ ਅਤੇ ਮਾਰ ਦਿੱਤਾ, ਉਨਾਂ ਨੇ ਇਕ ਇਤਿਹਾਸਕ ਕਵੀ ਨੂੰ ਮਾਰ ਦਿੱਤਾ। ਉਸਨੇ ਸਰਕਾਰ ਦੇ ਸੱਭਿਆਚਾਰ ਅਤੇ ਮੀਡੀਆ ਮੁਖੀ ਨੂੰ ਮਾਰ ਦਿੱਤਾ। ਉਨਾਂ ਨੇ ਸਰਕਾਰ ਨਾਲ ਜੁੜੇ ਲੋਕਾਂ ਨੂੰ ਮਾਰ ਦਿੱਤਾ। ਉਨਾਂ ਨੇ ਕੁਝ ਆਦਮੀਆਂ ਨੂੰ ਜਨਤਕ ਤੌਰ 'ਤੇ ਫਾਂਸੀ ਦੇ ਦਿੱਤੀ। ਉਨਾਂ ਨੇ ਲੱਖਾਂ ਪਰਿਵਾਰਾਂ ਨੂੰ ਬੇਘਰ ਕਰ ਦਿੱਤਾ। ਇਨਾਂ ਪ੍ਰਾਂਤਾਂ ਤੋਂ ਭੱਜਣ ਤੋਂ ਬਾਅਦ, ਪਰਿਵਾਰ ਕਾਬੁਲ ਦੇ ਕੈਂਪਾਂ ਵਿੱਚ ਹਨ, ਜਿੱਥੇ ਉਹ ਖਰਾਬ ਹਾਲਤ ਵਿੱਚ ਹਨ। ਇਨਾਂ ਕੈਂਪਾਂ ਵਿੱਚ ਲੁੱਟ-ਖਸੁੱਟ ਹੋ ਰਹੀ ਹੈ। ਦੁੱਧ ਨਾ ਹੋਣ ਕਾਰਨ ਬੱਚੇ ਮਰ ਰਹੇ ਹਨ। ਇਹ ਇੱਕ ਮਨੁੱਖੀ ਸੰਕਟ ਹੈ। ਫਿਰ ਵੀ ਦੁਨੀਆ ਚੁੱਪ ਹੈ। ਅਸੀਂ ਇਸ ਚੁੱਪ ਦੇ ਆਦੀ ਹਾਂ, ਪਰ ਅਸੀਂ ਜਾਣਦੇ ਹਾਂ ਕਿ ਇਹ ਵਾਜਬ ਨਹੀਂ ਹੈ। ਅਸੀਂ ਜਾਣਦੇ ਹਾਂ ਕਿ ਸਾਡੇ ਲੋਕਾਂ ਨੂੰ ਛੱਡਣ ਦਾ ਇਹ ਫੈਸਲਾ ਗਲਤ ਹੈ। ਅਸੀਂ 20 ਸਾਲਾਂ ਵਿੱਚ ਜੋ ਪ੍ਰਾਪਤ ਕੀਤਾ ਹੈ ਉਹ ਹੁਣ ਬਰਬਾਦ ਹੋ ਰਿਹਾ ਹੈ। ਸਾਨੂੰ ਤੁਹਾਡੀ ਆਵਾਜ਼ ਦੀ ਲੋੜ ਹੈ। ਮੈਂ ਆਪਣੇ ਦੇਸ਼ ਵਿੱਚ ਇੱਕ ਫਿਲਮ ਨਿਰਮਾਤਾ ਵਜੋਂ ਜੋ ਕੰਮ ਕੀਤਾ ਹੈ ਉਸ ਦੇ ਟੁੱਟਣ ਦੀ ਸੰਭਾਵਨਾ ਹੈ। ਜੇ ਤਾਲਿਬਾਨ ਸਤਾ ਉਪਰ ਕਾਬਜ ਹੋ ਜਾਂਦਾ ਹੈ ਤਾਂ ਉਹ ਸਾਰੀਆਂ ਕਲਾਵਾਂ 'ਤੇ ਪਾਬੰਦੀ ਲਗਾਉਣਗੇ। ਮੈਂ ਅਤੇ ਹੋਰ ਫਿਲਮ ਨਿਰਮਾਤਾ ਆਪਣੀ ਹਿੱਟ ਸੂਚੀ ਵਿੱਚ ਅੱਗੇ ਹੋ ਸਕਦੇ ਹਾਂ। ਉਹ ਔਰਤਾਂ ਦੇ ਅਧਿਕਾਰਾਂ ਦੀ ਉਲੰਘਣਾ ਕਰਨਗੇ ਅਤੇ ਸਾਡੇ ਪ੍ਰਗਟਾਵੇ ਨੂੰ ਚੁੱਪਚਾਪ ਦਬਾ ਦਿੱਤਾ ਜਾਵੇਗਾ।

ਜਦੋਂ ਤਾਲਿਬਾਨ ਸੱਤਾ ਵਿਚ ਸੀ, ਤਾਂ ਸਕੂਲ ਜਾਣ ਵਾਲੀਆਂ ਕੁੜੀਆਂ ਦੀ ਗਿਣਤੀ ਜ਼ੀਰੋ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਸਕੂਲ ਵਿੱਚ 90 ਲੱਖ ਤੋਂ ਵੱਧ ਅਫਗਾਨ ਕੁੜੀਆਂ ਹਨ। ਤਾਲਿਬਾਨ ਵੱਲੋਂ ਜਿੱਤੇ ਗਏ ਤੀਜੇ ਸਭ ਤੋਂ ਵੱਡੇ ਸ਼ਹਿਰ ਹੇਰਾਤ ਦੀ ਯੂਨੀਵਰਸਿਟੀ ਵਿੱਚ 50% ਔਰਤਾਂ ਸਨ। ਇਹ ਅਵਿਸ਼ਵਾਸ਼ਯੋਗ ਪ੍ਰਾਪਤੀਆਂ ਹਨ ਜੋ ਦੁਨੀਆ ਨੂੰ ਨਹੀਂ ਪਤਾ। ਇਨਾਂ ਕੁਝ ਹਫ਼ਤਿਆਂ ਵਿੱਚ ਤਾਲਿਬਾਨ ਨੇ ਕਈ ਸਕੂਲਾਂ ਨੂੰ ਤਬਾਹ ਕਰ ਦਿੱਤਾ ਹੈ ਅਤੇ 20 ਲੱਖ ਕੁੜੀਆਂ ਨੂੰ ਸਕੂਲ ਤੋਂ ਦੁਬਾਰਾ ਬਾਹਰ ਕੱਢ ਦਿੱਤਾ ਹੈ।

'ਮੈਂ ਇਸ ਸੰਸਾਰ ਨੂੰ ਨਹੀਂ ਸਮਝਦੀ। ਮੈਨੂੰ ਇਹ ਚੁੱਪ ਸਮਝ ਨਹੀਂ ਆਉਂਦੀ। ਮੈਂ ਖੜੀ ਹੋ ਕੇ ਆਪਣੇ ਦੇਸ਼



ਲਈ ਲੜਾਂਗੀ । ਮੈਂ ਇਹ ਇਕੱਲਾ ਕਾਰਜ ਨਹੀਂ ਕਰ ਸਕਦੀ ਤੁਹਾਡੇ ਵਰਗੇ ਸਹਿਯੋਗੀ ਚਾਹੁੰਦੀ ਹਾਂ। ਇਸ ਸੰਸਾਰ ਨੂੰ ਇਸ ਗੱਲ 'ਤੇ ਧਿਆਨ ਕੇਂਦਰਿਤ ਕਰਨ ਵਿੱਚ ਮਦਦ ਕਰੋ ਕਿ ਸਾਡੇ ਨਾਲ ਕੀ ਹੋ ਰਿਹਾ ਹੈ। ਅਫਗਾਨਿਸਤਾਨ ਵਿੱਚ ਕੀ ਹੋ ਰਿਹਾ ਹੈ, ਸਾਰੇ ਦੇਸ਼ਾਂ ਦੇ ਪ੍ਰਮੁੱਖ ਮੀਡੀਆ ਨੂੰ ਦੱਸ ਕੇ ਸਾਡੀ ਮਦਦ ਕਰੋ। ਅਫਗਾਨਿਸਤਾਨ ਤੋਂ ਬਾਹਰ ਸਾਡੀ ਆਵਾਜ਼ ਬਣੋ। ਜੇ ਤਾਲਿਬਾਨ ਕਾਬੁਲ 'ਤੇ ਕਬਜ਼ਾ ਕਰ ਲੈਂਦਾ ਹੈ, ਤਾਂ ਸਾਡੇ ਕੋਲ ਇੰਟਰਨੈੱਟ ਜਾਂ ਸੰਚਾਰ ਦੇ ਕਿਸੇ ਹੋਰ ਸਾਧਨ ਤੱਕ ਪਹੁੰਚ ਨਹੀਂ ਹੋ ਸਕਦੀ। ਕ੍ਰਿਪਾ ਕਰਕੇ ਆਪਣੇ ਫਿਲਮ ਨਿਰਮਾਤਾਵਾਂ ਅਤੇ ਕਲਾਕਾਰਾਂ ਨੂੰ ਸਾਡੀ ਆਵਾਜ਼ ਵਜੋਂ ਸਮਰਥਨ ਦਿਓ, ਇਸ ਤੱਥ ਨੂੰ ਆਪਣੇ ਮੀਡੀਆ ਨਾਲ ਸਾਂਝਾ ਕਰੋ ਅਤੇ ਆਪਣੇ ਸੋਸ਼ਲ ਮੀਡੀਆ 'ਤੇ ਸਾਡੇ ਬਾਰੇ ਲਿਖੋ। ਸੰਸਾਰ ਸਾਡੇ ਵੱਲ ਨਹੀਂ ਦੇਖਦਾ। ਸਾਨੂੰ ਅਫਗਾਨ ਔਰਤਾਂ, ਬੱਚਿਆਂ, ਕਲਾਕਾਰਾਂ ਅਤੇ ਫਿਲਮ ਨਿਰਮਾਤਾਵਾਂ ਦੀ ਤਰਫ਼ੋਂ ਤੁਹਾਡੇ ਸਮਰਥਨ ਅਤੇ ਆਵਾਜ਼ ਦੀ ਲੋੜ ਹੈ। ਇਹ ਸਭ ਤੋਂ ਵੱਡੀ ਮਦਦ ਹੈ ਜਿਸ ਦੀ ਸਾਨੂੰ ਇਸ ਸਮੇਂ ਲੋੜ ਹੈ। ਕ੍ਰਿਪਾ ਕਰਕੇ ਸਾਡੀ ਮਦਦ ਕਰੋ।

**ਐਂਜਲਿਨਾ ਜੋਲੀ ਸਮੇਤ ਵਿਸ਼ਵ ਕਲਾਕਾਰਾਂ ਤੋਂ ਸਹਾਇਤਾ ਮੰਗੀ**

ਉਹ ਅੱਗੇ ਲਿਖਦੀ ਹੈ, 'ਐਂਜਲਿਨਾ ਸਾਨੂੰ ਤੁਹਾਡੀ ਆਵਾਜ਼ ਦੀ ਲੋੜ ਹੈ। ਮੀਡੀਆ, ਸਰਕਾਰਾਂ ਤੇ ਵਿਸ਼ਵ ਦੀਆਂ ਮਾਨਵਤਾਵਾਦੀ ਸੰਸਥਾਵਾਂ ਚੁੱਪ ਹਨ। ਤਾਲਿਬਾਨ ਨੂੰ ਵਾਪਸੀ ਦੀ ਸ਼ਕਤੀ ਦੇ ਰਹੇ ਹਾਂ। ਤਾਲਿਬਾਨ ਕਲਾ 'ਤੇ ਪਾਬੰਦੀ ਲਗਾਵੇਗਾ। ਮੈਂ ਤੇ ਹੋਰ ਫਿਲਮ ਨਿਰਮਾਤਾ ਉਨਾਂ ਦੀ ਸੂਚੀ ਵਿਚ ਸ਼ਾਮਲ ਹੋਵਾਂਗੇ। ਉਹ ਔਰਤਾਂ ਦੇ ਅਧਿਕਾਰ ਖੋਹ ਲਵੇਗਾ।'

**ਬੱਚਿਆਂ ਤੇ ਔਰਤਾਂ ਦੀ ਜਾਨ ਖਤਰੇ 'ਚ ਹੈ**

ਸਹਾਰਾ ਕਰੀਮੀ ਅੱਗੇ ਲਿਖਦੀ ਹੈ, 'ਤੁਸੀਂ ਮੇਰੀ ਫਿਲਮ 'ਹਵਸ, ਮਰੀਅਮ, ਆਇਸ਼ਾ' ਦੇਖੀ ਹੈ। ਅੱਜ ਕੱਲ ਬਹੁਤ ਸਾਰੇ ਹਵਸ, ਮਰੀਅਮ ਤੇ ਆਇਸ਼ਾ ਤੇ ਉਨਾਂ ਦੇ ਬੱਚੇ ਖਤਰੇ ਵਿੱਚ ਹਨ।'

**ਸਰਾਹਾ ਕਰੀਮੀ ਕੌਣ ਹੈ**

ਸਹਾਰਾ ਕਰੀਮੀ ਅਫਗਾਨ ਫਿਲਮ ਤੇ ਨੂਰੀ ਪਿਕਚਰਜ਼ ਦੀ ਫਿਲਮ ਡਾਇਰੈਕਟਰ ਹੈ। ਉਹ ਕਾਬੁਲ ਵਿੱਚ ਰਹਿੰਦੀ ਹੈ ਤੇ ਉਸ ਦਾ ਜੱਦੀ ਸ਼ਹਿਰ ਬ੍ਰੈਟਿਸਲਾਵਾ, ਸਲੋਵਾਕੀਆ ਹੈ। ਉਹ ਇੱਕ ਸਕ੍ਰਿਪਟ ਲੇਖਕ ਤੇ ਫਿਲਮ ਨਿਰਦੇਸ਼ਕ ਵੀ ਹੈ। ਉਸ ਨੇ ਸਲੋਵਾਕੀਆ ਤੋਂ ਫਿਕਸ਼ਨ ਫਿਲਮ ਨਿਰਦੇਸ਼ਨ ਤੇ ਸਕ੍ਰਿਪਟ ਰਾਈਟਿੰਗ ਵਿੱਚ ਪੀਐਚਡੀ ਕੀਤੀ ਹੈ। ਉਸ ਦੀ ਗ੍ਰੈਜੂਏਸ਼ਨ ਤੇ ਪੋਸਟ ਗ੍ਰੈਜੂਏਸ਼ਨ ਵੀ ਇਸ ਵਿਸ਼ੇ 'ਤੇ ਕੀਤੀ ਗਈ ਹੈ। ਉਹ ਅੰਗਰੇਜ਼ੀ, ਫ਼ਾਰਸੀ, ਸਲੋਵਾਕ ਤੇ ਚੈਕ ਭਾਸ਼ਾਵਾਂ ਨੂੰ ਚੰਗੀ ਤਰਾਂ ਜਾਣਦੀ ਹੈ।

# ਮੁਹੱਰਮ ਦੇ ਜਲੂਸ 'ਤੇ ਪੁਲਿਸ ਵਲੋਂ ਤਾਲਿਬਾਨੀ ਵਰਤਾਰਾ

## ✪ ਮੁਸਲਮਾਨਾਂ ਤੇ ਪੱਤਰਕਾਰਾਂ ਦੀ ਕੁੱਟਮਾਰ

## ✪ ਜਲੂਸ ਕੱਢਦੇ ਨੌਜਵਾਨ ਵੀ ਹਿਰਾਸਤ ਵਿੱਚ ਲਏ

**ਸ੍ਰੀਨਗਰ/ਏ.ਟੀ.ਨਿਊਜ਼** : ਜੰਮੂ ਕਸ਼ਮੀਰ ਪੁਲਿਸ ਨੇ ਇੱਥੇ ਮੁਹੱਰਮ ਦੇ ਜਲੂਸ ਦੀ ਕਵਰੇਜ ਕਰ ਰਹੇ ਪੱਤਰਕਾਰਾਂ ਦੇ ਇੱਕ ਗਰੁੱਪ 'ਤੇ ਲਾਠੀਚਾਰਜ ਕਰ ਦਿੱਤਾ। ਪੁਲੀਸ ਦੀ ਇਸ ਤਾਲਿਬਾਨੀ ਕਾਰਵਾਈ ਦੀ ਚੁਫੇਰਿਓਂ ਆਲੋਚਨਾ ਕੀਤੀ ਜਾ ਰਹੀ ਹੈ। ਪੁਲੀਸ ਨੇ ਸ਼ਹਿਰ ਦੇ ਜਹਾਂਗੀਰ ਚੌਕ 'ਤੇ ਮੁਹੱਰਮ ਦੇ 10 ਰੋਜ਼ਾ ਸੋਗ ਦੇ ਅੱਠਵੇਂ ਦਿਨ ਜਲੂਸ ਕੱਢਣ ਦੀ ਕੋਸ਼ਿਸ਼ ਕਰ ਰਹੇ ਕੁਝ ਸ਼ੀਆ ਮੁਸਲਮਾਨਾਂ ਨੂੰ ਵੀ ਹਿਰਾਸਤ 'ਚ ਲੈ ਲਿਆ।



ਜ਼ਿਕਰਯੋਗ ਹੈ ਕਿ ਮੁਹੱਰਮ ਦਾ ਇਹ ਰਵਾਇਤੀ ਜਲੂਸ ਅਬੀ ਗੁਜ਼ਰ, ਲਾਲ ਚੌਕ ਤੇ ਡੱਲਗੇਟ ਇਲਾਕਿਆਂ 'ਚੋਂ ਲੰਘਦਾ ਹੈ ਪਰ 1990 ਦੇ ਦਹਾਕੇ 'ਚ ਖਾੜਕੂ ਹਿੰਸਾ ਦੀ ਸ਼ੁਰੂਆਤ ਹੋਣ ਮਗਰੋਂ ਇਸ 'ਤੇ ਰੋਕ ਲਗਾ ਦਿੱਤੀ ਗਈ ਸੀ ਕਿਉਂਕਿ ਅਧਿਕਾਰੀਆਂ ਦਾ ਮੰਨਣਾ ਹੈ ਕਿ ਧਾਰਮਿਕ ਸਮਾਗਮਾਂ ਦੀ ਵਰਤੋਂ ਵੱਖਵਾਦੀ ਸਿਆਸਤ ਨੂੰ ਉਤਸ਼ਾਹ ਦੇਣ ਲਈ ਕੀਤਾ ਜਾਂਦਾ ਹੈ।

ਉੱਧਰ ਪੱਤਰਕਾਰਾਂ ਨੇ ਦੱਸਿਆ ਕਿ ਮੀਡੀਆ ਕਰਮੀ ਆਪਣਾ ਕੰਮ ਕਰ ਰਹੇ ਸਨ ਕਿ ਪੁਲਿਸ ਨੇ ਉਨਾਂ 'ਤੇ ਲਾਠੀਚਾਰਜ ਕਰ ਦਿੱਤਾ। ਇਨਾਂ ਮੀਡੀਆ ਕਰਮੀਆਂ 'ਚ ਜ਼ਿਆਦਾਤਰ ਫੋਟੋ ਤੇ ਵੀਡੀਓ ਪੱਤਰਕਾਰ ਸਨ। ਉਨਾਂ ਕਿਹਾ ਕਿ ਪੁਲਿਸ ਮੁਲਾਜ਼ਮਾਂ ਨੇ ਕੁਝ ਪੱਤਰਕਾਰਾਂ ਨੂੰ ਡਾਂਗਾਂ ਨਾਲ ਕੁੱਟਿਆ ਤੇ ਉਨਾਂ ਦੇ ਉਪਕਰਨਾਂ ਨੂੰ ਨੁਕਸਾਨ ਪਹੁੰਚਾਇਆ। ਇਸ ਘਟਨਾ ਦੇ ਵੀਡੀਓਜ਼ ਸੋਸ਼ਲ ਮੀਡੀਆ ਮੰਚਾਂ 'ਤੇ ਅਪਲੋਡ ਕੀਤੇ ਗਏ ਹਨ। ਇਕ ਸੀਨੀਅਰ ਪੁਲਿਸ ਅਧਿਕਾਰੀ ਮੌਕੇ 'ਤੇ ਪਹੁੰਚਿਆ ਤੇ ਉਨਾਂ ਪੱਤਰਕਾਰਾਂ ਨੂੰ ਭਰੋਸਾ ਦਿੱਤਾ ਕਿ ਮਾਮਲੇ ਦੀ ਜਾਂਚ ਕੀਤੀ ਜਾਵੇਗੀ।

ਇਸੇ ਵਿਚਾਲੇ ਨੈਸ਼ਨਲ ਕਾਨਫਰੰਸ ਦੇ ਮੀਤ ਪ੍ਰਧਾਨ ਉਮਰ ਅਬਦੁੱਲਾ ਨੇ ਕਿਹਾ ਕਿ ਪੁਲਿਸ ਦੀ ਕਾਰਵਾਈ ਮੰਦਭਾਗੀ ਹੈ। ਪੀਪਲਜ਼ ਡੈਮੋਕ੍ਰੈਟਿਕ ਪਾਰਟੀ ਦੀ ਪ੍ਰਧਾਨ ਮਹਿਬੂਬਾ ਮੁਫ਼ਤੀ ਨੇ ਟਵੀਟ ਕੀਤਾ, 'ਮੀਡੀਆ ਅਫ਼ਗਾਨਿਸਤਾਨ 'ਚ ਪੈਦਾ ਹੋ ਰਹੇ ਸੰਕਟ ਤੇ ਮਨੁੱਖੀ ਤ੍ਰਾਸਦੀ ਬਾਰੇ ਘੰਟਿਆਂਬੱਧੀ ਬਹਿਸ ਕਰ ਰਿਹਾ ਹੈ ਪਰ ਕੀ ਉਹ ਕਸ਼ਮੀਰ 'ਚ ਆਪਣੇ ਹੀ ਭਾਈਚਾਰੇ ਦੇ ਉਨਾਂ ਮੈਂਬਰਾਂ ਲਈ ਆਵਾਜ਼ ਉਠਾਏਗਾ ਜਿਨਾਂ ਨੂੰ ਸੁਰੱਖਿਆ ਬਲਾਂ ਨੇ ਆਪਣਾ ਕੰਮ ਕਰਨ 'ਤੇ ਬੁਰੀ ਤਰਾਂ ਕੁੱਟਿਆ ਹੈ।' ਇਸੇ ਤਰਾਂ ਜੰਮੂ ਕਸ਼ਮੀਰ ਪ੍ਰਦੇਸ਼ ਕਾਂਗਰਸ ਕਮੇਟੀ, ਸੱਜਾਦ ਲੋਨ ਦੀ ਪਾਰਟੀ ਜੰਮੂ ਕਸ਼ਮੀਰ ਪੀਪਲਜ਼ ਕਾਨਫਰੰਸ ਤੇ ਅਪਨੀ ਪਾਰਟੀ ਦੇ ਮੀਤ ਪ੍ਰਧਾਨ ਗੁਲਾਮ ਹਸਨ ਮੀਰ ਨੇ ਵੀ ਇਸ ਘਟਨਾ ਦੀ ਨਿੰਦਾ ਕੀਤੀ ਹੈ।

ਸਾਡੇ ਮੀਡੀਆ ਦਾ ਮੰਨਣਾ ਹੈ ਕਿ ਪੁਲਿਸ ਇਨਾਂ ਨੂੰ ਹਿਰਾਸਤ ਵਿਚ ਲੈ ਸਕਦੀ ਸੀ।ਪਰ ਅਜਿਹੀ ਕਾਰਵਾਈ ਸਰਕਾਰੀ ਗੁੰਡਾਗਰਦੀ ਹੈ। ਪੱਤਰਕਾਰਾਂ ਦੀ ਕੁਟਮਾਰ ਜਮਹੂਰੀਅਤ ਵਿਰੋਧੀ ਕਾਰਵਾਈ ਹੈ।

# ਮਾਮਲਾ ਸ਼੍ਰੋਮਣੀ ਕਮੇਟੀ, ਦਿੱਲੀ ਗੁਰਦੁਆਰਾ ਕਮੇਟੀ ਤੇ ਸਿਆਸੀ ਚੋਣਾਂ ਲੜਨ ਤੋਂ ਰੋਕਣ ਦਾ

## ✪ ਬਾਦਲ ਦਲ ਖਿਲਾਫ 'ਜਾਗੋ ਪਾਰਟੀ' ਵੱਲੋਂ ਭਾਰਤੀ ਚੋਣ ਕਮਿਸ਼ਨ ਕੋਲ ਪਟੀਸ਼ਨ ਦਾਇਰ ✪ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੇ ਬਾਦਲਕਿਆਂ ਨੂੰ ਹਰਾਓ : ਸਿੱਖ ਸੇਵਕ ਸੁਸਾਇਟੀ ✪ ਮਨਜਿੰਦਰ ਸਿੰਘ ਸਿਰਸਾ ਖਿਲਾਫ 'ਲੁਕ-ਆਊਟ ਨੋਟਿਸ' ਹੋ ਚੁੱਕਾ ਹੈ ਜਾਰੀ : ਖਾਲਸਾ

**ਨਵੀਂ ਦਿੱਲੀ/ਏ.ਟੀ.ਨਿਊਜ਼:** ਸ਼੍ਰੋਮਣੀ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿਆਸੀ ਚੋਣਾਂ ਵਿੱਚ ਇੱਕੋ ਪ੍ਰਧਾਨ ਦੀ ਅਗਵਾਈ ਹੇਠ ਰਜਿਸਟਰਡ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਸਿਆਸੀ ਪਾਰਟੀ ਦੀ ਮਾਨਤਾ ਨੂੰ ਰੱਦ ਕਰਨ ਲਈ 'ਜਾਗੋ ਪਾਰਟੀ' ਵੱਲੋਂ ਭਾਰਤੀ ਚੋਣ ਕਮਿਸ਼ਨ ਵਿੱਚ ਪਟੀਸ਼ਨ ਦਾਇਰ ਕੀਤੀ ਗਈ ਹੈ।

ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਅੰਮ੍ਰਿਤਸਰ ਟਾਈਮਜ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਗੁਰਦੁਆਰਿਆਂ ਦੇ ਪ੍ਰਬੰਧਾਂ ਨੂੰ ਸੰਭਾਲਣ ਅਤੇ ਪੰਥਕ ਰਵਾਇਤਾਂ ਦੀ ਰਾਖੀ ਲਈ ਕੀਤੀ ਗਈ ਸੀ ਪਰ ਇਸ ਸਮੇਂ ਅਕਾਲੀ ਦਲ ਦਾ ਸਿਆਸੀ ਵਿੰਗ, ਧਾਰਮਿਕ ਪ੍ਰਬੰਧਾਂ 'ਤੇ ਹਾਵੀ ਹੋ ਗਿਆ ਹੈ। ਇਸ ਲਈ ਧਾਰਮਿਕ ਚੋਣਾਂ ਲੜਨ ਲਈ ਆਪਣੀ ਪਟੀਸ਼ਨ ਵਿੱਚ ਪਾਰਟੀ ਨੇ ਅਕਾਲੀ ਦਲ ਦਾ ਸਮਰਥਨ ਕੀਤਾ ਹੈ ਅਤੇ ਸਿਆਸੀ ਪਾਰਟੀ ਦੀ ਮਾਨਤਾ ਰੱਦ ਕਰਨ ਦੀ ਮੰਗ ਕੀਤੀ ਹੈ।

**ਖਾਲਸਾ ਵਲੋਂ ਸਿਰਸਾ ਉਪਰ ਲਗਾਏ ਦੋਸ਼**

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਜ਼ਿੰਮੇਵਾਰ ਬਾਦਲਕਿਆਂ ਨੂੰ ਹਰਾਉ ਜੋ ਦਿੱਲੀ ਗੁਰਦੁਆਰਾ ਕਮੇਟੀ ਬਾਰੇ ਭ੍ਰਿਸ਼ਟਾਚਾਰ ਦੋਸ਼ਾਂ ਵਿਚ ਘਿਰੇ ਹਨ।ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਸੂਬਾ ਪ੍ਰਧਾਨ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਕਿਹਾ ਹੈ ਕਿ ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਉੱਤੇ ਗੋਲਕ ਚੋਰੀ ਅਤੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿੱਚ 'ਲੁੱਕ-ਆਊਟ ਨੋਟਿਸ' ਜਾਰੀ ਹੋ ਚੁਕਾ ਹੈ। ਪਟਿਆਲਾ ਹਾਊਸ ਕੋਰਟ ਦੇ ਮੁੱਖ ਮੈਟਰੋਪੋਲੀਟਨ ਜੱਜ ਨੇ ਜਾਂਚ ਅਧਿਕਾਰੀਆਂ ਨੂੰ ਇਹ ਸੁਨਿਸ਼ਚਿਤ ਕਰਨ ਨੂੰ ਕਿਹਾ ਹੈ, ਜਿਸ ਨਾਲ ਕਿ ਸਿਰਸਾ ਦੇਸ਼ ਛੱਡ ਕੇ ਬਾਹਰ ਨਾ ਜਾ ਸਕੇ। ਉਨਾਂ ਕਿਹਾ ਕਿ ਇਸ ਤੋਂ ਵੱਡੀ ਬਾਦਲਕਿਆਂ ਲਈ ਬਦਨਾਮੀ ਕੀ ਹੋ ਸਕਦੀ ਹੈ।

ਉਨਾਂ ਦਸਿਆ ਕਿ ਇਹ ਮਾਮਲਾ ਗੁਰਦੁਆਰਿਆਂ ਦੇ ਫੰਡ ਫਰਜ਼ੀ ਕੰਪਨੀਆਂ ਨੂੰ ਭੇਜਣ ਨਾਲ ਜੁੜਿਆ ਹੋਇਆ ਹੈ। ਗੋਲਕ ਦ; ਪੈਸਾ ਐਮ/ਐਸ ਰਾਜਾ ਟੈਂਟ ਡੈਕੋਰੇਟਰਜ਼ ਵਰਗੀਆਂ ਸ਼ੈਲ ਕੰਪਨੀਆਂ ਨੂੰ ਭੇਜਿਆ ਗਿਆ ਹੈ। ਗੋਲਕ ਦੇ ਫੰਡਾਂ ਦੀ ਫਰਜ਼ੀ ਬਿੱਲਾਂ ਦੇ ਸਹਾਰੇ ਭਾਰੀ ਮਾਤਰਾ ਵਿੱਚ ਹੇਰ ਫੇਰ ਕੀਤੀ ਗਈ ਹੈ। ਜਿਸ ਦੀ ਜਾਂਚ ਚੱਲ ਰਹੀ ਹੈ।

ਜਥੇਦਾਰ ਖਾਲਸਾ ਨੇ ਜਾਣਕਾਰੀ ਦਿਤੀ ਕਿ 'ਬਾਦਲ ਦੇ ਚਹੇਤੇ ਲੋਕਾਂ ਨੇ ਪੰਜਾਬ ਨੂੰ ਬਰਬਾਦੀ ਦੀ ਰਾਹ ਉੱਤੇ ਧੱਕਣ ਤੋਂ ਬਾਅਦ ਦਿੱਲੀ ਗੁਰਦੁਆਰਾ ਕਮੇਟੀ ਨੂੰ ਬਰਬਾਦ ਕਰਨ ਦਾ ਬੀੜਾ ਚੁੱਕਿਆ ਹੈ। ਪਰ ਪੰਥ ਨੂੰ ਸੁਚੇਤ ਰਹਿਣ ਦੀ ਲੋੜ ਹੈ।

ਦੂਸਰੇ ਪਾਸੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਇਨਾਂ ਦੋਸ਼ਾਂ ਨੂੰ ਗਲਤ ਦਸਿਆ ਹੈ।

# ਦਿੱਲੀ ਦੇ ਗੁਰਧਾਮ, ਚੋਣਾਂ ਅਤੇ ਸੁਧਾਰ



**ਇੰਦਰ ਮੋਹਨ ਸਿੰਘ**
ਮੈਂਬਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
੯੯੭੧੫-੬੪੮੦੧

ਦਿੱਲੀ ਸਿੱਖ ਗੁਰਦੁਆਰਾ ਐਕਟ 1971 ਦੇ ਅਧੀਨ ਗਠਿਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਖ ਮਨੋਰਥ ਦਿੱਲੀ ਦੇ ਗੁਰਦੁਆਰਿਆਂ ਅਤੇ ਇਨਾਂ ਦੀਆਂ ਜਾਇਦਾਦਾਂ ਦੀ ਸੇਵਾ-ਸੰਭਾਲ ਕਰਨਾ ਹੈ। ਇਸ ਕਮੇਟੀ ਦੀਆਂ ਮੁਢਲੀਆਂ ਚੋਣਾਂ ਦਿੱਲੀ ਸਰਕਾਰ ਵੱਲੋਂ 30 ਮਾਰਚ 1975 ਨੂੰ ਕਰਵਾਈਆਂ ਗਈਆਂ ਸਨ ਤੇ ਇਸ ਤਰਾਂ ਪਹਿਲੀ ਕਮੇਟੀ ਦਾ ਗਠਨ 28 ਅਪ੍ਰੈਲ 1975 ਨੂੰ ਹੋਇਆ ਸੀ।

ਦਿੱਲੀ ਗੁਰਦੁਆਰਾ ਕਮੇਟੀ ਦੀਆਂ ਹਰ 4 ਸਾਲ ਬਾਅਦ ਚੋਣਾਂ ਕਰਵਾਉਣ ਦੀ ਜ਼ਿੰਮੇਵਾਰੀ ਦਿੱਲੀ ਸਰਕਾਰ ਦੇ ਗੁਰਦੁਆਰਾ ਚੋਣ ਡਾਇਰੈਕਟੋਰੇਟ ਦੀ ਹੁੰਦੀ ਹੈ ਪਰ ਆਮ ਤੌਰ 'ਤੇ ਇਹ ਦੇਖਣ 'ਚ ਆਇਆ ਹੈ ਕਿ ਸਰਕਾਰ ਵੱਲੋਂ ਇਹ ਚੋਣਾਂ ਮਿੱਥੇ ਸਮੇਂ 'ਤੇ ਨਹੀਂ ਕਰਵਾਈਆਂ ਜਾਂਦੀਆਂ ਤੇ ਇਨਾਂ ਚੋਣਾਂ ਨੂੰ ਕਰਵਾਉਣ ਲਈ ਅਦਾਲਤਾਂ 'ਚ ਗੁਹਾਰ ਲਗਾਉਣੀ ਪੈਂਦੀ ਹੈ। ਦੱਸਣਯੋਗ ਹੈ ਕਿ ਗੁਰਦੁਆਰਾ ਐਕਟ ਦੇ 7 ਅਪ੍ਰੈਲ 1972 ਨੂੰ ਹੋਂਦ 'ਚ ਆਉਣ ਤੋਂ ਉਪਰੰਤ ਹੁਣ ਤਕ 49 ਸਾਲਾਂ ਦੇ ਵਕਫੇ 'ਚ ਕੇਵਲ 7 ਵਾਰ 1975, 1979, 1995, 2002, 2007, 2013 ਅਤੇ 2017 ਵਿਚ ਚੋਣਾਂ ਕਰਵਾਈਆਂ ਗਈਆਂ ਸਨ ਜਦਕਿ ਐਕਟ ਮੁਤਾਬਕ ਇਹ ਚੋਣਾਂ 12 ਵਾਰ ਹੋ ਸਕਦੀਆਂ ਸਨ।

ਬੀਤੀਆਂ ਦਿੱਲੀ ਗੁਰਦੁਆਰਾ ਚੋਣਾਂ 26 ਫਰਵਰੀ 20 17 ਨੂੰ ਹੋਈਆਂ ਸਨ ਤੇ 30 ਮਾਰਚ 2017 ਨੂੰ ਕਮੇਟੀ ਦੇ ਕਾਰਜਕਾਰੀ ਬੋਰਡ ਦਾ ਗਠਨ ਕੀਤਾ ਗਿਆ ਸੀ। ਇਸ ਲਈ ਮੌਜੂਦਾ ਕਮੇਟੀ ਦਾ ਕਾਰਜਕਾਲ 29 ਮਾਰਚ 2021 ਨੂੰ ਸਮਾਪਤ ਹੋ ਗਿਆ ਸੀ। ਹਾਲਾਂਕਿ ਸਰਕਾਰ ਵੱਲੋਂ ਚੋਣਾਂ ਕਰਵਾਉਣ ਦੀ ਤਾਰੀਖ ਪਹਿਲਾਂ 25 ਅਪ੍ਰੈਲ 2021 ਮਿੱਥੀ ਗਈ ਸੀ ਪਰ ਕੋਵਿਡ-19 ਮਹਾਂਮਾਰੀ ਕਾਰਨ ਇਹ ਚੋਣਾਂ ਕੁਝ ਸਮੇਂ ਲਈ ਮੁਲਤਵੀ ਕਰ ਦਿੱਤੀਆਂ ਸਨ ਤੇ ਹੁਣ ਇਹ 22 ਅਗਸਤ 2021 ਨੂੰ ਨਿਰਧਾਰਤ ਹੋਈਆਂ ਹਨ।

ਦਿੱਲੀ ਗੁਰਦੁਆਰਾ ਐਕਟ ਮੁਤਾਬਕ ਦਿੱਲੀ ਨੂੰ 46 ਹਲਕਿਆਂ 'ਚ ਵੰਡਿਆ ਗਿਆ ਹੈ ਜਿਨਾਂ ਦੀ ਮੁੜ ਹੱਦਬੰਦੀ ਸਰਕਾਰ ਵੱਲੋਂ ਸਾਲ 2015 'ਚ ਕੀਤੀ ਗਈ ਸੀ।

ਦਿੱਲੀ ਗੁਰਦੁਆਰਾ ਕਮੇਟੀ ਦੇ ਕੁੱਲ 55 ਮੈਂਬਰ ਹੁੰਦੇ ਹਨ ਜਿਨਾਂ 'ਚ ਵੱਖ-ਵੱਖ ਹਲਕਿਆਂ ਤੋਂ ਸਿੱਖ ਵੋਟਰਾਂ ਰਾਹੀਂ ਚੁਣੇ ਗਏ 46 ਮੈਂਬਰਾਂ ਤੋਂ ਇਲਾਵਾ 9 ਮੈਂਬਰ ਨਾਮਜ਼ਦ (ਕੋ-ਆਪਟ) ਕੀਤੇ ਜਾਂਦੇ ਹਨ। ਦੱਸਣਯੋਗ ਹੈ ਕਿ ਦਿੱਲੀ ਗੁਰਦੁਆਰਾ ਚੋਣਾਂ ਲਈ ਘਰ-ਘਰ ਜਾ ਕੇ ਨਵੀਆਂ ਵੋਟਰ ਸੂਚੀਆਂ ਸਾਲ 1983 'ਚ ਤਿਆਰ ਕੀਤੀਆਂ ਗਈਆ ਸਨ ਪਰ ਉਸ ਤੋਂ ਉਪਰੰਤ ਹਰ ਵਾਰ ਨਵੀਆਂ ਵੋਟਰ ਸੂਚੀਆਂ ਬਣਾਉਣ ਦਾ ਕੰਮ ਸਰਕਾਰ ਵੱਲੋਂ ਸਮੇਂ ਦੀ ਘਾਟ ਦਾ ਹਵਾਲਾ ਦੇ ਕੇ ਟਾਲਿਆਂ ਜਾਂਦਾ ਰਿਹਾ ਹੈ ਤੇ ਹੁਣ ਤਕ 38 ਸਾਲ ਪੁਰਾਣੀਆਂ ਵੋਟਰ ਸੂਚੀਆਂ 'ਚ ਸੋਧ ਕਰ ਕੇ ਉਨਾਂ ਨੂੰ ਚੋਣਾਂ ਲਈ ਇਸਤੇਮਾਲ ਕੀਤਾ ਜਾਂਦਾ ਰਿਹਾ ਹੈ। ਹਾਲ 'ਚ ਹੀ ਹੋਈ ਵੋਟਰ ਸੂਚੀਆਂ ਦੀ ਸੋਧ ਦੌਰਾਨ 92 ਹਜ਼ਾਰ ਵੋਟਰਾਂ ਦੇ ਨਾਂ ਵੋਟਰ ਸੂਚੀਆਂ ਤੋਂ ਹਟਾਏ ਗਏ ਹਨ, ਜਦਕਿ ਕੇਵਲ 48 ਹਜ਼ਾਰ ਨਵੇਂ ਸਿੱਖ ਵੋਟਰ ਸ਼ਾਮਲ ਕੀਤੇ ਗਏ ਹਨ। ਮੌਜੂਦਾ ਚੋਣਾਂ 'ਚ ਤਕਰੀਬਨ 80 ਫ਼ੀਸਦੀ ਫੋਟੋਆਂ ਵਾਲੇ 3 ਲੱਖ 42 ਹਜ਼ਾਰ ਵੋਟਰ ਹਿੱਸਾ ਲੈਣਗੇ ਜਿਸ 'ਚ 1 ਲੱਖ 71 ਹਜ਼ਾਰ ਪੁਰਸ਼ ਤੇ ਤਕਰੀਬਨ ਇੰਨੀ ਹੀ ਬਰਾਬਰ ਗਿਣਤੀ 'ਚ ਔਰਤ ਵੋਟਰ ਸ਼ਾਮਲ ਹਨ। ਸਾਲ 2017 'ਚ ਹੋਈਆਂ ਚੋਣਾਂ ਦੌਰਾਨ ਕੁੱਲ 3 ਲੱਖ 86 ਹਜ਼ਾਰ ਸਿੱਖ ਵੋਟਰ ਸਨ ਜਿਨਾਂ 'ਚ ਕੇਵਲ 45 ਫ਼ੀਸਦੀ ਵੋਟਰਾਂ ਨੇ ਹੀ ਆਪਣੀ ਵੋਟ ਦਾ ਇਸਤੇਮਾਲ ਕੀਤਾ ਸੀ।

ਮੌਜੂਦਾ ਗੁਰਦੁਆਰਾ ਚੋਣਾਂ 'ਚ 7 ਪਾਰਟੀਆਂ ਨੂੰ ਰਾਖਵੇਂ ਚੋਣ ਨਿਸ਼ਾਨ ਦਿੱਤੇ ਗਏ ਹਨ ਹਾਲਾਂਕਿ ਇਕ ਪਾਰਟੀ ਨੇ ਆਪਣਾ ਕੋਈ ਉਮੀਦਵਾਰ ਚੋਣ ਮੈਦਾਨ 'ਚ ਨਹੀਂ ਉਤਾਰਿਆ ਹੈ ਜਦਕਿ 22 ਚੋਣ ਨਿਸ਼ਾਨ ਆਜ਼ਾਦ ਉਮੀਦਵਾਰਾਂ ਲਈ ਰੱਖੇ ਗਏ ਹਨ। ਇਸ ਵਾਰ ਕੁੱਲ 312 ਉਮੀਦਵਾਰ ਚੋਣ ਮੈਦਾਨ 'ਚ ਹਨ ਜਿਨਾਂ 'ਚ 180 ਵੱਖ-ਵੱਖ ਪਾਰਟੀਆਂ ਦੇ ਅਤੇ 132 ਆਜ਼ਾਦ ਉਮੀਦਵਾਰ ਸ਼ਾਮਲ ਹਨ।

ਨਿਯਮਾਂ ਮੁਤਾਬਕ ਜਿੱਥੇ 6 ਫ਼ੀਸਦੀ ਤੋਂ ਘੱਟ ਵੋਟਾਂ ਪ੍ਰਾਪਤ ਕਰਨ ਵਾਲੀ ਪਾਰਟੀ ਦੀ ਮਾਨਤਾ ਰੱਦ ਹੋ ਜਾਂਦੀ ਹੈ, ਉੱਥੇ ਹੀ ਕਿਸੇ ਉਮੀਦਵਾਰ ਵੱਲੋਂ 20 ਫ਼ੀਸਦੀ ਤੋਂ ਘੱਟ ਯੋਗ ਵੋਟਾਂ ਮਿਲਣ 'ਤੇ ਉਸ ਦੀ 5000 ਰੁਪਏ ਦੀ ਜ਼ਮਾਨਤ ਰਾਸ਼ੀ ਸਰਕਾਰ ਵੱਲੋਂ ਜ਼ਬਤ ਕਰ ਲਈ ਜਾਂਦੀ ਹੈ। ਮੌਜੂਦਾ ਚੋਣਾਂ ਬੈਲਟ ਪੇਪਰ ਰਾਹੀਂ ਦਿੱਲੀ ਦੇ ਵੱਖ-ਵੱਖ ਹਲਕਿਆਂ 'ਚ ਸਥਿਤ ਸਰਕਾਰੀ ਸਕੂਲਾਂ 'ਚ ਬਣਾਏ ਗਏ ਤਕਰੀਬਨ 546 ਪੋਲਿੰਗ ਬੂਥਾਂ 'ਤੇ ਕਰਵਾਈਆਂ ਜਾਣਗੀਆਂ। ਚੋਣਾਂ ਸੁਚੱਜੇ ਢੰਗ ਨਾਲ ਕਰਵਾਉਣ ਲਈ 23 ਰਿਟਰਨਿੰਗ ਅਫ਼ਸਰਾਂ ਤੇ 46 ਸਹਾਇਕ ਰਿਟਰਨਿੰਗ ਅਫ਼ਸਰਾਂ ਤੋਂ ਇਲਾਵਾ ਹੋਰ ਲੋੜੀਂਦੇ ਅਫ਼ਸਰਾਂ ਤੇ ਮੁਲਾਜ਼ਮਾਂ ਦੀ ਤਾਇਨਾਤੀ ਕੀਤੀ ਗਈ ਹੈ। ਹਰ ਉਮੀਦਵਾਰ ਨੂੰ ਨਿਰਧਾਰਤ ਗਿਣਤੀ 'ਚ ਆਪਣੇ ਚੋਣ ਏਜੰਟ, ਪੋਲਿੰਗ ਤੇ ਵੋਟਾਂ ਦੀ ਗਿਣਤੀ ਲਈ ਏਜੰਟ ਨਿਯੁਕਤ ਕਰਨ ਦਾ ਅਧਿਕਾਰ ਹੈ। ਵੋਟਾਂ ਦੀ ਗਿਣਤੀ



ਪੰਥਕ ਮਸਲਾ

25 ਅਗਸਤ ਨੂੰ ਦਿੱਲੀ ਦੇ ਵੱਖ-ਵੱਖ ਇਲਾਕਿਆਂ 'ਚ ਸਥਾਪਤ ਕੀਤੇ ਗਏ ਗਿਣਤੀ ਕੇਂਦਰਾਂ 'ਚ ਕੀਤੀ ਜਾਵੇਗੀ ਤੇ ਉਸੇ ਦਿਨ ਚੋਣ ਨਤੀਜੇ ਵੀ ਐਲਾਨੇ ਜਾਣਗੇ। ਵੋਟਾਂ ਦੀ ਗਿਣਤੀ ਦੌਰਾਨ ਜੇਕਰ ਇਕ ਤੋਂ ਵੱਧ ਉਮੀਦਵਾਰ ਸਭ ਤੋਂ ਵੱਧ ਬਰਾਬਰ ਦੀਆਂ ਵੋਟਾਂ ਹਾਸਲ ਕਰਦੇ ਹਨ ਤਾਂ ਉਨਾਂ ਦੀ ਜਿੱਤ-ਹਾਰ ਦਾ ਫ਼ੈਸਲਾ ਲਾਟਰੀ ਰਾਹੀਂ ਕੀਤਾ ਜਾਂਦਾ ਹੈ।

ਚੋਣ ਨਤੀਜਿਆਂ ਦਾ ਨੋਟੀਫਿਕੇਸ਼ਨ ਹੋਣ ਤੋਂ 15 ਦਿਨਾਂ ਦੇ ਅੰਦਰ ਚੋਣ ਡਾਇਰੈਕਟਰ ਵੱਲੋਂ 46 ਚੁਣੇ ਹੋਏ ਮੈਂਬਰਾਂ ਦੀ ਮੀਟਿੰਗ ਸੱਦ ਕੇ 9 ਮੈਂਬਰ ਨਾਮਜ਼ਦ (ਕੋ-ਆਪਟ) ਕੀਤੇ ਜਾਣਗੇ ਜਿਨਾਂ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦਾ 1 ਨੁਮਾਇੰਦਾ, ਦਿੱਲੀ ਦੀਆਂ ਰਜਿਸਟਰਡ ਸਿੰਘ ਸਭਾ ਗੁਰਦੁਆਰਿਆਂ ਦੇ 2 ਪ੍ਰਧਾਨ ਲਾਟਰੀ ਰਾਹੀਂ, ਦਿੱਲੀ ਦੇ 2 ਸਿੱਖ ਪ੍ਰਤੀਨਿਧੀ 46 ਵਾਰਡਾਂ ਤੋਂ ਨਵੇਂ ਚੁਣੇ ਮੈਂਬਰਾਂ ਵੱਲੋਂ ਵੋਟਾਂ ਰਾਹੀਂ ਤੇ 4 ਤਖਤ ਸਾਹਿਬ ਦੇ ਜੱਥੇਦਾਰ ਸਾਹਿਬਾਨ ਸ਼ਾਮਲ ਹਨ, ਹਾਲਾਂਕਿ ਇਨਾਂ ਜੱਥੇਦਾਰਾਂ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਹੁੰਦਾ ਹੈ।

ਦੱਸਣਯੋਗ ਹੈ ਕਿ ਤਖਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, ਪੰਜਾਬ ਨੂੰ ਹਾਲ ਦੀ ਘੜੀ ਦਿੱਲੀ ਗੁਰਦੁਆਰਾ ਐਕਟ 'ਚ ਪੰਜਵੇਂ ਤਖਤ ਵਜੋਂ ਸ਼ਾਮਲ ਨਹੀ ਕੀਤਾ ਗਿਆ ਹੈ। ਨਾਮਜ਼ਦਗੀ ਪ੍ਰਕਿਰਿਆ ਪੂਰੀ ਹੋਣ ਤੋਂ 15 ਦਿਨਾਂ ਦੇ ਅੰਦਰ ਇਨਾਂ 55 ਮੈਂਬਰਾਂ ਦੀ ਪਹਿਲੀ ਮੀਟਿੰਗ ਗੁਰਦੁਆਰਾ ਚੋਣ ਡਾਇਰੈਕਟਰ ਵੱਲੋਂ ਬੁਲਾਈ ਜਾਵੇਗੀ ਜਿਸ ਵਿਚ ਸਾਰੇ ਮੈਂਬਰਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਸਹੁੰ ਚੁਕਵਾਉਣ ਤੋਂ ਉਪਰੰਤ ਕਮੇਟੀ ਦੇ ਅਹੁਦੇਦਾਰਾਂ ਅਰਥਾਤ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਤੇ ਸੰਯੁਕਤ ਸਕੱਤਰ ਤੋਂ ਇਲਾਵਾ ਕਾਰਜਕਾਰੀ ਬੋਰਡ ਦੇ 10 ਮੈਂਬਰਾਂ ਦੀ ਚੋਣ ਕੀਤੀ ਜਾਵੇਗੀ।

ਇਸ ਤਰਾਂ ਨਵਾਂ ਕਾਰਜਕਾਰੀ ਬੋਰਡ ਪੁਰਾਣੀ ਕਮੇਟੀ ਤੋਂ ਚਾਰਜ ਲੈ ਕੇ ਕੰਮ ਕਰਨਾ ਸ਼ੁਰੂ ਕਰ ਦੇਵੇਗਾ ਜਦਕਿ ਇਸ ਨਵੇਂ ਕਾਰਜਕਾਰੀ ਬੋਰਡ ਦੀ ਮਿਆਦ 2 ਸਾਲਾਂ ਦੀ ਹੋਵੇਗੀ। ਚੋਣਾਂ ਦੌਰਾਨ ਹੋਏ ਕਿਸੇ ਵਿਵਾਦ ਦੇ ਨਿਪਟਾਰੇ ਲਈ ਚੋਣ ਪਟੀਸ਼ਨ ਦਿੱਲੀ ਦੀ ਜ਼ਿਲਾ ਅਦਾਲਤ 'ਚ ਸਬੰਧਤ ਨੋਟੀਫਿਕੇਸ਼ਨ ਹੋਣ ਦੇ 15 ਦਿਨਾਂ ਦੇ ਅੰਦਰ ਦਾਖ਼ਲ ਕੀਤੀ ਜਾ ਸਕਦੀ ਹੈ। ਵੈਸੇ ਗੁਰਧਾਮਾਂ ਦੀ ਸਾਂਭ-ਸੰਭਾਲ ਲਈ ਚੰਗੇ ਅਕਸ ਵਾਲੇ ਲੋਕ ਅੱਗੇ ਆਉਣੇ ਚਾਹੀਦੇ ਹਨ। ਗੁਰਦੁਆਰਾ ਚੋਣਾਂ ਦੌਰਾਨ ਅਜਿਹੇ ਮੁੱਦਿਆਂ ਨੂੰ ਸੰਗਤ 'ਚ ਲੈ ਕੇ ਆਉਣਾ ਚਾਹੀਦਾ ਹੈ ਜੋ ਪ੍ਰਬੰਧਨ ਨੂੰ ਸੁਧਾਰਨ 'ਚ ਸਹਾਈ ਹੋਣ।

**ਗੁਰਦੁਆਰਾ ਐਕਟ ਵਿਚ ਜ਼ਰੂਰੀ ਸੋਧਾਂ ਦੀ ਲੋੜ**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਦਿੱਲੀ ਸਿੱਖ ਗੁਰਦੁਆਰਾ ਐਕਟ, 1971 ਦੀ ਧਾਰਾ 3 ਦੇ ਤਹਿਤ 28 ਅਪ੍ਰੈਲ, 1975 ਨੂੰ ਹੋਇਆ ਸੀ, ਜਿਸ ਦਾ ਮੁੱਖ ਮਨੋਰਥ ਦਿੱਲੀ ਦੇ ਗੁਰਦੁਆਰਿਆਂ ਤੇ ਇਨਾਂ ਦੀਆਂ ਜਾਇਦਾਦਾਂ ਦੀ ਸੇਵਾ-ਸੰਭਾਲ ਕਰਨਾ ਹੈ। ਇਸ ਐਕਟ ਅਧੀਨ ਵੋਟਰਾਂ ਦੀ ਰਜਿਸਟ੍ਰੇਸ਼ਨ, ਮੈਂਬਰਾਂ ਦੀ ਚੋਣ, ਨਾਮਜ਼ਦਗੀ ਤੇ ਕਾਰਜਕਾਰੀ ਬੋਰਡ ਦੀ ਚੋਣ ਕਰਵਾਉਣ ਨਾਲ ਸਬੰਧਤ ਵੱਖ-ਵੱਖ ਨਿਯਮ ਵੀ ਵਿਸਤਾਰ ਨਾਲ ਬਣਾਏ ਗਏ ਹਨ। ਸਰਕਾਰ ਵਲੋਂ ਗੁਰਦੁਆਰਾ ਐਕਟ ਤੇ ਇਸ ਸਬੰਧੀ ਨਿਯਮਾਂ ਵਿਚ ਸਮੇਂ-ਸਮੇਂ 'ਤੇ ਸੋਧਾਂ ਕੀਤੀਆਂ ਜਾਂਦੀਆਂ ਰਹੀਆਂ ਹਨ, ਜਿਨਾਂ ਵਿਚ ਮੁੱਖ ਤੌਰ 'ਤੇ ਸਾਲ 1981 ਵਿਚ ਦਿੱਲੀ ਸਿੱਖ ਗੁਰਦੁਆਰਾ ਐਕਟ 1971 ਦੀ ਧਾਰਾ 16 (3) ਵਿਚ ਸੋਧ ਕਰਕੇ ਕਮੇਟੀ ਦੇ ਅਹੁਦੇਦਾਰਾਂ ਲਈ ਘੱਟੋ-ਘੱਟ ਦਸਵੀਂ ਦੀ ਪੜਾਈ ਦੀ ਸ਼ਰਤ ਨੂੰ ਖ਼ਤਮ ਕਰਨਾ, ਸਾਲ 2002 ਵਿਚ ਧਾਰਾ 8 'ਚ ਸੋਧ ਕਰਕੇ ਵੋਟਰਾਂ ਦੀ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰਨਾ, ਸਾਲ 2008 'ਚ ਧਾਰਾ 16(5) ਵਿਚ ਸੋਧ ਕਰਕੇ ਦਿੱਲੀ ਕਮੇਟੀ ਦੇ ਕਾਰਜਕਾਰੀ ਬੋਰਡ ਦੀ ਮਿਆਦ ਨੂੰ ਇਕ ਸਾਲ ਤੋਂ ਵਧਾ ਕੇ ਦੋ ਸਾਲ ਕਰਨਾ ਆਦਿ ਸ਼ਾਮਿਲ ਹਨ। ਹਾਲਾਂਕਿ ਬੀਤੇ ਸਮੇਂ ਵਿਚ ਦਿੱਲੀ ਸਰਕਾਰ ਵਲੋਂ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਨੂੰ ਦਿੱਲੀ ਦੇ 46 ਵਾਰਡਾਂ ਦੇ ਸਾਰੇ ਵੋਟਰਾਂ ਵਲੋਂ ਸਿੱਧੇ ਤੌਰ 'ਤੇ ਚੁਣੇ ਜਾਣ ਸਬੰਧੀ ਇਕ ਸੋਧ ਬਿੱਲ ਪਾਸ ਕੀਤਾ ਗਿਆ ਸੀ, ਪਰ ਉਹ ਲੰਬੇ ਸਮੇਂ ਤੋਂ ਕੇਂਦਰ ਸਰਕਾਰ ਦੇ ਵਿਚਾਰ ਅਧੀਨ ਹੈ। ਦੱਸਣਯੋਗ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਵਲੋਂ ਸਾਲ 2013 ਵਿਚ ਇਕ ਮਤਾ ਪਾਸ ਕਰਕੇ ਦਿੱਲੀ ਸਰਕਾਰ ਨੂੰ ਗੁਰਦੁਆਰਾ ਐਕਟ 'ਚ ਕੁਝ ਅਹਿਮ ਸੋਧਾਂ ਕਰਨ ਦੀ ਅਪੀਲ ਕੀਤੀ ਗਈ ਸੀ, ਜਿਸ ਵਿਚ ਦਿੱਲੀ ਸਰਕਾਰ ਦੇ ਗੁਰਦੁਆਰਾ ਚੋਣਾਂ ਵਿਭਾਗ ਦੇ ਮੁਲਾਜ਼ਮਾਂ ਦੀ ਤਨਖਾਹ ਗੁਰੂ ਦੀ ਗੋਲਕ 'ਚੋਂ ਦੇਣ ਸਬੰਧੀ ਧਾਰਾ 37 ਨੂੰ ਰੱਦ ਕਰਨਾ, ਦਿੱਲੀ ਗੁਰਦੁਆਰਾ ਕਮੇਟੀ ਦੇ ਵਿਵਾਦਾਂ ਦੇ ਛੇਤੀ ਨਿਪਟਾਰੇ ਲਈ ਸ਼੍ਰੋਮਣੀ ਕਮੇਟੀ ਦੀ ਤਰਜ਼ 'ਤੇ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦਾ ਗਠਨ ਕਰਨਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਪੰਜਾਬ ਨੂੰ ਦਿੱਲੀ ਗੁਰਦੁਆਰਾ ਐਕਟ ਵਿਚ ਪੰਜਵੇਂ ਤਖ਼ਤ ਵਜੋਂ ਸ਼ਾਮਿਲ ਕਰਨਾ ਤੇ ਦਲ-ਬਦਲੂ ਕਾਨੂੰਨ ਲਾਗੂ ਕਰਨ ਸਬੰਧੀ ਸੋਧਾਂ ਦਾ ਵੇਰਵਾ ਦਿੱਤਾ ਗਿਆ ਸੀ। ਪ੍ਰੰਤੂ 8 ਸਾਲਾਂ ਦਾ ਲੰਬਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਸਰਕਾਰ ਵਲੋਂ ਇਨਾਂ ਸੋਧਾਂ ਦੇ ਸਬੰਧ ਵਿਚ ਕੋਈ ਫ਼ੈਸਲਾ ਨਹੀਂ ਕੀਤਾ ਗਿਆ।

ਇਸੇ ਤਰਾਂ ਦਿੱਲੀ ਸਰਕਾਰ ਵਲੋਂ 28 ਜੁਲਾਈ, 2010 ਦੇ ਨੋਟੀਫਿਕੇਸ਼ਨ ਰਾਹੀਂ ਵੱਖ-ਵੱਖ ਗੁਰਦੁਆਰਾ ਨਿਯਮਾਂ ਵਿਚ ਲੋੜੀਂਦੀਆਂ ਸੋਧਾਂ ਕੀਤੀਆਂ ਗਈਆਂ ਸਨ, ਜਿਸ 'ਚ ਫੋਟੋ ਵਾਲੀਆਂ ਵੋਟਰ ਸੂਚੀਆਂ ਤਿਆਰ ਕਰਨਾ, ਚੋਣ ਪ੍ਰਚਾਰ ਲਈ 20 ਦਿਨਾਂ ਨੂੰ ਘਟਾ ਕੇ 14 ਦਿਨ ਕਰਨਾ, ਗੁਰਦੁਆਰਾ ਚੋਣਾਂ 'ਚ ਹਿੱਸਾ ਲੈਣ ਵਾਲੀਆਂ ਪਾਰਟੀਆਂ ਨੂੰ ਰਾਖਵੇਂ ਚੋਣ ਨਿਸ਼ਾਨ ਲੈਣ ਲਈ ਸੁਸਾਇਟੀ ਰਜਿਸਟਰੇਸ਼ਨ ਐਕਟ, 1860 ਦੇ ਤਹਿਤ ਰਜਿਸਟਰੇਸ਼ਨ ਕਰਵਾਉਣੀ ਲਾਜ਼ਮੀ ਕਰਨਾ ਤੇ ਹੋਰਨਾਂ ਸ਼ਰਤਾਂ ਦਾ ਪਾਲਣ ਕਰਨਾ, ਉਮੀਦਵਾਰਾਂ ਦੀ ਜ਼ਮਾਨਤ ਰਾਸ਼ੀ ਨੂੰ 200 ਰੁਪਏ ਤੋਂ ਵਧਾ ਕੇ 5000 ਰੁਪਏ ਕਰਨਾ, ਚੋਣਾਂ ਤੋਂ ਪਹਿਲਾਂ ਰਾਖਵੇਂ ਚੋਣ ਨਿਸ਼ਾਨ ਤੋਂ ਲੜ ਰਹੇ ਕਿਸੇ ਉਮੀਦਵਾਰ ਦੀ ਮੌਤ ਹੋਣ 'ਤੇ ਸਬੰਧਤ ਹਲਕੇ ਤੋਂ ਚੋਣ ਦਾ ਮੁਲਤਵੀ ਹੋਣਾ, ਦਿੱਲੀ ਗੁਰਦੁਆਰਾ ਕਮੇਟੀ ਦੇ ਕਾਰਜਕਾਰੀ ਬੋਰਡ ਦੀ ਦੋ ਸਾਲ ਦੀ ਮਿਆਦ ਪੂਰੀ ਹੋਣ 'ਤੇ ਕਾਬਜ਼ ਪ੍ਰਧਾਨ ਵਲੋਂ ਚੋਣਾਂ ਨਾ ਕਰਵਾਉਣ ਦੀ ਸੂਰਤ ਵਿਚ ਇਨਾਂ ਚੋਣਾਂ ਨੂੰ ਕਰਵਾਉਣ ਦਾ ਅਧਿਕਾਰ ਸਰਕਾਰ ਨੂੰ ਦੇਣਾ, 34 ਮੈਂਬਰਾਂ ਵਲੋਂ ਆਈ ਸ਼ਿਕਾਇਤ 'ਤੇ ਕਿਸੇ ਅਹੁਦੇਦਾਰ ਜਾਂ ਮੈਂਬਰ ਨੂੰ ਹਟਾਉਣ ਲਈ ਸਰਕਾਰ ਵਲੋਂ ਖ਼ਾਸ ਮੀਟਿੰਗ ਸੱਦਣਾ ਆਦਿ ਮੁੱਖ ਤੌਰ 'ਤੇ ਸ਼ਾਮਿਲ ਹਨ।

ਇਹ ਵੀ ਦੱਸਣਯੋਗ ਹੈ ਕਿ ਦਿੱਲੀ ਗੁਰਦੁਆਰਾ ਚੋਣਾਂ ਲਈ ਘਰ-ਘਰ ਜਾ ਕੇ ਵੋਟਰ ਸੂਚੀਆਂ 38 ਵਰੇ ਪਹਿਲਾਂ ਸਾਲ 1983 ਵਿਚ ਤਿਆਰ ਕੀਤੀਆਂ ਗਈਆਂ ਸਨ। ਹਾਲਾਂਕਿ ਸਰਕਾਰ ਵਲੋਂ ਸਾਲ 2015 ਵਿਚ ਦਿੱਲੀ ਦੇ ਸਾਰੇ 46 ਗੁਰਦੁਆਰਾ ਵਾਰਡਾਂ ਦੀ ਮੁੜ ਹੱਦਬੰਦੀ ਕੀਤੀ ਗਈ ਸੀ, ਪ੍ਰੰਤੂ ਸਮੇਂ-ਸਮੇਂ 'ਤੇ ਅਦਾਲਤੀ ਆਦੇਸ਼ਾਂ ਦੇ ਬਾਵਜੂਦ ਨਵੀਆਂ ਵੋਟਰ ਸੂਚੀਆਂ ਸਰਕਾਰ ਵਲੋਂ ਸਮੇਂ ਦੀ ਘਾਟ ਦਾ ਹਵਾਲਾ ਦੇ ਕੇ ਟਾਲੀਆਂ ਜਾਂਦੀਆਂ ਰਹੀਆਂ ਹਨ ਤੇ ਮੌਜੂਦਾ ਵੋਟਰ ਸੂਚੀਆਂ ਵਿਚ ਸੋਧਾਂ ਕਰਕੇ ਚੋਣਾਂ ਲਈ ਇਸਤੇਮਾਲ ਕੀਤਾ ਜਾਂਦਾ ਰਿਹਾ ਹੈ। ਹਾਲਾਂਕਿ ਸਮੇਂ-ਸਮੇਂ 'ਤੇ ਸਰਕਾਰ ਵਲੋਂ ਗੁਰਦੁਆਰਾ ਐਕਟ 'ਤੇ ਨਿਯਮਾਂ ਵਿਚ ਸੋਧ ਹੁੰਦੀ ਰਹੀ ਹੈ, ਪਰ ਮੌਜੂਦਾ ਹਾਲਾਤ ਵਿਚ ਕੁਝ ਹੋਰ ਲੋੜੀਂਦੀਆਂ ਸੋਧਾਂ ਕਰਨ ਦੀ ਸਖ਼ਤ ਜ਼ਰੂਰਤ ਹੈ, ਜਿਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀਆਂ ਚੋਣਾਂ ਦੀ ਤਰਜ਼ 'ਤੇ ਦਿੱਲੀ ਗੁਰਦੁਆਰਾ ਕਮੇਟੀ ਦੀ ਮਿਆਦ ਨੂੰ ਚਾਰ ਸਾਲ ਤੋਂ ਵਧਾ ਕੇ ਪੰਜ ਸਾਲ ਕਰਨਾ, ਚੋਣਾਂ ਮਿੱਥੇ ਸਮੇਂ 'ਤੇ ਕਰਵਾਉਣੀਆਂ ਲਾਜ਼ਮੀ ਕਰਨਾ, ਚੋਣਾਂ ਵਿਚ ਹਿੱਸਾ ਲੈਣ ਵਾਲੇ ਉਮੀਦਵਾਰਾਂ ਵਲੋਂ ਆਪਣੀਆਂ ਚੱਲ-ਅਚੱਲ ਜਾਇਦਾਦਾਂ ਦਾ ਖੁਲਾਸਾ ਕਰਨਾ, ਚੋਣ ਖਰਚੇ ਦੀ ਹੱਦ ਨਿਰਧਾਰਤ ਕਰਨਾ ਤੇ ਚੋਣਾਂ 'ਚ ਕੀਤੇ ਖ਼ਰਚੇ ਦਾ ਸਰਕਾਰ ਨੂੰ ਹਿਸਾਬ ਦੇਣਾ ਲਾਜ਼ਮੀ ਬਣਾਉਣਾ ਆਦਿ। ਇਸੇ ਪ੍ਰਕਾਰ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਵਾਲੇ ਉਮੀਦਵਾਰਾਂ ਦੇ ਖ਼ਿਲਾਫ਼ ਵੀ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

ਦਿੱਲੀ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਲਈ ਦਲ-ਬਦਲੂ ਕਾਨੂੰਨ ਲਾਗੂ ਹੋਣਾ ਚਾਹੀਦਾ ਹੈ ਤੇ ਰਾਖਵੇਂ ਚੋਣ ਨਿਸ਼ਾਨ 'ਤੇ ਜੇਤੂ ਕਰਾਰ ਦਿੱਤੇ ਮੈਂਬਰ ਵਲੋਂ ਦਲ-ਬਦਲ ਕਰਨ ਦੀ ਸੂਰਤ ਵਿਚ ਉਸ ਦੀ ਮੈਂਬਰਸ਼ਿਪ ਰੱਦ ਹੋਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 9 ਨਾਮਜ਼ਦ ਮੈਂਬਰਾਂ ਵਿਚੋਂ 4 ਤਖ਼ਤਾਂ ਦੇ ਜਥੇਦਾਰ ਸਾਹਿਬਾਨ, ਇਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦਾ ਨੁਮਾਇੰਦਾ ਤੇ ਦੋ ਦਿੱਲੀ ਦੇ ਰਜਿਸਟਰਡ ਸਿੰਘ ਸਭਾ ਗੁਰਦੁਆਰਿਆਂ ਦੇ ਪ੍ਰਧਾਨ ਵੀ ਲਾਟਰੀ ਰਾਹੀਂ ਚੁਣੇ ਜਾਂਦੇ ਹਨ। ਇਹ ਨਾਮਜ਼ਦ ਮੈਂਬਰ ਪੂਰੇ ਚਾਰ ਸਾਲ ਤੱਕ ਗੁਰਦੁਆਰਾ ਕਮੇਟੀ ਦੇ ਮੈਂਬਰ ਵਜੋਂ ਕੰਮ ਕਰਦੇ ਹਨ ਭਾਵੇਂ ਕਿ ਇਸ ਦੌਰਾਨ ਤਖ਼ਤ ਸਾਹਿਬ ਦਾ ਕੋਈ ਜਥੇਦਾਰ ਸੇਵਾ-ਮੁਕਤ ਹੋ ਜਾਵੇ ਜਾਂ ਸ਼੍ਰੋਮਣੀ ਕਮੇਟੀ ਦਾ ਨਾਮਜ਼ਦ ਮੈਂਬਰ ਜਾਂ ਦਿੱਲੀ ਦੀ ਸਿੰਘ ਸਭਾ ਦਾ ਨਾਮਜ਼ਦ ਪ੍ਰਧਾਨ ਇਸ 4 ਵਰੇ ਦੇ ਸਮੇਂ ਦੌਰਾਨ ਆਪਣੀ ਮੂਲ ਚੋਣ ਹਾਰ ਜਾਵੇ। ਇਸ ਹਾਲਾਤ ਦੇ ਨਿਪਟਾਰੇ ਲਈ ਨਿਯਮਾਂ ਵਿਚ ਲੋੜੀਂਦੀ ਸੋਧ ਕਰਕੇ ਆਪਣੀ ਮੂਲ ਯੋਗਤਾ ਗੁਆ ਚੁੱਕੇ ਮੈਂਬਰ ਦੀ ਨਾਮਜ਼ਦਗੀ ਰੱਦ ਕਰਕੇ ਮੁੜ ਨਵਾਂ ਮੈਂਬਰ ਨਾਮਜ਼ਦ ਕਰਨ ਦੀ ਵਿਵਸਥਾ ਕਰਨੀ ਚਾਹੀਦੀ ਹੈ।



ਅੰਮ੍ਰਿਤਸਰ ਟਾਈਮਜ਼ AMRITSAR TIMES

20 ਅਗਸਤ 2021 ਤੋਂ 26 ਅਗਸਤ 2021

# ਇੰਡੀਆ ਵਿੱਚ ਸੂਬਿਆਂ ਦੀ ਆਰਥਿਕ ਅਜਾਰੇਦਾਰੀ ਅਤੇ ਪੰਜਾਬ

ਪੰਜਾਬ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਲਈ ਪਿੜ ਸਜ ਚੁੱਕਿਆ ਹੈ। ਸਾਰੀਆਂ ਪਾਰਟੀਆਂ ਨੇ ਜਿੱਥੇ ਆਪਣੀਆਂ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਹਨ ਉੱਥੇ ਹੀ ਸਿਆਸਤ ਵਿੱਚ ਦਿਲਚਸਪੀ ਰੱਖਣ ਵਾਲੇ ਵਿਅਕਤੀ ਇਹਨਾਂ ਦੀਆਂ ਗਤੀਵਿਧੀਆਂ ਅਤੇ ਬਿਆਨਾਂ ਉੱਤੇ ਤਿੱਖੀ ਨਜ਼ਰ ਰੱਖ ਰਹੇ ਹਨ। ਚਾਹੁੰਦਿਆਂ ਨਾ ਚਾਹੁੰਦਿਆਂ ਵੀ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਵੱਲੋਂ ਸੂਬੇ ਦੀ ਮਾੜੀ ਵਿੱਤੀ ਹਾਲਤ, ਕਰਜਾ, ਖੇਤੀ ਬਾੜੀ, ਬੇਰੁਜ਼ਗਾਰੀ ਅਤੇ ਹੋਰ ਮਸਲਿਆਂ ਬਾਰੇ ਚਰਚਾ ਕੀਤੀ ਜਾ ਰਹੀ ਹੈ ਪਰ ਮਰਜ਼ ਦੀ ਪਛਾਣ ਕਰਨ ਅਤੇ ਹੱਲ ਲਈ ਯਤਨਸ਼ੀਲਤਾ ਦਿਖਾਉਣ ਦੀ ਬਜਾਏ ਇਸ ਦੀ ਜਿੰਮੇਵਾਰੀ ਇੱਕ ਦੂਜੇ ਉੱਤੇ ਸੁੱਟੀ ਜਾ ਰਹੀ ਹੈ। ਇਸ ਗੰਭੀਰ ਅਤੇ ਅਤਿ-ਚਿੰਤਾਜਨਕ ਸਥਿਤੀ ਦੇ ਹੁੰਦਿਆਂ ਵੀ ਪੰਜਾਬ ਦੀਆਂ ਰਾਜਨੀਤਕ ਜਮਾਤਾਂ ਦੀ ਇਹਨਾਂ ਮਸਲਿਆਂ ਦੇ ਹੱਲ ਪ੍ਰਤੀ ਪਹੁੰਚ ਵਿੱਚ ਸੁਹਿਰਦਤਾ ਦਿਖਾਈ ਨਹੀਂ ਦੇ ਰਹੀ। ਪੰਜਾਬ ਦੀ ਆਰਥਿਕਤਾ ਬਾਰੇ ਸਮਝ ਰੱਖਦੇ ਵਿਚਾਰਵਾਨਾਂ ਦੀ ਇਹ ਸਾਂਝੀ ਰਾਇ ਹੈ ਕਿ ਪੰਜਾਬ ਦੀ ਆਰਥਿਕਤਾ ਨੂੰ ਮੁੜ ਲੀਹ ਉੱਤੇ ਲੈ ਕੇ ਆਉਣ ਲਈ ਮਹੱਤਵਪੂਰਨ ਸਰੰਚਨਾਤਮਕ **(structural)** ਸੁਧਾਰਾਂ ਦੀ ਲੋੜ ਹੈ-ਜਿਸ ਨਾਲ ਪੰਜਾਬ ਕੇਂਦਰੀ ਢਾਂਚਾ ਵਿਕਸਿਤ ਕੀਤਾ ਜਾ ਸਕੇ ਜੋ ਕਿ ਰਾਜਾਂ ਦੇ ਵੱਧ ਹੱਕਾਂ ਦੀ ਵਾਜਬ ਅਤੇ ਚਿਰੋਕਣੀ ਮੰਗ ਤੋਂ ਬਗੈਰ ਸੰਭਵ ਨਹੀਂ ਹੈ।

ਪੰਜਾਬ ਦੇ ਨਾਲ-ਨਾਲ ਦੱਖਣੀ ਸੂਬਿਆਂ ਅਤੇ ਪੱਛਮੀ ਬੰਗਾਲ ਵੱਲੋਂ ਵੀ ਵਾਰੀ-ਵਾਰੀ ਇਸ ਆਰਥਿਕ ਢਾਂਚੇ, ਜਿਸ ਵਿੱਚ ਰਾਜ ਕੇਂਦਰ ਸਰਕਾਰ 'ਤੇ ਨਿਰਭਰ ਹਨ, ਵਿਚ ਸੁਧਾਰ ਦੀ ਮੰਗ ਕੀਤੀ ਜਾਂਦੀ ਰਹੀ ਹੈ। ਤਾਮਿਲਨਾਡੂ ਦੇ ਵਿੱਤ ਮੰਤਰੀ ਨੇ ਹਾਲ ਹੀ ਵਿੱਚ ਤਾਮਿਲਨਾਡੂ ਰਾਜ ਦੀ ਆਰਥਿਕ ਸਥਿਤੀ ਬਾਰੇ ਵਾਈਟ ਪੇਪਰ ਜਾਰੀ ਕੀਤਾ ਹੈ। ਇਹ ਵਾਈਟ ਪੇਪਰ ਦੱਸਦਾ ਹੈ ਕਿ ਸੂਬਾ ਭਾਰੀ ਕਰਜੇ ਥੱਲੇ ਹੈ ਅਤੇ ਸੂਬੇ ਵਿਚਲੇ ਇੱਕ-ਇੱਕ ਪਰਿਵਾਰ ਦੇ ਸਿਰ ਦੋ ਲੱਖ ਛੇ ਹਜ਼ਾਰ ਰੁਪਏ ਦਾ ਕਰਜਾ ਆਉਂਦਾ ਹੈ। ਇਸ ਵਾਈਟ ਪੇਪਰ ਰਾਹੀਂ ਰਾਜ ਸਰਕਾਰ ਨੇ ਜਿੱਥੇ ਕੇਂਦਰ ਦੇ ਰਵੱਈਏ ਉੱਤੇ ਸਵਾਲ ਚੁੱਕੇ ਹਨ ਉੱਥੇ ਜੀ.ਐਸ.ਟੀ ਦੀ ਵਿਵਸਥਾ ਅਤੇ ਭਵਿੱਖ 'ਤੇ ਵੀ ਗੰਭੀਰ ਸਵਾਲ ਖੜੇ ਕੀਤੇ ਹਨ। ਇਸੇ ਕਿਸਮ ਦਾ ਰੋਸ ਕਰਾਨਟਕ ਸੂਬੇ ਵਿਚ ਵੀ ਹੈ। ਜ਼ਿਕਰਯੋਗ ਹੈ ਕਿ 15ਵੇਂ ਵਿੱਤ ਆਯੋਗ ਵਿੱਚ 2011 ਦੀ ਮਰਦਮਸ਼ੁਮਾਰੀ ਮੁਤਾਬਕ ਕਰਨਾਟਕ ਰਾਜ ਦਾ ਸਮੁੱਚੇ ਟੈਕਸਾਂ ਵਿੱਚੋਂ ਹਿੱਸਾ 4.72 ਤੋਂ ਘਟਾ ਕੇ 3.64 ਕਰ ਦਿੱਤਾ ਗਿਆ ਹੈ। 6 ਦੱਖਣੀ ਰਾਜ, ਇੰਡੀਆ ਦੇ ਕੁੱਲ ਟੈਕਸਾਂ ਦਾ ਵੱਡਾ ਹਿੱਸਾ ਭਰਦੇ ਹਨ ਪਰ ਹੋਰ ਰਾਜਾਂ ਦੇ ਮੁਕਾਬਲੇ ਇਨਾਂ ਰਾਜਾਂ ਨੂੰ ਟੈਕਸਾਂ ਦੇ ਬਦਲੇ ਵਿੱਚ ਸਭ ਤੋਂ ਘੱਟ ਹਿੱਸਾ ਮਿਲਦਾ ਹੈ। ਜਿੱਥੇ ਯੂ.ਪੀ ਨੂੰ 1 ਰੁਪਏ ਟੈਕਸ ਦੇ ਬਦਲੇ 1.70 ਰੁਪਏ ਮਿਲਦੇ ਹਨ ਉੱਥੇ ਕਰਨਾਟਕ ਨੂੰ 1 ਰੁਪਏ ਟੈਕਸ ਦੇ ਬਦਲੇ 1 ਰੁਪਏ ਦੇ ਅੱਧ ਨਾਲੋਂ ਵੀ ਘੱਟ, 0.47 ਪੈਸੇ ਹੀ ਮਿਲਦੇ ਹਨ।

ਪੰਜਾਬ ਸਰਕਾਰ ਵੱਲੋਂ ਵੀ ਕੇਂਦਰ ਸਰਕਾਰ ਅੱਗੇ ਕਈਂ ਵਾਰ ਰੋਸ ਜ਼ਾਹਰ ਕੀਤਾ ਗਿਆ ਹੈ ਕਿ ਰਾਜ ਵਿਚ ਪਰਿਵਾਰ ਸੁਧਾਰ ਅਤੇ ਅਬਾਦੀ ਘਟਾਉਣ ਲਈ ਕੀਤੇ ਗਏ ਉਪਰਾਲਿਆਂ ਕਰਕੇ ਉਨਾਂ ਨੂੰ ਮਿਲਣ ਵਾਲੇ ਟੈਕਸ ਦੇ ਹਿੱਸੇ 'ਚ ਕਟੌਤੀ ਨਾ ਕੀਤੀ ਜਾਵੇ ਪਰ ਕੇਂਦਰ ਵੱਲੋਂ ਇਸ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਅਜੇ ਵੀ ਪੰਜਾਬ ਦਾ ਜੀ.ਐਸ.ਟੀ ਦਾ ਬਣਦਾ ਹਿੱਸਾ ਕਈ ਮਹੀਨਿਆਂ ਦੀ ਦੇਰੀ ਨਾਲ ਦਿੱਤਾ ਜਾਂਦਾ ਹੈ, ਜਿਸ ਨਾਲ ਸੂਬਾ ਸਰਕਾਰ ਦਾ ਆਮ ਕਾਰ ਵਿਹਾਰ ਵੀ ਬਹੁਤ ਪ੍ਰਭਾਵਤ ਹੁੰਦਾ ਹੈ।

ਜੀ.ਐਸ.ਟੀ ਲਾਗੂ ਹੋਣ ਤੋਂ ਬਾਅਦ ਰਾਜ ਸਰਕਾਰਾਂ ਦੇ ਹਿੱਸੇ ਸਿਰਫ ਜਮੀਨ, ਤੇਲ ਅਤੇ ਸ਼ਰਾਬ ਤੋਂ ਹੀ ਟੈਕਸ ਉਗਰਾਹੁਣ ਦੀ ਤਾਕਤ ਬਚੀ ਹੈ ਜਿਸ ਕਰਕੇ ਸੂਬੇ ਆਪਣੇ ਆਮ ਕਾਰ ਵਿਹਾਰ ਨੂੰ ਸਿਰੇ ਚੜਾਉਣ ਲਈ ਵੀ ਕੇਂਦਰ ਸਰਕਾਰ ਕੋਲੋਂ ਆਉਂਦੇ ਜੀ.ਐਸ.ਟੀ ਦੇ ਹਿੱਸੇ ਉੱਤੇ ਨਿਰਭਰ ਕਰਦੇ ਹਨ।

ਇਸ ਵੇਲੇ ਪੰਜਾਬ ਸਿਰ ਤਕਰੀਬਨ 2 ਲੱਖ 60 ਹਜ਼ਾਰ ਕਰੋੜ ਰੁਪਏ ਦਾ ਕਰਜਾ ਹੈ ਜਿਸ ਦੀ ਆਉਂਦੇ ਤਿੰਨ ਚਾਰ ਸਾਲਾਂ 'ਚ ਵੱਧ ਕੇ 3 ਲੱਖ 75 ਹਜ਼ਾਰ ਕਰੋੜ ਰੁਪਏ ਹੋ ਜਾਣ ਦੀ ਸੰਭਾਵਨਾ ਹੈ। ਸਾਲ 2021-22 ਵਿੱਚ ਪੰਜਾਬ ਸਰਕਾਰ ਨੂੰ 20 ਹਜ਼ਾਰ 135 ਕਰੋੜ ਰੁਪਏ ਪਹਿਲਾਂ ਲਏ ਕਰਜੇ ਦੇ ਵਿਆਜ ਵਜੋਂ ਦੇਣੇ ਪੈਣਗੇ। ਪੰਜਾਬ ਸਰਕਾਰ ਦੇ ਆਪਣੇ ਬਜਟ ਅਨੁਸਾਰ ਰਾਜ ਨੂੰ ਇਸ ਵਿੱਤੀ ਸਾਲ ਵਿਚ ਆਪਣੇ ਖਰਚੇ ਪੂਰੇ ਕਰਨ ਲਈ ਤਕਰੀਬਨ 67 ਹਜ਼ਾਰ 336 ਕਰੋੜ ਰੁਪਏ ਦਾ ਕਰਜਾ ਲੈਣਾ ਪਵੇਗਾ।

ਇਸ ਵੇਲੇ ਤਾਮਿਲਨਾਡੂ ਦੀ ਡੀ.ਐਮ.ਕੇ ਸਰਕਾਰ ਵੱਲੋਂ ਕੀਤੀ ਗਈ ਪਹਿਲਕਦਮੀ ਤੋਂ ਪੰਜਾਬ ਦੇ ਰਾਜਨੀਤਕ ਆਗੂਆਂ ਨੂੰ ਸੇਧ ਲੈਣੀ ਚਾਹੀਦੀ ਹੈ ਅਤੇ ਸੂਬੇ ਦੀ ਮਾਲੀ ਹਾਲਤ ਬਾਰੇ ਸਹੀ ਅੰਕੜੇ ਅਤੇ ਮੁਸ਼ਕਲਾਂ ਲੋਕਾਂ ਸਾਹਮਣੇ ਲੈ ਕੇ ਆਉਣੀਆਂ ਚਾਹੀਦੀਆਂ ਹਨ। ਪੰਜਾਬ ਇਸ ਖੇਤਰ ਵਿੱਚ ਦੋਹਰੀ ਮਾਰ ਦਾ ਸ਼ਿਕਾਰ ਹੈ, ਜਿੱਥੇ ਕੇਂਦਰ ਦੀ ਕਾਣੀ ਵੰਡ ਅਤੇ ਪੰਜਾਬ ਦੀਆਂ ਲੋੜਾਂ ਤੋਂ ਉਲਟ ਯੋਜਨਾਵਾਂ ਦਾ ਭਾਰ ਸਹਿ ਰਿਹਾ ਹੈ ਉੱਥੇ ਪੰਜਾਬ ਦੇ ਘਰੇਲੂ ਆਮਦਨ ਦੇ ਸਾਧਨ ਮਾਫੀਆ ਤੰਤਰ ਅਤੇ ਰਾਜਨੀਤਕ ਲੀਡਰਾਂ ਦੀ ਲੁੱਟ ਦਾ ਸ਼ਿਕਾਰ ਹਨ। ਇਸ ਮੌਕੇ ਬਿਜਲੀ ਸਮਝੌਤਿਆਂ ਬਾਰੇ ਚਰਚਾ ਸ਼ੁਰੂ ਹੋਣੀ ਚੰਗੀ ਗੱਲ ਹੈ ਪਰ ਪੰਜਾਬ ਦੇ ਪਾਣੀਆਂ ਦਾ ਮਸਲਾ, ਖੇਤੀ ਬਾੜੀ ਢਾਂਚਾ ਬਦਲਣ ਦੀ ਲੋੜ, ਵਣਜਾਂ ਦੇ ਵਪਾਰ ਲਈ ਸੂਬੇ ਦੀ ਅਜਾਰੇਦਾਰੀ ਅਤੇ ਪੰਜਾਬ ਦੀ ਸਭਿਆਚਾਰਕ ਪਛਾਣ ਦਾ ਮਸਲਾ ਹਾਸ਼ੀਏ ਵੱਲ ਧੱਕਿਆ ਜਾਂਦਾ ਪ੍ਰਤੀਤ ਹੁੰਦਾ ਹੈ। ਇਸ ਵੇਲੇ ਪੰਜਾਬ ਦੀਆਂ ਰਾਜਨੀਤਕ ਜਮਾਤਾਂ ਇਹਨਾਂ ਮਸਲਿਆਂ ਤੋਂ ਬਹੁਤ ਵਿੱਥ 'ਤੇ ਹਨ, ਕਦੇ ਇਹਨਾਂ ਮਸਲਿਆਂ 'ਤੇ ਮੋਰਚੇ ਲਾਉਣ ਵਾਲੇ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਹਾਲਤ 'ਤੇ ਤਰਸ ਤੋਂ ਵੱਧ ਹੋਰ ਕੁਝ ਨਹੀਂ ਕੀਤਾ ਜਾ ਸਕਦਾ।

ਸਿਆਸੀ ਪਾਰਟੀਆਂ ਨੂੰ ਆਪਣੀ ਸਿਆਸਤ ਪੰਜਾਬ ਦੇ ਅਸਲ ਮੁੱਦਿਆਂ ਉੱਤੇ ਕੇਂਦਰਿਤ ਕਰਵਾਉਣ ਲਈ ਪੰਜਾਬ ਦੇ ਸੁਹਿਰਦ ਲੋਕ ਵੋਟ ਰਾਜਨੀਤੀ ਵਿੱਚ ਸਿੱਧੇ ਨਾ ਆ ਕੇ ਵੀ ਸਾਂਝੇ ਰੂਪ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਅ ਸਕਦੇ ਹਨ। ਪੰਜਾਬ ਦੇ ਇਤਿਹਾਸ ਵਿੱਚ ਅਜਿਹੀਆਂ ਉਦਾਹਰਨਾਂ ਪਈਆਂ ਹਨ ਜਦੋਂ ਇਹਨਾਂ ਸਿਆਸਤਦਾਨਾਂ ਉੱਤੇ ਲੋਕਾਂ ਦਾ ਕੁੰਡਾ ਰਿਹਾ ਅਤੇ ਮੁੱਦੇ ਵੀ ਲੋਕਾਂ ਨੇ ਤੈਅ ਕੀਤੇ ਜਿਨਾਂ ਉੱਤੇ ਚਾਹੁੰਦੇ ਨਾ ਚਾਹੁੰਦੇ ਇਹਨਾਂ ਸਿਆਸਤਦਾਨਾਂ ਨੂੰ ਖੜਨਾ ਪਿਆ। ਹੁਣ ਵੀ ਪੰਜਾਬ ਦੀਆਂ ਸੁਹਿਰਦ ਸਖਸ਼ੀਅਤਾਂ ਨੂੰ ਚਾਹੀਦਾ ਹੈ ਕਿ ਆਪਣੀ ਊਰਜਾ ਸਿਆਸੀ ਆਗੂਆਂ ਨੂੰ ਪੰਜਾਬ ਦੇ ਅਸਲ ਮੁੱਦਿਆਂ ਉੱਤੇ ਕੇਂਦਰਿਤ ਕਰਵਾਉਣ ਲਈ ਲਗਾਉਣ ਅਤੇ ਸਾਂਝੇ ਰੂਪ ਵਿੱਚ ਪਹਿਰੇਦਾਰੀ ਵੀ ਕਰਨ ਤਾਂ ਕਿ ਪੰਜਾਬ ਦੇ ਸਿਆਸੀ ਆਗੂਆਂ 'ਤੇ ਪੰਜਾਬ ਦੇ ਲੋਕਾਂ ਦਾ ਕੁੰਡਾ ਮੁੜ ਬਹਾਲ ਕਰਨ ਵੱਲ ਵਧਿਆ ਜਾ ਸਕੇ।

# ਅਸਫ਼ਲ ਰਾਜ ਦੀਆਂ ਵਿਸ਼ੇਸ਼ਤਾਈਆਂ



ਰਣਜੀਤ ਸਿੰਘ ਕੁਕੀ

ਲ਼ੋਕ ਰਾਜਾਂ ਨੂੰ ਉਸ ਅਧਿਕਾਰ ਖੇਤਰ ਦੇ ਤੌਰ ਤੇ ਜਾਣਦੇ ਹਨ ਜੋ ਕਿਸੇ ਸਰਕਾਰ ਦੇ ਅਧੀਨ ਕੰਮ ਕਰਦਾ ਹੈ, ਜਦੋਂ ਇਹ ਰਾਜਨੀਤਿਕ ਢਾਂਚਾ ਜਾਂ ਵਿਵਸਥਾ ਨਹੀਂ ਕੰਮ ਕਰ ਪਾਉਂਦੀ ਤਾਂ ਇਸ ਦਾ ਨਤੀਜਾ ਅਸਫਲ ਰਾਜ ਦੇ ਰੂਪ ਵਿਚ ਨਿਕਲਦਾ ਹੈ।ਅਸਫਲ ਰਾਜ ਦੀਆਂ ਦੋ ਪ੍ਰਮੁੱਖ ਵਿਸ਼ੇਸ਼ਤਾਈਆਂ ਨੂੰ ਦੋ ਪੜਾਆਂ ਵਿਚ ਵੰਡਿਆ ਜਾ ਸਕਦਾ ਹੈ।ਪਹਿਲੇ ਪੜਾਅ ਵਿਚ ਸਰਕਾਰ ਲੋਕਾਂ ਅਤੇ ਆਪਣੇ ਅਧਿਕਾਰ ਖੇਤਰ ਉੱਪਰ ਸ਼ਾਸ਼ਨ ਨਹੀਂ ਕਰ ਸਕਦੀ।ਦੂਜੇ ਪੜਾਅ ਵਿਚ ਇਹ ਆਪਣੀਆਂ ਸਰਹੱਦਾਂ ਦੀ ਰਾਖੀ ਕਰਨ ਵਿਚ ਨਾਕਾਮ ਰਹਿੰਦੀ ਹੈ।ਦੂਜੇ ਸ਼ਬਦਾਂ ਵਿਚ ਸਰਕਾਰੀ ਢਾਂਚਾ ਬੁਰੀ ਤਰਾਂ ਅਸਫਲ ਹੋ ਜਾਂਦਾ ਹੈ।ਵੱਖ-ਵੱਖ ਹਿੱਤਾਂ ਨਾਲ ਸੰਬੰਧਿਤ ਪੱਛਮੀ ਸੰਸਾਰ ਅਸਫਲ ਰਾਜਾਂ ਪ੍ਰਤੀ ਚਿੰਤਿਤ ਹੋ ਗਿਆ ਹੈ ਅਤੇ ਇਸ ਨੂੰ ਸੁਰੱਖਿਆ ਲਈ ਖ਼ਤਰੇ ਵਜੋਂ ਦੇਖਦਾ ਹੈ।ਅਸਫਲ ਰਾਜ ਦੇ ਸੰਕਲਪ ਨੂੰ ਨੀਤੀ ਦਖ਼ਲ ਦੇ ਬਚਾਓ ਲਈ ਵੀ ਵਰਤਿਆ ਜਾਂਦਾ ਹੈ।ਪੱਛਮੀ ਰਾਜਨੀਤਿਕ ਚਿੰਤਕਾਂ ਜਿਵੇਂ ਚੈਸਟਰਮੈਨ ਅਤੇ ਇਗਨਟਾਈਫ ਵਿਕਸਿਤ ਪੱਛਮੀ ਦੇਸ਼ਾਂ ਅਤੇ ਅੰਤਰ-ਰਾਸ਼ਟਰੀ ਸੰਸਥਾਵਾਂ ਦੁਆਰਾ ਕਾਰਵਾਈ ਦੀ ਮਿਆਦ ਬਾਰੇ ਮਤ ਪੇਸ਼ ਕਰਦੇ ਹਨ। ਇਸ ਵਿਚ ਮੁੱਖ ਮੁੱਦਾ ਇਹ ਹੈ ਕਿ ਸੰਕਟ ਦੀ ਸਥਿਤੀ ਵਿਚ ਇਸ ਉੱਤੇ ਉਦੋਂ ਹੀ ਧਿਆਨ ਦਿੱਤਾ ਜਾਂਦਾ ਹੈ ਜਦੋਂ ਕਿ ਅਸਫਲ ਰਾਜ ਦਾ ਢਾਂਚਾ ਅਤੇ ਇਸ ਦੀਆਂ ਸੰਸਥਾਵਾਂ ਬਣਨ ਵਿਚ ਦਹਾਕੇ ਲੱਗਦੇ ਹਨ।ਇਸ ਤਰਾਂ ਪ੍ਰਭਾਵਸ਼ਾਲੀ ਰਾਜ ਬਣਾਉਣ ਇਕ ਹੌਲੀ ਅਤੇ ਕਾਲਕ੍ਰਮ ਵਿਚ ਬੱਝੀ ਪ੍ਰੀਕਿਰਿਆ ਹੈ ਅਤੇ ਇਸ ਨੂੰ ਜਨਤਾ ਸਾਹਮਣੇ ਹੋਰ ਢੰਗ ਨਾਲ ਪੇਸ਼ ਕਰਨਾ ਕਪਟ ਹੈ।

ਪੱਛਮ ਦੀ ਦੂਜੇ ਦੇਸ਼ਾਂ ਵਿਚ ਦਖ਼ਲ ਦੀ ਨੀਤੀ ਹਮੇਸ਼ਾ ਸਾਕਾਰਤਮਕ ਨਹੀਂ ਰਹੀ ਹੈ ਜਿਵੇਂ ਕਿ ਬੀਤੇ ਵਿਚ ਅਮਰੀਕਾ ਦੇ ਦੂਜੇ ਦੇਸ਼ਾਂ ਵਿਚ ਦਖ਼ਲ ਰਾਹੀ ਸਮਝਿਆ ਜਾ ਸਕਦਾ ਹੈ।ਅਸਫਲ ਰਾਜ ਦੇ ਸੰਕਲਪ ਨੂੰ ਵਿਕਸਿਤ ਦੇਸ਼ਾਂ ਦੁਆਰਾ ਘੱਟ ਸ਼ਕਤੀਸ਼ਾਲੀ ਰਾਜਾਂ ਉੱਪਰ ਹਿੱਤਾਂ ਨੂੰ ਥੋਪਣ ਦੇ ਰੂਪ ਵਿਚ ਵੀ ਦੇਖਿਆ ਜਾ ਸਕਦਾ ਹੈ।ਸੋਮਾਲੀਆ, ਅਫਗਾਨਿਸਤਾਨ, ਲਾਈਬੇਰੀਆ ਜਾਂ ਸੂਡਾਨ ਜਿਹੇ ਦੇਸ਼ਾਂ ਉੱਪਰ ਪੱਛਮੀ ਦੇਸ਼ਾਂ ਨੇ ਆਪਣੇ ਹੀ ਸਥਿਰ ਰਾਜ ਦੇ ਸੰਕਲਪ ਨੂੰ ਥੋਪਿਆ ਹੈ ਅਤੇ ਦੇਸ਼ ਦੇ ਨਿਰਮਾਣ ਸੰਬੰਧੀ ਆਪਣੀਆਂ ਹੀ ਨੀਤੀਆਂ ਪੇਸ਼ ਕੀਤੀਆਂ ਹਨ।ਬੋਸਨੀਆ ਅਤੇ ਕੋਸੋਵੋ ਜਿਹੇ ਦੇਸ਼ਾਂ ਵਿਚ ਸਫਲ ਦਖ਼ਲ ਦੇ ਮੁਕਾਬਲਤਨ ਅਫਗਾਨਿਸਤਾਨ ਅਤੇ ਇਰਾਕ ਵਿਚ ਉਨਾਂ ਦਾ ਦੇਸ਼ ਨਿਰਮਾਣ ਦੀ ਨੀਤੀ ਅਸਫਲ ਹੋਈ ਹੈ ਅਤੇ ਆਪਣੇ ਉਦੇਸ਼ ਦੀ ਪੂਰਤੀ ਤੋਂ ਬਗੈਰ ਇਕ ਟ੍ਰਿਲੀਅਨ ਡਾਲਰ ਖਰਚ ਕੇ ਵੀ ਇਸ ਵਿਚ ਹਜ਼ਾਰਾਂ ਹੀ ਅਮਰੀਕਨਾਂ ਨੇ ਆਪਣੀ ਜਾਨ ਗੁਆਈ ਹੈ।ਮੌਜੂਦਾ ਸਮੇਂ ਵਿਚ ਜਿਨਾਂ ਦੇਸ਼ਾਂ/ ਰਾਜਾਂ ਦਾ ਢਾਂਚਾ ਢਹਿ ਰਿਹਾ ਹੈ, ਉਹਨਾਂ ਦੀ ਗਿਣਤੀ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਇਕ ਅਸਫ਼ਲ ਰਾਜ ਦੇ ਕਈ ਲੱਛਣ ਹੁੰਦੇ ਹਨ।ਇਸ ਦੀ ਸਭ ਤੋਂ ਪ੍ਰਮੁੱਖ ਵਿਸ਼ੇਸ਼ਤਾ ਹੈ ਕਿ ਇਸ ਵਿਚ ਕੇਂਦਰੀ ਸਰਕਾਰ ਬਹੁਤ ਹੀ ਕਮਜ਼ੋਰ ਅਤੇ ਪ੍ਰਭਾਵਹੀਣ ਹੁੰਦੀ ਹੈ ਅਤੇ ਇਸ ਦਾ ਆਪਣੇ ਅਧਿਕਾਰ ਖੇਤਰ, ਜਨਤਕ ਸੇਵਾਵਾਂ ਦੀ ਪੂਰਤੀ ਉੱਪਰ ਬਹੁਤ ਹੀ ਘੱਟ ਨਿਯੰਤ੍ਰਣ ਹੁੰਦਾ ਹੈ ਅਤੇ ਇਸ ਵਿਚ ਵਿਆਪਕ ਭ੍ਰਿਸ਼ਟਾਚਾਰ, ਅਪਰਾਧ, ਅਬਾਦੀ ਦਾ ਇਕ ਥਾਂ ਤੋਂ ਦੂਜੀ ਥਾਂ ਜਾਣਾ ਅਤੇ ਆਰਥਿਕ ਘਾਟਾ ਵੀ ਸ਼ਾਮਿਲ ਹੁੰਦੇ ਹਨ। ਸ਼ਾਂਤੀ ਲਈ ਫੰਡ ਦੁਆਰਾ ੨੦੦੫ ਤੋਂ ਹੀ ਅਸਫ਼ਲ ਜਾਂ ਕਮਜ਼ੋਰ ਰਾਜਾਂ ਦੀ ਸੂਚੀ ਲਗਾਤਾਰ ਛਾਪੀ ਜਾਂਦੀ ਹੈ। ਇਸ ਲਿਸਟ ਨੂੰ ਹੀ ਪੱਤਰਕਾਰਾਂ ਅਤੇ ਅਕਾਦਮਿਕਾਂ ਦੁਆਰਾ ਵੱਡੇ ਪੱਧਰ ਤੇ ਦੇਸ਼ਾਂ ਦੇ ਤੁਲਨਾਤਮਕ ਅਧਿਐਨ ਲਈ ਵਰਤਿਆ ਜਾਂਦਾ ਹੈ।ਇਹ ਰਿਪੋਰਟ ਬਾਰਾਂ ਤੱਥਾਂ ਨੂੰ ਆਪਣਾ ਆਧਾਰ ਬਣਾਉਂਦੀ ਹੈ ਜਿਸ ਵਿਚ ਸੁਰੱਖਿਆ, ਆਰਥਿਕਤਾ, ਮਨੁੱਖੀ ਅਧਿਕਾਰ ਅਤੇ ਰਿਫਿਊਜੀਆਂ ਦੀ ਸਥਿਤੀ ਜਿਹੇ ਮਸਲੇ ਸ਼ਾਮਿਲ ਹੁੰਦੇ ਹਨ।ਜਿਹੜੇ ਰਾਜ ਅਸਫਲ ਮੰਨੇ ਜਾਂਦੇ ਹਨ, ਉਹਨਾਂ ਵਿਚ ਸੀਰੀਆ, ਸੋਮਾਲੀਆ, ਮਿਆਂਮਾਰ, ਇਰਾਕ, ਯੀਮਿਨ, ਕਾਂਗੋ, ਲਾਈਬੇਰੀਆ, ਲੈਬੇਨਾਨ, ਅਫਗਾਨਿਸਤਾਨ, ਦੱਖਣੀ ਸੂਡਾਨ ਆਦਿ ਸ਼ਾਮਿਲ ਹਨ।ਸਥਿਰ ਰਾਜ ਲਈ ਸਰਕਾਰ ਦਾ ਵੈਧ ਅਤੇ ਪ੍ਰਭਾਵਸ਼ਾਲੀ ਹੋਣਾ ਬਹੁਤ ਜਰੂਰੀ ਹੈ।ਅਸਫ਼ਲ ਰਾਜ ਇਸ ਤਰਾਂ ਦਾ ਰਾਜਨੀਤਿਕ ਢਾਂਚਾ ਹੈ ਜਿਸ ਦਾ ਇਸ ਹੱਦ ਤੱਕ ਪਤਨ ਹੋ ਗਿਆ ਹੈ ਜਿੱਥੇ ਸਰਕਾਰ ਆਪਣੀਆਂ ਮੁੱਢਲੀਆਂ ਜ਼ਿੰਮੇਵਾਰੀਆਂ ਨੂੰ ਵੀ ਪੂਰਾ ਕਰਨ ਤੋਂ ਅਸਮਰੱਥ ਹੈ, ਦੇਸ਼ ਕਮਜ਼ੋਰ ਹੋ ਜਾਂਦਾ ਹੈ, ਲੋਕਾਂ ਦੇ ਰਹਿਣ-ਸਹਿਣ ਦੇ ਪੱਧਰ ਵਿਚ ਵੀ ਗਿਰਾਵਟ ਆ ਜਾਂਦੀ ਹੈ ਅਤੇ ਸਰਕਾਰ ਬਹੁਤ ਬੁਰੀ ਤਰਾਂ ਢਹਿ ਜਾਂਦੀ ਹੈ।ਸ਼ਾਂਤੀ ਲਈ ਫੰਡ ਨੇ ਆਪਣੀ ਰਿਪੋਰਟ ਵਿਚ ਅਸਫਲ ਰਾਜ ਦੀਆਂ ਇਹਨਾਂ ਵਿਸ਼ੇਸ਼ਤਾਈਆਂ ਵੱਲ ਧਿਆਨ ਦੁਆਇਆ ਹੈ: ਕਮਜ਼ੋਰ ਕੇਂਦਰੀ ਸਰਕਾਰ, ਕਰ ਇਕੱਠਾ ਕਰਨ ਵਿਚ ਅਸਮਰੱਥਤਾ, ਆਪਣੇ ਅਧਿਕਾਰ ਖੇਤਰ ਉੱਪਰ ਘੱਟ ਨਿਯੰਤ੍ਰਣ, ਭ੍ਰਿਸ਼ਟਾਚਾਰ, ਅਪਰਾਧ ਅਤੇ ਰਿਫਊਜੀਆਂ ਦਾ ਮਸਲੇ।

ਅਸਫਲ ਰਾਜ ਦੇ ਸੰਬੰਧ ਵਿਚ ਇਕ ਨਵਾਂ ਸ਼ਬਦ ਵਰਤਿਆ ਜਾਣ ਲੱਗਿਆ ਹੈ: ਅਸਫਲ ਸ਼ਹਿਰਾਂ ਦਾ ਸੰਕਲਪ।ਇਹ ਇਸ ਧਾਰਣਾ ਉੱਪਰ ਅਧਾਰਿਤ ਹੈ ਕਿ ਇਕ ਰਾਜ ਆਪਣੇ ਪੱਧਰ ਤੇ ਕੰਮ ਕਰਦਾ ਰਹਿ ਸਕਦਾ ਹੈ, ਪਰ ਉੱਪ-ਰਾਜ ਦੇ ਸੰਬੰਧ ਵਿਚ ਉਸ ਵਿਚ ਮੁੱਢਲੇ ਢਾਂਚੇ, ਆਰਥਿਕ ਅਤੇ ਸਮਾਜਿਕ ਨੀਤੀਆਂ ਦੇ ਸੰਬੰਧ ਵਿਚ ਗਿਰਾਵਟ ਆ ਸਕਦੀ ਹੈ।ਇਸ ਵਿਚ ਕੁਝ ਖੇਤਰ ਜਾਂ ਸ਼ਹਿਰ ਰਾਜ ਦੇ ਨਿਯੰਤ੍ਰਣ ਤੋਂ ਬਾਹਰ ਹੋ ਸਕਦੇ ਹਨ ਜਿਸ ਉਪਰ ਰਾਜ ਦਾ ਸ਼ਾਸ਼ਨ ਨਾ ਹੋਵੇ ਜਿਵੇਂ ਕਿ ਸੋਮਾਲੀਆ ਵਿਚ ਸੋਮਾਲੀਲੈਂਡ।ਹਾਲਾਂਕਿ, ਅਸਫਲ ਰਾਜ ਦੀ ਪਰਿਭਾਸ਼ਾ ਨੂੰ ਲੈ ਕੇ ਕੋਈ ਇਕ ਮੱਤ ਨਹੀਂ ਹੈ। ਇਸ ਦੇ ਸੰਬੰਧ ਵਿਚ ਜੋ ਵਿਅਕਤੀਗਤ ਸੂਚਕ ਵਰਤੇ ਜਾਂਦੇ ਹਨ, ਉਹਨਾਂ ਨੇ ਇਸ ਦੀ ਪਰਿਭਾਸ਼ਾ ਨੂੰ ਲੈ ਕੇ ਅਸਪੱਸ਼ਟਤਾ ਪੈਦਾ ਕਰ ਦਿੱਤੀ ਹੈ।ਜਿਆਦਾਤਰ ਵਿਦਵਾਨਾਂ ਦੇ ਮਤ ਅਤੇ ਸਰਕਾਰ ਦੀ ਪ੍ਰਭਾਵਸ਼ੀਲਤਾ ਤੋਂ ਹੀ ਇਸ ਦਾ ਅੰਦਾਜਾ ਲਗਾਇਆ ਜਾਂਦਾ ਹੈ ਕਿ ਕੋਈ ਰਾਜ ਅਸਫਲ ਰਾਜ ਹੈ ਜਾਂ ਨਹੀਂ।ਸ਼ਾਂਤੀ ਲਈ ਫੰਡ ਨੇ ਇਕ ਅਸਫਲ ਰਾਜ ਦੀ ਸਥਿਤੀ ਆਂਕਣ ਲਈ ਆਪਣੀ ਰਿਪੋਰਟ ਵਿਚ ਇਕ ਰਾਜ ਦੀਆਂ ਲੋਕਤੰਤਰੀ ਸੰਸਥਾਵਾਂ ਉੱਪਰ ਜੋਰ ਦਿੱਤਾ ਹੈ।ਜਿਸ ਤਰਾਂ ਅਸਫਲ ਰਾਜ ਦੇ ਸੰਕਲਪ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ, ਉਸ ਨੂੰ ਪ੍ਰਮੁੱਖ ਵਿਦਵਾਨਾਂ ਜਿਵੇਂ ਮਾਰਟਿਨ ਬੌਸ ਅਤੇ ਕੈਥਲੀਨ ਜੈਨਿੰਗਸ ਦੁਆਰਾ ਸਾਹਮਣੇ ਲਿਆਂਦਾ ਹੈ ਜੋ ਕਿ ਪ੍ਰਮੁੱਖ ਰੂਪ ਵਿਚ ਅਫਗਾਨਿਸਤਾਨ, ਸੋਮਾਲੀਆ, ਲਾਈਬੇਰੀਆ, ਸੂਡਾਨ ਅਤੇ ਨਾਈਜ਼ੀਰੀਆ ਦੇ ਨਿਗਰ ਡੈਲਟਾ ਖੇਤਰ ਦਾ ਅਧਿਐਨ ਕਰਦੇ ਹਨ। ਉਨਾਂ ਦਾ ਮਤ ਹੈ ਕਿ ਅਸਫਲ ਰਾਜ ਦੇ ਸੰਕਲਪ ਦੀ ਵਰਤੋਂ ਕਰਨਾ ਅਸਲ ਵਿਚ ਰਾਜਨੀਤਿਕ ਹੈ ਅਤੇ ਇਹ ਪੱਛਮੀ ਸੁਰੱਖਿਆ ਅਤੇ ਹਿੱਤਾਂ ਬਾਰੇ ਪੱਛਮੀ ਸਮਝ ਉੱਪਰ ਅਧਾਰਿਤ ਹੈ।

ਅਸਫਲ ਰਾਜ ਦੇ ਮਾਪਦੰਡਾਂ ਨੂੰ ਗਿਣਾਤਮਕ ਅਤੇ ਗੁਣਾਤਮਕ ਵਿਚ ਵੰਡਿਆ ਜਾਂਦਾ ਹੈ।ਅਸਫਲ ਰਾਜ ਸੰਬੰਧੀ ਗੁਣਾਤਮਕ ਮਾਪਦੰਡ ਦਾ ਭਾਵ ਹੈ ਸੂਚੀਆਂ ਅਤੇ ਸ਼੍ਰੇਣੀਆਂ ਬਣਾਉਣਾ। ਇਸ ਵਿਚ ਰਾਜ ਦੀ ਕਮਜ਼ੋਰੀ ਸੰਬੰਧੀ ਸੂਚੀਆਂ ਬਹੁਤ ਮਹੱਤਵਪੂਰਨ ਹੁੰਦੀਆਂ ਹਨ।ਕਮਜ਼ੋਰ ਰਾਜ ਦੀ ਸੂਚੀ ਵਿਚ ੧੭੮ ਦੇਸ਼ਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਮੌਜੂਦਾ ਸਮੇਂ ਵਿਚ ਫਿਨਲੈਂਡ ਸਭ ਤੋਂ ਸਥਿਰ ਅਤੇ ਟਿਕਾਊ ਦੇਸ਼ ਹੈ ਅਤੇ ਇਸ ਸੂਚੀ ਵਿਚ ਯੀਮਿਨ ਸਭ ਤੋਂ ਅਸਫਲ ਰਾਜ ਹੈ। ਇਸ ਵਿਚ ਭਾਰਤ ਦਾ ਦਰਜਾ ਚੇਤਾਵਨੀ ਪ੍ਰਾਪਤ ਬੁਰੀ ਤਰਾਂ ਡੋਲਦੇ ਹੋਏ ਰਾਜ ਦਾ ਹੈ ਜੋ ਕਿ ਅਸਫਲ ਰਾਜ ਹੋਣ ਦੇ ਕੰਢੇ ਤੇ ਹੈ।ਗੁਣਾਤਮਕ ਮਾਪਦੰਡ ਵਿਚ ਸਿਧਾਂਤਕ ਚੌਖਟੇ ਨੂੰ ਲਿਆ ਜਾਂਦਾ ਹੈ।ਗਿਣਾਤਮਕ ਪਹੁੰਚ ਵਿਚ ਪਾਰਦਰਸ਼ਤਾ ਦੀ ਘਾਟ ਹੁੰਦੀ ਹੈ ਜਦੋਂ ਕਿ ਗੁਣਾਤਮਕ ਪਹੁੰਚ ਵਿਚ ਪ੍ਰੋਗਰਾਮ ਦੀ ਵਿਭਿੰਨਤਾ ਸ਼ਾਮਿਲ ਹੁੰਦੀ ਹੈ।ਵਿਦੇਸ਼ੀ ਅਤੇ ਸੁਰੱਖਿਆ ਨੀਤੀ ਨਾਲ ਸੰਬੰਧਿਤ ਮਾਹਿਰ ਅਸਫਲ ਹੋ ਰਹੇ ਰਾਜਾਂ ਦੀ ਵਧਦੀ ਗਿਣਤੀ ਨੂੰ ਵਿਸ਼ਵ ਸੁਰੱਖਿਆ ਲਈ ਖਤਰਾ ਮੰਨਦੇ ਹਨ।ਸੋਮਾਲੀਆ ਜਿੱਥੇ ਕੇਂਦਰੀ ਸਰਕਾਰ ਪ੍ਰਭਾਵਸ਼ਾਲੀ ਤਰੀਕੇ ਨਾਲ ਆਪਣੇ ਅਧਿਕਾਰ ਖੇਤਰ ਵਿਚ ਸ਼ਾਸਨ ਕਰਨ ਵਿਚ ਅਸਮਰੱਥ ਰਹੀ ਹੈ, ਉਸ ਨੂੰ ਸੰਸਾਰ ਦੇ ਕਮਜ਼ੋਰ ਰਾਜਾਂ ਵਿਚ ਗਿਣਿਆ ਜਾਂਦਾ ਹੈ।ਇਸ ਤਰਾਂ ਦੇ ਕਮਜ਼ੋਰ ਰਾਜਾਂ ਲਈ ਪੱਛਮੀ ਸੰਸਾਰ ਕਾਫੀ ਹੱਦ ਤੱਕ ਜ਼ਿੰਮੇਵਾਰ ਹੈ।ਸਦੀਆਂ ਦੇ ਬਸਤੀਵਾਦੀ ਰਾਜ ਅਤੇ ਸ਼ੋਸ਼ਣ, ਸਰਹੱਦਾਂ ਦੀ ਬੇਢੰਗੀ ਵੰਡ ਜਿਸ ਨੇ ਲੋਕਾਂ ਨੂੰ ਨਸਲੀ ਸਮੂਹਾਂ ਵਿਚ ਵੰਡਿਆ ਅਤੇ ਰਾਜਨੀਤਿਕ ਚਾਲਾਂ ਨੇ ਉੱਥੇ ਸ਼ਾਂਤੀਪੂਰਵਕ ਸਹਿ-ਹੋਂਦ ਵਿਚ ਰੁਕਾਵਟ ਪੈਦਾ ਕੀਤੀ ਹੋਈ ਹੈ।

ਰਾਜਾਂ ਵਿਚ ਗਿਰਾਵਟ ਦੇ ਵਰਤਾਰੇ ਨੂੰ ਅਗਰ ਅੰਤਰਰਾਸ਼ਟਰੀ ਵਿਵਸਥਾ ਅਤੇ ਕਾਨੂੰਨ ਦੇ ਵਿਸ਼ਵੀ ਪੱਧਰ ਤੋਂ ਦੇਖਦੇ ਹਾਂ ਤਾਂ ਇਹ ਪਾਇਆ ਗਿਆ ਹੈ ਕਿ ਇਹ ਅੰਤਰਰਾਸ਼ਟਰੀ ਭਾਈਚਾਰੇ ਲਈ ਚਿੰਤਾ ਦਾ ਵਿਸ਼ਾ ਹੈ। ਇਸ ਦਾ ਕਾਰਣ ਹੈ ਕਿ ਅਗਰ ਇਸ ਦੇ ਮੈਂਬਰਾਂ ਵਿਚੋਂ ਇਕ ਵੀ ਚੰਗੀ ਤਰਾਂ ਕੰਮ ਨਹੀਂ ਕਰ ਰਿਹਾ ਤਾਂ ਇਹ ਦੂਜਿਆ ਲਈ ਵੀ ਖਤਰਾ ਹੈ।ਅਸਫਲ ਰਾਜ ਦਾ ਵਰਤਾਰਾ ਬਹੁਤ ਹੀ ਮਹੱਤਵਪੂਰਨ ਹੈ ਜੋ ਕਿ ਮੌਜੂਦਾ ਸਮੇਂ ਵਿਚ ਕੁਝ ਦੇਸ਼ਾਂ ਵਿਚ ਗੰਭੀਰ ਰੂਪ ਵਿਚ ਸਾਹਮਣੇ ਆ ਰਿਹਾ ਹੈ ਅਤੇ ਕੁਝ ਕੁ ਦੇਸ਼ਾਂ ਦੇ ਸੰਦਰਭ ਵਿਚ ਇਹ ਅਜੇ ਓਨਾ ਪ੍ਰਤੱਖ ਨਹੀਂ ਹੈ। ਸੰਸਾਰ ਵਿਚ ਕਿਸੇ ਵੀ ਰਾਜ ਦਾ ਅਸਫਲ ਹੋਣ ਦੀ ਸਥਿਤੀ ਵਿਚ ਅਰਾਜਕਤਾ ਫੈਲਣ ਦੀ ਸੰਭਾਵਨਾ ਰਹਿੰਦੀ ਹੈ ਜਿਸ ਵਿਚ ਅਲੱਗ-ਅਲੱਗ ਸਮੂਹ ਸੱਤਾ ਲਈ ਲੜਦੇ ਹਨ ਜਿਸ ਦਾ ਨਤੀਜਾ ਹਥਿਆਰਬੰਦ ਹਿੰਸਾ ਦੇ ਰੂਪ ਵਿਚ ਨਿਕਲਦਾ ਹੈ। ਇਸ ਵਿਚ ਅਫਗਾਨਿਸਤਾਨ ਦੀ ਉਦਾਹਰਣ ਸਾਡੇ ਸਾਹਮਣੇ ਹੈ।

ਭਾਰਤ ਦਾ ਕਮਜ਼ੋਰ ਰਾਜਾਂ ਦੀ ਸੂਚੀ ਵਿਚ ਸਥਾਨ ੨੦੨੦ ਵਿਚ ੭੫ ਦੀ ਬਜਾਇ ੨੦੨੧ ਵਿਚ ੭੭ਵਾਂ ਹੋ ਗਿਆ ਹੈ। ਇਸ ਵਿਚ ਸੂਚੀ ਵਿਚ ਜਿੰਨਾ ਸਥਾਨ ਉੱਚਾ ਹੁੰਦਾ ਹੈ, ਉਹ ਰਾਜ ਓਨਾ ਹੀ ਜਿਆਦਾ ਕਮਜ਼ੋਰ ਹੁੰਦਾ ਹੈ।ਇਹ ਸੂਚੀ ਸਿਰਫ ਓਨਾ ਦਬਾਆਂ ਨੂੰ ਹੀ ਨਹੀਂ ਦਿਖਾਉਂਦੀ ਜੋ ਇਕ ਰਾਜ ਆਮ ਤੌਰ ਤੇ ਅਨੁਭਵ ਕਰਦਾ ਹੈ, ਪਰ ਇਹ ਵੀ ਦਿਖਾਉਂਦੀ ਹੈ ਕਦੋਂ ਉਹ ਦਬਾਅ ਏਨੇ ਜਿਆਦਾ ਵਧ ਜਾਂਦੇ ਹਨ ਕਿ ਇਹ ਰਾਜ ਦੇ ਨਿਯੰਤ੍ਰਣ ਤੋਂ ਬਾਹਰ ਹੋ ਜਾਂਦੇ ਹਨ।ਮੋਦੀ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਭਾਰਤ ਦੀ ਸਥਿਤੀ ਇਸ ਸੂਚੀ ਵਿਚ ਬਦ ਤੋਂ ਬਦਤਰ ਹੁੰਦੀ ਚਲੀ ਗਈ ਹੈ।ਸਰਕਾਰ ਦੀ ਕੋਰ ਰਾਜਨੀਤੀ ਵਿਚ ਏਨੀ ਗਿਰਾਵਟ ਆਈ ਕਿ ਇਹ ਹੁਣ ਸੱਤਾ ਦੇ ਕੇਂਦਰੀਕਰਨ ਦੀ ਨਵੀਂ ਸਥਿਤੀ ਵਿਚ ਪਹੁੰਚ ਗਈ ਹੈ।ਰਾਜ ਦੀ ਕੁੱਲ ਕਮਜ਼ੋਰੀ ਵਿਚ ੨੦੧੩ ਵਿਚ ੧੭੮ ਦੇਸ਼ਾਂ ਵਿਚੋਂ ਭਾਰਤ ਦਾ ਸਥਾਨ ੭੯ ਵਾਂ ਸੀ, ਉਦੋਂ ਕਾਂਗਰਸ ਦੀ ਸਰਕਾਰ ਸੱਤਾ ਵਿਚ ਸੀ।ਭਾਰਤ ਦੀ ਸਥਿਤੀ ਵਿਚ ਗਿਰਾਵਟ ਆਉਣ ਲਈ ਪ੍ਰਮੁੱਖ ਕਾਰਣਾਂ ਵਿਚੋਂ ਆਮਦਨ ਦੀ ਨਾ-ਬਰਾਬਰਤਾ ਹੈ।ਭਾਰਤ ਵਿਚ ਸੰਸਾਰ ਦਾ ਸਭ ਤੋਂ ਜਿਆਦਾ ਸਾਧਨਾ ਦੀ ਨਾ-ਬਰਾਬਤਰਾ ਦਾ ਪ੍ਰਬੰਧਨ ਹੈ ਜੋ ਕਿ ਇਸ ਨੂੰ ਕਮਜ਼ੋਰ ਰਾਜ ਹੋਣ ਵੱਲ ਧੱਕਦਾ ਹੈ।ਅਧਿਐਨ ਇਹ ਦੱਸਦੇ ਹਨ ਕਿ ਬੀਜੇਪੀ ਦੇ ਸੱਤਾ ਵਿਚ ਆਉਣ ਤੋਂ ਬਾਅਦ ਭਾਰਤ ਦੀ ਕਮਜ਼ੋਰ ਰਾਜ ਦੀ ਸਥਿਤੀ ਵਿਚ ਵਾਧਾ ਹੋਇਆ ਹੈ।

**ਬਾਕੀ ਸਫ਼ਾ 30 'ਤੇ**

# ਮਾਮਲਾ ਕਾਨਪੁਰ ਵਿੱਚ 1984 ਦੇ ਸਿੱਖ ਕਤਲੇਆਮ ਦਾ

## ✡ ਘਰ ਦੇ ਦੋ ਬੰਦ ਕਮਰਿਆਂ ਵਿੱਚ ਐੱਸਆਈਟੀ ਨੂੰ ਕਈ ਸਬੂਤ ਮਿਲੇ ✡ ਐੱਸਆਈਟੀ ਨੇ 10 ਅਗਸਤ ਨੂੰ ਕੀਤਾ ਦਾਅਵਾ ✡ ਪੀੜਤ ਸਿੱਖਾਂ ਨੇ ਸਬੂਤਾਂ ਨੂੰ ਗਲਤ ਦੱਸਿਆ

**ਕਾਨਪੁਰ/ਏ.ਟੀ.ਨਿਊਜ਼ :** ਕਾਨਪੁਰ ਵਿੱਚ 1984 ਦੇ ਸਿੱਖ ਕਤਲੇਆਮ ਦੀ ਜਾਂਚ ਕਰ ਰਹੀ ਐੱਸਆਈਟੀ ਨੇ 10 ਅਗਸਤ ਨੂੰ ਦਾਅਵਾ ਕੀਤਾ ਕਿ ਉਨਾਂ ਨੂੰ ਇੱਕ ਘਰ ਦੇ ਦੋ ਬੰਦ ਕਮਰਿਆਂ ਵਿੱਚ 36 ਸਾਲ ਪੁਰਾਣੀ ਇਸ ਘਟਨਾ ਦੇ ਕਈ ਸਬੂਤ ਮਿਲੇ ਹਨ, ਜਿਨਾਂ ਵਿੱਚ ਮਨੁੱਖੀ ਖ਼ੂਨ ਅਤੇ ਸਰੀਰ ਦੇ ਕੁਝ ਨਮੂਨਿਆਂ ਤੋਂ ਇਲਾਵਾ ਲਾਸ਼ਾਂ ਨੂੰ ਸਾੜਨ ਦੇ ਸਬੂਤ ਵੀ ਸ਼ਾਮਿਲ ਹਨ। ਪਰ ਉਸ ਘਰ ਵਿੱਚ ਰਹਿਣ ਵਾਲੇ ਮੌਜੂਦਾ ਮਕਾਨ ਮਾਲਕ ਅੰਗਦ ਸਿੰਘ ਰੋਸ਼ੀ ਨੇ ਇਨਾਂ ਸਾਰੇ ਦਾਅਵਿਆਂ ਨੂੰ ਖਾਰਿਜ ਕਰ ਦਿੱਤਾ ਹੈ। ਮਕਾਨ ਮਾਲਕ ਦਾ ਕਹਿਣਾ ਹੈ ਕਿ ਇਹ ਘਰ ਉਨਾਂ ਦੇ ਪਿਤਾ ਨੇ ਸਾਲ 1990 ਵਿੱਚ ਖਰੀਦਿਆ ਸੀ, ਉਦੋਂ ਤੋਂ ਨਾ ਤਾਂ ਉਨਾਂ ਦੇ ਘਰ ਦੇ ਕਿਸੇ ਕਮਰੇ ਨੂੰ ਤਾਲਾ ਲੱਗਿਆ ਹੋਇਆ ਹੈ ਅਤੇ ਨਾ ਹੀ ਐੱਸਆਈਟੀ ਦੀ ਟੀਮ ਨੇ 10 ਅਗਸਤ ਨੂੰ ਇੱਥੋਂ ਕੋਈ ਅਜਿਹੇ ਸਬੂਤ ਇਕੱਠੇ ਕੀਤੇ ਹਨ। ਦੂਸਰੇ ਪਾਸੇ ਐੱਸਆਈਟੀ ਦੇ ਪੁਲਿਸ ਸੁਪਰੀਟੇਂਡੈਂਟ ਬਾਲੇਂਦੂ ਭੂਸ਼ਣ ਨੇ ਦੱਸਿਆ, 'ਫੋਰੈਂਸਿਕ ਟੀਮ ਨੂੰ ਕੰਧ ਅਤੇ ਫਰਸ਼ 'ਤੇ ਮਨੁੱਖੀ ਖ਼ੂਨ ਦੇ ਨਮੂਨੇ ਮਿਲੇ ਹਨ ਅਤੇ ਇਨਾਂ ਦੀ ਪੁਸ਼ਟੀ ਵੀ ਕੀਤੀ ਗਈ ਹੈ। ਜਾਂਚ ਟੀਮ ਨੇ ਆਪਣੀ ਰਿਪੋਰਟ ਵਿੱਚ ਇਸ ਦਾ ਜ਼ਿਕਰ ਕੀਤਾ ਹੈ। ਪਹਿਲਾਂ ਜਨਵਰੀ ਵਿੱਚ ਵੀ ਇੱਕ ਘਰ ਵਿੱਚ ਇਸੇ ਤਰਾਂ ਦੇ ਸਬੂਤ ਮਿਲੇ ਸਨ। ਇਨਾਂ ਸਾਰੇ ਸਬੂਤਾਂ ਨਾਲ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਇੱਥੇ ਹੱਤਿਆ ਹੋਈ ਸੀ।ਬਾਲੇਂਦੂ ਭੂਸ਼ਣ ਦਾ ਕਹਿਣਾ ਹੈ ਕਿ ਇਨਾਂ ਹੀ ਕਮਰਿਆਂ ਵਿੱਚ ਦੋ ਸਿਖਾਂ ਦੀ ਹੱਤਿਆ ਕੀਤੀ ਗਈ ਸੀ। ਉਨਾਂ ਦੇ ਅਨੁਸਾਰ, ਇਸ ਗੱਲ ਨੂੰ ਹਰ ਕੋਈ ਜਾਣਦਾ ਹੈ ਤੇ ਐੱਸਆਈਟੀ ਨੇ ਫੋਰੈਂਸਿਕ ਟੀਮ ਦੇ ਨਾਲ ਇਸ ਦੀ ਪੁਸ਼ਟੀ ਵੀ ਕਰ ਦਿੱਤੀ ਹੈ। ਉਨਾਂ ਕਿਹਾ ਕਿ ਇਸ ਤੋਂ ਵੱਧ ਹੁਣ ਹੋਰ ਕੋਈ ਸਬੂਤ ਨਹੀਂ ਮਿਲ ਸਕਦੇ ਕਿਉਂਕਿ ਘਟਨਾ ਇੰਨੀ ਪੁਰਾਣੀ ਹੋ ਚੁੱਕੀ ਹੈ ਅਤੇ ਬਹੁਤੇ ਘਰ ਤਾਂ ਹੁਣ ਉਸ ਹਾਲਤ ਵਿੱਚ ਰਹੇ ਵੀ ਨਹੀਂ, ਜਿਸ ਵਿੱਚ ਉਹ ਘਟਨਾ ਦੇ ਸਮੇਂ ਸਨ। ਘਰ ਦੇ ਮਾਲਕ ਅਤੇ ਜਾਂਚ ਟੀਮ ਦੀ ਜਾਂਚ ਦੌਰਾਨ ਉੱਥੇ ਮੌਜੂਦ ਹੋਰ ਲੋਕਾਂ ਨੇ ਵੀ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਇਹ ਕਮਰੇ ਬੰਦ ਸਨ ਜਾਂ ਫਿਰ ਇੱਥੇ ਕਿਸੇ ਤਰਾਂ ਦੇ ਕੋਈ ਸਬੂਤ ਮਿਲੇ ਹਨ।

ਕਾਨਪੁਰ ਦੇ ਦਬੌਲੀ ਮੁਹੱਲੇ ਦੇ ਐੱਲ ਬਲਾਕ ਵਿੱਚ ਸਥਿਤ ਇਸ ਘਰ ਦੇ ਮਾਲਕ, ਅੰਗਦ ਸਿੰਘ ਰੋਸ਼ੀ ਨੇ ਦੱਸਿਆ, 'ਇਸ ਘਰ ਨੂੰ ਮੇਰੇ ਪਿਤਾ ਹਰਵਿੰਦਰ ਸਿੰਘ ਨੇ ਸਾਲ 1990 ਵਿੱਚ ਖਰੀਦਿਆ ਸੀ।' ਲੋਕਾਂ ਦਾ ਕਹਿਣਾ ਹੈ ਉਨਾਂ ਇਸ ਘਰ ਵਿੱਚ ਪਹਿਲਾਂ ਕਦੇ ਕੁਝ ਨਹੀਂ ਦੇਖਿਆ।ਪਿਛਲੇ ਸਾਲ ਮੇਰੇ ਪਿਤਾ ਦਾ ਦਿਹਾਂਤ ਹੋ ਗਿਆ ਸੀ। ਮੈਨੂੰ ਇਸ ਬਾਰੇ ਬਹੁਤ ਜ਼ਿਆਦਾ ਕੁਝ ਪਤਾ ਨਹੀਂ ਹੈ। ਪਰ ਜਦੋਂ ਤੋਂ ਅਸੀਂ ਇਹ ਘਰ ਖਰੀਦਿਆ ਹੈ, ਇਸ ਦਾ ਇੱਕ ਵੀ ਕਮਰਾ ਬੰਦ ਨਹੀਂ ਹੈ। ਉਨਾਂ ਕਿਹਾ, 'ਐੱਸਆਈਟੀ ਅਤੇ ਫੋਰੈਂਸਿਕ ਟੀਮ ਬੀਤੇ ਹਫਤੇ ਆਈ ਸੀ। ਉਨਾਂ ਨੇ ਮੇਰੇ ਕੋਲੋਂ ਅਤੇ ਮੁਹੱਲੇ ਦੇ ਕਈ ਲੋਕਾਂ ਤੋਂ ਵੀ ਪੁੱਛਗਿੱਛ ਕੀਤੀ ਸੀ।ਕੁਝ ਪੁਲਿਸ ਵਾਲੇ ਮੇਰੇ ਨਾਲ ਇੱਥੇ ਹੀ ਬੈਠੇ ਰਹੇ ਅਤੇ ਕੁਝ ਲੋਕਾਂ ਨੇ ਅੰਦਰ ਜਾ ਕੇ ਕੁਝ ਜਾਂਚ-ਪੜਤਾਲ ਕੀਤੀ। ਮੈਨੂੰ ਉੱਥੇ ਨਹੀਂ ਆਉਣ ਦਿੱਤਾ ਗਿਆ ਅਤੇ ਕਿਹਾ ਗਿਆ ਕਿ ਮੈਂ ਇੱਥੇ ਹੀ ਬੈਠਾ ਰਹਾਂ।15-20 ਮਿੰਟਾਂ ਤੱਕ ਜਾਂਚ-ਪੜਤਾਲ ਕਰਨ ਤੋਂ ਬਾਅਦ, ਟੀਮ ਚਲੀ ਗਈ। ਮੈਨੂੰ ਨਹੀਂ ਪਤਾ ਕਿ ਮੇਰੇ ਘਰ ਵਿੱਚ ਉਨਾਂ ਨੂੰ ਕਿੱਥੇ ਖ਼ੂਨ ਦੇ ਧੱਬੇ ਮਿਲ ਗਏ ਅਤੇ ਕਿੱਥੇ ਸੜਨ ਦੇ ਨਿਸ਼ਾਨ।'

1 ਨਵੰਬਰ 1984 ਨੂੰ ਦਬੌਲੀ ਦੇ ਇਸ ਘਰ ਵਿੱਚ ਇੱਕ ਵਪਾਰੀ ਤੇਜ ਪ੍ਰਤਾਪ ਸਿੰਘ ਅਤੇ ਉਸ ਦੇ ਪੁੱਤਰ ਸੱਤਿਆਵੀਰ ਸਿੰਘ ਦੀ ਹੱਤਿਆ ਕਰਨ ਤੋਂ ਬਾਅਦ ਲਾਸ਼ਾਂ ਨੂੰ ਸਾੜ ਦਿੱਤਾ ਗਿਆ ਸੀ।ਉਸ ਸਮੇਂ ਉਨਾਂ ਦੇ ਪਰਿਵਾਰ ਦੇ ਬਾਕੀ ਮੈਂਬਰ ਇਹ ਘਰ ਛੱਡ ਕੇ ਬਾਹਰ ਚਲੇ ਗਏ ਸਨ। ਬਾਅਦ ਵਿੱਚ ਇਹ ਘਰ ਹਰਵਿੰਦਰ ਸਿੰਘ ਨੇ ਖਰੀਦ ਲਿਆ।

ਹਰਵਿੰਦਰ ਸਿੰਘ ਹੁਣ ਜ਼ਿੰਦਾ ਨਹੀਂ ਹਨ ਪਰ ਉਨਾਂ ਦੇ ਪੁੱਤਰ ਅੰਗਦ ਸਿੰਘ ਆਪਣੇ ਪਰਿਵਾਰ ਨਾਲ ਇੱਥੇ ਰਹਿੰਦੇ ਹਨ।ਅੰਗਦ ਸਿੰਘ ਕਹਿੰਦੇ ਹਨ, 'ਜਿਨਾਂ ਕਮਰਿਆਂ ਵਿੱਚ ਐੱਸਆਈਟੀ ਖ਼ੂਨ ਦੇ ਧੱਬੇ ਮਿਲਣ ਦਾ ਦਾਅਵਾ ਕਰ ਰਹੀ ਹੈ ਉਨਾਂ ਕਮਰਿਆਂ ਵਿੱਚ ਅਸੀਂ ਪਿਛਲੇ ਦਸ ਸਾਲਾਂ ਤੋਂ ਪਾਣੀ ਦਾ ਪਲਾਂਟ ਚਲਾ ਰਹੇ ਸੀ।ਪਿਛਲੇ ਸਾਲ ਜਦੋਂ ਮੇਰੇ ਪਿਤਾ ਜੀ ਦੀ ਮੌਤ ਹੋਈ ਤਾਂ ਅਸੀਂ ਪਲਾਂਟ ਬੰਦ ਕਰ ਦਿੱਤਾ ਸੀ। ਹੁਣ ਕਮਰਿਆਂ ਦੀ ਸਾਫ਼-ਸਫ਼ਾਈ ਅਤੇ ਰੰਗ ਕਰਵਾ ਕੇ ਇਨਾਂ ਨੂੰ ਕਿਰਾਏ 'ਤੇ ਦੇਣ ਦੀ ਤਿਆਰੀ ਕਰ ਰਹੇ ਹਾਂ।'

ਐੱਸਆਈਟੀ ਦੀ ਟੀਮ ਦੁਆਰਾ ਜਾਂਚ ਦੇ ਦੌਰਾਨ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਕੁਝ ਹੋਰ ਪੀੜਤ ਵੀ ਉੱਥੇ ਮੌਜੂਦ ਸਨ ਅਤੇ ਉਨਾਂ ਲੋਕਾਂ ਦਾ ਵੀ ਇਹੀ ਕਹਿਣਾ ਹੈ ਕਿ ਇਨਾਂ ਕਮਰਿਆਂ ਦੀ ਹਾਲਤ ਅਜਿਹੀ ਹੈ ਕਿ ਇੱਥੋਂ ਖ਼ੂਨ ਦੇ ਧੱਬਿਆਂ ਵਰਗੇ ਕੋਈ ਸਬੂਤ ਮਿਲ ਹੀ ਨਹੀਂ ਸਕਦੇ।

ਗੁਮਟੀ ਨੰਬਰ 5 ਦੇ ਨੇੜੇ ਦਰਸ਼ਨਪੁਰਵਾ ਵਿੱਚ ਰਹਿਣ ਵਾਲੇ ਵਿਸ਼ਾਖਾ ਸਿੰਘ ਇੱਕ ਜਨਰਲ ਸਟੋਰ ਦੇ ਮਾਲਿਕ ਹਨ।ਉਹ ਵੀ ਇਨਾਂ ਕਤਲੇਆਮ ਦਾ ਦਰਦ ਝੱਲ ਚੁੱਕੇ ਹਨ। ਸਾਲ 1984 ਵਿੱਚ ਉਹ ਵੀ ਆਪਣੇ ਪਰਿਵਾਰ ਨਾਲ ਦਬੌਲੀ ਵਿੱਚ ਹੀ ਰਹਿੰਦੇ ਸਨ।ਉਨਾਂ ਦੇ ਚਾਰ ਭਰਾ, ਇੱਕ ਭੈਣ ਅਤੇ ਮਾਪਿਆਂ ਸਮੇਤ ਪਰਿਵਾਰ ਦੇ ਕੁਲ ਸੱਤ ਮੈਂਬਰ ਨਵੰਬਰ ਚੌਰਾਸੀ ਦੀ ਹਿੰਸਾ ਦੀ ਭੇਂਟ ਚੜ ਗਏ ਸਨ।

ਗੁਮਟੀ ਨੰਬਰ 5 ਦੇ ਨੇੜੇ ਦਰਸ਼ਨਪੁਰਵਾ ਵਿੱਚ ਰਹਿਣ ਵਾਲੇ ਵਿਸ਼ਾਖਾ ਸਿੰਘ ਇੱਕ ਜਨਰਲ ਸਟੋਰ ਦੇ ਮਾਲਿਕ ਹਨ।ਵਿਸ਼ਾਖਾ ਸਿੰਘ ਉਸ ਘਰ ਵਿੱਚ ਇਕੱਲੇ ਹੀ ਬਚੇ ਸਨ ਜਦੋਂ ਕਿ ਦਬੌਲੀ ਦੇ ਹੀ ਇੱਕ ਹੋਰ ਘਰ ਵਿੱਚ ਰਹਿਣ ਵਾਲੇ ਉਨਾਂ ਦੇ ਤਿੰਨ ਹੋਰ ਭਰਾ ਵੀ ਬਚ ਗਏ।ਦਰਸ਼ਨਪੁਰਵਾ ਵਿੱਚ ਵਿਸ਼ਾਖਾ ਸਿੰਘ ਦੀਆਂ ਦੋ ਦੁਕਾਨਾਂ ਵੀ ਲੁੱਟੀਆਂ ਗਈਆਂ ਸਨ। ਜਿਸ ਸਮੇਂ ਐੱਸਆਈਟੀ ਦੀ ਟੀਮ ਦਬੌਲੀ ਵਿਖੇ ਅੰਗਦ ਸਿੰਘ ਦੇ ਘਰ ਦੀ ਜਾਂਚ ਕਰ ਰਹੀ ਸੀ, ਉਸ ਸਮੇਂ ਵਿਸ਼ਾਖਾ ਸਿੰਘ ਵੀ ਉੱਥੇ ਹੀ ਮੌਜੂਦ ਸਨ।

ਵਿਸ਼ਾਖਾ ਸਿੰਘ ਕਹਿੰਦੇ ਹਨ, 'ਐੱਸਆਈਟੀ ਨੂੰ ਪਤਾ ਨਹੀਂ ਕਿੱਥੋਂ, ਕਿਹੜਾ ਸਬੂਤ ਮਿਲ ਗਿਆ ਹੈ। ਤੀਹ ਸਾਲਾਂ ਤੋਂ ਘਰ ਵਰਤੋਂ ਵਿੱਚ ਹੈ। ਸਾਫ਼-ਸਫ਼ਾਈ ਹੋ ਚੁੱਕੀ ਹੈ, ਕਿੰਨੀ ਵਾਰ ਪੁਟਾਈ ਹੋ ਚੁੱਕੀ ਹੈ, ਹੁਣ ਉੱਥੇ ਕੁਝ ਵੀ ਮਿਲਣ ਦਾ ਕੋਈ ਸਵਾਲ ਹੀ ਨਹੀਂ ਹੈ।'

ਉਹ ਕਹਿੰਦੇ ਹਨ, 'ਐੱਸਆਈਟੀ ਨੇ ਕੁਝ ਨਾ ਕੁਝ ਤਾਂ ਦਿਖਾਉਣਾ ਹੀ ਹੈ, ਇਸ ਲਈ ਵਿੱਚ-ਵਿੱਚ ਇਸ ਤਰਾਂ ਦੀਆਂ ਗੱਲਾਂ ਕਰਦੀ ਰਹਿੰਦੀ ਹੈ। ਦੂਜੀ ਗੱਲ ਇਹ, ਕਿ ਜੇ ਇਹ ਸਾਰੀਆਂ ਚੀਜ਼ਾਂ ਹੁਣ ਮਿਲ ਵੀ ਜਾਣ ਤਾਂ ਉਨਾਂ ਨਾਲ ਕੀ ਹੋਣ ਵਾਲਾ ਹੈ।ਇਹ ਗੱਲ ਪਹਿਲਾਂ ਹੀ ਪਤਾ ਲੱਗ ਚੁੱਕੀ ਹੈ ਕਿ ਤੇਜ ਸਿੰਘ ਅਤੇ ਉਨਾਂ ਦੇ ਬੇਟੇ ਨੂੰ ਉੱਥੇ ਹੀ ਮਾਰਿਆ ਗਿਆ, ਸਾੜ ਦਿੱਤਾ ਗਿਆ ਅਤੇ ਘਰ ਤਬਾਹ ਕਰ ਦਿੱਤਾ ਗਿਆ।

ਬਾਕੀ ਸਫ਼ਾ 30 'ਤੇ





## ਘਰ ਨੂੰ ਯਾਦਗਾਰ ਬਣਾਇਆ ਜਾਵੇ : ਫੂਲਕਾ

ਸੀਨੀਅਰ ਐਡਵੋਕੇਟ ਹਰਵਿੰਦਰ ਸਿੰਘ ਫੂਲਕਾ ਨੇ ਮੰਗ ਕੀਤੀ ਹੈ ਕਿ ਇਸ ਘਰ ਨੂੰ ਸਾਂਭਣ ਦਾ ਸਿਹਰਾ ਉਨਾਂ ਘਰ ਵਾਲਿਆਂ ਨੂੰ ਦਿੱਤਾ ਜਾਂਦਾ ਹੈ ਜਿਨਾਂ ਨੇ 36 ਸਾਲ ਇਸ ਘਰ ਨੂੰ ਸੰਭਾਲ ਕੇ ਰੱਖਿਆ।ਇਸ ਕਰਕੇ ਕੌਮ ਦਾ ਵੀ ਫ਼ਰਜ਼ ਬਣਦਾ ਕਿ ਇਸ ਘਰ ਨੂੰ 36 ਸਾਲ ਤੱਕ ਸੰਭਾਲਣ ਲਈ ਇਸ ਪਰਿਵਾਰ ਦਾ ਕੌਮ ਵੱਲੋ ਸਨਮਾਨ ਕੀਤਾ ਜਾਵੇ। ਰਵਿੰਦਰ ਸਿੰਘ ਰੋਬਿਨ ਮੁਤਾਬਕ ਉਨਾਂ ਨੇ ਕਿਹਾ ਕਿ ਇਸ ਘਰ ਨੂੰ ਸ਼੍ਰੋਮਣੀ ਕਮੇਟੀ ਖਰੀਦੇ ਤੇ ਉੱਥੇ ਇੱਕ ਯਾਦਗਾਰ ਬਣਾਈ ਜਾਵੇ।ਇਸ ਵਿੱਚ ਕਾਨਪੁਰ ਵਿੱਚ ਜਿਹੜੇ 127 ਸਿੱਖ ਕਤਲ ਕੀਤੇ ਗਏ ਸੀ ਉਨਾਂ ਦੀਆਂ ਫੋਟੋਆਂ ਵੀ ਲਗਾਈਆਂ ਜਾਣ। ਇਹ ਸ਼ਾਇਦ ਪੂਰੇ ਭਾਰਤ ਵਿੱਚ ਇੱਕੋ ਹੀ ਜਗਾ ਹੈ ਜਿੱਥੇ ਹਾਲੇ ਵੀ ਸਭ ਪਹਿਲੇ ਦਿਨ ਦੀ ਤਰਾਂ ਜਲੇ ਹੋਏ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਇਸ ਲਈ ਇਸ ਨੂੰ 1984 ਦੇ ਕਤਲੇਆਮ ਦੀ ਯਾਦਗਾਰ ਦੇ ਵਜੋਂ ਬਣਾਇਆ ਜਾਵੇ। ਸ਼੍ਰੋਮਣੀ ਕਮੇਟੀ ਤੁਰੰਤ ਆਪਣੀ ਟੀਮ ਕਾਨਪੁਰ ਭੇਜੇ ਤਾਂ ਜੋ ਟੀਮ ਸਰਕਾਰ ਨਾਲ ਮਿਲ ਕੇ ਇਸ ਨੂੰ ਖਰੀਦੇ ਤੇ ਇੱਥੇ ਯਾਦਗਾਰ ਬਣਾਉਣ ਦਾ ਕੰਮ ਤੁਰੰਤ ਸ਼ੁਰੂ ਹੋ ਸਕੇ।

ਅੰਮ੍ਰਿਤਸਰ ਟਾਈਮਜ ਅਨੁਸਾਰ ਦਰਅਸਲ, 2018 ਦੇ ਵਿੱਚ ਸੁਪਰੀਮ ਕੋਰਟ ਨੇ ਦਿੱਲੀ ਦੇ ਕੇਸਾਂ ਦੀ ਇਨਕੁਆਇਰੀ ਕਰਨ ਲਈ ਖੁਦ ਐਸਆਈਟੀ ਬਣਾਈ ਸੀ ਜਿਸ ਦੇ ਮੁਖੀ ਜਸਟਿਸ ਐੱਸ ਐੱਨ ਢੀਂਗਰਾ ਨੂੰ ਬਣਾਇਆ ਗਿਆ ਸੀ।ਕਾਨਪੁਰ ਦੇ ਬਾਰੇ ਸੁਪਰੀਮ ਕੋਰਟ ਨੇ ਕਾਨਪੁਰ ਸਰਕਾਰ ਨੂੰ ਐਸਆਈਟੀ ਬਣਾਉਣ ਦੇ ਬਾਰੇ ਨੋਟਿਸ ਜਾਰੀ ਕੀਤਾ ਸੀ ਉਸ ਤੋਂ ਬਾਅਦ ਉੱਤਰ ਪ੍ਰਦੇਸ਼ ਸਰਕਾਰ ਨੇ 5 ਫਰਵਰੀ 2019 ਵਿੱਚ ਇਸ ਐਸਆਈਟੀ ਦਾ ਗਠਨ ਕੀਤਾ ਸੀ। ਇਸ ਸਿਟ ਨੇ ਇਹਨਾਂ ਕੇਸਾਂ ਨੂੰ ਖੋਲ ਕੇ ਦੁਬਾਰਾ ਜਾਂਚ ਸ਼ੁਰੂ ਕੀਤੀ ਹੈ।ਪਰ ਹਾਲੇ ਇਨਸਾਫ ਦੀ ਗੱਲ ਦੂਰ ਦੀ ਹੈ।







# ਅ.ਫਗਾਨਿਸਤਾਨ 'ਤੇ ਕਬਜ਼ੇ ਤੋਂ ਬਾਅਦ ਤਾਲਿਬਾਨ ਦੀ ਪਹਿਲੀ ਪ੍ਰੈਸ ਕਾਨਫਰੰਸ

## ✪ ਬੁਲਾਰੇ ਜ਼ਬੀਹੁੱਲਾਹ ਮੁਜਾਹਿਦ ਨੇ ਕਾਨ.ਫਰੰਸ ਵਿੱਚ ਜਨਤਾ ਨੂੰ ਕੀਤਾ ਸੰਬੋਧਨ ✪ 'ਅਸੀਂ ਕੋਈ ਬਾਹਰੀ ਜਾਂ ਅੰਦਰੂਨੀ ਦੁਸ਼ਮਣ ਨਹੀਂ ਚਾਹੁੰਦੇ' ✪ ਤਾਲਿਬਾਨੀ ਔਰਤਾਂ ਸਰਕਾਰ ਵਿੱਚ ਸ਼ਾਮਲ ਹੋਣਗੀਆਂ : ਜ਼ਬੀਹੁੱਲਾਹ ਮੁਜਾਹਿਦ

**ਕਾਬੁਲ/ਏ.ਟੀ.ਨਿਊਜ਼:** ਅ.ਫਗਾਨਿਸਤਾਨ ਉੱਤੇ ਤਾਲਿਬਾਨ ਦਾ ਮੁਕੰਮਲ ਕਬਜ਼ਾ ਹੋ ਗਿਆ ਹੈ । ਅ.ਫਗਾਨਿਸਤਾਨ ਦੇ ਕਬਜ਼ੇ ਤੋਂ ਬਾਅਦ ਕਾਬੁਲ ਵਿੱਚ ਤਾਲਿਬਾਨੀਆਂ ਦੁਆਰਾ ਪਹਿਲੀ ਕਾਨਫਰੰਸ ਕੀਤੀ ਗਈ, ਜਿਸ ਵਿੱਚ ਤਾਲਿਬਾਨੀਆਂ ਨੇਤਾਵਾਂ ਨੂੰ ਪੱਤਰਕਾਰਾਂ ਵੱਲੋਂ ਪ੍ਰਸ਼ਨ ਵੀ ਪੁੱਛੇ ਗਏ। ਇਸ ਕਾਨ.ਫਰੰਸ ਵਿਚ ਜ਼ਬੀਉੱਲਾ ਮੁਜਾਹਿਦ ਨੇ ਇਸ ਗੱਲ ਨੂੰ ਯਕੀਨੀ ਬਣਾਉਂਦਿਆਂ ਕਿਹਾ ਹੈ ਕਿ ਉਹ ਤਾਲਿਬਾਨ ਔਰਤਾਂ ਦੇ ਅਧਿਕਾਰਾਂ ਦਾ ਸਤਿਕਾਰ ਕਰੇਗਾ, ਜੋ ਵੀ ਤਾਲਿਬਾਨ ਦਾ ਵਿਰੋਧ ਕਰ ਰਹੇ ਹਨ ਉਨਾਂ ਨੂੰ ਵੀ ਮੁਆਫ਼ ਕਰ ਦਿੱਤਾ ਜਾਵੇਗਾ । ਉਨਾਂ ਨੇ ਐਲਾਨ ਕੀਤਾ ਹੈ ਕਿ ਉਹ ਦੂਜੇ ਦੇਸ਼ਾਂ ਨਾਲ ਸ਼ਾਂਤੀਪੂਰਨ ਸਬੰਧਾਂ ਦੀ ਇੱਛਾ ਰੱਖਦੇ ਹਨ। ਕਾਨ.ਫਰੰਸ ਵਿਚ ਗੱਲ ਕਰਦਿਆਂ ਜ਼ਬੀਹੁੱਲਾਹ ਮੁਜਾਹਿਦ ਨੇ ਕਿਹਾ ਕਿ ਮੈਂ ਇਸ ਉੱਤੇ ਪੂਰੇ ਦੇਸ਼ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿ ਅਸੀਂ ਵਿਦੇਸ਼ੀਆਂ ਨੂੰ ਇੱਥੋਂ ਕੱਢ ਦਿੱਤਾ ਹੈ । ਇਹ ਕੇਵਲ ਇੱਕ ਮਾਣ ਹੈ ਪੂਰੇ ਦੇਸ਼ ਲਈ ਜਿਸ ਨੇ ਪੂਰੇ ਰਾਸ਼ਟਰ ਦਾ ਇਤਿਹਾਸ ਬਦਲ ਕੇ ਰੱਖ ਦਿੱਤਾ ਹੈ ਤੇ ਇਸੇ ਲਈ ਮੈਂ ਸਮੁੱਚੀ ਕੌਮ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਤੇ ਮੈਂ ਤੁਹਾਡਾ ਸਵਾਗਤ ਕਰਦਾ ਹਾਂ। ਅਜ਼ਾਦੀ ਅਤੇ ਸੁਤੰਤਰਤਾ ਦੀ ਮੰਗ ਕਰਨਾ ਹਰ ਇੱਕ ਕੌਮ ਦਾ ਜਾਇਜ਼ ਅਧਿਕਾਰ ਹੈ । ਇਹ ਸਾਡਾ ਅਧਿਕਾਰ ਸੀ ਅਤੇ ਅਸੀਂ ਇਹ ਅਧਿਕਾਰ ਪ੍ਰਾਪਤ ਕੀਤਾ। ਅਸੀਂ ਸਰਬਸ਼ਕਤੀਮਾਨ ਪ੍ਰਮਾਤਮਾ ਦਾ ਸ਼ੁਕਰਗੁਜ਼ਾਰ ਹੋਣਾ ਚਾਹੁੰਦੇ ਹਾਂ ਕਿ ਉਸਨੇ ਸਾਨੂੰ ਇਸ ਅਵਸਥਾ ਵਿਚ ਲਿਆਂਦਾ ਹੈ। ਇਸ ਰਾਸ਼ਟਰ ਦੀ ਅਜ਼ਾਦੀ ਤੋਂ ਬਾਅਦ ਸਾਨੂੰ ਕਿਸੇ ਨਾਲ ਕੋਈ ਵੈਰ-ਵਿਰੋਧ ਨਹੀਂ ਹੈ।

ਅਸੀਂ ਜਾਣਦੇ ਹਾਂ ਕਿ ਅਸੀਂ ਸੱਚਮੁੱਚ ਚੁਣੌਤੀਪੂਰਨ ਦੌਰ ਅਤੇ ਸੰਕਟਾਂ ਵਿੱਚੋਂ ਲੰਘ ਰਹੇ ਹਾਂ, ਬਹੁਤ ਸਾਰੀਆਂ ਗਲਤੀਆਂ ਕੀਤੀਆਂ ਗਈਆਂ ਸਨ ਜੋ ਕਿ ਕਬਜ਼ਾ ਕਰਨ ਵਾਲਿਆਂ ਲਈ ਲਾਭਦਾਇਕ ਸਨ। ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਅਫਗਾਨਿਸਤਾਨ ਹੁਣ ਸੰਘਰਸ਼ ਦਾ ਮੈਦਾਨ ਨਹੀਂ, ਲੜਾਈ ਦਾ ਮੈਦਾਨ ਹੈ। ਅਸੀਂ ਉਨਾਂ ਸਾਰਿਆਂ ਨੂੰ ਮੁਆਫ਼ ਕਰ ਦਿੱਤਾ ਹੈ, ਜਿਨਾਂ ਨੇ ਸਾਡੇ ਵਿਰੁੱਧ ਲੜਾਈ ਲੜੀ ਸੀ। ਅਸੀਂ ਦੁਬਾਰਾ ਕਿਸੇ ਵਿਵਾਦ ਨੂੰ ਦੁਹਰਾਉਣਾ ਨਹੀਂ ਚਾਹੁੰਦੇ, ਅਸੀਂ ਸੰਘਰਸ਼ ਦੇ ਕਾਰਕਾਂ ਨੂੰ ਦੂਰ ਕਰਨਾ ਚਾਹੁੰਦੇ ਹਾਂ, ਇਸ ਲਈ, ਇਸਲਾਮਿਕ ਅਮੀਰਾਤ ਦੀ ਕਿਸੇ ਨਾਲ ਕਿਸੇ ਕਿਸਮ ਦੀ ਦੁਸ਼ਮਣੀ ਨਹੀਂ ਹੈ; ਦੁਸ਼ਮਣੀ ਖਤਮ ਹੋ ਗਈ ਹੈ ਅਤੇ ਅਸੀਂ ਸ਼ਾਂਤੀ ਨਾਲ ਰਹਿਣਾ ਚਾਹੁੰਦੇ ਹਾਂ, ਅਸੀਂ ਕੋਈ ਅੰਦਰੂਨੀ ਦੁਸ਼ਮਣ ਅਤੇ ਕੋਈ ਬਾਹਰੀ ਦੁਸ਼ਮਣ ਨਹੀਂ ਚਾਹੁੰਦੇ। ਬਿਨਾਂ ਸ਼ੱਕ, ਅਸੀਂ ਬਹੁਤ ਇਤਿਹਾਸਕ ਪੜਾਅ 'ਤੇ ਹਾਂ, ਸਾਡੇ ਦੇਸ਼ਵਾਸੀਆਂ ਅਤੇ ਔਰਤਾਂ ਜਿਨਾਂ ਦੀ ਉਡੀਕ ਕੀਤੀ ਜਾ ਰਹੀ ਹੈ, ਮੈਂ ਇਹ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਬਹੁਤ ਜਲਦ ਸਲਾਹ-ਮਸ਼ਵਰੇ ਤੋਂ ਬਾਅਦ, ਅਸੀਂ ਇੱਕ ਮਜ਼ਬੂਤ ਇਸਲਾਮਿਕ ਅਤੇ ਸਮਾਵੇਸ਼ੀ ਸਰਕਾਰ ਦੇ ਗਠਨ ਨੂੰ ਵੇਖਾਂਗੇ।

ਅਸੀਂ ਕਾਬੁਲ ਦੇ ਵਸਨੀਕਾਂ ਨੂੰ ਉਨਾਂ ਦੀ ਇੱਜ਼ਤ ਅਤੇ ਸੁਰੱਖਿਆ ਦਾ ਭਰੋਸਾ ਦਿਵਾਉਣਾ ਚਾਹੁੰਦੇ ਹਾਂ। ਉਨਾਂ ਨੂੰ ਪਹਿਲਾਂ ਵੀ ਸੁਰੱਖਿਆ ਦਾ ਭਰੋਸਾ ਦਿੱਤਾ ਗਿਆ ਹੈ, ਦਿਨੋ ਦਿਨ ਹੋਰ ਸੁਰੱਖਿਆ ਨੂੰ ਯਕੀਨੀ ਬਣਾਉਣ ਤੋਂ ਬਾਅਦ, ਅਫਗਾਨਿਸਤਾਨ, ਖਾਸ ਕਰਕੇ ਕਾਬੁਲ ਵਿੱਚ ਦੂਤਾਵਾਸਾਂ ਦੀ ਸੁਰੱਖਿਆ ਸਾਡੇ ਲਈ ਬਹੁਤ ਮਹੱਤਵਪੂਰਨ ਹੈ।

ਪਹਿਲਾਂ, ਅਸੀਂ ਇਹ ਭਰੋਸਾ ਦਿਵਾਉਣਾ ਚਾਹੁੰਦੇ ਹਾਂ ਕਿ ਜਿਨਾਂ ਖੇਤਰਾਂ ਵਿੱਚ ਦੂਤਾਵਾਸ ਹਨ, ਉੱਥੇ ਪੂਰੀ ਸੁਰੱਖਿਆ ਹੋਵੇਗੀ। ਇਸ ਲਈ ਸਾਰੇ ਵਿਦੇਸ਼ੀ ਦੇਸ਼ ਅਤੇ ਤੁਹਾਡੇ ਨੁਮਾਇੰਦੇ, ਤੁਹਾਡੇ ਦੂਤਾਵਾਸ, ਤੁਹਾਡੇ ਮਿਸ਼ਨ, ਅੰਤਰਰਾਸ਼ਟਰੀ ਸੰਸਥਾਵਾਂ, ਸਹਾਇਤਾ ਏਜੰਸੀਆਂ ਨੂੰ ਮੈਂ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਅਸੀਂ ਕਿਸੇ ਨੂੰ ਵੀ ਤੁਹਾਡੇ ਵਿਰੁੱਧ ਕੁਝ



ਕਰਨ ਦੀ ਆਗਿਆ ਨਹੀਂ ਦੇਵਾਂਗੇ। ਤੁਹਾਡੀ ਸੁਰੱਖਿਆ ਯਕੀਨੀ ਹੈ। ਨਿਰਸੰਦੇਹ, ਤੁਹਾਡੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਾਡੀਆਂ ਫੌਜਾਂ 24 ਘੰਟੇ ਮੌਜੂਦ ਹਨ, ਅਸੀਂ ਕਾਬੁਲ ਵਿੱਚ ਕਿਸੇ ਵੀ ਤਰਾਂ ਦੀ ਹਫੜਾ-ਦਫੜੀ, ਅਸੁਵਿਧਾ ਨਹੀਂ ਦੇਖਣਾ ਚਾਹੁੰਦੇ। ਸਾਡੀ ਯੋਜਨਾ ਹੋਰ ਸਾਰੇ ਸੂਬਿਆਂ 'ਤੇ ਕਬਜ਼ਾ ਕਰਨ ਤੋਂ ਬਾਅਦ ਕਾਬੁਲ ਦੇ ਦਰਵਾਜ਼ਿਆਂ 'ਤੇ ਰੁਕਣ ਦੀ ਸੀ ਤਾਂ ਕਿ ਸਾਡੇ ਦੁਆਰਾ ਕਾਬੁਲ ਵਿੱਚ ਦਾਖਲ ਕੀਤੀ ਬਿਨਾਂ ਤਬਦੀਲੀ ਪ੍ਰਕਿਰਿਆ ਸੁਚਾਰੂ ਢੰਗ ਨਾਲ ਮੁਕੰਮਲ ਹੋ ਜਾਵੇ ਤਾਂ ਜੋ ਅਸੀਂ ਮੁਸ਼ਕਲਾਂ ਅਤੇ ਨੁਕਸਾਨ ਨੂੰ ਰੋਕ ਸਕੀਏ। ਪਰ ਬਦਕਿਸਮਤੀ ਨਾਲ, ਪਿਛਲੀ ਸਰਕਾਰ ਇੰਨੀ ਅਯੋਗ ਸੀ, ਕਿ ਉਨਾਂ ਦੁਆਰਾ ਕੀਤੇ ਕੰਮਾਂ ਦੇ ਨਤੀਜੇ ਵਜੋਂ ਸੁਰੱਖਿਆ ਬਲ ਉਨਾਂ ਨੂੰ ਯਕੀਨੀ ਬਣਾਉਣ ਲਈ ਕੁਝ ਨਹੀਂ ਕਰ ਸਕੇ ਪਰ ਹੁਣ ਸਾਨੂੰ ਕੁਝ ਕਰਨਾ ਪਵੇਗਾ, ਸਾਨੂੰ ਜ਼ਿੰਮੇਵਾਰੀ ਲੈਣੀ ਪਵੇਗੀ ਤਾਂ ਜੋ ਦੁਰਵਿਵਹਾਰ ਕਰਨ ਵਾਲੇ ਅਤੇ ਦੰਗਾਕਾਰੀ ਇਸਲਾਮਿਕ ਅਮੀਰਾਤ ਦੇ ਨਾਂ ਦੀ ਦੁਰਵਰਤੋਂ ਨਾ ਕਰਨ ਤੇ ਨਾ ਹੀ ਘਰਾਂ ਵਿੱਚ ਦਾਖਲ ਹੋ ਕੇ ਲੋਕਾਂ ਨੂੰ ਪ੍ਰੇਸ਼ਾਨ ਨਾ ਕਰਨ। ਇਸ ਲਈ, ਅਸੀਂ ਆਪਣੀਆਂ ਫ਼ੌਜਾਂ ਨੂੰ ਇਹ ਯਕੀਨੀ ਬਣਾਉਣ ਲਈ ਕਾਬੁਲ ਵਿੱਚ ਭੇਜਾਂਗੇ ਤਾਂ ਜੋ ਇਸ ਸੱਭ ਨੂੰ ਰੋਕਣ ਅਤੇ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਅਪਰਾਧੀਆਂ ਅਤੇ ਦੁਰਵਿਹਾਰ ਕਰਨ ਵਾਲਿਆਂ ਨੂੰ ਰੋਕਣ ਲਈ ਹੀ ਕਾਬੁਲ ਵਿੱਚ ਦਾਖਲ ਹੋਣਾ ਪਿਆ ਤਾਂ ਜੋ ਅਸੀਂ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾ ਸਕੀਏ। ਇਸ ਲਈ ਅਸੀਂ ਵਸਨੀਕਾਂ ਨੂੰ ਭਰੋਸਾ ਦਿਵਾਉਣਾ ਚਾਹੁੰਦੇ ਹਾਂ ਕਿ ਤੁਹਾਡੀ ਸੁਰੱਖਿਆ ਸਾਡੀ ਗਰੰਟੀ ਹੈ।

ਜਦੋਂ ਇਸ ਤਰਾਂ ਦੇ ਹਾਲਾਤਾਂ ਦੀ ਗੱਲ ਆਉਂਦੀ ਹੈ ਤਾਂ ਮੈਂ ਇਹ ਯਕੀਨ ਦੁਆਉਣਾ ਚਾਹੁੰਦਾ ਹਾਂ ਕਿ ਸੰਯੁਕਤ ਰਾਜ ਸਮੇਤ ਅੰਤਰਰਾਸ਼ਟਰੀ ਭਾਈਚਾਰੇ ਦਾ ਅਫਗਾਨਿਸਤਾਨ ਵਿੱਚ ਕਿਸੇ ਦਾ ਨੁਕਸਾਨ ਨਹੀਂ ਹੋਵੇਗਾ। ਮੈਂ ਆਪਣੇ ਗੁਆਢੀ, ਖੇਤਰੀ ਦੇਸ਼ਾਂ ਨੂੰ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਅਸੀਂ ਆਪਣੇ ਖੇਤਰ ਨੂੰ ਕਿਸੇ ਦੇ ਵਿਰੁੱਧ ਜਾਂ ਵਿਸ਼ਵ ਦੇ ਕਿਸੇ ਵੀ ਦੇਸ਼ ਦੇ ਵਿਰੁੱਧ ਵਰਤਣ ਦੀ ਆਗਿਆ ਨਹੀਂ ਦੇਵਾਂਗੇ। ਅਸੀਂ ਅੰਤਰਰਾਸ਼ਟਰੀ ਭਾਈਚਾਰੇ ਨੂੰ ਬੇਨਤੀ ਵੀ ਕਰਨਾ ਚਾਹਾਂਗੇ ਕਿ ਅਸੀਂ ਫਿਰ ਅੰਤਰਰਾਸ਼ਟਰੀ ਸੀਮਾਵਾਂ ਅਤੇ ਆਪਸੀ ਤਾਲਮੇਲ ਨੂੰ ਮਾਨਤਾ ਦੇਈਏ, ਅਸੀਂ ਆਪਣੇ ਧਰਮ, ਆਪਣੇ ਸੱਭਿਆਚਾਰ ਦੇ ਸਿਧਾਂਤਾਂ ਦੇ ਅਧਾਰ ਤੇ ਕੰਮ ਕਰਨਾ ਚਾਹੁੰਦੇ ਹਾਂ। ਅਸੀਂ ਬਹੁਤ ਸਾਰੀਆਂ ਕੁਰਬਾਨੀਆਂ ਦਿੱਤੀਆਂ ਹਨ, ਸਾਨੂੰ ਆਪਣੇ ਧਾਰਮਿਕ ਸਿਧਾਂਤਾਂ ਅਤੇ ਨਿਯਮਾਂ ਅਤੇ ਨਿਯਮਾਂ ਦੇ ਅਧਾਰ ਤੇ ਕੰਮ ਕਰਨ ਦਾ ਅਧਿਕਾਰ ਹੈ। ਇਹ ਅਫਗਾਨਾਂ ਦੇ ਅਧਿਕਾਰ ਦਾ ਹੈ। ਦੂਜੇ ਦੇਸ਼ਾਂ ਦੇ ਵੀ ਵੱਖਰੇ ਨਿਯਮ, ਵੱਖਰੀਆਂ ਨੀਤੀਆਂ, ਵੱਖੋ ਵੱਖਰੇ ਦ੍ਰਿਸ਼ਟੀਕੋਣ, ਵੱਖੋ ਵੱਖਰੀਆਂ ਪਹੁੰਚਾਂ ਹਨ ਜਿਨਾਂ ਨੂੰ ਉਹ ਵਰਤਦੇ ਹਨ ਅਤੇ ਵੱਖਰੇ ਨਿਯਮ ਹਨ। ਇਸੇ ਤਰਾਂ ਅ.ਫਗਾਨਾਂ ਨੂੰ ਵੀ ਆਪਣੇ ਨਿਯਮ ਅਤੇ ਨੀਤੀਆਂ ਰੱਖਣ ਦਾ ਅਧਿਕਾਰ ਹੈ ਤਾਂ ਜੋ ਦੇਸ਼ ਦੇ ਲੋਕਾਂ ਨੂੰ ਉਨਾਂ ਦਾ ਲਾਭ ਹੋਵੇ, ਇਸ ਲਈ ਕਿਸੇ ਨੂੰ ਚਿੰਤਾ ਨਹੀਂ ਕਰਨੀ ਚਾਹੀਦੀ। ਬੀਬੀਆਂ ਦਾ ਮੁੱਦਾ ਬਹੁਤ ਮਹੱਤਵਪੂਰਨ ਹੈ, ਇਸਲਾਮਿਕ ਅਮੀਰਾਤ ਸ਼ਰੀਆ ਦੇ ਦਾਇਰੇ ਵਿੱਚ ਬੀਬੀਆਂ ਦੇ ਅਧਿਕਾਰਾਂ ਲਈ ਵਚਨਬੱਧ ਹੈ। ਸਾਡੀਆਂ ਭੈਣਾਂ, ਸਾਡੇ ਮਰਦਾਂ ਦੇ ਇੱਕੋ ਜਿਹੇ ਅਧਿਕਾਰ ਹਨ, ਉਹ ਆਪਣੇ ਅਧਿਕਾਰਾਂ ਦਾ ਲਾਭ ਲੈ ਸਕਣਗੇ। ਉਹ ਸਾਡੇ ਨਿਯਮਾਂ ਦੇ ਅਧਾਰ ਤੇ ਵੱਖੋ ਵੱਖਰੇ ਖੇਤਰਾਂ ਅਤੇ ਗਤੀਵਿਧੀਆਂ ਕਰ ਸਕਦੇ ਹਨ, ਵਿਦਿਅਕ, ਸਿਹਤ ਅਤੇ ਹੋਰ ਖੇਤਰ। ਅੰਤਰਰਾਸ਼ਟਰੀ ਭਾਈਚਾਰੇ ਨੂੰ ਜੇ ਕੋਈ ਚਿੰਤਾ ਹੈ ਤਾਂ ਅਸੀਂ ਉਨਾਂ ਨੂੰ ਭਰੋਸਾ ਦਿਵਾਉਣਾ ਚਾਹੁੰਦੇ ਹਾਂ ਕਿ ਬੀਬੀਆਂ ਨਾਲ ਨਾਲ ਕੋਈ ਵਿਤਕਰਾ ਨਹੀਂ ਹੋਵੇਗਾ, ਬੇਸ਼ੱਕ ਸਾਡੇ ਖੇਤਰ ਦੇ ਅੰਦਰ ਸਾਡੀਆਂ ਬੀਬੀਆਂ ਮੁਸਲਮਾਨ ਹਨ। ਉਹ ਸਾਡੇ ਸ਼ਰੀਆ ਦੇ ਦਾਇਰੇ ਵਿੱਚ ਰਹਿ ਕੇ ਵੀ ਖੁਸ਼ ਹਨ।

ਸਾਨੂੰ ਉਮੀਦ ਹੈ ਕਿ ਜਿਵੇਂ ਹੀ ਅਫਗਾਨਿਸਤਾਨ ਦੇ ਨਾਲ ਸੰਘਰਸ਼ ਖਤਮ ਹੋ ਗਿਆ ਹੈ, ਅਸੀਂ ਅਰਥ ਵਿਵਸਥਾ ਦੇ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਨ ਜਾ ਰਹੇ ਹਾਂ। ਇਸਦੇ ਲਈ ਅਸੀਂ ਆਰਥਿਕ ਗਤੀਵਿਧੀਆਂ ਲਈ ਕਾਰਵਾਈਆਂ ਕਰਨ ਜਾ ਰਹੇ ਹਾਂ। ਅੰਤਰਰਾਸ਼ਟਰੀ ਭਾਈਚਾਰੇ, ਦੂਜੇ ਦੇਸ਼ਾਂ ਦੇ ਨਾਲ ਗੱਲਬਾਤ ਜਾਰੀ ਰਹੇਗੀ, ਅਸੀਂ ਆਪਣੀ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ, ਆਪਣੀ ਮੁੜ ਉਸਾਰੀ, ਸਾਡੀ ਖੁਸ਼ਹਾਲੀ ਲਈ ਆਪਣੇ ਕੁਦਰਤੀ ਸਰੋਤਾਂ 'ਤੇ ਕੰਮ ਕਰਨ ਜਾ ਰਹੇ ਹਾਂ। ਇਸ ਲਈ ਇਸਲਾਮਿਕ ਅਮੀਰਾਤ ਸਮੁੱਚੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਬੇਨਤੀ ਕਰ ਰਿਹਾ ਹੈ ਕਿ ਪ੍ਰਮਾਤਮਾ ਚਾਹੇ, ਅਸੀਂ ਦੇਸ਼ ਦੀ ਆਰਥਿਕ ਸਥਿਤੀ ਨੂੰ ਬਹੁਤ ਤੇਜ਼ੀ ਨਾਲ ਬਦਲ ਸਕਦੇ ਹਾਂ। ਹਰ ਅਫਗਾਨ ਆਪਣੀ ਜ਼ਿੰਦਗੀ ਨੂੰ ਸੁਧਾਰਨਾ ਚਾਹੁੰਦਾ ਹੈ, ਇਸ ਲਈ ਪੂਰਾ ਸਮਾਜ, ਵਪਾਰ, ਅਰਥ ਸ਼ਾਸਤਰ ਵਿੱਚ ਸਰਗਰਮ ਰਹੇਗਾ ਅਤੇ ਅਸੀਂ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਇਸ ਤੋਂ ਬਾਅਦ ਆਪਣੇ ਸਮਾਜ ਦੀ ਉਸਾਰੀ, ਆਪਣੇ ਦੇਸ਼ ਦੀ ਸੇਵਾ ਲਈ ਵਚਨਬੱਧ ਹਾਂ। ਮੈਂ ਮੀਡੀਆ ਨੂੰ ਭਰੋਸਾ ਦਿਵਾਉਣਾ ਚਾਹੁੰਦਾ ਹਾਂ, ਅਸੀਂ ਆਪਣੇ ਸੱਭਿਆਚਾਰਕ ਦੇ ਅੰਦਰ ਮੀਡੀਆ ਲਈ ਵਚਨਬੱਧ ਹਾਂ। ਪ੍ਰਾਈਵੇਟ ਮੀਡੀਆ ਸੁਤੰਤਰ ਅਤੇ ਸੁਤੰਤਰ ਹੋਣਾ ਜਾਰੀ ਰੱਖ ਸਕਦਾ ਹੈ। ਪਹਿਲਾ, ਇਹ ਹੈ ਕਿ ਸਾਡੇ ਦੇਸ਼ ਵਿੱਚ ਇਸਲਾਮ ਇੱਕ ਬਹੁਤ ਮਹੱਤਵਪੂਰਨ ਮੂਲ ਹੈ ਅਤੇ ਕੁਝ ਵੀ ਇਸਲਾਮੀ ਕਦਰਾਂ ਕੀਮਤਾਂ ਦੇ ਵਿਰੁੱਧ ਨਹੀਂ ਹੋਣਾ ਚਾਹੀਦਾ। ਜਦੋਂ ਮੀਡੀਆ ਦੀਆਂ ਗਤੀਵਿਧੀਆਂ ਦੀ ਗੱਲ ਆਉਂਦੀ ਹੈ, ਜਦੋਂ ਤੁਹਾਡੇ ਪ੍ਰੋਗਰਾਮਾਂ ਦੇ ਵਿਕਾਸ ਦੀ ਗੱਲ ਆਉਂਦੀ ਹੈ ਤਾਂ ਇਸਲਾਮੀ ਕਦਰਾਂ -ਕੀਮਤਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਇਸ ਲਈ ਮੀਡੀਆ ਨਿਰਪੱਖ ਹੋਣਾ ਚਾਹੀਦਾ ਹੈ। ਮੀਡੀਆ ਦੀ ਨਿਰਪੱਖਤਾ ਬਹੁਤ ਮਹੱਤਵਪੂਰਨ ਹੈ। ਉਹ ਸਾਡੇ ਕੰਮ ਦੀ ਆਲੋਚਨਾ ਕਰ ਸਕਦੇ ਹਨ ਤਾਂ ਜੋ ਅਸੀਂ ਸੁਧਾਰ ਕਰ ਸਕੀਏ। ਇਸ ਲਈ ਤੁਹਾਨੂੰ, ਮੀਡੀਆ ਦੇ ਨੌਜਵਾਨਾਂ ਨੂੰ ਅਸ਼ੋਭਿਤ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਅਸੀਂ ਬਿਹਤਰ ਤਰੀਕੇ ਨਾਲ ਦੇਸ਼ ਦੀ ਸੇਵਾ ਕਰ ਸਕੀਏ। ਇਹ ਬਹੁਤ ਮਹੱਤਵਪੂਰਨ ਹੈ ਕਿ ਅਫਗਾਨ ਆਪਣੀ ਕੌਮੀ ਕਦਰਾਂ ਕੀਮਤਾਂ, ਰਾਸ਼ਟਰੀ ਏਕਤਾ, ਰਾਸ਼ਟਰੀ ਸਹਿਮਤੀ ਨੂੰ ਬਹੁਤ ਮਹੱਤਵ ਦੇ ਰਹੇ ਹਨ। ਮੀਡੀਆ ਨੂੰ ਇਸ ਕੌਮੀ ਕਦਰਾਂ ਕੀਮਤਾਂ ਦੇ ਵਿਰੁੱਧ, ਰਾਸ਼ਟਰੀ ਏਕਤਾ ਦੇ ਵਿਰੁੱਧ ਕੰਮ ਨਹੀਂ ਕਰਨਾ ਚਾਹੀਦਾ। ਜਦੋਂ ਨਸਲੀ ਵਖਰੇਵਿਆਂ, ਧਾਰਮਿਕ ਵਖਰੇਵਿਆਂ ਅਤੇ ਦੁਸ਼ਮਣੀਆਂ ਦੀ ਗੱਲ ਆਉਂਦੀ ਹੈ, ਉਨਾਂ ਨੂੰ ਅਸਲ ਵਿੱਚ ਮੀਡੀਆ ਦੁਆਰਾ ਉਤਸ਼ਾਹਤ ਨਹੀਂ ਕੀਤਾ ਜਾਣਾ ਚਾਹੀਦਾ, ਉਨਾਂ ਨੂੰ ਦੇਸ਼ ਦੀ ਏਕਤਾ ਲਈ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਭਾਈਚਾਰਾ ਸ਼ਾਂਤਮਈ ਢੰਗ ਨਾਲ ਮਿਲ ਕੇ ਰਹਿ ਸਕੇ।

# ਪੈਗਾਸਸ ਮਾਮਲੇ ਵਿਚ ਸੁਪਰੀਮ ਕੋਰਟ ਵਲੋਂ ਕੇਂਦਰ ਨੂੰ ਨੋਟਿਸ

## 10 ਦਿਨ ਵਿਚ ਮੰਗਿਆ ਜਵਾਬ



**ਨਵੀਂ ਦਿੱਲ/ਏ.ਟੀ.ਨਿਊਜ਼ :** ਸੁਪਰੀਮ ਕੋਰਟ 'ਚ ਪੈਗਾਸਸ ਮਾਮਲੇ 'ਚ ਜਾਂਚ ਦੀ ਮੰਗ ਕਰਨ ਵਾਲੀਆਂ ਪਟੀਸ਼ਨਾਂ 'ਤੇ ਸੁਣਵਾਈ ਕੀਤੀ ਗਈ। ਕੋਰਟ ਨੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਦੀ ਮੰਗ ਕੀਤੀ ਹੈ। ਇਸ ਲਈ 10 ਦਿਨ ਦਾ ਸਮਾਂ ਵੀ ਦਿੱਤਾ ਗਿਆ ਹੈ। ਹੁਣ ਮਾਮਲੇ 'ਚ 10 ਦਿਨ ਬਾਅਦ ਫਿਰ ਤੋਂ ਸੁਣਵਾਈ ਕੀਤੀ ਜਾਵੇਗੀ। ਸੁਣਵਾਈ ਦੌਰਾਨ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ, 'ਸਾਡੇ ਕੋਲ ਲੁਕਾਉਣ ਲਈ ਕੁਝ ਨਹੀਂ ਹੈ। ਇਹ ਰਾਸ਼ਟਰੀ ਸੁਰੱਖਿਆ ਦਾ ਮਾਮਲਾ ਹੈ।' ਭਾਰਤ ਦੇ ਚੀਫ ਜਸਟਿਸ ਐੱਨਵੀ ਰਮਨਾ, ਜਸਟਿਸ ਸੂਰਿਆਕਾਂਤ ਤੇ ਅਨਿਰੁੱਧ ਬੋਸ ਦੀ ਬੈਂਚ ਨੇ ਮਾਮਲੇ ਦੀ ਸੁਣਵਾਈ ਕੀਤੀ। ਕੋਰਟ ਨੇ ਕਿਹਾ, 'ਮਾਮਲੇ ਨੂੰ 10 ਦਿਨਾਂ ਤੋਂ ਬਾਅਦ ਸੂਚੀਬੱਧ ਕੀਤਾ ਜਾਵੇਗਾ' ਕੇਂਦਰ ਸਰਕਾਰ ਨੇ ਕੋਰਟ ਨੂੰ ਕਿਹਾ ਕਿ ਉਹ ਵਿਸ਼ੇਸ਼ ਕਮੇਟੀ ਨੂੰ ਪੈਗਾਸਸ ਬਾਰੇ ਵੇਰਵਾ ਦੇਣ ਨੂੰ ਤਿਆਰ ਹਨ, ਪਰ ਇਸ ਨੂੰ ਕੋਰਟ ਦੇ ਸਾਹਮਣੇ ਜਨਤਕ ਨਹੀਂ ਕਰੇਗੀ ਇਸ ਨਾਲ ਰਾਸ਼ਟਰੀ ਸੁਰੱਖਿਆ 'ਤੇ ਪ੍ਰਭਾਵ ਪੈ ਸਕਦਾ ਹੈ।

ਸੁਪਰੀਮ ਕੋਰਟ ਨੇ ਇਸ ਮਾਮਲੇ 'ਚ ਕੇਂਦਰ ਨੂੰ ਨੋਟਿਸ ਜਾਰੀ ਕੀਤਾ ਨਾਲ ਹੀ ਇਹ ਸਪੱਸ਼ਟ ਕਰ ਦਿੱਤਾ ਕਿ ਇਹ ਅਜਿਹੀ ਕਿਸੇ ਗੱਲ ਦਾ ਖੁਲਾਸਾ ਨਹੀਂ ਚਾਹੁੰਦਾ ਜਿਸ 'ਚ ਦੇਸ਼ ਦੀ ਸੁਰੱਖਿਆ ਨੂੰ ਖਤਰਾ ਹੋਵੇ। ਸੁਣਵਾਈ ਦੌਰਾਨ ਸਾਲਿਸਟਰ ਜਨਰਲ ਤੁਸ਼ਾਰ ਮੇਹਤਾ ਨੇ ਬੀਤੇ ਸੋਮਵਾਰ ਨੂੰ ਕੇਂਦਰ ਵੱਲੋਂ ਕੋਰਟ 'ਚ ਦਾਇਰ ਕੀਤੇ ਗਏ ਹਲਫਨਾਮਾ ਨੂੰ ਕਾਫੀ ਦੱਸਿਆ ਤੇ ਕਿਹਾ, 'ਪੈਗਾਸਸ ਮਾਮਲੇ 'ਚ ਸੁਪਰੀਮ ਕੋਰਟ 'ਚ ਦਾਇਰ ਕੀਤੀਆਂ ਗਈਆਂ ਸਾਰੀਆਂ ਪਟੀਸ਼ਨਾਂ 'ਚ ਇਹ ਜਾਣਕਾਰੀ ਮੰਗੀ ਗਈ ਹੈ ਕਿ ਸਰਕਾਰ ਨੇ ਪੈਗਾਸਸ ਦੀ ਵਰਤੋਂ ਕੀਤੀ ਜਾਂ ਨਹੀਂ। ਅਜਿਹੇ ਸਾਫਟਵੇਅਰ ਦਾ ਇਸਤੇਮਾਲ ਸਰਕਾਰ ਨਹੀਂ ਕਰਦੀ ਤੇ ਉਹ ਕੋਰਟ ਤੋਂ ਕੁਝ ਨਹੀਂ ਲੁਕਾ ਰਹੀ ਹੈ।'

ਸਾਲਿਸਟਰ ਜਨਰਲ ਨੇ ਦੱਸਿਆ ਕਿ ਮਾਮਲੇ 'ਚ ਜਾਂਚ ਲਈ ਸਰਕਾਰ ਮਾਹਰਾਂ ਦੀ ਇਕ ਕਮੇਟੀ ਦਾ ਗਠਨ ਕਰਨ ਜਾ ਰਹੀ ਹੈ।

# ਕੋਰੋਨਾ ਕਾਰਨ ਪੰਜਾਬ ਵਿਚ ਸਖਤੀ

## ਪੰਜਾਬ ਵਿਚ ਦਾਖ਼ਲ ਹੋਣ ਵਾਲੇ ਨੂੰ ਕੋਰੋਨਾ ਵੈਕਸੀਨ ਦੀਆਂ ਦੋਵੇਂ ਖੁਰਾਕਾਂ ਲੱਗੀਆਂ ਹੋਣੀਆਂ ਲਾਜ਼ਮੀ ਕਰਾਰ

**ਚੰਡੀਗੜ/ਏ.ਟੀ.ਨਿਊਜ਼ :** ਕੋਰੋਨਾ ਮਹਾਂਮਾਰੀ ਦੀ ਤੀਜੀ ਲਹਿਰ ਨੂੰ ਵਡਖਦਿਆਂ ਸੂਬਾ ਸਰਕਾਰ ਨੇ ਪੰਜਾਬ ਵਿਚ ਸਖ਼ਤੀ ਕਰ ਦਿੱਤੀ ਹੈ। ਪੰਜਾਬ ਵਿਚ ਦਾਖ਼ਲ ਹੋਣ ਵਾਲੇ ਹਰ ਵਿਅਕਤੀ ਨੂੰ ਕੋਰੋਨਾ ਵੈਕਸੀਨ ਦੀਆਂ ਦੋਵੇਂ ਖੁਰਾਕਾਂ ਲੱਗੀਆਂ ਹੋਣੀਆਂ ਲਾਜ਼ਮੀ ਕਰ ਦਿੱਤੀਆਂ ਹਨ, ਜੇਕਰ ਉਸ ਦੇ ਵੈਕਸੀਨ ਦੀਆਂ ਦੋਵੇਂ ਖੁਰਾਕਾਂ ਨਹੀਂ ਲੱਗੀਆਂ ਹਨ ਤਾਂ ਉਸ ਕੋਲ ਆਰ.ਟੀ-ਪੀ.ਸੀ.ਆਰ. ਦੀ ਨੈਗੇਟਿਵ ਰਿਪੋਰਟ ਹੋਣੀ ਲਾਜ਼ਮੀ ਹੈ। ਜੇਕਰ ਉਸ ਕੋਲੋਂ ਦੋਵਾਂ ਸ਼ਰਤਾਂ ਵਿਚੋਂ ਇਕ ਵੀ ਨਹੀਂ ਹੈ ਤਾਂ ਉਸ ਨੂੰ ਪੰਜਾਬ ਵਿਚ ਦਾਖ਼ਲ ਨਹੀਂ ਹੋਣ ਦਿੱਤਾ ਜਾਵੇਗਾ। ਮੁੱਖ ਮੰਤਰੀ ਮੁਤਾਬਕ ਖ਼ਾਸ ਕਰਕੇ ਹਿਮਾਚਲ ਪ੍ਰਦੇਸ਼ ਤੇ ਜੰਮੂ ਤੋਂ ਆਉਣ ਵਾਲੇ ਲੋਕਾਂ 'ਤੇ ਨਿਗਰਾਨੀ ਦੀ ਜ਼ਰੂਰਤ ਹੈ ਕਿਉਂਕਿ ਪਹਾੜੀ ਸੂਬਿਆਂ ਵਿਚ ਪਿਛਲੇ ਦਿਨਾਂ ਤੋਂ ਕੋਵਿਡ ਦੇ ਮਰੀਜ਼ਾਂ ਦੀ ਗਿਣਤੀ 'ਚ ਇੱਕਦਮ ਵਾਧਾ ਹੋਇਆ ਹੈ। ਪੰਜਾਬ ਸਰਕਾਰ ਮੁਤਾਬਕ ਮੁਕੰਮਲ ਟੀਕਾਕਰਨ ਅਤੇ ਆਰ.ਟੀ-ਪੀ.ਸੀ.ਆਰ. ਦੀ ਨੈਗੇਟਿਵ ਰਿਪੋਰਟ ਦਾ ਨਿਯਮ ਉਨਾਂ ਸਾਰਿਆਂ 'ਤੇ ਲਾਗੂ ਹੋਵੇਗਾ, ਜੋ ਪੰਜਾਬ ਵਿਚ ਸੜਕੀ, ਰੇਲ ਜਾਂ ਹਵਾਈ ਮਾਰਗ ਰਾਹੀਂ ਦਾਖ਼ਲ ਹੋਣਗੇ।

# ਲੋਕਤੰਤਰ ਦਾ ਨਵਾਂ ਅਧਿਆਇ ਕਿਸਾਨ ਸੰਸਦ

**ਮੋਹਨ ਸ਼ਰਮਾ**

ਰਾਜ ਸਤਾ 'ਤੇ ਕਾਬਜ਼ ਪਾਰਟੀ ਵੱਲੋਂ ਅੰਨਦਾਤੇ ਨਾਲ ਬਿਨਾਂ ਕਿਸੇ ਰਾਏ-ਮਸ਼ਵਰੇ ਤੋਂ ਉਨਾਂ ਦੇ ਹੱਕਾਂ ਦੇ 'ਰਾਖੇ' ਅਤੇ ਉਨਾਂ ਨੂੰ ਖੁਸ਼ਹਾਲ ਕਰਨ ਦੇ ਹੋਕੇ ਨਾਲ ਜੂਨ 2020 ਵਿੱਚ ਖੇਤੀਬਾੜੀ ਨਾਲ ਸਬੰਧਤ 3 ਆਰਡੀਨੈਂਸ ਉਸ ਸਮੇਂ ਜਾਰੀ ਕੀਤੇ ਗਏ ਜਦੋਂ ਕਿਰਤੀ ਵਰਗ ਦੇ ਨਾਲ ਨਾਲ ਸਮੁੱਚਾ ਭਾਰਤ ਕਰੋਨਾ ਮਹਾਂਮਾਰੀ ਦੇ ਕਾਰਨ ਸਹਿਮ ਦੇ ਸਾਏ ਹੇਠ ਜੀਵਨ ਬਸਰ ਕਰ ਰਿਹਾ ਸੀ। ਥਾਲੀਆਂ, ਤਾਲੀਆਂ ਅਤੇ ਦੁਆਵਾਂ ਵਾਲੇ ਹੱਥਾਂ ਨੂੰ ਉਦੋਂ ਕੰਬਣੀ ਛਿੜ ਗਈ ਜਦੋਂ ਖੇਤੀ ਨਾਲ ਸਬੰਧਤ ਕਾਲੇ ਕਾਨੂੰਨਾਂ ਦੀ ਮਾਰੂ ਹਨੇਰੀ ਕਾਰਨ ਉਨਾਂ ਨੂੰ ਦੂਹਰੀ ਮਾਰ ਝੱਲਣ ਲਈ ਮਜਬੂਰ ਹੋਣਾ ਪਿਆ। ਕਿਸਾਨ, ਮਜ਼ਦੂਰ, ਕਿਰਤੀ ਵਰਗ ਦੇ ਨਾਲ ਨਾਲ ਖੇਤੀਬਾੜੀ ਨਾਲ ਸਬੰਧਤ ਹਰ ਵਰਗ ਨੂੰ ਇੰਜ ਮਹਿਸੂਸ ਹੋ ਰਿਹਾ ਸੀ ਜਿਵੇਂ ਲਹਿਰਾਉਂਦੀ ਫਸਲ 'ਤੇ ਗੜੇਮਾਰੀ ਹੋ ਗਈ ਹੋਵੇ। ਪਰ ਦੂਜੇ ਪਾਸੇ ਰਾਜਸੀ ਤਾਕਤ ਤਿੰਨ ਕਾਲੇ ਕਾਨੂੰਨ ਲਾਗੂ ਕਰਨ ਲਈ ਬਜ਼ਿੱਦ ਰਹੀ। ਮਿਹਨਤਕਸ਼ ਲੋਕ, ਦੇਸ਼ ਭਗਤ ਅਤੇ ਬੁੱਧੀਜੀਵੀ ਵਰਗ ਇੱਕ ਪਲੇਟਫਾਰਮ ਤੇ ਇਕੱਠੇ ਹੋਣੇ ਸ਼ੁਰੂ ਹੋ ਗਏ ਅਤੇ ਉਨਾਂ ਦੀ ਇਹ ਦਲੀਲ ਕਿ ਇਨਾਂ ਕਾਲੇ ਕਾਨੂੰਨਾਂ ਕਾਰਨ ਦਰਪੇਸ਼ ਸਮੱਸਿਆਵਾਂ ਸੁਣਨ ਵਾਸਤੇ ਘੜੀ ਗਈ ਮਸ਼ੀਨਰੀ ਦਾ ਦਾਇਰਾ ਬਹੁਤ ਘੱਟ ਹੈ। ਕਿਸਾਨ ਆਪਣੀ ਮਰਜ਼ੀ ਅਨੁਸਾਰ ਫਸਲ ਨਹੀਂ ਵੇਚ ਸਕੇਗਾ। ਫਸਲ ਦਾ ਸਹੀ ਮੁੱਲ ਵੀ ਨਹੀਂ ਮਿਲੇਗਾ। ਸਮੇਂ ਸਿਰ ਅਦਾਇਗੀ ਦੀ ਕੋਈ ਗਰੰਟੀ ਵੀ ਨਹੀਂ। ਉਨਾਂ ਨੇ ਇਹ ਵੀ ਪ੍ਰਗਟਾਵਾ ਕੀਤਾ ਕਿ ਉਹ ਸਰਮਾਏਦਾਰੀ ਨਿਜ਼ਾਮ ਦੇ ਰਹਿਮੋ ਕਰਮ ਤੇ ਰਹਿਣਾ ਨਹੀਂ ਚਾਹੁੰਦੇ। ਦਰਅਸਲ ਸਰਕਾਰ ਦੀ ਹਠ ਧਰਮੀ, ਵਾਅਦਿਆਂ ਅਤੇ ਲਾਅਰਿਆਂ ਦੀ ਬਰਸਾਤ ਅਤੇ ਬੇਇਨਸਾਫੀ ਦੇ ਵਿਰੁੱਧ ਲੋਕ ਲਾਮਬਦ ਹੋਣੇ ਸ਼ੁਰੂ ਹੋ ਗਏ।

ਕਿਸਾਨ ਅੰਦੋਲਨ ਕਿਸੇ ਖਿਲਾਅ ਵਿੱਚੋਂ ਪੈਦਾ ਨਹੀਂ ਹੋਇਆ, ਸਗੋਂ ਕਿਸਾਨਾਂ ਦੇ ਨਾਲ ਨਾਲ ਆਮ ਲੋਕਾਂ ਨਾਲ ਹੁੰਦੇ ਧੱਕੇ, ਵਿਤਕਰੇ, ਰੁਜ਼ਗਾਰ ਦੀ ਘਾਟ, ਜਵਾਨੀ ਦਾ ਆਪਣੇ ਵਤਨ ਨੂੰ ਬੇਦਾਅਵਾ ਕਰਕੇ ਵਿਦੇਸ਼ਾਂ ਵੱਲ ਜਾਣ ਦਾ ਰੁਝਾਨ, ਦੇਸ਼ ਦੀ ਵਿਕਾਸ ਦਰ 7 ਫੀਸਦੀ ਤੋਂ ਅਗਾਂਹ ਨਾ ਵਧਣੀ ਪਰ ਰਾਜਸੀ ਆਗੂਆਂ ਦੀ ਆਮਦਨੀ 100 ਫੀਸਦੀ ਤੋਂ ਵੀ ਟੱਪ ਕੇ 700 ਫੀਸਦੀ' ਤੇ ਪੁੱਜ ਜਾਣੀ, ਕਾਰਪੋਰੇਟ ਜਗਤ ਤੋਂ ਚੋਣ ਫੰਡ ਦੇ ਨਾਂ 'ਤੇ ਮੋਟੀ ਰਕਮ ਵਸੂਲਣ ਉਪਰੰਤ ਉਨਾਂ ਨੂੰ ਆਰਥਿਕ ਸਹੂਲਤਾਂ ਦੀ ਵਰਖਾ ਕਰਕੇ ਕਿਰਤੀ ਵਰਗ ਦੇ ਹੱਕਾਂ 'ਤੇ ਛਾਪਾ ਮਾਰਨ, ਟਰਾਂਸਪੋਰਟ, ਲੈਂਡ ਮਾਫੀਆ, ਰੇਤ-ਬਜਰੀ ਮਾਫੀਆ, ਨਸ਼ਾ ਮਾਫੀਆ ਵਿੱਚ ਸਿਆਸੀ ਲੋਕਾਂ ਦੀ ਭਾਈਵਾਲੀ ਨੇ ਆਮ ਲੋਕਾਂ ਦਾ ਜਿਊਣਾ ਦੁੱਭਰ ਕਰ ਦਿੱਤਾ ਅਤੇ ਇਸੇ ਕਾਰਨ ਸਮੂਹਿਕ ਵਰਗ ਕਿਸਾਨ ਅੰਦੋਲਨ ਪਿੱਛੇ ਥੰਮ ਬਣਕੇ ਖੜ੍ਹ ਗਿਆ। ਮਰਹੂਮ ਸ਼ਾਇਰ 'ਪਾਸ਼' ਦੇ ਇਨਾਂ ਬੋਲਾਂ ਦੀ ਲੋਕਾਂ ਨੂੰ ਸਮਝ ਹੀ ਹੁਣ ਲੱਗੀ ਹੈ :

ਕਿਰਤ ਦੀ ਲੁੱਟ ਸਭ ਤੋਂ ਖਤਰਨਾਕ ਨਹੀਂ ਹੁੰਦੀ।
ਪੁਲਿਸ ਦੀ ਕੁੱਟ ਸਭ ਤੋਂ ਖਤਰਨਾਕ ਨਹੀਂ ਹੁੰਦੀ।
ਗ਼ਦਾਰੀ ਲੋਭ ਦੀ ਮੁੱਠ ਸਭ ਤੋਂ ਖਤਰਨਾਕ ਨਹੀਂ ਹੁੰਦੀ।
ਸਭ ਤੋਂ ਖਤਰਨਾਕ ਹੁੰਦਾ ਹੈ ਮੁਰਦਾ ਸ਼ਾਂਤੀ ਨਾਲ ਭਰ ਜਾਣਾ।
ਸਭ ਤੋਂ ਖਤਰਨਾਕ ਹੁੰਦਾ ਹੈ ਸਾਡੇ ਸੁਪਨਿਆਂ ਦਾ ਮਰ ਜਾਣਾ।

ਭਾਰਤ ਨੂੰ ਅਜ਼ਾਦ ਹੋਇਆਂ 74 ਸਾਲ ਹੋ ਗਏ ਹਨ। ਅਜ਼ਾਦੀ ਪ੍ਰਾਪਤ ਕਰਨ ਲਈ ਦੇਸ਼ ਦੇ ਸ਼ਹੀਦਾਂ ਦੇ ਨਾਲ-ਨਾਲ ਪੰਜਾਬੀ ਸੂਰਵੀਰਾਂ ਨੇ ਅਜ਼ਾਦੀ ਅੰਦੋਲਨ ਵਿੱਚ ਅਹਿਮ ਯੋਗਦਾਨ ਪਾਇਆ। ਭਾਰਤ ਦੇ 127 ਫਾਂਸੀ ਦਾ ਰੱਸਾ ਚੁੰਮਣ ਵਾਲੇ ਸ਼ਹੀਦਾਂ ਵਿੱਚੋਂ 87 ਪੰਜਾਬੀ ਸਨ। ਅਜ਼ਾਦੀ ਅੰਦੋਲਨ ਵਿੱਚ 4682 ਉਮਰ ਕੈਦੀਆਂ ਵਿੱਚੋਂ 2626 ਪੰਜਾਬੀਆਂ ਨੇ ਜੇਲਾਂ ਵਿੱਚ ਤਸੀਹੇ ਝੱਲੇ। ਦੂਜੇ ਪਾਸੇ ਜੇਕਰ ਭਾਰਤੀ ਸੰਸਦ 'ਤੇ ਨਜ਼ਰ ਮਾਰੀਏ ਤਾਂ ਕੋਈ ਦੇਸ਼ ਭਗਤ ਜਾਂ ਉਨਾਂ ਦੇ ਪਰਿਵਾਰ ਨਾਲ ਸਬੰਧਤ ਮੈਂਬਰ ਸੰਸਦ ਵਿੱਚ ਐੱਮ.ਪੀ. ਨਹੀਂ ਹੈ। ਹਾਂ, ਬਾਹੂਬਲ ਅਤੇ ਕਾਲੇ ਧੰਨ ਦੇ ਜ਼ੋਰ ਨਾਲ 44 ਫੀਸਦੀ ਐੱਮ.ਪੀ. ਉਹ ਹਨ ਜਿਨਾਂ 'ਤੇ ਸੰਗੀਨ ਜੁਰਮਾਂ ਕਾਰਨ ਅਦਾਲਤ ਵਿੱਚ ਮੁਕੱਦਮੇ ਚੱਲ ਰਹੇ ਹਨ। 82 ਫੀਸਦੀ ਐੱਮ.ਪੀ. ਕਰੋੜਪਤੀ ਅਤੇ ਅਰਬਪਤੀ ਹਨ। ਲੋਕਾਂ ਦਾ ਰੋਸ ਹੈ ਕਿ ਦੇਸ਼ ਦੀ ਤਕਦੀਰ ਘੜਨ ਵਾਲੇ ਸਿਰਫ ਤੇ ਸਿਰਫ ਆਪਣੀ ਅਤੇ ਆਪਣੇ ਪਰਿਵਾਰ ਦੀ ਤਕਦੀਰ ਘੜਨ ਲਈ ਦੇਸ਼ ਨੂੰ ਲੁੱਟਣ ਵਿੱਚ ਲੱਗੇ ਹੋਏ ਹਨ। ਸਾਲ 2019 ਦੇ ਮੁਕਾਬਲੇ 2020 ਵਿੱਚ ਸਵਿੱਸ ਬੈਂਕ ਵਿੱਚ ਸਿਆਸੀ ਲੋਕਾਂ ਵੱਲੋਂ ਜਮਾਂ ਕਰਵਾਏ ਗਏ ਕਾਲੇ ਧੰਨ ਵਿੱਚ 286 ਫੀਸਦੀ ਦਾ ਵਾਧਾ ਹੋਇਆ ਹੈ ਅਤੇ ਇਹ ਰਾਸ਼ੀ 20700 ਕਰੋੜ ਤੱਕ ਜਾ ਪਹੁੰਚੀ ਹੈ।



ਪਿਛਲੇ 8 ਮਹੀਨਿਆਂ ਤੋਂ 5-10 ਸਾਲਾਂ ਦੇ ਬੱਚਿਆਂ ਤੋਂ ਲੈ ਕੇ 90-95 ਸਾਲਾਂ ਦੇ ਬਜ਼ੁਰਗਾਂ ਤੱਕ ਟਿਕਰੀ ਬਾਰਡਰ, ਸਿੰਘੂ ਬਾਰਡਰ ਅਤੇ ਗਾਜ਼ੀਪੁਰ ਬਾਰਡਰ 'ਤੇ ਆਪਣੀਆਂ ਹੱਕੀ ਮੰਗਾਂ ਦਾ ਹੋਕਾ ਦਿੰਦਿਆਂ ਸਮੇਂ ਦੀ ਸਰਕਾਰ ਨੂੰ ਮਰਹੂਮ ਸ਼ਾਇਰ 'ਸੰਤ ਰਾਮ ਉਦਾਸੀ' ਦੇ ਅਜਿਹੇ ਕਾਵਿਮਈ ਬੋਲਾਂ ਨਾਲ ਵੰਗਾਰ ਰਹੇ ਹਨ:

ਅਸੀਂ ਤੋੜੀਆਂ ਗੁਲਾਮੀ ਦੀਆਂ ਕੜੀਆਂ,
ਬੜੇ ਹੀ ਅਸੀਂ ਦੁਖੜੇ ਜਰੇ।
ਆਖਣਾ ਸਮੇਂ ਦੀ ਸਰਕਾਰ ਨੂੰ,
ਉਹ ਗਹਿਣੇ ਸਾਡਾ ਦੇਸ਼ ਨਾ ਕਰੇ।

32 ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਸਰਕਾਰ ਦੇ ਨੁਮਾਇੰਦਿਆਂ ਦੀਆਂ ਕਈ ਗੇੜ ਵਿੱਚ ਮੀਟਿੰਗਾਂ ਦਾ ਦੌਰ ਚੱਲਿਆ। ਕਿਸਾਨ ਆਗੂਆਂ ਦੇ 15 ਨੁਕਤਿਆਂ ਵਿੱਚੋਂ 12-14 ਨੁਕਤਿਆਂ ਨੂੰ ਰੱਦ ਕਰਨ ਲਈ ਵੀ ਸਰਕਾਰ ਸਹਿਮਤ ਹੋ ਗਈ। ਪਰ ਕਿਸਾਨ ਜਥੇਬੰਦੀਆਂ ਇੱਕ ਮੱਤ ਨਾਲ ਤਿੰਨੇ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਲਈ ਆਪਣੀ ਹੱਕੀ ਮੰਗ 'ਤੇ ਡਟੇ ਰਹੇ। ਸਰਕਾਰ ਦੇ ਡਰਾਵੇ, ਕੰਡਿਆਲੀਆਂ ਤਾਰਾਂ, ਫੁੱਟਪਾਥ 'ਤੇ ਮੇਖਾਂ ਦਾ ਗੱਡਣਾ, ਪਾਣੀ ਅਤੇ ਬਿਜਲੀ ਦੀ ਸਪਲਾਈ ਬੰਦ ਕਰਨ ਦੇ ਨਾਲ ਨਾਲ ਟੈਂਟਾ ਅਤੇ ਟਰਾਲੀਆਂ ਨੂੰ ਅੱਗ ਲਾਉਣ ਜਿਹੀਆਂ ਮੰਦਭਾਗੀ ਘੱਟਨਾਵਾਂ, ਅੰਦੋਲਨਕਾਰੀਆਂ ਦਾ ਰਾਹ ਨਹੀਂ ਰੋਕ ਸਕੀਆਂ। ਸਰਕਾਰ ਦੇ ਨੁਮਾਇੰਦਿਆਂ ਵੱਲੋਂ ਇਨਾਂ ਦੇਸ਼ ਭਗਤਾਂ ਨੂੰ ਟੁਕੜੇ-ਟੁਕੜੇ ਗੈਂਗ, ਸ਼ਹਿਰੀ ਅੱਤਵਾਦੀ, ਗੁੰਡੇ, ਅੰਦੋਲਨਜੀਵੀ ਆਦਿ ਨਫ਼ਰਤ ਭਰੇ ਸ਼ਬਦਾਂ ਨਾਲ ਸੰਬੋਧਨ ਕੀਤਾ ਗਿਆ। ਪਰ ਇਨਾਂ ਦੇ ਬੁਲੰਦ ਹੌਸਲੇ ਅਤੇ ਦ੍ਰਿੜ ਵਿਸ਼ਵਾਸ ਨੂੰ ਰੱਤੀ ਭਰ ਵੀ ਆਂਚ ਨਹੀਂ ਆਈ। ਦੇਸ਼-ਵਿਦੇਸ਼ ਤੋਂ ਚੇਤਨ ਵਰਗ ਅਤੇ ਅਗਾਂਹਵਧੂ ਪੱਤਰਕਾਰ ਭਾਈਚਾਰੇ ਨੇ ਕਿਸਾਨ ਅੰਦੋਲਨ ਦੀ ਡਟ ਕੇ ਮਦਦ ਕੀਤੀ ਹੈ।

ਇਸ ਵੇਲੇ ਭਾਰਤੀ ਸੰਸਦ ਦੇ ਮੌਨਸੂਨ ਸੈਸ਼ਨ ਵਿੱਚ ਜਿੱਥੇ ਵਿਰੋਧੀ ਪਾਰਟੀਆਂ ਨੇ ਸਰਕਾਰ ਨੂੰ ਕਿਸਾਨਾਂ ਦੀਆਂ ਹੱਕੀ ਮੰਗਾਂ ਅਤੇ ਪੈਗਾਸਸ ਜਾਸੂਸੀ ਕਾਂਡ ਕਾਰਨ ਘੇਰਿਆ ਹੋਇਆ ਹੈ, ਉੱਥੇ ਹੀ 22 ਜੁਲਾਈ ਤੋਂ ਕਿਸਾਨ ਜਥੇਬੰਦੀਆਂ ਨੇ ਸੰਸਦ ਭਵਨ ਤੋਂ ਅੰਦਾਜ਼ਨ 2 ਕਿਲੋਮੀਟਰ ਦੀ ਵਿੱਥ ਤੇ ਜੰਤਰ-ਮੰਤਰ ਵਿਖੇ ਕਿਸਾਨ ਸੰਸਦ ਚਾਲੂ ਕਰਕੇ ਨਵਾਂ ਇਤਿਹਾਸ ਸਿਰਜਿਆ ਹੈ ਅਤੇ ਸਮੁੱਚੇ ਸੰਸਾਰ ਨੂੰ ਇਹ ਸੁਨੇਹਾ ਦਿੱਤਾ ਹੈ ਕਿ ਕਿਸਾਨ ਸਿਰਫ ਅੰਨ ਹੀ ਪੈਦਾ ਨਹੀਂ ਕਰ ਰਿਹਾ, ਸਗੋਂ ਉਸ ਨੂੰ ਰਾਜਸੀ, ਸਮਾਜਿਕ ਅਤੇ ਆਰਥਿਕ ਵਿਸ਼ਿਆਂ ਦੀ ਵੀ ਵਿਸ਼ਾਲ ਸੂਝ ਹੈ। ਪਹਿਲੇ ਦਿਨ ਦੇ ਕਿਸਾਨ ਸੰਸਦ ਵਿੱਚ 3 ਸੈਸ਼ਨ ਬਣਾ ਕੇ ਕਿਸਾਨਾਂ ਵਿੱਚੋਂ ਹੀ ਸਪੀਕਰ ਅਤੇ ਡਿਪਟੀ ਸਪੀਕਰ ਬਣਾ ਕੇ ਕਿਸਾਨਾਂ ਦੀ ਸੰਸਦ ਮੈਂਬਰ ਵਜੋਂ ਸ਼ਮੂਲੀਅਤ ਅਸਲੀ ਸ਼ਬਦਾਂ ਵਿੱਚ ਜਮਹੂਰੀਅਤ ਦਾ ਪ੍ਰਗਟਾਵਾ ਕਰ ਰਹੀ ਸੀ। ਇੱਕ ਪਾਸੇ ਭਾਰਤੀ ਸੰਸਦ ਵਿੱਚ ਪਾਰਲੀਮੈਂਟ ਦੇ ਮੈਂਬਰਾਂ ਦਾ ਸ਼ੋਰ-ਸ਼ਰਾਬਾ ਬਿਨਾਂ ਕਿਸੇ ਸਾਰਥਿਕ ਨਤੀਜੇ ਤੋਂ 2.50 ਲੱਖ ਪ੍ਰਤੀ ਮਿੰਟ ਲੋਕਾਂ 'ਤੇ ਆਰਥਿਕ ਬੋਝ ਪਾ ਰਿਹਾ ਹੈ ਅਤੇ ਦੂਜੇ ਪਾਸੇ ਸ਼ਾਂਤਮਈ ਕਿਸਾਨਾਂ ਅਤੇ ਆਮ ਪਬਲਿਕ ਨੂੰ ਦਰਪੇਸ਼ ਸਮੱਸਿਆਵਾਂ ਦਾ ਕਿਸਾਨ ਸੰਸਦ ਵਿੱਚ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ। ਕਿਸਾਨ ਸੰਸਦ ਵਿੱਚ ਖੇਤੀਬਾੜੀ ਬਣੇ ਮੰਤਰੀ ਤੋਂ ਪ੍ਰਸ਼ਨ ਕਾਲ ਵਿੱਚ ਜਦੋਂ ਪੁੱਛਿਆ ਗਿਆ ਕਿ ਅਮਰੀਕਾ ਦਾ ਫੇਲ ਮਾਡਲ ਜਿਸ ਨੇ ਛੋਟੀ ਤੇ ਦਰਮਿਆਨੀ ਕਿਸਾਨੀ ਨੂੰ ਹੀ ਖਤਮ ਕਰ ਦਿੱਤਾ, ਉਹ ਮਾਡਲ ਭਾਰਤ ਵਿੱਚ ਕਿਉਂ ਲਾਗੂ ਕੀਤਾ ਜਾ ਰਿਹਾ ਹੈ ? ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਲਾਅਰਿਆਂ ਅਤੇ ਵਾਅਦਿਆਂ ਨੂੰ ਅਮਲੀ ਜਾਮਾ ਕਿਉਂ ਨਹੀਂ ਪਹਿਨਾਇਆ ਗਿਆ ? ਘੱਟੋ-ਘੱਟ ਸਮਰਥਨ ਮੁੱਲ ਤੇ ਖਰੀਦ ਦੀ ਗਰੰਟੀ ਸਿਰਫ 6 ਫੀਸਦੀ ਕਿਸਾਨਾਂ ਨੂੰ ਹੀ ਕਿਉਂ ਹੈ ? ਇਸ ਨੂੰ ਸਮੁੱਚੀ ਕਿਸਾਨੀ ਨੂੰ ਦੇਣ ਦੀ ਥਾਂ ਉਨਾਂ ਤੋਂ ਖੋਹਣ ਦੀ ਕੋਸ਼ਿਸ਼ ਕਿਉਂ ਕੀਤੀ ਜਾ ਰਹੀ ਹੈ ? ਕੀ ਖੇਤੀ ਕਾਨੂੰਨਾਂ ਦੀ ਪੈਰਵੀ ਕਰਨ ਵਾਲੇ ਮੰਤਰੀਆਂ ਅਤੇ ਪਾਰਲੀਮੈਂਟ ਦੇ ਬਹੁਤ ਸਾਰੇ ਮੈਂਬਰਾਂ ਨੂੰ ਕਿਸਾਨੀ ਜਿਣਸ ਸਬੰਧਾਂ, ਅਨਾਜ ਮੰਡੀਆਂ ਸਬੰਧੀ, ਕਿਸਾਨਾਂ ਨੂੰ ਦਰਪੇਸ਼ ਸਮੱਸਿਆਵਾਂ ਸਬੰਧੀ ਪੂਰਾ ਗਿਆਨ ਹੈ ? ਇਨਾਂ ਪ੍ਰਸ਼ਨਾਂ ਦੇ ਜਵਾਬ ਸਮੇਂ ਕਿਸਾਨ ਸੰਸਦ ਵਿੱਚ ਖੇਤੀਬਾੜੀ ਬਣਿਆ ਮੰਤਰੀ ਬੌਂਦਲ ਗਿਆ। ਕਿਸਾਨਾਂ ਦਾ ਮੰਤਰੀ ਨੂੰ ਜੋਸ਼ੀਲੇ ਸ਼ਬਦਾਂ ਵਿੱਚ ਮਿਹਣੇ ਵਜੋਂ ਇਹ ਕਹਿਣਾ :

'ਜਾਂ ਤਾਂ ਸਾਥੋਂ ਲਾਂਭੇ ਹੋ ਜਾ,
ਜਾਂ ਫਿਰ ਸਾਡੇ ਨਾਲ ਖੜੇ ਜਾ।'

ਤਾੜੀਆਂ ਦੀ ਗੂੰਜ ਵਿੱਚ ਮੰਤਰੀ ਦਾ ਕਿਸਾਨ ਅੰਦੋਲਨ ਦਾ ਹਿੱਸਾ ਬਣਨਾ ਸ਼ੁੱਭ ਸ਼ਗਨ ਮੰਨਿਆ ਗਿਆ। ਐਦਾਂ ਹੀ 26 ਜੁਲਾਈ 2021 ਨੂੰ ਕਿਸਾਨ ਅੰਦੋਲਨ ਦੇ 8 ਮਹੀਨੇ ਪੂਰੇ ਹੋਣ 'ਤੇ ਕਿਸਾਨ ਸੰਸਦ ਸੈਸ਼ਨ ਔਰਤਾਂ ਨੂੰ ਸਮਰਪਿਤ ਰਿਹਾ। ਔਰਤਾਂ ਦੇ ਸੈਸ਼ਨ ਵਿੱਚ ਸਪੱਸ਼ਟ ਹੋਇਆ ਕਿ ਔਰਤਾਂ ਦੀ ਸੰਸਦ ਤੇ ਵਿਧਾਨ ਸਭਾਵਾਂ ਵਿੱਚ 33 ਫੀਸਦੀ ਹਿੱਸੇਦਾਰੀ ਵਾਲਾ ਕਾਨੂੰਨ ਸਿਰਫ ਫਾਈਲਾਂ ਦਾ ਸ਼ਿੰਗਾਰ ਹੀ ਹੈ ਅਤੇ ਨਾਲ ਹੀ ਸਪਸ਼ਟ ਸੰਕੇਤ ਵੀ ਦਿੱਤਾ ਗਿਆ ਕਿ ਜੇਕਰ ਔਰਤਾਂ ਖੇਤੀਬਾੜੀ ਦਾ ਕੰਮ ਕਰ ਸਕਦੀਆਂ ਨੇ ਤਾਂ ਉਹ ਦੇਸ਼ ਵੀ ਚਲਾ ਸਕਦੀਆਂ ਨੇ।

ਅਸਲੀ ਸ਼ਬਦਾਂ ਵਿੱਚ ਕਿਸਾਨ ਸੰਸਦ ਅੱਠ ਮਹੀਨਿਆਂ ਤੋਂ ਚੱਲ ਰਹੇ ਕਿਸਾਨ ਅੰਦੋਲਨ ਦਾ ਅਗਲਾ ਪੜਾਅ ਹੀ ਨਹੀਂ ਸਗੋਂ ਜਮਹੂਰੀਅਤ ਨੂੰ ਮਜ਼ਬੂਤ ਕਰਨ ਵਾਲਾ ਇੱਕ ਨਿੱਗਰ ਕਦਮ ਹੈ। ਕਿਸਾਨ ਸੰਸਦ ਅਤੇ ਅੰਦੋਲਨ ਨੇ ਲੋਕਾਂ ਨੂੰ ਝੰਜੋੜਿਆ ਹੈ ਕਿ ਚੁਣੇ ਹੋਏ ਨੇਤਾ ਵੱਡੇ ਨਹੀਂ, ਚੁਣਨ ਵਾਲੇ ਵੱਡੇ ਨੇ। 74 ਸਾਲਾਂ ਵਿੱਚ ਬੀ.ਏ., ਐੱਮ.ਏ, ਪੀ.ਐੱਚ.ਡੀ. ਅਤੇ ਹੋਰ ਉੱਚ ਯੋਗਤਾ ਵਾਲੇ ਨੌਜਵਾਨ ਅਨਪੜ ਜਾਂ ਅੰਗੂਠਾ ਛਾਪ ਲੀਡਰਾਂ ਸਾਹਮਣੇ ਆਪਣੇ ਚੰਗੇ ਭਵਿੱਖ ਦੀ ਖੈਰਾਤ ਮੰਗ ਰਹੇ ਨੇ। ਦੇਸ਼ ਦੀ 77 ਫੀਸਦੀ ਦੌਲਤ ਉੱਤੇ 1 ਫੀਸਦੀ ਅਮੀਰਾਂ ਦਾ ਕਬਜ਼ਾ ਹੈ ਅਤੇ ਉਨਾਂ 1 ਫੀਸਦੀ ਅਮੀਰਾਂ ਨੇ 'ਚੋਣ ਫੰਡ' ਰਾਹੀਂ ਸਿਆਸੀ ਲੋਕਾਂ ਨੂੰ ਖਰੀਦਿਆ ਹੋਇਆ ਹੈ। ਦੇਸ਼ ਦੇ 22 ਫੀਸਦੀ ਗਰੀਬ ਗਰੀਬੀ ਰੇਖਾ ਤੋਂ ਹੇਠਾਂ ਅਤੇ 14 ਫੀਸਦੀ ਕੁਪੋਸ਼ਨ ਦਾ ਸ਼ਿਕਾਰ ਹੋਏ ਬੱਚਿਆਂ ਵੱਲ ਰਾਜਨੀਤਿਕ ਲੋਕਾਂ ਦੀ ਪਿੱਠ ਕੀਤੀ ਹੋਈ ਹੈ। ਇਸ ਕਿਸਾਨ ਅੰਦੋਲਨ ਅਤੇ ਕਿਸਾਨ ਸੰਸਦ ਨੇ ਲੋਕਾਂ ਨੂੰ ਸੁਚੇਤ ਕੀਤਾ ਹੈ ਕਿ ਜਿਹੜੇ ਸਾਧਨ ਜਾਂ ਸਰੋਤ ਸਿੱਖਿਆ ਅਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ 'ਤੇ ਖਰਚ ਕਰਨੇ ਚਾਹੀਦੇ ਹਨ, ਉਹ ਵੋਟਰਾਂ ਨੂੰ ਭਰਮਾਉਣ ਲਈ ਮੁਫਤ ਬਿਜਲੀ, ਆਟਾ ਦਾਲ, ਧਾਰਮਿਕ ਯਾਤਰਾ ਆਦਿ 'ਤੇ ਖਰਚ ਕਰਕੇ ਵੋਟ ਬੈਂਕ ਪੱਕਾ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਸਟੇਜ ਤੋਂ ਆ ਰਹੀਆਂ ਅਜਿਹੀਆਂ ਅਵਾਜ਼ਾਂ, 'ਪੈਸਾ ਇਕੱਠਾ ਕਰਨ ਦੇ ਲਾਲਚ ਨੇ ਸਿਆਸਤਦਾਨਾਂ, ਭ੍ਰਿਸ਼ਟਾਚਾਰੀਆਂ, ਸਮਗਲਰਾਂ, ਗੁੰਡਿਆਂ, ਮੁਜਰਿਮਾਂ ਅਤੇ ਕੁਰੱਪਟ ਅਧਿਕਾਰੀਆਂ ਨੂੰ ਇੱਕ ਪਲੇਟਫਾਰਮ 'ਤੇ ਇਕੱਠਾ ਕਰ ਦਿੱਤਾ ਹੈ। ਇਨਾਂ ਨੂੰ ਨੱਥ ਤੁਹਾਡੇ ਸਭ ਦੇ ਏਕੇ ਰਾਹੀਂ ਹੀ ਪਵੇਗੀ' ਨੇ ਜਮਹੂਰੀਅਤ ਦਾ ਮੂੰਹ ਮੱਥਾ ਸੰਵਾਰਨ ਵਿੱਚ ਅਹਿਮ ਯੋਗਦਾਨ ਪਾਉਣਾ ਹੈ।

## 15 ਅਗਸਤ ਮੁਬਾਰਕ ਹੋਵੇ

ਭਾਂਵੇ ਕਰਜਿਆਂ ਦੇ ਨਾਲ ਭਰੇ ਪਏ ਆਂ ਅੰਦਰੋਂ-ਅੰਦਰੀ ਮਰੇ ਪਏ ਆਂ
ਫਿਰ ਵੀ ਚਿਹਰੇ 'ਤੇ ਹੈ ਹਾਸਾ ਪਤਾ ਨਹੀਂ ਕੀ ਕੀ ਅਸੀਂ ਜਰੇ ਪਏ ਆਂ।
ਤਲਵਿੰਦਰ ਪੱਕੀ ਫਸਲ ਤੇ ਵਰਦੇ ਬੱਦਲ ਜਿਹਾ ਨਾ ਕੋਈ ਧਾਵਕ ਹੋਵੇ,
ਫਿਰ ਵੀ ਜੱਟਾ ਤੈਨੂੰ ਤੇਰੀ ਇਹ ਅਜ਼ਾਦੀ 15 ਅਗਸਤ ਮੁਬਾਰਕ ਹੋਵੇ.....।
ਪਿਛਲੇ ਸਾਲ ਕੁੜੀ ਦਾ ਵਿਆਹ ਸੀ ਕਰਨਾ ਲੱਖਾਂ ਦਾ ਸੀ ਹਰਜਾਨਾ ਭਰਨਾ,
ਡੁੱਬਦੇ ਨੂੰ ਭਾਂਵੇ ਸਾਹ ਨਾ ਆਵੇ ਪਰ ਲੋਕ ਲਾਜ ਸਮੁੰਦਰ ਪਾਰ ਸੀ ਕਰਨਾ,
ਚਾਵਾਂ ਨਾਲ ਪਾਲੀ ਧੀ ਇੰਝ ਸੀ ਜਾਪੀ ਜਿਵੇਂ ਅਬਦਾਲੀ ਦੀ ਪ੍ਰਚਾਰਕ ਹੋਵੇ,
ਫਿਰ ਵੀ ਜੱਟਾ ਤੈਨੂੰ ਤੇਰੀ ਇਹ ਅਜ਼ਾਦੀ 15 ਅਗਸਤ ਮੁਬਾਰਕ ਹੋਵੇ.....।
ਕਹਿੰਦੇ ਕੇਰਾਂ ਸਰਕਾਰ ਆਉਣ ਦਿਉ ਸਭ ਨੂੰ ਨੌਕਰੀ ਦੀ ਲਾ ਦੇਣੀ ਫੀਤੀ,
ਕੱਚਿਆਂ ਨੇ ਵੀ ਤਾਂ ਇੱਥੇ ਪੱਕੇ ਹੋਣ ਦੀ ਬੜੀ ਦਿਲੋਂ ਅਰਦਾਸ ਸੀ ਕੀਤੀ,
ਇਹ ਅਧੂਰਾ ਪੇਅ ਕਮਿਸ਼ਨ ਤਾਂ ਜਿਵੇਂ ਅਰਮਾਨਾਂ ਨੂੰ ਅੱਗ ਲਾਵਕ ਹੋਵੇ,
ਫਿਰ ਵੀ ਜੱਟਾ ਤੈਨੂੰ ਤੇਰੀ ਇਹ ਅਜ਼ਾਦੀ 15 ਅਗਸਤ ਮੁਬਾਰਕ ਹੋਵੇ.....।
ਨੌਕਰੀ ਮੰਗ ਰਹੇ ਬੇਰੁਜਗਾਰਾਂ ਦੀਆਂ ਲਹਿੰਦੀਆਂ ਨੇ ਚੁੰਨੀਆਂ ਤੇ ਪੱਗਾਂ,
ਕਦੇ ਕਦੇ ਤਾਂ ਲੱਗੇ ਸ਼ੇਰਾਂ ਨੂੰ ਆ ਕੇ ਘੇਰ ਲਿਆ ਹੈ ਗਿੱਦੜਾਂ ਦੇ ਵੱਗਾਂ,
ਏਹ ਵੀ ਤਾਂ ਹੈ ਇੱਕ ਤਰਾਂ ਦੀ ਬੇਅਦਬੀ ਫੇਰ ਏਹ ਕਿਉਂ ਮੁਆਫ਼ਕ ਹੋਵੇ,
ਫਿਰ ਵੀ ਜੱਟਾ ਤੈਨੂੰ ਤੇਰੀ ਇਹ ਅਜ਼ਾਦੀ 15 ਅਗਸਤ ਮੁਬਾਰਕ ਹੋਵੇ.....।
ਹੈ ਭਾਂਵੇ ਅੰਤਾਂ ਦੀ ਮਾੜੀ ਪਰ ਖੁਦਕੁਸ਼ੀ ਕਿਸੇ ਦਾ ਯਾਰੋ ਚਾਅ ਨਹੀਂ ਹੁੰਦਾ,
ਹਾਲਾਤਾਂ ਦੇ ਰੰਗ ਜਦ ਹੋ ਜਾਣ ਹਾਵੀ ਫਿਰ ਦਿਸਦਾ ਕੋਈ ਰਾਹ ਨਹੀਂ ਹੁੰਦਾ,
ਸਾਰਿਆਂ ਨੂੰ ਜੇ ਮਿਲਦੇ ਰਹਿਣ ਹੱਕ ਤਾਂ ਕੋਈ ਨਾ ਇਸ ਰਸਤੇ ਜਾਵਕ ਹੋਵੇ,
ਫਿਰ ਵੀ ਜੱਟਾ ਤੈਨੂੰ ਤੇਰੀ ਇਹ ਅਜ਼ਾਦੀ 15 ਅਗਸਤ ਮੁਬਾਰਕ ਹੋਵੇ...।
ਗੁਰੂਆਂ ਦੀ ਧਰਤੀ ਨੂੰ ਨਮਸਕਾਰ ਤੂੰ ਕਰ ਹਰ ਧਰਮ ਦਾ ਸਤਿਕਾਰ ਤੂੰ ਕਰ,
ਰਹਿਣ ਵੱਸਦੇ ਹਰ ਕੌਮ ਦੇ ਹਰ ਬਾਸ਼ਿੰਦੇ ਕੱਟੜਤਾ ਦਾ ਬਹਿਸ਼ਕਾਰ ਤੂੰ ਕਰ,
ਅੱਗੇ ਆਉਣ ਅਲਫਾਜ਼-ਏ-ਨਿੰਝਰ ਜੋ ਦਿਲਾਂ ਨੂੰ ਛੱਡ ਦਿਮਾਗੀਂ ਛਾਵਕ ਹੋਵੇ,
ਫਿਰ ਵੀ ਜੱਟਾ ਤੈਨੂੰ ਤੇਰੀ ਇਹ ਅਜ਼ਾਦੀ 15 ਅਗਸਤ ਮੁਬਾਰਕ ਹੋਵੇ...

- ਤਲਵਿੰਦਰ ਨਿੰਝਰ ਸਾਊਕੇ
94173-86547

# ਨਾਰੀ ਜਗਤ

## ‘ਜਾਣ ਤੋਂ ਪਹਿਲਾਂ ਮੈਨੂੰ ਮੋਹਰਾ ਦੇ ਜਾਵੀਂ’

**ਸੁਰਿੰਦਰ ਕੌਰ**

ਵਿਆਹ ਤੋਂ ਦਸ ਸਾਲ਼ ਬਾਅਦ ਵੀ ਮੇਰੀ ਕੁੱਖ ਹਰੀ ਨਾ ਹੋਈ, ਮੈਂ ਅਖ਼ੀਰ ਨੰਬਰਦਾਰ ਨੂੰ ਦੂਜਾ ਵਿਆਹ ਕਰਵਾਉਣ ਲਈ ਮਨਾ ਲਿਆ, ਸ਼ਰਾਬ ਪੀਣ ਲੱਗ ਗਿਆ ਸੀ ਬਹੁਤ, ਨਸ਼ੇ ਵਿਚ ਹੜਬੜਾਉਂਦਾ ਹੁੰਦਾ ਸੀ, ‘ਕੀ ਕਰਨੇ ਚਾਲ਼ੀ ਕਿੱਲੇ ਜ਼ਮੀਨ ਦੇ ਜੇ ਅਗਾਂਹ ਕੋਈ ਵਾਲੀ-ਵਾਰਸ ਈ ਹੈਨੀ ?’

ਨਿੱਕੀ ਹੈ ਤਾਂ ਕੱਬੀ ਪਰ ਮੈਨੂੰ ਵੱਡੀਆਂ ਭੈਣਾਂ ਵਾਂਗ ਮੰਨਦੀ ਏ। ਸੁੱਖ ਨਾਲ਼ ਤਿੰਨ ਮੁੰਡੇ ਹੋਏ, ਤਿੰਨੇ ਮੈਨੂੰ ਮਾਂ ਕਹਿੰਦੇ ਆ, ਵੱਡਾ ਤਾਂ ਪੈਂਦਾ ਵੀ ਮੇਰੇ ਨਾਲ਼ ਹੀ ਰਿਹਾ। ਨੰਬਰਦਾਰ ਨੇ ਪੀਣੀ ਵੀ ਛੱਡ ਦਿੱਤੀ, ਨਿੱਕੀ ਨੇ ਹਵੇਲੀ ਦਾ ਇਕਲਾਪਾ ਵੀ ਕੱਜ ਦਿੱਤਾ ਤੇ ਮੇਰਾ ਬਾਂਝਪਣ ਵੀ। ਉਹ ਜਦੋਂ ਜਵਾਕਾਂ ਨੂੰ ਝਿੜਕਦੀ-ਮਾਰਦੀ, ਮੇਰੇ ਓਹਲੇ ਆ ਕੇ ਲੁਕ ਜਾਂਦੇ, ਕੋਈ ਮੇਰੀ ਬਾਂਹ ਫੜ ਲੈਂਦਾ, ਕੋਈ ਮੇਰੀ ਧੌਣ ਦੁਆਲ਼ੇ ਬਾਂਹਾਂ ਵਲ਼ ਲੈਂਦਾ, ਸ਼ਾਇਦ ਢਿੱਡੋਂ ਜਾਏ ਵੀ ਏਨਾ ਮੋਹ ਨਾ ਕਰਦੇ, ਮੈਂ ਵੱਡ-ਭਾਗੀ ਆਂ। ਮੈਂ ਜ਼ਰੂਰ ਕੋਈ ਪੁੰਨ ਕੀਤੇ ਹੋਣੇ ਆ ਪਿਛਲੇ ਜਨਮ ਵਿਚ।

ਮੈਂ ਕੰਧ ਓਹਲਿਓਂ ਵੀ ਸੁਣ ਕੇ ਦੇਖਿਆ ਏ ਉਹਨੇ ਸਾਰੀ ਉਮਰ ਮੈਨੂੰ ਸੌਂਕਣ ਨੀਂ ਆਖਿਆ, ਮੈਂ ਵੀ ਆਪਣੇ-ਆਪ ਨੂੰ ਸਦਾ ਉਹਦੀ ਬਾਂਦੀ ਸਮਝਿਆ ਏ। ਜਦੋਂ ਵੀ ਸ਼ਹਿਰ ਜਾਵਾਂ ਉਹਦੇ ਲਈ ਕੁਝ ਖਰੀਦ ਕੇ ਮੈਨੂੰ ਅਥਾਹ ਖ਼ੁਸ਼ੀ ਮਿਲਦੀ ਏ। ਸਾਨੂੰ ਤਾਂ ਬੰਦਾ ਵੀ ਵੰਡਣਾ ਨਾ ਆਇਆ। ਕਈ ਵਾਰੀ ਸ਼ਕੈਤ ਲਾਉਂਦੀ ਕਹਿ ਦਿੰਦੀ ਏ,‘ਵੱਡੀਏ, ਤੇਰਾ ਨੰਬਰਦਾਰ ਲੜਦਾ ਸੀ ਰਾਤੀਂ ਮੇਰੇ ਨਾਲ਼, ਫੇਰ ਨਾ ਆਖੀਂ ਜੇ ਮੈਂ ਤੁਰ ਗੀ, ਸਮਝਾ ਲੈ ਉਹਨੂੰ!’ ਉਂਝ ਬੜੀ ਵੱਡ-ਦਿਲੀ ਏ, ਜੇ ਨੰਬਰਦਾਰ ਕੁਝ ਕਹਿ ਦੇਵੇ ਤਾਂ ਪ੍ਰਵਾਹ ਨਹੀਂ ਕਰਦੀ ਪਰ ਮੇਰਾ ਕਾਲਜਾ ਜਰੂਰ ਕੋਹਿਆ ਜਾਂਦਾ ਏ।

‘ਜਾਣ ਤੋਂ ਪਹਿਲਾਂ ਮੈਨੂੰ ਮੋਹਰਾ ਦੇ ਜਾਵੀਂ।’

ਸਿਆਲਾਂ ਵਿਚ ਇੱਕ ਦਿਨ ਵਿਹੜੇ ਵਿਚ ਬੈਠੀਆਂ ਧੁੱਪ ਸੇਕ ਰਹੀਆਂ ਸਾਂ ਤਾਂ ਐਵੇਂ ਈ ਗੱਲ ਚੱਲ ਪਈ, ‘ਵੈਸੇ ਤਾਂ ਮੈਂ ਤੇਰੇ ਨਾਲ਼ ਧੱਕਾ ਈ ਕੀਤੈ, ਨਿੱਕੀਏ।’

‘ਕੀ ਧੱਕਾ ਕੀਤੈ ? ਮਾਪੇ ਗ਼ਰੀਬ ਸੀ ਕੀ ਪਤੈ ਕਿਸੇ ਭੰਗੀ-ਪੋਸਤੀ ਨਾਲ਼ ਵਿਆਹ ਛੱਡਦੇ, ਨਾਲ਼ੇ ਗ਼ਰੀਬਾਂ ਦੀਆਂ ਧੀਆਂ ਬਹੁਤੇ ਸੁਪਨੇ ਨਾ ਹੀ ਲੈਣ ਤਾਂ ਚੰਗਾ ਏ।’

ਪਤਾ ਈ ਨੀਂ ਲੱਗਿਆ ਵਰਿਆਂ ਦੇ ਵਰੇ ਕਦੋਂ ਲੰਘ ਗਏ। ਸਾਲ਼ ਪਹਿਲਾਂ ਵੱਡੇ ਮੁੰਡੇ ਨੂੰ ਵਿਆਹ ਕੇ ਲਿਆਏ ਤਾਂ ਮੈਂ ਨਣਾਨਾਂ ਤੋਂ ਡਰਦੀ ਬਈ, ਕਿਤੇ ਇਉਂ ਨਾ ਕਹਿ ਦੇਣ,‘ਕਿੱਥੋਂ ਕੁਲਛਣੀ ਮੱਥੇ ਲੱਗ ਗਈ।’ ਪਿੱਛੇ ਲੁਕਦੀ ਫਿਰਾਂ, ਨਿੱਕੀ ਮੇਰੀ ਬਾਂਹ ਫੜਕੇ ਕਹਿੰਦੀਂ, ‘ਵੱਡੀਏ, ਤੇਰਾ ਪੁੱਤ ਏ, ਵਾਰ ਪਾਣੀ।’ ਮੇਰੇ ਪੈਰ ਜ਼ਮੀਨ ’ਤੇ ਨਾ ਲੱਗਣ।

ਮਹੀਨਾ ਕੁ ਪਹਿਲਾਂ ਚੱਕਰ ਆ ਕੇ ਐਸੀ ਡਿੱਗੀ ਬੇਹੋਸ਼ ਹੋ ਗਈ, ਮੁੰਡੇ ਫਟਾਫਟ ਹਸਪਤਾਲ ਲੈ ਗਏ, ਨਾਮੁਰਾਦ ਬਿਮਾਰੀ ਨਿਕਲੀ, ਇਹਨੂੰ ਕਹਿੰਦੇ ਆ ਅਚਿੰਤੇ ਬਾਜ਼ ਪੈਣੇ, ਥੋੜੇ ਚਿਰ ਦੀ ਪ੍ਰਾਹੁਣੀ ਏ, ਮੇਰੇ ਤਾਂ ਹੌਲ ਪੈਂਦੇ ਨੇ, ਅੰਦਰ



ਵੜ ਕੇ ਰੋ ਲੈਂਦੀ ਆਂ, ਤਾਹਨੇ-ਮਿਹਣੇ ਦੇ ਲੈਂਦੀ ਆਂ ਰੱਬ ਨੂੰ,‘ਰੱਬਾ, ਕੀ ਵਿਗਾੜਿਆ ਉਹਨੇ ਭੋਰਾ-ਭਰ ਨੇ ਤੇਰਾ, ਪੇਕਿਆਂ ਦੀ ਕਮਜ਼ੋਰੀ ਕਰਕੇ ਆਪ ਤੋਂ ਪੰਦਰਾਂ ਸਾਲ਼ ਵੱਡੇ ਮਰਦ ਨਾਲ ਵਿਆਹ ਕਰਵਾਇਆ, ਕਦੇ ਕੋਈ ਗਿਲਾ-ਸ਼ਿਕਵਾ ਨਹੀਂ ਕੀਤਾ ਤੇ ਮੈਂ ਕੰਡਿਆਲੀ ਥੋਹਰ ਮੈਨੂੰ ਕਿਉਂ ਭੁੱਲ ਗਿਆ ? ਐਵੇਂ ਥਾਂ ਈ ਘੇਰੀ ਬੈਠੀ ਆਂ। ਨਿਆਂ ਨੀ ਏਹ ਤੇਰਾ।’

ਮੌਤ ਬੰਦੂਕ ’ਚੋਂ ਨਿਕਲੀ ਗੋਲ਼ੀ ਹੋਵੇ ਤਾਂ ਮੂਹਰੇ ਹੋ ਜਾਵਾਂ। ਨੰਬਰਦਾਰ ਨੇ ਮੁੰਡੇ ਦੇ ਵਿਆਹ ’ਤੇ ਵੀ ਨਹੀਂ ਪੀਤੀ, ਪਰਸੋਂ-ਚੌਥੇ ਪਾਣੀ ਮੰਗਿਆ, ਲੈ ਕੇ ਗਈ ਤਾਂ ਦੇਖਿਆ ਬੈਠਕ ਵਿਚ ਬੋਤਲ ਖੋਲੀ ਜਾਵੇ, ਆਂਹਦਾ, ‘ਨੀਂਦ ਨੀਂ ਆਉਂਦੀ।’

‘ਜੇ ਬੁੜੀ ਨੂੰ ਨੀਂਦ ਨਾ ਆਵੇ ਤਾਂ ਉਹ ਕੀ ਕਰੇ ?’

ਹੁਣ ਪਹਿਲਾਂ ਵਾਂਗ ਹੱਸਿਆ ਨੀਂ ਜਾਂਦਾ, ਇੱਕ ਦਿਨ ਕਹਿੰਦੀ,‘ਗੁੱਸੇ ਏਂ ਵੱਡੀਏ, ਕਿਸੇ ਗੱਲ ਤੋਂ ?’

ਮੇਰੇ ਦਿਲ ਨੂੰ ਵਟਾ ਆ ਗਿਆ। ‘ਆਉਨੀ ਆਂ।’ ਕਹਿਕੇ ਬਾਹਰ ਆ ਗਈ। ਚੁਬਾਰੇ ਵਿਚ ਜਾ ਕੇ ਭੁੱਬਾਂ ਮਾਰਕੇ ਰੋਈ, ਫੇਰ ਜਾ ਕੇ ਮਨ ਹਲਕਾ ਹੋਇਆ।

ਹੁਣ ਉਹਨੂੰ ਕਿਹੜੇ ਜਿਗਰੇ ਨਾਲ਼ ਦੱਸਾਂ, ਮੇਰੀਏ ਬੁਲਬੁਲੇ, ਤੇਰੇ ਤੋਂ ਗੁੱਸੇ ਹੋ ਕੇ ਮੈਂ ਜਾਣਾ ਕਿੱਥੇ ਏ ? ਗੁੱਸੇ ਤਾਂ ਮੈਂ ਓਸ ਰੱਬ ਨਾਲ਼ ਆਂ ਜੋ ਮੋਤੀਆਂ ਦੀ ਮਾਲ਼ਾ ਵਿਚੋਂ ਮੇਰਾ ਕੋਹਿਨੂਰ ਹੀਰਾ ਖੋਹਣ ਨੂੰ ਫਿਰਦਾ ਏ।

ਰਾਤ ਨੂੰ ਕਈ-ਕਈ ਵਾਰ ਉੱਠਕੇ ਦੇਖਦੀ ਆਂ, ਮੈਂ ਉਹਨੂੰ ਚੁੱਪ-ਚੁਪੀਤੇ ਜਾਣ ਨਹੀਂ ਦੇਣਾ। ਚਲੋ, ਮਰਦਿਆਂ ਨਾਲ਼ ਮਰਿਆ ਤਾਂ ਨਹੀਂ ਜਾਂਦਾ ਪਰ ਉਹਨੂੰ ਮੈਂ ਝੋਲ਼ੀ ਪਵਾ ਕੇ ਲੈ ਕੇ ਆਈ ਸੀ ਉਹ ਜਾਊ ਵੀ ਮੇਰੀ ਝੋਲ਼ੀ ਵਿੱਚ।

## ਅਲਗੋਜ਼ਾ ਵਜਾਉਣ ਵਾਲੀ ਸਿੰਘਣੀ ਅਨੂਰੀਤ ਕੌਰ






**ਸਰਬਜੀਤ ਕੌਰ ‘ਸਰਬ’**

ਪੰਜਾਬ ਦਾ ਲੋਕ ਸਾਜ਼ ਅਲਗੋਜ਼ਾ, ਜਿਸ ਨੂੰ ਹੁਣ ਤੱਕ ਕੇਵਲ ਪੁਰਸ਼ਾਂ ਦੁਆਰਾ ਵਜਾਉਣ ਵਾਲਾ ਸਾਜ਼ ਹੀ ਕਿਹਾ ਜਾਂਦਾ ਸੀ, ਪਰ ਅਨੂਰੀਤ ਪਾਲ ਕੌਰ ਨੇ ਇਸ ਸਾਜ਼ ਨੂੰ ਬਜਾ ਕੇ ਨਾ ਕੇਵਲ ਆਪਣਾ ਨਾਮ ਇੰਡੀਆ ਬੁੱਕ ਆਫ ਰਿਕਾਰਡ ਵਿਚ ਦਰਜ ਕਰਵਾਇਆ ਹੈ ਬਲਕਿ ਨਾਲ ਹੀ ਉਸ ਨੇ ਇਸ ਸਾਜ਼ ਨੂੰ ਬੀਬੀਆਂ ਦੇ ਨਾਲ ਵੀ ਜੋੜ ਦਿੱਤਾ ਹੈ । ਪੰਜਾਬ ਦੇ ਲੋਕ ਸਾਜ਼ ਵੀ ਚਾਰ ਸ਼੍ਰੇਣੀਆਂ ਵਿੱਚ ਵੰਡੇ ਗਏ ਹੋਏ ਹਨ ਅਤੇ ਇਨਾਂ ਸ਼੍ਰੇਣੀਆਂ ਵਿਚ ਅਲਗ ਅਗਲ ਸਾਜ਼ ਹਨ, ਅਲਗੋਜਾ ਸਾਜ਼ ਵੀ ਇਨਾਂ ਦਾ ਅੰਗ ਹੈ ਜੋ ਹਵਾ ਦੀ ਸਹਾਇਤਾ ਨਾਲ ਬਜਾਇਆ ਜਾਂਦਾ ਹੈ।

ਮੁਹਾਲੀ ਦੀ ਵਸਨੀਕ ਅਨੂਰੀਤ ਪਾਲ ਕੌਰ ਗੁਰਸਿੱਖ ਕੇਸਾਧਾਰੀ ਬੀਬੀ ਹੈ। ਸਿੱਖੀ ਦੇ ਨਾਲ ਨਾਲ ਉਸ ਨੇ ਸਿੱਖ ਸੱਭਿਆਚਾਰ ਨੂੰ ਵੀ ਆਪਣੇ ਮਨ ਦਾ ਹਿੱਸਾ ਬਣਾਇਆ ਹੈ। ਆਪਣੀ ਵਿਰਾਸਤ ਨੂੰ ਸੰਭਾਲਦੇ ਹੋਏ ਅਨੂਰੀਤਪਾਲ ਕੌਰ ਕਈ ਵਾਰੀ ਕੌਮੀ ਤੇ ਕੌਮਾਂਤਰੀ ਪੱਧਰ ਉੱਤੇ ਆਪਣੀ ਕਲਾ ਦੇ ਜੌਹਰ ਦਿਖਾ ਚੁੱਕੀ ਹੈ। ਅਨੂਰੀਤ ਨੇ ਇਹ ਕਲਾ ਆਪਣੇ ਉਸਤਾਦ ਇੰਟਰਨੈਸ਼ਨਲ ਅਲਗੋਜ਼ਾ ਵਾਦਕ ਕਰਮਜੀਤ ਸਿੰਘ ਬੱਗਾ ਜੀ ਦੀ ਸ਼ਾਗਿਰਦੀ ਵਿੱਚ ਸਿੱਖੀ। ਉਸ ਵਲੋਂ ਇਹ ਨਾਮ ਦਰਜ ਕਰਵਾ ਕੇ ਆਪਣੇ ਪਰਿਵਾਰ, ਉਸਤਾਦ ਤੇ ਟ੍ਰਾਈਸਿਟੀ ਦਾ ਨਾਮ ਹੀ ਰੋਸ਼ਨ ਨਹੀਂ ਕੀਤਾ ਸਗੋਂ ਸਿੱਖ ਕੌਮ ਨੂੰ ਵੀ ਰੌਸ਼ਨ ਕੀਤਾ ਹੈ। ਅਨੂ ਨੇ ਇਹ ਕਲਾ 2017 ਵਿੱਚ ਸਿੱਖਣੀ ਸ਼ੁਰੂ ਕੀਤੀ। ਅਨੂ ਨੂੰ ਅਲਗੋਜ਼ੇ ਵਜਾਉਣ ਦੇ ਨਾਲ ਨਾਲ ਘੋੜਸਵਾਰੀ, ਪੰਜਾਬੀ ਲੋਕ ਨਾਚਾਂ ਤੋਂ ਇਲਾਵਾ ਗੱਤਕਾ ਖੇਡ ਵਿਚ ਵੀ ਮੁਹਾਰਤ ਹਾਸਲ ਹੈ । ਗੱਤਕਾ ਖੇਡਣ ਦੀ ਕਲਾ ਅਨੂ ਨੇ ਆਪਣੇ ਨਾਨਾ ਗੁਰਪ੍ਰੀਤ ਸਿੰਘ ਖਾਲਸਾ ਤੋਂ ਸਿੱਖੀ । ਪਰਿਵਾਰ ਵਿਚ ਹੀ ਸਿੱਖੀ ਦਾ ਮਾਹੌਲ ਹੋਣ ਕਾਰਨ ਅਕਸ ਸਿੱਖ ਵਿਰਾਸਤ ਦੀਆਂ ਗੱਲਾਂ ਵੀ ਹੁੰਦੀਆਂ ਰਹਿੰਦੀਆਂ ਹਨ। ਇਸੇ ਪ੍ਰਭਾਵ ਦੇ ਸਦਕਾ ਅਨੂ ਅੱਜ ਦੁਨੀਆਂ ਦੇ ਸਾਹਮਣੇ ਸਿੱਖੀ ਅਤੇ ਸਿੱਖ ਵਿਰਾਸਤ ਨੂੰ ਸਾਹਮਣੇ ਲਿਆ ਰਹੀ ਹੈ। ਅਨੂਰੀਤ ਦੇ ਮਾਤਾ ਸੁਖਬੀਰ ਪਾਲ ਕੌਰ ਤੇ ਪਿਤਾ ਨਰਿੰਦਰ ਨੀਨਾ ਵੀ ਬਹੁਤ ਵਧੀਆ ਕਲਾਕਾਰ ਤੇ ਲੋਕ ਕਲਾਵਾਂ ਦੇ ਗਿਆਤਾ ਹਨ, ਜਿਨਾਂ ਦੇ ਦਿਖਾਏ ਰਸਤੇ ਤੇ ਚੱਲ ਕੇ ਸਾਨੂੰ ਅੱਜ ਦੁਨੀਆਂ ਦੇ ਸਾਹਮਣੇ ਹੈ। ਇਸ ਤੋਂ ਇਲਾਵਾ ਉਹ ਆਪਣੀ ਹੌਂਸਲਾ ਅਫ਼ਜਾਈ ਦੇ ਲਈ ਆਪਣੇ ਵੀਰ ਹਰਕੀਰਤ ਤੇ ਮਨਦੀਪ ਤੋਂ ਇਲਾਵਾ ਆਪਣੇ ਸਾਥੀਆਂ ਤੇ ਇਲਾਕਾ ਨਿਵਾਸੀਆਂ ਦਾ ਬਹੁਮੁੱਲਾ ਯੋਗਦਾਨ ਵੀ ਮੰਨਦੀ ਹੈ । ਜਿਨਾਂ ਨੇ ਲਗਾਤਾਰ ਉਸ ਦੇ ਇਸ ਕੰਮ ਨੂੰ ਸਰਾਹਿਆ ਅਤੇ ਉਸ ਨੂੰ ਅੱਗੇ ਵੱਧਣ ਲਈ ਹੱਲਾਸ਼ੇਰੀ ਦਿੱਤੀ ।

ਜਿਸ ਦਾ ਨਤੀਜਾ ਅੱਜ ਅਨੂਰੀਤ ਨੂੰ ਇੰਡੀਆ ਬੁੱਕ ਆਫ ਰਿਕਾਰਡ ਵਲੋਂ ਇੱਕ ਸਰਟੀਫਿਕੇਟ, ਮੈਡਲ , ਆਈ ਕਾਰਡ, ਪੈਨ, ਬੈਚ ਭੇਜਿਆ ਗਿਆ ਹੈ ਜੋ ਉਸ ਲਈ ਫ਼ਖ਼ਰ ਵਾਲੀ ਗੱਲ ਹੈ ।

ਪੰਜਾਬ ਦੀਆਂ ਬਾਕੀ ਬੀਬੀਆਂ ਲਈ ਵੀ ਅਨੂਰੀਤ ਪ੍ਰੇਰਨਾ ਸਰੋਤ ਬਣ ਗਈ ਹੈ। ਅਨੂਰੀਤ ਕੌਰ ਜਿਹੀ ਸੋਚ ਜੇਕਰ ਪੰਜਾਬ ਦੀਆਂ ਬਾਕੀ ਮੁਟਿਆਰਾਂ ਦੇ ਅੰਦਰ ਵੀ ਆ ਜਾਵੇ ਤਾਂ ਸਿੱਖੀ ਅਤੇ ਸੱਭਿਆਚਾਰ ਨੂੰ ਬੜੇ ਸੁਚੱਜੇ ਢੰਗ ਨਾਲ ਸੰਭਾਲਿਆ ਜਾ ਸਕਦਾ ਹੈ। ਅਸੀਂ ਅਕਸਰ ਅੱਜ ਕੱਲ ਇਹ ਹੀ ਦੇਖਦੇ ਹਾਂ ਕਿ ਪੰਜਾਬੀ ਸੱਭਿਆਚਾਰ ਇਤਿਹਾਸਕ ਪੰਨਿਆਂ ਉੱਤੇ ਦਰਜ ਹੁੰਦਾ ਜਾ ਰਿਹਾ ਹੈ, ਕਿਉਂਕਿ ਅਜੋਕੇ ਸਮੇਂ ਵਿੱਚ ਪੰਜਾਬ ਦੀ ਜਵਾਨੀ ਪੱਛਮੀ ਸੱਭਿਆਚਾਰ ਨੂੰ ਅਪਣਾ ਰਹੀ ਹੈ। ਜਿਸ ਉੱਤੇ ਚੱਲ ਕੇ ਪੰਜਾਬੀ ਸੱਭਿਆਚਾਰ ਨੂੰ ਇਹ ਨੌਜਵਾਨ ਪੀੜੀ ਲਗਾਤਾਰ ਖ਼ਤਮ ਕਰ ਰਹੀ ਹੈ । ਅਨੂਰੀਤ ਕੌਰ ਜਿਹੀਆਂ ਮੁਟਿਆਰਾਂ ਦੀ ਸੋਚ ਕਾਰਨ ਹੀ ਹੁਣ ਤਕ ਪੰਜਾਬੀ ਸੱਭਿਆਚਾਰ ਕਾਇਮ ਹੈ, ਅਨੁਰੀਤ ਦੀ ਇਸ ਸੋਚ ਨੂੰ ਉਹ ਲੋਕ ਸਦਾ ਸਲਾਮ ਕਰਨਗੇ ਜੋ ਸਿੱਖ ਵਿਰਾਸਤ ਨੂੰ ਸੰਭਾਲਣ ਦਾ ਲਗਾਤਾਰ ਯਤਨ ਕਰ ਰਹੇ ਹਨ। ਜੇਕਰ ਥੋੜੀ ਡੂੰਘਾਈ ਵਿਚ ਦੇਖਿਆ ਜਾਵੇ ਤਾਂ ਜੋ ਵੀ ਪੰਜਾਬ ਦੇ ਲੋਕ ਸਾਜ਼ ਹਨ ਹੁਣ ਦੇ ਸਮੇਂ ਉਹ ਖ਼ਤਮ ਹੋ ਰਹੇ ਹਨ, ਉਨਾਂ ਦੀ ਜਗਾ ਹੁਣ ਪੱਛਮੀ ਸੱਭਿਆਚਾਰ ਨੇ ਲੈ ਲਈ ਹੈ, ਜਿਸ ਦੀ ਛਾਪ ਲਗਾਤਾਰ ਗਹਿਰੀ ਹੁੰਦੀ ਜਾ ਰਹੀ ਹੈ। ਪੰਜਾਬ ਦੀ ਆਉਣ ਵਾਲੀ ਪੀੜੀ ਜੇਕਰ ਅਨੁਰੀਤ ਕੌਰ ਦੀ ਸੋਚ ਉੱਤੇ ਚੱਲੇ ਅਤੇ ਆਪਣੀ ਕੌਮ ਦਾ ਇਤਿਹਾਸਕ ਪਿਛੋਕੜ ਵੇਖੇ ਤਾਂ ਪੰਜਾਬ ਦੀ ਨੌਜਵਾਨੀ ਅਤੇ ਸੱਭਿਆਚਾਰ ਨੂੰ ਵੀ ਸੰਭਾਲਿਆ ਜਾ ਸਕਦਾ ਹੈ ।

## ਬਟਵਾਰੇ ਵੇਲੇ ਸਿੱਖ ਬੀਬੀਆਂ ਦੀ ਬਹਾਦਰੀ

**ਜੋਰਾਵਰ ਸਿੰਘ ਤਰਸਿੱਕਾ**



੧੯੪੭ ਵਿਚ ਭਾਰਤ ਦੇ ਬਟਵਾਰੇ ਵੇਲੇ ਮਾਨਵਤਾ ਧਰਤੀ ਤੋਂ ਖੰਭ ਲਾ ਕੇ ਉਡ ਗਈ । ਸਦੀਆਂ ਤੋਂ ਇਕੱਠੇ ਰਹੇ ਹਿੰਦੂ , ਸਿੱਖ , ਮੁਸਲਮਾਨ ਇਕ ਦੂਜੇ ਦੇ ਲਹੂ ਦੇ ਤਿਆਹੇ ਹੋ ਗਏ । ਮਨੁੱਖ ਨੇ ..ਆਪਣੇ ਦਿਮਾਗ ਦਾ ਸੰਤੁਲਣ ਖੋਹ ਦਿੱਤਾ । ਇਕ ਦੂਜੇ ਦੇ ਲਹੂ ਦੇ ਤਿਆਹੇ ਹੋ ਗਏ । ਮੁਸਲਮਾਨਾਂ ਨੇ ਹਿੰਦੂ ਸਿੱਖਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ । ਪੂਰਬੀ ਪੰਜਾਬ ਵਿਚ ਹਿੰਦੂ ਸਿੱਖਾਂ ਨੇ ਮੁਸਲਮਾਨਾਂ ਦਾ ਘਾਣ ਸ਼ੁਰੂ ਕਰ ਦਿੱਤਾ । ਦੋਹੀਂ ਪਾਸੇ ਮਾਸੂਮ ਬੱਚਿਆਂ , ਨਿਰਦੋਸ਼ ਬੰਦੇ , ਬੁੱਢੀਆਂ ਦੀ ਕੱਟ ਵੱਢ ਸ਼ੁਰੂ ਹੋ ਗਈ । ਕਿਸੇ ਫਿਰਕੇ ਨੇ ਘਟ ਨਹੀਂ ਕੀਤੀ ਲੱਖਾਂ ਦੀ ਗਿਣਤੀ ਵਿਚ ਲੋਕੀ ਅਜਾਈ ਮਾਰੇ ਗਏ । ਦਰਿਆ ਲਹੂ ਨਾਲ ਲਾਲ ਹੋ ਗਏ । ਸਿੱਖਾਂ ਨੇ ਆਪਣੇ ਧਰਮ ਨੂੰ ਬਚਾਉਣ ਖਾਤਰ ਆਪਣੀਆਂ ਬਹੂ ਬੇਟੀਆਂ ਆਪਣੇ ਹੱਥੀਂ , ਵੱਢੀਆਂ , ਅੱਗਾਂ ਵਿਚ ਸੜ ਮਰੀਆ ਖੂਹਾਂ ਵਿਚ ਛਾਲ ਮਾਰ ਕੇ ਜਾਨਾਂ ਦਿੱਤੀਆਂ । ਹੇਠ ਲਿਖੇ ਆਟੇ ਚੋਂ ਲੂਣ ਵਾਂਗ ਇਕ ਦੋ ਘਟਨਾਵਾਂ ਹਾਜ਼ਰ ਹਨ ।

ਸੰਤ ਅਤਰ ਸਿੰਘ ਜੀ ਮਸਤੂਆਨੇ ਵਾਲਿਆਂ ਪੋਠੋਹਾਰ ( ਹੁਣ ਪਾਕਿਸਤਾਨ ) ਦੇ ਇਲਾਕੇ ਵਿਚ ਰਹਿ ਕੇ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ ਸੀ ਉਝ ਸਿੱਖ ਗੁਰੂ ਸਾਹਿਬਾਨ ਦੇ ਵੇਲਿਆਂ ਤੋਂ ਇਧਰ ਸਿੱਖੀ ਬੜੀ ਕੱਟੜ ਸੀ । ਸੰਤਾਂ ਦੇ ਪ੍ਰਚਾਰ ਨਾਲ ਹੋਰ ਰੰਗਤ ਚੜੀ । ਇਸ ਇਲਾਕੇ ਵਿੱਚ ਇੱਕ ਪਿੰਡ ਹੈਂ ਥਹੋਂ ਖਾਲਸਾ ਹੈ । ਇਥੇ ਜਰਵਾਣਿਆਂ ( ਮੁਸਲਮਾਨਾ ) ਦਾ ਬਹੁਤ ਜੋਰ ਪੈ ਗਿਆ ਤਾਂ ਕੁਝ ਬਦਮਾਸ਼ਾਂ ਨੇ ਸਿੱਖਾਂ ਨੂੰ ਕਿਹਾ ‘ ਤੁਹਾਡੀਆਂ ਧੀਆਂ ਭੈਣਾ ਅਸੀਂ ਤੁਹਾਥੋਂ ਖੋਹ ਕੇ ਲੈ ਜਾਵਾਂਗੇ ਚੰਗਾ ਹੈ ਜੇ ਤੁਸੀਂ ਆਪਣੇ ਆਪ ਸਾਡੇ ਅੱਗੇ ਆਪਣੀਆਂ ਨੂੰਹਾਂ ਧੀਆਂ ਲਾ ਦਿਓ । ਉਸ ਵੇਲੇ ਸਾਰੇ ਪਿੰਡ ਦੀਆਂ ਸਿੱਖ ਬੀਬੀਆਂ ਪਿੰਡ ਵਿਚਕਾਰ ਖੂਹ ਤੇ ਭਾਣਾ ਵਰਤਾਉਣ ਲਈ ਇਕੱਠੀਆਂ ਹੋਈਆਂ ਸਨ । ਸਰਦਾਰਨੀ ਲਾਜਵੰਤ ਕੌਰ ਇਨਾਂ ਦੀਆਂ ਗੱਲਾਂ ਸੁਣ ਲੋਹੇ ਲਾਖੀ ਹੋ ਬੜੇ ਜੋਸ਼ ਵਿਚ ਬੋਲੀ ‘ ਹਰਾਮ ਖੋਰੋ । ਸਾਡਾ ਹੀ ਖਾਂਦੇ ਰਹੇ ਹੋ ਬਦਮਾਸ਼ੋ । ( ਕਿਉਂਕਿ ਇਨਾਂ ਵਿਚੋਂ ਕਈ ਸਿੱਖਾਂ ਦੇ ਮੁਜ਼ਾਰੇ ਸੰਨ ) । ਕੌਣ ਜੰਮਿਆ ਹੈ ਦਸਮੇਸ਼ ਪਿਤਾ ਦੀਆਂ ਦੀਆਂ ਧੀਆਂ ਦਾ ਧਰਮ ਨਾਸ਼ ਕਰ ਸਕੇ । ਸਾਨੂੰ ਤਾਂ ਗੁੜਤੀ ਹੀ ਮੌਤ ਦੀ ਮਿਲਦੀ ਹੈ । ਜਦੋਂ ਦੇਖਿਆ ਕਿ ਕਮੀਨੇ , ਮੂਜੇ , ਪਾਸ਼ਰ ਇਨਾਂ ਵੱਲ ਚਲ ਪਏ ਹਨ । ਲਾਜਵੰਤ ਕੌਰ ਨੇ ਸੱਜੇ ਹੱਥ ਵਿਚ ਪੰਜ ਬਰਸ ਦਾ ਪੋਤਾ ਤੇ ਖੱਬੇ ਹੱਥ ਵਿਚ ਤਿੰਨ ਸਾਲ ਦੀ ਪੋਤੀ ਲੈ ਸਤਿ ਸ੍ਰੀ ਅਕਾਲ ਗਜਾ ਧੜਮ ਖੂਹ ਵਿਚ ਛਾਲ ਮਾਰ ਦਿੱਤੀ । ਇਸ ਦੇ ਪਿੰਡ ਇਸ ਦੇ ਸਾਰੇ ਪ੍ਰੀਵਾਰ ਨੂੰਹਾਂ ਧੀਆਂ ਨੇ ਛਾਲਾਂ ਮਾਰ ਦਿੱਤੀਆਂ । ਇਸ ਤਰਾਂ ਸਾਰੀਆਂ ਬੀਬੀਆਂ ਨੇ ਖੂਹ ਵਿੱਚ ਛਾਲਾਂ ਮਾਰ ਦਿੱਤੀਆਂ । ਇਸਤਰਾਂ ੯੭ ਬੀਬੀਆਂ ਨੇ ਧਰਮ ਦੀ ਰੱਖਿਆ ਖਾਤਰ ਆਪਣੀਆਂ ਜਾਨਾਂ ਦੀ ਆਹੂਤੀ ਪਾ ਦਿੱਤੀ । ਸੰਤ ਗੁਲਾਬ ਸਿੰਘ ਖਾਲਸਾ ਥੋਹ ਨੇ ਦੱਸਿਆ ਕਿ ਉਸ ਦੀ ਪੋਤਰੀ ਹਰਭਜਨ ਕੌਰ , ਇਕ ਨੂੰਹ ਕਰਤਾਰ ਕੌਰ ਤੇ ਇਕ ਭਰਜਾਈ ਸਰਦਾਰਨੀ ਰਾਮ ਰੱਖੀ ਅਜੇ ਸਿਸਕ ਰਹੀਆਂ ਸਨ ਤੇ ਡੁੱਬੀਆਂ ਨਹੀਂ ਸਨ । ਬਾਹਰ ਕੱਢ ਲਈਆਂ ਤੇ ਰੱਬ ਨੇ ਬਚਾ ਦਿੱਤੀਆ । ਜਰਵਾਨੇ ਇਨਾਂ ਦੀ ਬਹਾਦਰੀ ਵੈਖ ਸਹਾਰ ਨਾ ਸਕੇ ਮੂੰਹ ‘ ਚ ਉਂਗਲਾਂ ਪਾ ਹਰਨ ਹੋ ਗਏ । ਪਿੰਡ ਵਹਾਲੀ ਜਿਲਾ ਰਾਵਲਪਿੰਡੀ ਦਾ ਇਕ ਸਿੱਖਾਂ ਦਾ ਵਸੋਂ ਦਾ ਪਿੰਡ ਸੀ ਮੁਸਲਮਾਨਾਂ ਦਾ ਜ਼ੋਰ ਪੈ ਗਿਆ । ਸਿੱਖ ਗੁਰਦੁਆਰੇ ਵਿਚ ਇਕੱਠੇ ਸਨ ਜਦੋਂ ਕੋਈ ਆਸ ਬਚਣ ਦੀ ਨਾ ਰਹੀ , ਸਿੱਖਾਂ ਸੈਂਕੜੇ ਮਣ ਲੱਕੜ ਜਿਹੜੀ ਲੰਗਰ ਦੀ ਗੁਰਦੁਆਰੇ ਪਈ ਸੀ ।

# ਭਾਰਤ ਵਿਚ ਮੰਗਤਿਆਂ ਦੀ ਸਮੱਸਿਆ

**ਵਿਸ਼ਵਾ ਮਿੱਤਰ**

ਸੀਨੀਅਰ ਐਡਵੋਕੇਟ ਕੁਛ ਕਾਲਰਾ ਨੇ ਇੱਕ ਲੋਕ ਹਿਤ ਪਟੀਸ਼ਨ ਵਿੱਚ ਸੁਪਰੀਮ ਕੋਰਟ ਅੱਗੇ ਬੇਨਤੀ ਕੀਤੀ ਸੀ ਕਿ ਰੇਲ ਸਟੇਸ਼ਨਾਂ, ਬੱਸ ਅੱਡਿਆਂ, ਚੌਂਕਾਂ, ਮਾਰਕੀਟਾਂ ਅਤੇ ਹੋਰ ਪਬਲਿਕ ਥਾਂਵਾਂ ਤੋਂ ਭੀਖ ਮੰਗਣਾ ਬੰਦ ਹੋਣਾ ਚਾਹੀਦਾ ਹੈ ਕਿਉਂਕਿ ਇਹ ਸਵਾਰੀਆਂ ਨੂੰ ਅਤੇ ਹੋਰ ਲੋਕਾਂ ਨੂੰ ਬਹੁਤ ਤੰਗ ਕਰਦੇ ਹਨ। ਇਨਾਂ ਦਾ ਟੀਕਾਕਰਨ ਹੋਵੇ ਅਤੇ ਮੁੜ ਵਸੇਬਾ ਹੋਵੇ ਤਾਂ ਕਿ ਇਹ ਕਰੋਨਾ ਵਾਹਕ ਨਾ ਬਣ ਸਕਣ। ਐਡਵੋਕੇਟ ਕੁਛ ਦੇ ਨਾਲ ਕੌਂਸਲ ਮੋਹਿਤ ਪਾਲ ਅਤੇ ਸੀਨੀਅਰ ਐਡਵੋਕੇਟ ਪੀ ਚਿਨਮਯ ਸ਼ਰਮਾ ਮੌਜੂਦ ਸਨ। ਸੁਣਵਾਈ ਕਰ ਰਹੇ ਜਸਟਿਸ ਡੀ ਵਾਈ ਚੰਡਰਚੂੜ ਅਤੇ ਜਸਟਿਸ ਐੱਮ ਅਰ ਸ਼ਾਹ ਦੀ ਬੈਂਚ ਨੇ ਬਹੁਤ ਹੀ ਤਰਕਸੰਗਤ ਫੈਸਲਾ ਦਿੰਦੇ ਹੋਏ ਕਿਹਾ, 'ਭਿਖਾਰੀਆਂ ਬਾਰੇ ਅਸੀਂ ਕੁਲੀਨ ਵਰਗ ਦਾ ਨਜ਼ਰੀਆ ਨਹੀਂ ਅਪਣਾ ਸਕਦੇ। ਭੀਖ ਮੰਗਣਾ ਇੱਕ ਸਮਾਜਿਕ-ਆਰਥਿਕ ਸਮੱਸਿਆ ਹੈ। ਕਿਸੇ ਦਾ ਵੀ ਮਨ ਭਿੱਖਿਆ ਮੰਗਣ ਨੂੰ ਨਹੀਂ ਕਰਦਾ। ਇਹ ਸਮਾਜਿਕ, ਆਰਥਿਕ ਹਾਲਤਾਂ ਹੀ ਹਨ ਜਿਹੜੀਆਂ ਕਿਸੇ ਨੂੰ ਭੀਖ ਮੰਗਣ ਲਈ ਮਜਬੂਰ ਕਰਦੀਆਂ ਹਨ। ਜੇਕਰ ਇਹਨਾਂ ਲੋਕਾਂ ਦੇ ਪੜਨ ਲਿਖਣ ਦਾ ਅਤੇ ਰੋਜ਼ਗਾਰ ਦਾ ਪ੍ਰਬੰਧ ਹੋ ਜਾਵੇ ਤਾਂ ਇਹ ਵੀ ਆਪਣੇ ਪੈਰਾਂ 'ਤੇ ਖੜੇ ਹੋ ਸਕਦੇ ਹਨ ਅਤੇ ਭੀਖ ਮੰਗਣਾ ਬੰਦ ਕਰ ਦੇਣਗੇ। ਭੀਖ ਮੰਗਣ ਵਾਲੇ ਬੱਚਿਆਂ ਲਈ ਤਾਂ ਹੋਰ ਵੀ ਜ਼ਰੂਰੀ ਹੈ ਕਿ ਉਨਾਂ ਦੀ ਸਿੱਖਿਆ ਦਾ ਪ੍ਰਬੰਧ ਕੀਤਾ ਜਾਵੇ।'

ਕੋਰਟ ਨੇ ਦਿੱਲੀ ਸਰਕਾਰ ਨੂੰ ਨੋਟਿਸ ਭੇਜਿਆ ਕਿ ਕਰੋਨਾ ਮਹਾਂਮਾਰੀ ਕਾਲ ਅੰਦਰ ਇਨਾਂ ਲੋਕਾਂ ਦੇ ਟੀਕਾਕਰਨ ਅਤੇ ਮੁੜ ਵਸੇਬੇ ਲਈ ਤੁਸੀਂ ਕੀ ਕਰ ਰਹੇ ਹੋ, ਦੋ ਹਫ਼ਤਿਆਂ ਵਿੱਚ ਜਵਾਬ ਦੇਵੋ। ਅਸੀਂ ਇਹ ਨਹੀਂ ਸੁਣ ਸਕਦੇ ਕਿ ਕਰੋਨਾ ਕਾਲ ਵਿੱਚ ਭੀਖ ਮੰਗਣ 'ਤੇ ਰੋਕ ਲਾਈ ਜਾਵੇ। ਕੋਰਟ ਨੇ ਸੋਲਿਸਟਰ ਜਨਰਲ ਤੁਸ਼ਾਰ ਮਹਿਤਾ ਕੋਲੋਂ ਦਿੱਲੀ ਵਿੱਚ ਟੀਕਾਕਰਨ ਲਈ ਸਹਿਯੋਗ ਦੀ ਮੰਗ ਕੀਤੀ।

ਫੈਸਲਾ ਬਹੁਤ ਵਧੀਆ ਅਤੇ ਸਲਾਹੁਣਯੋਗ ਹੈ ਪਰ ਕੀ ਭਾਰਤ ਦੀਆਂ ਸਮਾਜਿਕ, ਆਰਥਿਕ, ਸਿਆਸੀ ਅਤੇ ਧਾਰਮਿਕ ਹਾਲਤਾਂ ਅਜਿਹੀਆਂ ਹਨ ਜਿੱਥੇ ਇਹ ਫੈਸਲਾ ਪੂਰੀ ਤਰਾਂ ਅਤੇ ਤੁਰੰਤ ਲਾਗੂ ਹੋ ਜਾਵੇਗਾ? ਲਗਦਾ ਹੈ ਨਹੀਂ।

ਭਾਰਤ ਵਿੱਚ ਭਿੱਖਿਆ ਮੰਗਵਾਉਣ ਦੀ ਇੱਕ ਬਹੁਤ ਵੱਡੀ ਇੰਡਸਟਰੀ (ਉਦਯੋਗ) ਹੈ ਜਿਸਦਾ ਕੁਲ ਕਾਰੋਬਾਰ 1.5 ਬਿਲੀਅਨ ਡਾਲਰ ਯਾਨੀ ਕਿ 150 ਕਰੋੜ ਰੁਪਏ ਸਾਲਾਨਾ ਹੈ। ਕੁਝ ਮਾਫੀਆ ਗਰੋਹ ਹਨ ਜੋ ਕਿ ਬੱਚਿਆਂ ਨੂੰ ਚੁੱਕ ਕੇ ਬੜੀ ਦੂਰ ਲੈ ਜਾਂਦੇ ਹਨ, ਉਨਾਂ ਨੂੰ ਤਸੀਹੇ ਦਿੰਦੇ ਹਨ, ਜਾਣ ਬੁੱਝ ਕੇ ਜ਼ਖ਼ਮੀ ਕਰਦੇ ਹਨ ਤਾਂ ਕਿ ਲੋਕ ਤਰਸ ਖਾ ਕੇ ਉਨਾਂ ਨੂੰ ਭੀਖ ਦੇਣ ਅਤੇ ਬੜੀ ਸਖ਼ਤੀ ਨਾਲ ਉਹਨਾਂ ਤੋਂ ਸਾਰਾ ਦਿਨ ਭੀਖ ਮੰਗਵਾਉਣ ਤੋਂ ਬਾਅਦ ਰਾਤ ਨੂੰ ਥੋੜਾ ਜਿਹਾ ਹੀ ਖਾਣਾ ਦਿੰਦੇ ਹਨ। ਉਨਾਂ ਦੇ ਕੱਪੜੇ ਬਿਨਾ ਧੋਤੇ, ਮੈਲੇ ਕੁਚੇਲੇ ਅਤੇ ਕਈ ਬੀਮਾਰੀਆਂ ਦੇ ਵਾਹਕ ਹੁੰਦੇ ਹਨ। ਮਰਨ ਤੇ ਉਹਨਾਂ ਨੂੰ ਲਾਵਾਰਿਸ ਸੁੱਟ ਦਿੱਤਾ ਜਾਂਦਾ ਹੈ। ਕਈ ਵਾਰ ਬੱਚਿਆਂ ਦੀਆਂ ਲੱਤਾਂ ਬਾਹਾਂ ਤੋੜ ਕੇ ਅਪਾਹਜ ਵੀ ਬਣਾ ਦਿੰਦੇ ਹਨ ਤਾਂ ਕਿ ਕੋਈ ਇਨਾਂ ਨੂੰ ਇਹ ਨਾ ਕਹੇ ਕਿ ਚੰਗਾ ਭਲਾ ਹੈਂ, ਭੀਖ ਕਿਉਂ ਮੰਗ ਰਿਹਾ ਹੈਂ। ਇਹ ਆਮ ਤੌਰ 'ਤੇ ਦੂਜੇ ਰਾਜਾਂ ਵਿੱਚ ਭੇਜੇ ਜਾਂਦੇ ਹਨ। ਤੁਸੀਂ ਵੇਖਿਆ ਹੋਣਾ ਹੈ ਕਿ ਤੁਹਾਡੇ ਸ਼ਹਿਰ ਜਾਂ ਕਸਬੇ ਵਿੱਚ ਜਿਸ ਥਾਂ 'ਤੇ ਕੋਈ ਮੇਲਾ ਲਗਦਾ ਹੈ ਉੱਥੇ ਆਮ ਦਿਨਾਂ ਵਿੱਚ ਇੱਕ ਜਾਂ ਦੋ ਭਿਖਾਰੀ ਹੁੰਦੇ ਹਨ ਪਰ ਮੇਲੇ ਵਾਲੇ ਦਿਨ ਜਾਂ ਉਸ ਤੋਂ ਇੱਕ ਰਾਤ ਪਹਿਲਾਂ ਤਿੰਨ ਚਾਰ ਸੌ ਜਾਂ ਇਸ ਤੋਂ ਵੀ ਵੱਧ ਤੁਰਨੋਂ ਫਿਰਨੋਂ ਅਸਮਰਥ ਭਿਖਾਰੀ ਆ ਪਹੁੰਚਦੇ ਹਨ ਅਤੇ ਇਨਾਂ ਵਿੱਚੋਂ ਜ਼ਿਆਦਾਤਰ ਹੋਰ ਹੀ ਕਿਸੇ ਪ੍ਰਾਂਤ ਦੀ ਬੋਲੀ ਬੋਲ ਰਹੇ ਹੁੰਦੇ ਹਨ। ਇਹ ਮਾਫੀਏ ਦੀ ਹੀ ਕਰਤੂਤ ਹੁੰਦੀ ਹੈ। ਮੇਲਾ ਖਤਮ ਹੁੰਦੇ ਹੀ ਇਹ ਭਿਖਾਰੀ ਵੀ ਅਲੋਪ ਹੋ ਜਾਂਦੇ ਹਨ, ਮਤਲਬ ਅਲੋਪ ਕਰ ਦਿੱਤੇ ਜਾਂਦੇ ਹਨ।

ਸਮਾਜਿਕ ਨਿਆਂ ਮੰਤਰੀ ਥਵਰ ਚੰਦ ਗਹਿਲੋਤ ਦੇ ਮਾਰਚ 2021 ਦੇ ਬਿਆਨ ਅਨੁਸਾਰ ਭਾਰਤ ਵਿੱਚ 413670 ਭਿਖਾਰੀ ਹਨ ਅਤੇ ਉਹਨਾਂ ਵਿੱਚੋਂ ਚਾਲੀ ਹਜ਼ਾਰ ਬੱਚੇ ਹੀ ਹਨ। ਵੈਸੇ ਅਸਲ ਅੰਕੜੇ ਸਰਕਾਰੀ ਅੰਕੜਿਆਂ ਤੋਂ ਵੱਧ ਹੀ ਹੁੰਦੇ ਹਨ ਅਤੇ ਹੁਣ ਕੋਰੋਨਾ ਕਾਰਨ ਹੋਏ ਬੇਰੋਜ਼ਗਾਰ ਮਜ਼ਦੂਰਾਂ ਵਿੱਚੋਂ ਵੀ ਕਈ ਭਿਖਾਰੀ ਬਣ ਚੁੱਕੇ ਹਨ। ਪੰਜਾਬ ਵਿੱਚ ਗਰੀਬੀ ਪੱਧਰ ਤੋਂ ਹੇਠਲੇ ਲੋਕ ਜੋ ਕਿ ਕੰਮ ਮਿਲਣ ਤੇ ਮਜ਼ਦੂਰੀ ਵੀ ਕਰਦੇ ਹਨ, ਉਨਾਂ ਵਿੱਚੋਂ ਵੀ ਕਈ ਝੌਂਪੜੀਆਂ ਜਾਂ ਛੱਪਰਾਂ ਵਿੱਚ ਰਹਿਣ ਵਾਲੇ ਹਨ ਅਤੇ ਉਨਾਂ ਦੇ ਬੱਚੇ ਵੀ ਸਰਕਾਰੀ ਸਕੂਲਾਂ ਵਿੱਚ ਦੁਪਹਿਰ ਦਾ ਖਾਣਾ ਮਿਲਣ ਦੇ ਬਾਵਜੂਦ ਸੱਤਵੀਂ ਅੱਠਵੀਂ ਜਮਾਤ ਵਿੱਚ ਹੀ ਪੜਾਈ ਛੱਡਣ ਨੂੰ ਮਜਬੂਰ ਹੋ ਜਾਂਦੇ ਹਨ ਤਾਂ ਕਿ ਉਹ ਛੋਟਾ ਮੋਟਾ ਕੰਮ ਕਰ ਕੇ ਮਾਪਿਆਂ ਦਾ ਹੱਥ ਸੁਖਾਲਾ ਕਰ ਸਕਣ। ਹੋ ਸਕਦਾ ਹੈ ਸਾਰੇ ਭਾਰਤ ਦਾ ਵੀ ਅਜਿਹਾ ਹੀ ਹਾਲ ਹੋਵੇ। ਇਸ ਅਵਸਥਾ ਵਿੱਚ ਸਾਰੇ ਭਿਖਾਰੀਆਂ ਅਤੇ ਘੁਮੰਤੂਆਂ ਲਈ ਰਿਹਾਇਸ਼ ਅਤੇ ਭਿਖਾਰੀ ਬੱਚਿਆਂ ਦੀ ਪੜਾਈ ਦਾ ਪ੍ਰਬੰਧ ਕਰਨਾ, ਜਿਸ ਨਾਲ ਉਹ ਆਪਣੇ ਪੈਰਾਂ 'ਤੇ ਖੜੇ ਹੋ ਸਕਣ ਭਾਰਤੀ ਹਾਲਤਾਂ ਵਿੱਚ ਨੇੜੇ ਦੇ ਭਵਿੱਖ ਵਿੱਚ ਲਗਭਗ ਅਸੰਭਵ ਲਗਦਾ ਹੈ। ਸੋਚਣ ਵਾਲੀ ਗੱਲ ਹੈ ਕਿ ਕੀ ਸਰਕਾਰਾਂ ਦੇ ਮਾਈ ਬਾਪ ਕਾਰਪੋਰੇਟ ਘਰਾਣੇ ਇਸ ਗੱਲ ਦੇ ਇੱਛੁਕ ਹਨ ਕਿ ਭਾਰਤ ਦੇ ਹਰ ਨਾਗਰਿਕ ਨੂੰ ਰੁਜ਼ਗਾਰ



ਮਿਲ ਜਾਵੇ ?

ਤੁਸੀਂ ਇੰਟਰਨੈੱਟ ਭਿਖਾਰੀਆਂ ਦਾ ਕੀ ਕਰੋਗੇ ? ਇਹ ਲੋਕ ਕਿਸੇ ਕੈਂਸਰ ਦੇ ਮਰੀਜ਼ ਦੀ ਫੋਟੋ ਪਾ ਕੇ ਲਿਖ ਦਿੰਦੇ ਹਨ, 'ਇਸ ਗਰੀਬ ਕੋਲ ਤਾਂ ਦੋ ਵਕਤ ਦੀ ਰੋਟੀ ਲਈ ਵੀ ਪੈਸੇ ਨਹੀਂ ਹਨ ਅਤੇ ਹਸਪਤਾਲ ਨੇ ਸੰਭਾਵਿਤ ਖਰਚਾ ਤਿੰਨ ਲੱਖ ਰੁਪਏ ਦੱਸਿਆ ਹੈ। ਇਸਦੀ ਸਹਾਇਤਾ ਲਈ ਹਜ਼ਾਰ, ਦੋ ਹਜ਼ਾਰ ਜਾਂ ਇਸ ਤੋਂ ਵੱਧ ਰੁਪਏ ਇਸ ਖਾਤੇ ਵਿੱਚ ਭੇਜੋ।' ਨਾਲ ਹੀ ਉਨਾਂ ਨੇ ਆਪਣਾ ਖਾਤਾ ਨੰਬਰ ਦਿੱਤਾ ਹੁੰਦਾ ਹੈ। ਨਾ ਤਾਂ ਮਰੀਜ਼ ਨੂੰ ਪਤਾ ਹੁੰਦਾ ਹੈ ਕਿ ਮੇਰੇ ਨਾਮ 'ਤੇ ਪੈਸੇ ਇਕੱਠੇ ਕੀਤੇ ਜਾ ਰਹੇ ਹਨ ਅਤੇ ਨਾ ਹੀ ਬੈਂਕ ਨੂੰ ਪਤਾ ਹੁੰਦਾ ਹੈ ਕਿ ਇਹ ਪੈਸੇ ਕਿਸੇ ਮਰੀਜ਼ ਦੇ ਨਾਮ 'ਤੇ ਠੱਗੇ ਜਾ ਰਹੇ ਹਨ। ਅਜਿਹੀ ਹੀ ਇੱਕ ਫਰਿਆਦ ਮੈਂ ਆਪਣੇ ਫੇਸਬੁੱਕ 'ਤੇ ਪੜੀ ਸੀ ਕਿ ਮੇਰੀ ਬੇਟੀ ਦਾ ਬੋਨ ਮੈਰੋ ਬਦਲਣ ਲਈ ਚਾਰ ਲੱਖ ਦਾ ਖਰਚਾ ਹੋਣਾ ਹੈ, ਜੇਕਰ ਪੈਸੇ ਦਾ ਪ੍ਰਬੰਧ ਨਾ ਹੋਇਆ ਤਾਂ ਮੇਰੀ ਬੇਟੀ ਜੀਵਿਤ ਨਹੀਂ ਬਚੇਗੀ। ਮਾਇਕ ਸਹਾਇਤਾ ਲਈ ਮੋਬਾਇਲ ਨੰਬਰ ਦਿੱਤਾ ਹੋਇਆ ਸੀ। ਭਿਖਾਰੀਆਂ ਦੀ ਇੱਕ ਹੋਰ ਵੰਨਗੀ ਵੀ ਹੈ। ਇਨਾਂ ਦਾ ਆਪਣਾ ਮਕਾਨ ਹੈ ਅਤੇ ਆਮਦਨ ਐਨੀ ਕੁ ਹੁੰਦੀ ਹੈ ਕਿ ਗੁਜ਼ਾਰਾ ਹੋ ਸਕੇ। ਪਰ ਥੋੜੀ ਜਿਹੀ ਐਸ਼ ਜਾਂ ਨਸ਼ੇ ਲਈ ਇਹ ਭੀਖ ਵੀ ਮੰਗਦੇ ਹਨ।

ਇੱਕ ਧਾਰਮਿਕ ਮਸਲਾ ਵੀ ਹੈ। ਜੰਗਮ, ਉਹ ਜਿਹੜੇ ਸ਼ਿਵਰਾਤਰੀ ਜਾਂ ਹੋਰ ਦਿਨਾਂ ਵਿੱਚ ਤੁਹਾਡੇ ਘਰਾਂ ਦੇ ਬਾਹਰ 'ਭੋਲਾ ਨਾਥ ਭੰਡਾਰ ਭਰੇਗੇ-ਬੰਮ, ਬੰਮ ਬੋਲੇ' ਗਾਉਂਦੇ ਅਤੇ ਟੱਲੀਆਂ ਵਜਾਉਂਦੇ ਆਉਂਦੇ ਹਨ, ਇਹ ਆਪਣੇ ਆਪ ਨੂੰ ਸ਼ਿਵ ਭਗਤ ਕਹਿੰਦੇ ਹਨ। ਜਦ ਤਕ ਇਹ ਵਿਆਹ ਸ਼ਾਦੀਆਂ ਜਾਂ ਹੋਰ ਮੌਕਿਆਂ 'ਤੇ ਘਰਾਂ ਵਿੱਚ ਸ਼ਿਵਜੀ ਦਾ ਵਿਆਹ ਕਰਨ ਲਈ ਜੋ ਕੁਝ ਮਿਲਣਾ ਹੈ ਉਹ ਪਹਿਲਾਂ ਮਿੱਥ ਕੇ ਆਉਂਦੇ ਹਨ ਅਤੇ ਪ੍ਰੋਗਰਾਮ ਦੇ ਵਿੱਚ ਲੋਕਾਂ ਵੱਲੋਂ ਜਿਹੜੀ ਖੁਸ਼ ਹੋ ਕੇ ਮਾਇਆ ਭੇਂਟ ਕੀਤੀ ਜਾਂਦੀ ਹੈ ਉਸ ਨੂੰ ਸਵੀਕਾਰ ਕਰਦੇ ਹਨ ਤਦ ਤਕ ਤਾਂ ਸ਼ਾਇਦ ਇਹ ਭੀਖ ਮੰਗਣਾ ਨਹੀਂ। ਪਰ ਬਿਨ ਬੁਲਾਏ ਘਰਾਂ ਅੱਗੇ ਟੱਲੀਆਂ ਵਜਾਉਂਦੇ ਆਉਣਾ ਅਤੇ ਕੁਝ ਦੇਰ ਬਾਅਦ ਘੰਟੀ ਵਜਾ ਕੇ ਮੰਗਣਾ ਤਾਂ ਭੀਖ ਹੀ ਹੈ। ਪਰ ਇਨਾਂ ਨੂੰ ਇਵੇਂ ਗਲੀਆਂ ਬਜ਼ਾਰਾਂ ਵਿੱਚ ਆਉਣ ਤੋਂ ਰੋਕਣਾ ਇੱਕ ਧਾਰਮਿਕ ਪੰਗਾ ਹੋ ਸਕਦਾ ਹੈ।

ਭਾਰਤ ਵਿੱਚ ਕਈ ਵਾਰ ਧਾਰਮਿਕ ਆਸਥਾ ਕਾਨੂੰਨ ਤੋਂ ਉੱਤੇ ਹੋ ਜਾਂਦੀ ਹੈ। ਹਿੰਦੂ ਜੋ ਕਿ ਭਾਰਤ ਵਿੱਚ ਬਹੁਗਿਣਤੀ ਵਿੱਚ ਹਨ, ਉਨਾਂ ਅਨੁਸਾਰ ਭਿੱਖਿਆ ਦੇਣੀ ਜਾਂ ਦਾਨ ਦੇਣਾ ਲਗਭਗ ਇੱਕੋ ਹੀ ਕਰਮ ਹੈ। ਦਾਨ ਦੇਣਾ ਇੱਕ ਧਾਰਮਿਕ ਕ੍ਰਿਆ ਮੰਨੀ ਜਾਂਦੀ ਹੈ। ਇਸੇ ਤਰਾਂ ਬੁੱਧ ਮਤ ਵਿੱਚ ਬੋਧ ਭਿਕਸ਼ੂਆਂ ਵੱਲੋਂ ਭੀਖ ਮੰਗਣ ਦੀ ਰਵਾਇਤ ਹੈ ਅਤੇ ਗੌਤਮ ਬੁੱਧ ਨੇ ਆਪ ਭੀਖ ਮੰਗੀ ਸੀ।

ਭੀਖ ਦਾ ਦੇਣਾ ਅਤੇ ਲੈਣਾ ਤਾਂ ਉੱਨੀ ਦੇਰ ਤੱਕ ਹੀ ਜਾਰੀ ਰਹਿ ਸਕਦਾ ਹੈ ਜਦ ਤੱਕ ਕੁਝ ਲੋਕ ਦਾਨ ਦੇਣ ਦੇ ਸਮਰੱਥ ਹੋਣ ਅਤੇ ਕੁਝ ਇੰਨੇ ਗਰੀਬ ਅਤੇ ਅਸਮਰਥ ਲੋਕ ਹੋਣ ਜਿਹੜੇ ਦਾਨ ਦੇ ਨਾਮ 'ਤੇ ਭੀਖ ਲੈਣ ਲਈ ਮਜਬੂਰ ਹੋਣ।

## ਅਕਲ ਵਰਤ ਕੇ ਸਮੱਸਿਆ ਦਾ ਹੱਲ ਕਰੋ

**ਡਾਕਟਰ ਸਵਰਨਜੀਤ ਕੌਰ**

ਸਿਆਣਿਆਂ ਨੇ ਕਿਹਾ ਹੈ ਕਿ ਅਕਲ ਬਿਨਾਂ ਖੂਹ ਖਾਲੀ ਹੁੰਦੇ ਹਨ। ਕੋਈ ਭਾਵੇਂ ਕਿੰਨਾ ਵੀ ਪੜ-ਲਿਖ ਜਾਵੇ ਪਰ ਜੇਕਰ ਉਸ ਨੂੰ ਅਕਲ ਨਹੀਂ ਤਾਂ ਪੂਰੀ ਜ਼ਿੰਦਗੀ ਬੋਝ ਢੋਂਹਦਾ ਫਿਰਦਾ ਹੈ। ਨਿੱਕੇ ਤੋਂ ਨਿੱਕਾ ਵਿਅਕਤੀ ਵੀ ਅਕਲ ਨਾਲ ਵੱਡੇ ਤੋਂ ਵੱਡੇ ਵਿਅਕਤੀ ਨੂੰ ਮਾਤ ਦੇ ਸਕਦਾ ਹੈ। ਜੇਕਰ ਕਿਸੇ ਨੂੰ ਗਿਆਨ ਦੇ ਨਾਲ-ਨਾਲ ਅਕਲ ਵੀ ਹੋਵੇ ਤਾਂ ਇਹ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੁੰਦੀ ਹੈ। ਅਕਲ ਅਜਿਹੀ ਸਿਆਣਪ ਹੁੰਦੀ ਹੈ ਜਿਸ ਨੂੰ ਜੇਕਰ ਕੋਈ ਢੁਕਵੇਂ ਸਮੇਂ 'ਤੇ ਵਰਤ ਲਵੇ ਤਾਂ ਉਸ ਨੂੰ ਅਕਲਮੰਦ ਮੰਨਿਆ ਜਾਂਦਾ ਹੈ।

ਪਾਗਲਪਨ ਅਨੇਕ ਤਰਾਂ ਦਾ ਹੋ ਸਕਦਾ ਹੈ ਪਰ ਅਕਲ ਦੀ ਗੱਲ ਇੱਕੋ ਤਰਾਂ ਦੀ ਹੁੰਦੀ ਹੈ। ਜ਼ਿੰਦਗੀ ਵਿਚ ਵੀ ਮਨੁੱਖ ਹਰ ਥਾਂ 'ਤੇ ਅਕਲ ਵਰਤ ਕੇ ਹੀ ਖੁਸ਼ਹਾਲ ਬਣਦਾ ਹੈ। ਹਰ ਇਕ ਮਨੁੱਖ ਦੀ ਜ਼ਿੰਦਗੀ ਦਾ ਇਕ ਨਿਸ਼ਾਨਾ ਹੁੰਦਾ ਹੈ ਜਿਥੇ ਤੱਕ ਅੱਪੜਨ ਲਈ ਉਸ ਨੂੰ ਅਨੇਕਾਂ ਮੁਸੀਬਤਾਂ ਨੂੰ ਮਾਤ ਦੇਣੀ ਹੁੰਦੀ ਹੈ। ਇਹ ਮਾਤ ਉਹ ਅਕਲ ਵਰਤ ਕੇ ਹੀ ਦੇ ਸਕਦਾ ਹੈ। ਅਕਲ ਦੀ ਵਰਤੋਂ ਕਰਕੇ ਅਸੰਭਵ ਕੰਮ ਵੀ ਸੰਭਵ ਬਣ ਜਾਂਦੇ ਹਨ। ਬੱਚੇ ਨੂੰ ਵੀ ਜੇ ਅਨੁਸ਼ਾਸਨ ਵਿਚ ਰਹਿਣਾ ਸਿਖਾ ਦਿੱਤਾ ਜਾਵੇ ਓਨਾ ਹੀ ਜ਼ਿੰਦਗੀ ਵਿਚ ਸਫਲਤਾ ਸਹਿਤ ਅੱਗੇ ਵਧਦਾ ਹੈ। ਚਾਣਕਯ ਆਖਦਾ ਹੈ, 'ਪੋਥੀਆਂ ਬੇਅੰਤ ਨੇ, ਪੜਾਈਆਂ ਅਨੇਕ ਨੇ ਪਰ ਮਨੁੱਖ ਦੀ ਜ਼ਿੰਦਗੀ ਛੋਟੀ ਜਿਹੀ ਹੈ ਅਤੇ ਰੁਕਾਵਟਾਂ ਵੀ ਬਹੁਤ ਹਨ। ਇਸ ਲਈ ਜਿਵੇਂ ਹੰਸ ਦੁੱਧ ਪੀ ਲੈਂਦਾ ਹੈ ਤੇ ਪਾਣੀ ਛੱਡ ਦਿੰਦਾ ਹੈ, ਉਸੇ ਤਰਾਂ ਕੰਮ ਦੀਆਂ ਗੱਲਾਂ ਨੂੰ ਸਿੱਖਣਾ ਅਤੇ ਫਜ਼ੂਲ ਦੀਆਂ ਗੱਲਾਂ ਨੂੰ ਛੱਡ ਦੇਣਾ ਚਾਹੀਦਾ ਹੈ।'

ਆਲਸ ਨੂੰ ਅਕਲ ਦਾ ਦੁਸ਼ਮਣ ਮੰਨਿਆ ਜਾਂਦਾ ਹੈ ਕਿਉਂਕਿ ਅਕਲਮੰਦ ਵਿਅਕਤੀ ਕਦੀ ਵੀ ਕਿਸੇ ਕੰਮ ਵਿਚ ਆਲਸ ਨਹੀਂ ਕਰਦਾ। ਜਿਵੇਂ ਅੱਖਾਂ ਤੋਂ ਬਿਨਾਂ ਐਨਕ ਵਿਅਰਥ ਹੁੰਦੀ ਹੈ, ਉਸੇ ਤਰਾਂ ਕਿਤਾਬਾਂ ਨੂੰ ਪੜ ਕੇ ਗਿਆਨ ਹਾਸਲ ਕਰਨ ਤੋਂ ਬਿਨਾਂ ਕਿਤਾਬਾਂ ਦੇ ਭੰਡਾਰ ਇਕੱਠੇ ਕਰਨਾ ਵੀ ਬੇਅਕਲੀ ਹੁੰਦੀ ਹੈ। ਅਕਲ ਰਾਹੀਂ ਮਨੁੱਖ ਸਵੈ-ਸੁਚੇਤ ਹੋਣ ਦਾ ਵਲ ਵੀ ਸਿੱਖਦਾ ਹੈ। ਅਕਲਮੰਦ ਕੋਲ ਜੇ ਰੁਪਈਏ ਥੋੜੇ ਵੀ ਹੋਣ ਤਾਂ ਉਹ ਉਨਾਂ ਵਿਚੋਂ ਜ਼ਰੂਰਤ ਦੀ ਚੀਜ਼ ਵੀ ਖ਼ਰੀਦ ਲੈਂਦਾ ਹੈ ਅਤੇ ਬੱਚਤ ਵੀ ਕਰ ਲੈਂਦਾ ਹੈ। ਇਸ ਦੇ ਉਲਟ ਬੇਅਕਲ ਕੋਲ ਵਾਧੂ ਪੈਸੇ ਵੀ ਘਟ ਜਾਂਦੇ ਹਨ। ਕਈ ਇਨਸਾਨ ਏਨੇ ਅਕਲਮੰਦ ਹੁੰਦੇ ਹਨ ਜੇਕਰ ਉਨਾਂ ਨੇ ਕਿਸੇ ਨੂੰ ਡਾਂਟਣਾ ਜਾਂ ਗੁੱਸੇ ਹੋਣਾ ਹੁੰਦਾ ਹੈ ਤਾਂ ਉਹ ਗ਼ਲਤ ਹੋਏ ਕੰਮ ਨੂੰ ਆਪਣੀ ਅਕਲ ਦੀ ਵਰਤੋਂ ਰਾਹੀਂ ਮਿੱਠੀ ਜ਼ਬਾਨ ਵਰਤ ਕੇ ਸਹੀ ਕਰਵਾ ਲੈਂਦੇ ਹਨ। ਅਜਿਹੀ ਅਕਲਮੰਦੀ ਨਾਲ ਕੰਮ ਵੀ ਹੋ ਜਾਂਦਾ ਹੈ ਅਤੇ ਦੂਜੇ ਨਾਲ ਰਿਸ਼ਤਾ ਵੀ ਨਹੀਂ ਵਿਗੜਦਾ।

ਜਿਹੜਾ ਮਨੁੱਖ ਅਕਲਮੰਦਾਂ ਦੀ ਸੰਗਤ ਵਿਚ ਵਿਚਰਦਾ ਹੈ, ਉਹ ਜੀਵਨ ਦੀ ਹਰ ਮੁਸੀਬਤ ਝਾਗਣ ਦਾ ਬਲ ਰੱਖਦਾ ਹੈ। ਅਕਲਮੰਦ ਦਾ ਝੋਲਾ ਭਰਿਆ ਹੁੰਦਾ ਹੈ ਅਤੇ ਬੇਅਕਲ ਦਾ ਖਾਲੀ ਹੁੰਦਾ ਹੈ। ਅਕਲਮੰਦ ਭਵਿੱਖ ਪ੍ਰਤੀ ਚਿੰਤਤ ਹੁੰਦਾ ਹੈ ਕਿਉਂਕਿ ਉਹ ਸੁਨਹਿਰੇ ਭਵਿੱਖ ਦੀ ਕਾਮਨਾ ਕਰਦਾ ਹੈ। ਅਕਲਮੰਦੀ ਹਮੇਸ਼ਾ ਚੰਗੇ ਨਤੀਜੇ ਲਿਆਉਂਦੀ ਹੈ। ਮਹਾਨ ਸ਼ਖ਼ਸੀਅਤਾਂ ਦੇ ਜੀਵਨ ਬਿਊਰੇ ਪੜ ਕੇ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਉਨਾਂ ਨੇ ਢੁਕਵੇਂ ਸਮੇਂ 'ਤੇ ਸਦਾ ਅਕਲ ਵਰਤ ਕੇ ਸਮੱਸਿਆ ਦਾ ਹੱਲ ਕੀਤਾ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਅਕਲ ਬੇਸ਼ਕੀਮਤੀ ਤੋਹਫ਼ਾ ਹੈ ਜਿਸ ਦੀ ਜ਼ਰੂਰਤ ਜੀਵਨ ਕਾਲ ਦੌਰਾਨ ਮਨੁੱਖ ਨੂੰ ਸਦਾ ਰਹਿੰਦੀ ਹੈ।

# ਸਿੱਖ ਕੌਮ ਦੀ ਅਦੁੱਤੀ ਸ਼ਖ਼ਸੀਅਤ, ਸ. ਰਵਿੰਦਰ ਸਿੰਘ ਆਸ਼ਾ ਸਿੰਘ ਬੁੰਗਈ



**ਸਰਬਜੀਤ ਕੌਰ ਸਰਬ**

ਗੁਰੂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਪਵਿੱਤਰ ਸਥਾਨ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ ਜੀ ਨੰਦੇੜ (ਮਹਾਰਾਸ਼ਟਰ) ਜਿਸ ਦਾ ਨਿਰਮਾਣ ਮਹਾਰਾਜਾ ਰਣਜੀਤ ਸਿੰਘ ਨੇ ਚੰਦੂ ਲਾਲ ਜੀ ਦੀ ਸਹਾਇਤਾ ਨਾਲ ਕਰਵਾਇਆ ਸੀ। ਇਸ ਤਖ਼ਤ ਸਾਹਿਬ ਵਿਚ ਤਕਰੀਬਨ 300 ਸੌ ਸਾਲ ਤੋਂ ਉਪਰ ਪੁਰਾਤਨ ਮਰਿਆਦਾ (ਹਜ਼ੂਰੀ ਮਰਿਯਾਦਾ) ਦੇ ਅਨੁਸਾਰ ਸੇਵਾ ਸੰਭਾਲ ਕੀਤੀ ਜਾ ਰਹੀ ਹੈ। ਇਸੇ ਪੁਰਾਤਨ ਮਰਿਯਾਦਾ ਨੂੰ ਕਾਇਮ ਰੱਖਦੇ ਹੋਏ ਉਸ ਦਾ ਪ੍ਰਬੰਧ ਗੁਰਦੁਆਰਾ ਪ੍ਰਬੰਧਕ ਕਮੇਟੀ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ ਜੀ ਨਾਂਦੇੜ ਦੁਆਰਾ ਕੀਤਾ ਜਾ ਰਿਹਾ ਹੈ, ਜਿਸ ਵਿੱਚ 17 ਮੈਂਬਰ ਹਨ ਜੋ ਸਿੱਖ ਭਾਈਚਾਰੇ ਦੀ ਉੱਘੇ ਆਗੂ ਹਨ। ਇਨਾਂ ਆਗੂਆਂ ਵਿਚੋਂ ਹੀ ਸ. ਰਵਿੰਦਰ ਸਿੰਘ ਆਸ਼ਾ ਸਿੰਘ ਬੁੰਗਈ ਜੀ ਦਾ ਨਾਮ ਸ਼ਾਮਲ ਹੈ ਜੋ ਕਿ ਗੁਰਦੁਆਰਾ ਪ੍ਰਬੰਧਕ ਬੋਰਡ ਦੇ ਮੌਜੂਦਾ ਸਕੱਤਰ ਹਨ। ਸ. ਰਵਿੰਦਰ ਸਿੰਘ ਆਸ਼ਾ ਸਿੰਘ ਬੁੰਗਈ ਸਿੱਖ ਕੌਮ ਦੀ ਇਕ ਅਜਿਹੀ ਸ਼ਖ਼ਸੀਅਤ ਹਨ ਜਿਨਾਂ ਦੇ ਸਮਰਪਣ ਅਤੇ ਨਿਰੰਤਰ ਯਤਨਾਂ ਸਦਕਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਬਾਕੀ ਗੁਰਦੁਆਰਿਆਂ ਦੀ ਸੇਵਾ ਸੰਭਾਲ ਚੰਗੇ ਤਰੀਕੇ ਨਾਲ ਹੋ ਰਹੀ ਹੈ। ਗੁਰੂ ਪਾਤਸ਼ਾਹ ਜੀ



ਦੇ ਦਰਸ਼ਨ ਦੀਦਾਰੇ ਕਰਨ ਵਾਲੀਆਂ ਸੰਗਤਾਂ ਨੂੰ ਬਿਨਾਂ ਕਿਸੇ ਮੁਸ਼ਕਲ ਦੇ ਦਰਸ਼ਨ ਕਰਨ ਯੋਗ ਬਣਾਉਣ ਲਈ ਵਧੀਆਂ ਸੇਵਾਵਾਂ ਇਨਾਂ ਵਲੋਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

ਸ. ਰਵਿੰਦਰ ਸਿੰਘ ਆਸ਼ਾ ਸਿੰਘ ਬੁੰਗਈ ਜੀ ਦਾ ਸਭ ਤੋਂ ਵੱਡਾ ਯੋਗਦਾਨ ਸਮਾਜਿਕ ਕਾਰਜਾਂ ਵਿਚ ਸਰਗਰਮੀ ਨਾਲ ਸ਼ਾਮਲ ਹੋਣਾ ਰਿਹਾ ਹੈ ਜਿਸ ਨੂੰ ਉਹ ਤਖ਼ਤ ਸਾਹਿਬ ਜੀ ਦੀ ਅਗਵਾਈ ਵਿੱਚ ਕਰ ਰਹੇ ਹਨ, ਤੇ ਇਸ ਉੱਤੇ ਚੱਲਣ ਦੀ ਬਿਬੇਕ ਬੁੱਧੀ ਉਨਾਂ ਨੂੰ ਗੁਰੂ ਮਹਾਰਾਜ ਦੀ ਕ੍ਰਿਪਾ ਸਦਕੇ ਮਿਲ ਰਹੀ ਹੈ। ਕਲਗੀਧਰ ਗੁਰੂ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ ਚੱਲਣ ਵਾਲੇ ਸ.ਰਵਿੰਦਰ ਸਿੰਘ ਜੀ ਨੇ ਮਹਾਂਮਾਰੀ ਕੋਰੋਨਾ ਕਾਲ ਦੌਰਾਨ ਬਹੁਤ ਸਾਰੇ ਸਮਾਜਿਕ ਭਲਾਈ ਵਾਲੇ ਕਾਰਜਾਂ ਵਿੱਚ ਆਪਣਾ ਯੋਗਦਾਨ ਪਾਇਆ। ਇਕ ਪੂਰਨ ਹਜ਼ੂਰੀ ਗੁਰਸਿੱਖ ਤਖ਼ਤ ਸਾਹਿਬ ਦੀ ਸੇਵਾ ਨਿਭਾਉਣ ਦੇ ਨਾਲ ਨਾਲ ਸਮਾਜ ਲਈ ਸ਼ੋਸ਼ਲ ਵੈਲਫੇਅਰ ਵੀ ਕਰ ਰਹੇ ਹਨ, ਜਿਵੇਂ ਕੋਰੋਨਾ ਕਾਲ ਦੇ ਬੰਦ ਸਮੇਂ ਦੌਰਾਨ ਸੰਗਤਾਂ ਅਤੇ ਸੇਵਾਦਾਰਾਂ ਦੇ ਘਰੀਂ ਰਾਸ਼ਨ ਪਹੁੰਚਾਉਣਾ ਤਾਂ ਜੋ ਕੋਈ ਵੀ ਭੁੱਖੇ ਪੇਟ ਨਾ ਸੌਂ ਸਕੇ। ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੀ ਸੋਚ ਉੱਤੇ ਪਹਿਰਾ ਦਿੰਦੇ ਹੋਏ ਸ. ਰਵਿੰਦਰ ਸਿੰਘ ਜੀ ਨੇ ਕਿਰਤ ਕਰੋ ਅਤੇ ਵੰਡ ਛਕੋ ਦੇ ਫਲਸਫੇ ਨੂੰ ਆਪਣੇ ਜੀਵਨ ਵਿੱਚ ਢਾਲ ਕੇ ਸੱਚਾ ਸਿੱਖ ਹੋਣ ਦਾ ਸਬੂਤ ਦਿੱਤਾ ਹੈ। ਧੁਰ ਦਰਗਾਹੋਂ ਭੇਜਿਆ ਅਜਿਹੀਆਂ ਬਹੁਤ ਹੀ ਘੱਟ ਸ਼ਖ਼ਸੀਅਤਾਂ ਹੁੰਦੀਆਂ ਹਨ ਜੋ ਆਪਣੇ ਗੁਰੂ ਦੇ ਆਸ਼ੇ ਅਨੁਸਾਰ ਚੱਲਣ।

ਸ. ਸਿੰਘ ਰਵਿੰਦਰ ਆਸ਼ਾ ਸਿੰਘ ਬੁੰਗਈ ਜੀ ਦਾ ਜੋ ਸਮਾਜਿਕ ਯੋਗਦਾਨ ਰਿਹਾ ਹੈ, ਉਨਾਂ ਵਿੱਚ ਸਭ ਤੋਂ ਪਹਿਲਾਂ 2019 ਵਿੱਚ ਜਦੋਂ ਮਹਾਰਾਸ਼ਟਰ ਦੇ

ਬਾਕੀ ਸਫ਼ਾ 31 'ਤੇ

# ਰਾਖਵਾਂਕਰਨ ਦਾ ਕੋਈ ਵੀ ਨਵਾਂ ਪ੍ਰਬੰਧ ਬਣੇ

**ਅਭੈ ਕੁਮਾਰ**

ਨਵੀਂ ਕੌਮੀ ਮਰਦਮਸ਼ੁਮਾਰੀ ਸ਼ੁਰੂ ਹੋਣ ਵਾਲੀ ਹੈ, ਹਰ ਵਾਰ ਦੀ ਤਰਾਂ ਇਕ ਵਾਰ ਫਿਰ ਜਾਤੀਆਂ ਦੀ ਗਿਣਤੀ ਦਾ ਗੁੰਝਲਦਾਰ ਸਵਾਲ ਉਸ ਉੱਪਰ ਮੰਡਰਾਉਣ ਲੱਗਾ ਹੈ। ਰਾਸ਼ਟਰੀ ਸੋਇਮ ਸੇਵਕ ਸੰਘ ਕਹਿ ਚੁੱਕਾ ਹੈ ਕਿ ਮਰਦਮਸ਼ੁਮਾਰੀ ਵਿਚ ਸ਼੍ਰੇਣੀਆਂ ਦਰਜ ਕਰਨ ਦੇ ਖਿਲਾਫ਼ ਨਹੀਂ ਹੈ ਪਰ ਉਹ ਜਾਤੀ ਨੂੰ ਇਕ ਸ਼੍ਰੇਣੀ ਦੇ ਰੂਪ ਵਿਚ ਦਰਜ ਕਰਨ ਦਾ ਸਮਰਥਕ ਨਹੀਂ ਹੈ। ਭਾਜਪਾ ਦੀ ਸਰਕਾਰ ਦੇ ਤਹਿਤ 2018 ਵਿਚ ਗ੍ਰਹਿ ਮੰਤਰਾਲੇ ਵਿਚ ਹੋਈ ਇਕ ਬੈਠਕ ਤੋਂ ਬਾਅਦ ਤਤਕਾਲੀ ਗ੍ਰਹਿ ਮੰਤਰੀ ਨੇ ਕਿਹਾ ਸੀ ਕਿ 2021 ਵਿਚ ਹੋਣ ਵਾਲੀ ਮਰਦਮਸ਼ੁਮਾਰੀ ਵਿਚ ਹੋਰ ਪਛੜੇ ਵਰਗਾਂ ਦੀ ਸ਼੍ਰੇਣੀ ਵਿਚ ਆਉਣ ਵਾਲੀਆਂ ਜਾਤੀਆਂ ਨੂੰ ਗਿਣਿਆ ਜਾਵੇਗਾ। ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਦੀ ਜਾਤੀਵਾਰ ਗਿਣਤੀ ਪਹਿਲਾਂ ਤੋਂ ਹੀ ਹੁੰਦੀ ਹੈ, ਭਾਵ ਜੇਕਰ ਇਸ ਫ਼ੈਸਲੇ ਤਹਿਤ ਜਾਤੀ ਆਧਾਰਿਤ ਮਰਦਮਸ਼ੁਮਾਰੀ ਹੋਵੇ ਤਾਂ 80 ਫ਼ੀਸਦੀ ਭਾਰਤੀ ਸਮਾਜ ਦੀ ਜਾਤੀਵਾਰ ਸੰਖਿਆਤਮਕ ਤਸਵੀਰ ਸਾਹਮਣੇ ਆ ਜਾਵੇਗੀ। ਪਰ ਸਰਕਾਰ ਨੇ ਜਦੋਂ ਤੋਂ ਸੰਘ ਦੇ ਕਰਤਾ ਧਰਤਾ ਭਈਆ ਜੀ ਜੋਸ਼ੀ ਵਲੋਂ ਮਰਦਮਸ਼ੁਮਾਰੀ ਦਾ ਵਿਰੋਧ ਸੁਣਿਆ ਹੈ ਉਦੋਂ ਤੋਂ ਹੀ ਉਹ ਚੁੱਪ ਹੈ। ਜੋ ਵੀ ਹੋਵੇ, ਇਹ ਸਵਾਲ ਉਠਦਾ ਹੀ ਹੈ ਕਿ ਗ੍ਰਹਿ ਮੰਤਰੀ ਨੇ 2018 ਵਿਚ ਸਿਰਫ਼ ਇਹ ਕਿਉਂ ਕਿਹਾ ਕਿ ਇਸ ਵਾਰ ਓ.ਬੀ.ਸੀ. ਜਾਤੀਆਂ ਦੀ ਹੀ ਗਿਣਤੀ ਹੋਵੇਗੀ ? ਉਨਾਂ ਦੂਜੀਆਂ ਜਾਤੀਆਂ (ਬ੍ਰਾਹਮਣ, ਠਾਕੁਰ, ਵੈਸ਼) ਅਤੇ ਕਾਇਸਥ-ਭੂਮੀਹਾਰ ਵਰਗੀਆਂ ਉੱਚੀਆਂ ਜਾਤੀਆਂ ਦੀ ਗਿਣਤੀ ਕਰਨ ਬਾਰੇ ਕਿਉਂ ਨਹੀਂ ਕਿਹਾ ? ਸਮਾਜ ਸ਼ਾਸਤਰੀ ਸਤੀਸ਼ ਪਾਂਡੇ ਨੇ ਇਸ ਸਬੰਧ ਵਿਚ ਇਕ ਵਿਚਾਰ ਪੂਰਨ ਦਲੀਲ ਦਿੱਤੀ ਹੈ ਕਿ ਅੱਜ ਵੀ ਇਸ ਦੇਸ਼ ਦੀਆਂ ਉੱਚੀਆਂ ਜਾਤੀਆਂ ਖ਼ੁਦ ਨੂੰ ਪੇਸ਼ ਕਰਨ ਜਾਂ ਨਾ ਕਰਨ ਦਾ ਹੱਕ ਆਪਣੇ ਕੋਲ ਰੱਖਦੀਆਂ ਹਨ। ਇਹ ਤਰਕ ਸੁਣਨ ਵਿਚ ਰੂੜੀਵਾਦੀ ਲਗਦਾ ਹੈ ਪਰ ਜਾਤੀਵਾਰ ਮਰਦਮਸ਼ੁਮਾਰੀ ਨਾ ਕਰਵਾਉਣ ਦੀ ਅਪੀਲ ਦੇ ਪਿੱਛੇ ਕੁਝ ਹੋਰ ਵੀ ਕਾਰਨ ਹਨ। ਦਰਅਸਲ ਇਸ ਦੇ ਨਤੀਜੇ ਕੁਝ ਅਜਿਹੇ ਨਿਕਲ ਸਕਦੇ ਹਨ ਜੋ ਇਸ ਸਮੇਂ ਨਾ ਤਾਂ ਇਸ ਦੇ ਸਮਰਥਕਾਂ ਦੀ ਸਮਝ ਵਿਚ ਆ ਰਹੇ ਹਨ ਅਤੇ ਨਾ ਹੀ ਇਸ ਦੇ ਵਿਰੋਧੀਆਂ ਦੇ।

ਮੁੱਖ ਤੌਰ 'ਤੇ ਓ.ਬੀ.ਸੀ. (ਹੋਰ ਪਛੜੇ ਵਰਗ) ਜਾਤੀਆਂ ਦੇ ਨੁਮਾਇੰਦੇ ਜਾਤੀ ਆਧਾਰਿਤ ਮਰਦਮਸ਼ੁਮਾਰੀ ਲਈ ਦਬਾਅ ਪਾ ਰਹੇ ਹਨ। ਉਨਾਂ ਨੂੰ ਲਗਦਾ ਹੈ ਇਸ ਰਾਹੀਂ ਉਹ ਆਪਣੇ ਰਾਖਵਾਂਕਰਨ ਨੂੰ 27 ਫ਼ੀਸਦੀ ਤੋਂ ਵਧਾ ਕੇ ਆਪਣੀ ਗਿਣਤੀ ਦੇ ਬਰਾਬਰ ਲਿਆਉਣ ਦਾ ਦਾਅਵਾ ਜ਼ਿਆਦਾ ਮਜ਼ਬੂਤੀ ਨਾਲ ਕਰ ਸਕਣਗੇ। ਆਖਰ ਦਲਿਤਾਂ ਅਤੇ ਆਦਿਵਾਸੀਆਂ ਲਈ ਰਾਖਵਾਂਕਰਨ ਦੀ ਫ਼ੀਸਦੀ ਉਨਾਂ ਦੀ ਆਬਾਦੀ ਦੇ ਹਿਸਾਬ ਨਾਲ ਹੀ ਤੈਅ ਕੀਤੀ ਗਈ ਹੈ। ਮੰਡਲ ਕਮਿਸ਼ਨ ਦੀ ਰਿਪੋਰਟ ਵੀ ਇਸ ਮੰਗ ਨੂੰ ਉਤਸ਼ਾਹਿਤ ਕਰਦੀ ਹੈ ਕਿਉਂਕਿ, ਪਛੜੇ ਵਰਗਾਂ ਲਈ 27 ਫ਼ੀਸਦੀ ਰਾਖਵਾਂਕਰਨ ਦੀ ਸਿਫ਼ਾਰਸ਼ ਕਰਨ ਦੇ ਨਾਲ-ਨਾਲ ਇਸ ਰਿਪੋਰਟ ਵਿਚ ਇਕ ਜਗਾ ਇਹ ਵੀ ਲਿਖਿਆ ਗਿਆ ਹੈ ਕਿ ਉਨਾਂ ਨੂੰ ਰਾਖਵਾਂਕਰਨ ਆਬਾਦੀ ਦੇ ਮੁਤਾਬਿਕ ਮਿਲਣਾ ਹੀ ਸਹੀ ਹੋਵੇਗਾ। ਪਰ ਇਸ ਮੰਗ ਵਿਚ ਇਕ ਅੜਚਨ ਵੀ ਆਵੇਗੀ। ਸੰਪੂਰਨ ਤੌਰ 'ਤੇ ਹੋਰ ਪਛੜੇ ਵਰਗਾਂ ਦੀ ਆਬਾਦੀ 45 ਤੋਂ 50 ਫ਼ੀਸਦੀ ਦੇ ਨੇੜੇ-ਤੇੜੇ ਨਿਕਲੇਗੀ ਪਰ ਅਲੱਗ-ਅਲੱਗ ਜਾਤੀਆਂ ਦੀ ਆਬਾਦੀ ਜਦੋਂ ਗਿਣੀ ਜਾਵੇਗੀ ਤਾਂ ਉਹ 10-11 ਤੋਂ ਲੈ ਕੇ 2-3 ਫ਼ੀਸਦੀ ਤੱਕ ਹੋ ਸਕਦੀ ਹੈ। ਜ਼ਾਹਰ ਹੈ ਕਿ ਇਹ ਸੁਆਲ ਰਾਖਵਾਂਕਰਨ ਵਧਣ ਦੀ ਸੂਰਤ ਵਿਚ ਇਹ ਸਵਾਲ ਉੱਭਰ ਆਵੇਗਾ ਕਿ ਰਾਖਵਾਂਕਰਨ ਦੀ ਵੰਡ ਕਿਵੇਂ ਹੋਵੇ ? ਰਾਖਵਾਂਕਰਨ ਦੀ ਕਿਸੇ ਵੀ ਤਰੀਕੇ ਨਾਲ ਵੰਡ ਕੀਤੀ ਜਾਵੇ, ਹਰ ਹਾਲ ਵਿਚ ਗਿਣਤੀ ਵਿਚ ਵਧੇਰੇ ਮਜ਼ਬੂਤ ਜਾਤੀਆਂ ਹੀ ਫਾਇਦਾ ਲੈਂਦੀਆਂ ਦਿਖਾਈ ਦੇਣਗੀਆਂ।




ਉਂਜ ਵੀ ਅੱਜ ਦੀ ਤਰੀਕ ਵਿਚ ਓ.ਬੀ.ਸੀ. ਨੇਤਾ ਇਹ ਨਹੀਂ ਸਮਝ ਪਾ ਰਹੇ ਕਿ ਜਿਵੇਂ ਹੀ ਓ.ਬੀ.ਸੀ. ਜਾਤੀਆਂ (ਮੁਸਲਮਾਨਾਂ, ਇਸਾਈਆਂ ਅਤੇ ਸਿੱਖਾਂ ਸਮੇਤ) ਵੀ ਵੱਖ-ਵੱਖ ਗਿਣਤੀ ਦੀ ਪੁਖਤਾ ਜਾਣਕਾਰੀ ਮਿਲੇਗੀ, ਉਵੇਂ ਹੀ ਇਸ ਘੇਰੇ ਦੀਆਂ ਪ੍ਰਭਾਵਸ਼ਾਲੀ ਜਾਤੀਆਂ (ਯਾਦਵ, ਲੋਧੀ ਤੇ ਕੁਰਮੀ ਆਦਿ) ਨੂੰ ਉਨਾਂ ਦੀ ਗਿਣਤੀ ਤੋਂ ਵੱਧ ਮਿਲ ਰਹੇ ਲਾਭਾਂ 'ਤੇ ਸਵਾਲੀਆ ਨਿਸ਼ਾਨ ਲੱਗ ਜਾਵੇਗਾ। ਅੰਦਾਜ਼ਾ ਇਹ ਵੀ ਹੈ ਕਿ ਜੋ ਲੋਕ ਕਤਾਰਬੰਦੀ ਉੱਚੀਆਂ ਜਾਤੀਆਂ ਦੇ ਖਿਲਾਫ਼ ਕਰਨਾ ਚਾਹੁੰਦੇ ਹਨ, ਉਹੀ ਕਤਾਰਬੰਦੀ ਓ.ਬੀ.ਸੀ. ਘੇਰੇ ਵਿਚ ਅਤਿ ਪਛੜੇ ਵਰਗਾਂ ਵਲੋਂ ਉਨਾਂ ਦੇ ਖਿਲਾਫ਼ ਹੋਣ ਲੱਗੇਗੀ। ਦੂਜਾ ਅਜੇ ਤੱਕ ਜੋ ਪਾਰਟੀਆਂ ਅਤੇ ਨੇਤਾ ਖ਼ੁਦ ਨੂੰ ਪਛੜੇ ਵਰਗਾਂ ਦੇ ਹੱਕ ਵਿਚ ਲੜਨ ਵਾਲੇ ਦੱਸਦੇ ਰਹੇ ਹਨ ਉਨਾਂ ਤੋਂ ਹੋ ਸਕਦਾ ਹੈ ਕਿ ਕੁਝ ਨਵੇਂ ਸਵਾਲ ਪੁੱਛੇ ਜਾਣ। ਭਾਵ ਉਨਾਂ ਤੋਂ ਜਵਾਬ ਤਲਬ ਕੀਤਾ ਜਾ ਸਕਦਾ ਹੈ ਕਿ 7 ਤੋਂ 15 ਸਾਲ ਵਿਚਾਲੇ ਕਈ-ਕਈ ਵਾਰ ਸੱਤਾ 'ਚ ਰਹਿਣ ਦੇ ਬਾਵਜੂਦ ਉਨਾਂ ਨੇ ਰਾਖਵਾਂਕਰਨ ਦੀ ਨਿਆਂਪੂਰਨ ਵੰਡ ਯਕੀਨੀ ਕਿਉਂ ਨਹੀਂ ਬਣਾਈ ? ਇਕ ਸਵਾਲ ਇਹ ਵੀ ਪੁੱਛਿਆ ਜਾ ਸਕਦਾ ਹੈ ਕਿ, ਕੀ ਜਦੋਂ ਉਹ ਸੱਤਾ ਵਿਚ ਸਨ ਤਾਂ ਉਨਾਂ ਨੇ ਰਾਖਵਾਂਕਰਨ ਦਾ ਕੋਟਾ ਪੂਰੀ ਤਰਾਂ ਨਾਲ ਲਾਗੂ ਕਰਨ ਦੀ ਗਾਰੰਟੀ ਦਿੱਤੀ ਜਾਂ ਉਸ ਲਈ ਕੋਈ ਖ਼ਾਸ ਯਤਨ ਕੀਤੇ ? ਇਨਾਂ ਸਵਾਲਾਂ ਦੇ ਜਵਾਬ ਵਿਚ ਲਾਲੂ ਯਾਦਵ, ਮੁਲਾਇਮ ਸਿੰਘ ਯਾਦਵ ਅਤੇ ਮਾਇਆਵਤੀ ਵਰਗੇ ਨੇਤਾਵਾਂ ਨੂੰ ਆਪਣੀ ਪੀੜੀ ਥੱਲੇ ਸੋਟਾ ਫੇਰਨਾ ਪੈ ਸਕਦਾ ਹੈ। ਰਾਖਵਾਂਕਰਨ ਦਾ ਜੋ ਵੀ ਫ਼ੀਸਦੀ ਅੱਜ ਦੀ ਤਰੀਕ ਵਿਚ ਉਪਲਬਧ ਹੈ, ਉਸ ਨੂੰ ਲਾਗੂ ਕਰਨ ਦਾ ਸਵਾਲ ਏਨਾ ਟੇਢਾ ਹੈ ਕਿ ਉਸ ਦੀ ਕੋਈ ਵੀ ਵਿਆਖਿਆ ਨਹੀਂ ਕਰਨਾ ਚਾਹੁੰਦਾ। ਰਾਖਵਾਂਕਰਨ ਦਾ ਕੋਈ ਵੀ ਨਵਾਂ ਪ੍ਰਬੰਧ ਬਣੇ, ਉਸ ਨੂੰ ਇਹ ਯਕੀਨੀ ਜ਼ਰੂਰ ਬਣਾਉਣਾ ਚਾਹੁੰਦਾ ਹੈ ਕਿ ਰਾਖਵਾਂਕਰਨ ਦੇ ਕੋਟੇ ਜ਼ਰੂਰ ਭਰੇ ਜਾਣ, ਜੇਕਰ ਇਸ ਨੂੰ ਲਾਗੂ ਕਰਨ ਲਈ ਕੋਈ ਕਮਿਸ਼ਨ ਬਣਾਉਣਾ ਪਵੇਗਾ ਤਾਂ ਉਹ ਬਣਾਉਣਾ ਚਾਹੀਦਾ ਹੈ। ਜਾਤੀ ਆਧਾਰਿਤ ਮਰਦਮਸ਼ੁਮਾਰੀ ਦੇ ਵਿਰੋਧੀਆਂ ਨੂੰ ਲਗਦਾ ਹੈ ਕਿ ਇਸ ਨਾਲ ਜਾਤੀ ਸੰਘਰਸ਼ ਤਿੱਖਾ ਹੋਵੇਗਾ। ਹਿੰਦੂ ਅਤੇ ਮੁਸਲਮਾਨ ਸਮਾਜ ਦੇ ਅੰਦਰ ਗ੍ਰਹਿ ਯੁੱਧ ਛਿੜ ਸਕਦਾ ਹੈ ਪਰ ਸੰਭਵ ਹੈ ਕਿ ਇਹ ਅੰਦਾਜ਼ਾ ਸਿਰਫ਼ ਇਕ ਕਲਪਨਾ ਹੀ ਸਾਬਤ ਹੋਵੇ। ਫਿਰ ਵੀ ਭਾਵੇਂ ਜਾਤੀ ਸੰਘਰਸ਼ ਨਾ ਹੋਵੇ ਪਰ ਜਾਤੀ ਆਧਾਰਿਤ ਮਰਦਮਸ਼ੁਮਾਰੀ ਰਾਜਨੀਤਕ ਕਤਾਰਬੰਦੀ ਦੇ ਢਾਂਚੇ ਨੂੰ ਕੱਟੜਤਾ ਵਿਚ ਬਦਲ ਸਕਦੀ ਹੈ। ਰਾਜਨੀਤਕ ਮੰਗਾਂ ਦੀ ਬਣਤਰ ਅਤੇ ਪਾਰਟੀਆਂ ਦੇ ਘੋਸ਼ਣਾ ਪੱਤਰ ਹੋ ਸਕਦਾ ਹੈ ਕਿ ਮਰਦਮਸ਼ੁਮਾਰੀ ਤੋਂ ਬਾਅਦ ਪਹਿਲਾਂ ਵਾਂਗ ਨਾ ਰਹਿ ਜਾਣ। ਚੋਣਾਂ ਵਿਚ ਟਿਕਟਾਂ ਦੀ ਵੰਡ ਦੇ ਮਾਪਦੰਡ ਨਵੇਂ ਸਿਰੇ ਤੋਂ ਤਿਆਰ ਕਰਨੇ ਪੈ ਸਕਦੇ ਹਨ। ਪਾਰਟੀਆਂ ਵਿਚ ਅਹੁਦਿਆਂ ਦੀ ਵੰਡ, ਸਰਕਾਰ ਵਿਚ ਮੰਤਰੀਆਂ ਅਹੁਦਿਆਂ ਦੀ ਵੰਡ ਭਾਵ ਹਰ ਚੀਜ਼ ਪਹਿਲਾਂ ਵਰਗੀ ਨਹੀਂ ਰਹਿ ਜਾਵੇਗੀ। ਕੁੱਲ ਮਿਲਾ ਕਿ ਕਿਹਾ ਜਾ ਸਕਦਾ ਹੈ ਕਿ ਮਰਦਮਸ਼ੁਮਾਰੀ ਦੇ ਪ੍ਰਭਾਵ ਤੀਬਰ ਅਤੇ ਬੁਨਿਆਦੀ ਹੋਣਗੇ। ਉਨਾਂ ਅਰਥਾਂ ਵਿਚ ਨਹੀਂ ਜਿਨਾਂ ਵਿਚ ਲੋਕ ਸੋਚ ਰਹੇ ਹਨ, ਸਗੋਂ ਉਨਾਂ ਅਰਥਾਂ ਵਿਚ ਸਾਡੇ ਲਈ ਅਜੇ ਸੋਚਣਾ ਤਕਰੀਬਨ ਨਾਮੁਮਕਿਨ ਹੈ।

ਕੁਝ ਸਮੀਖਿਅਕਾਂ ਨੇ ਜਾਤੀ ਆਧਾਰਿਤ ਮਰਦਮਸ਼ੁਮਾਰੀ ਨੂੰ ਸੰਸਦ ਵਿਚ ਪਾਸ ਕੀਤੇ ਗਏ ਓ.ਬੀ.ਸੀ. ਰਾਖਵਾਂਕਰਨ ਨਾਲ ਸਬੰਧਿਤ ਸੋਧ ਬਿੱਲ ਨਾਲ ਵੀ ਜੋੜਿਆ ਹੈ। ਦਲੀਲ ਦਿੱਤੀ ਜਾ ਰਹੀ ਹੈ ਕਿ ਹੁਣ ਜਾਤੀ ਆਧਾਰਿਤ ਮਰਦਮਸ਼ੁਮਾਰੀ ਪਹਿਲਾਂ ਤੋਂ ਵੀ ਜ਼ਿਆਦਾ ਜ਼ਰੂਰੀ ਹੋ ਗਈ ਹੈ। ਕੀ ਅਸਲ ਵਿਚ ਦੋਵਾਂ ਵਿਚਾਲੇ ਕੋਈ ਅਜਿਹਾ ਸਬੰਧ ਹੈ ? ਇਹ ਸੰਵਿਧਾਨ ਸੋਧ ਬਿੱਲ ਰਾਜਾਂ ਨੂੰ ਕੇਂਦਰੀ ਪਛੜਾ ਵਰਗ ਆਯੋਗ ਤੋਂ ਪੁੱਛੇ ਬਿਨਾਂ ਪਛੜੀਆਂ ਜਾਤੀਆਂ ਸਬੰਧੀ ਆਪਣੀਆਂ ਸੂਚੀਆਂ ਬਣਾਉਣ ਦਾ ਅਧਿਕਾਰ ਦਿੰਦਾ ਹੈ ? ਇਸ ਦਾ ਜਾਤੀਵਾਰ ਮਰਦਮਸ਼ੁਮਾਰੀ ਨਾਲ ਸਿੱਧਾ ਸਬੰਧ ਨਹੀਂ ਹੈ। ਕੋਈ ਜਾਤੀ ਗਿਣੀ ਜਾਵੇ, ਜਾਂ ਨਾ ਗਿਣੀ ਜਾਵੇ ਇਸ ਨਾਲ ਉਸ ਨੂੰ ਰਾਖਵਾਂਕਰਨ ਬਾਰੇ ਹੱਕ ਪ੍ਰਭਾਵਿਤ ਨਹੀਂ ਹੁੰਦਾ। ਕੁਝ ਸਮੀਖਿਅਕ ਕਹਿ ਰਹੇ ਹਨ ਕਿ ਜਾਤੀਵਾਰ ਮਰਦਮਸ਼ੁਮਾਰੀ ਹੋ ਜਾਵੇਗੀ ਤਾਂ ਉਸ ਨਾਲ ਨੀਤੀਆਂ ਬਣਾਉਣ ਵਿਚ ਸੌਖ ਹੋਵੇਗੀ। ਕਿਹੜੀਆਂ ਅਤੇ ਕਿਸ ਤਰਾਂ ਦੀਆਂ ਨੀਤੀਆਂ ਬਣਾਉਣ ਵਿਚ ਸੌਖ ਹੋਵੇਗੀ ? ਅਜਿਹੇ ਸਮੀਖਿਅਕਾਂ ਨੂੰ ਇਹ ਵੀ ਦੱਸਣਾ ਚਾਹੀਦਾ ਹੈ ਕਿ ਕਿਹੜੀਆਂ ਅਜਿਹੀਆਂ ਨੀਤੀਆਂ ਹਨ ਜੋ ਜਾਤੀਵਾਰ ਮਰਦਮਸ਼ੁਮਾਰੀ ਨਾ ਹੋਣ ਕਾਰਨ ਨਹੀਂ ਬਣ ਸਕਦੀਆਂ।

ਹਾਂ, ਇਹ ਜ਼ਰੂਰ ਹੈ ਕਿ ਜਾਤੀਵਾਰ ਮਰਦਮਸ਼ੁਮਾਰੀ ਹੋਣ ਨਾਲ ਸਮਾਜਿਕ ਨਿਆਂ ਦੀ ਰਾਜਨੀਤੀ ਰਾਖਵਾਂਕਰਨ ਦੀ ਦਾਅਦੇਵਾਰੀ ਸਰਕਾਰੀ ਖ਼ੇਤਰਾਂ ਤੋਂ ਪਰੇ ਹੁੰਦੀ ਹੋਈ ਨਿੱਜੀ ਖੇਤਰਾਂ ਤੱਕ ਪਹੁੰਚਾ ਸਕਦੀ ਹੈ। ਅਜਿਹੀ ਇਕ ਕੋਸ਼ਿਸ਼ ਮੱਧ ਪ੍ਰਦੇਸ਼ ਵਿਚ ਕਾਂਗਰਸ ਪਾਰਟੀ ਤਹਿਤ ਹੋਏ ਦਲਿਤ ਸੰਮੇਲਨ ਰਾਹੀਂ ਹੋ ਚੁੱਕੀ ਹੈ, ਜਦੋਂ 'ਡਾਇਵਰਸਿਟੀ' ਦੇ ਅਮਰੀਕੀ ਸਿਧਾਂਤ ਦੀ ਤਰਜ਼ 'ਤੇ ਭਾਰਤ ਵਿਚ ਵੀ ਦਲਿਤ ਉਦਮੀਆਂ ਨੂੰ ਉਤਸ਼ਾਹਿਤ ਕਰਨ ਦੀ ਮੰਗ ਚੁੱਕੀ ਗਈ ਸੀ। ਨਿੱਜੀ ਖੇਤਰ ਅਜਿਹੀ ਹਰ ਮੰਗ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦਾ ਹੈ ਅਤੇ ਇਹ ਉਦੋਂ ਤੱਕ ਇਸ ਨੂੰ ਮੰਨਣ ਲਈ ਤਿਆਰ ਨਹੀਂ ਹੋ ਸਕਦਾ, ਜਦੋਂ ਤੱਕ ਸੰਸਦ ਕਾਨੂੰਨ ਬਣਾ ਕੇ ਉਸ ਨੂੰ ਮਜਬੂਰ ਨਾ ਕਰ ਦੇਵੇ।



# ਖਤਰੇ ਵਿਚ ਹੈ ਭਾਰਤੀ ਲੋਕਾਂ ਦੀ ਸ਼ਹਿਰੀ ਅਜ਼ਾਦੀ

## ਸੁੱਚਾ ਸਿੰਘ ਗਿੱਲ



ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਲਿਖਿਆ ਗਿਆ ਹੈ ਕਿ ਲੋਕ ਭਾਰਤ ਨੂੰ ਇਕ ਆਜ਼ਾਦ, ਧਰਮ ਨਿਰਪੱਖ ਅਤੇ ਜਮਹੂਰੀ ਗਣਰਾਜ ਬਣਾਉਣ ਦਾ ਸਾਰੇ ਸ਼ਹਿਰੀਆਂ ਲਈ ਸੰਕਲਪ ਲੈਂਦੇ ਹਨ। ਇਸ ਅਨੁਸਾਰ ਸਾਰੇ ਸ਼ਹਿਰੀਆਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਕ ਨਿਆਂ ਦੀ ਗਰੰਟੀ ਦਿੱਤੀ ਗਈ ਹੈ। ਸਾਰੇ ਸ਼ਹਿਰੀਆਂ ਨੂੰ ਬਰਾਬਰ ਦਾ ਰੁਤਬਾ ਦਿੱਤਾ ਗਿਆ ਹੈ। ਮਾਣ-ਸਨਮਾਨ ਦੀ ਜ਼ਿੰਦਗੀ ਵਾਸਤੇ ਹਰ ਵਿਅਕਤੀ ਨੂੰ ਆਪਣੇ ਭਾਈਚਾਰੇ ਦੀ ਸਥਾਪਨਾ ਦੀ ਆਗਿਆ ਦਿੱਤੀ ਗਈ ਹੈ। ਇਨਾਂ ਨੂੰ ਯਕੀਨੀ ਬਣਾਉਣ ਲਈ ਮੌਲਿਕ ਅਧਿਕਾਰ ਅਤੇ ਰਾਜਨੀਤੀ ਦੇ ਸਿਧਾਂਤ ਦਿੱਤੇ ਗਏ ਹਨ। ਇਨਾਂ ਗਰੰਟੀਆਂ ਦੇ ਬਾਵਜੂਦ ਆਮ ਲੋਕਾਂ ਦੀ ਜ਼ਿੰਦਗੀ ਵਿਚ ਕਿੰਨੀਂ ਕੁ ਆਰਥਿਕ, ਸਮਾਜਿਕ ਅਤੇ ਰਾਜਨੀਤਕ ਤਬਦੀਲੀ ਆਈ ਹੈ ? ਇਹ ਵਿਚਾਰਨ ਵਾਲੀ ਗੱਲ ਹੈ।

ਆਰਥਿਕ ਤੌਰ ’ਤੇ ਭਾਰਤ ਨੂੰ 1950-51 ਵਿਚ ਇਕ ਬਹੁਤ ਹੀ ਪਛੜੇ ਅਤੇ ਗ਼ਰੀਬ ਦੇਸ਼ ਦੇ ਤੌਰ ’ਤੇ ਜਾਣਿਆ ਜਾਂਦਾ ਸੀ। ਇਸ ਦੀ ਗਿਣਤੀ ਪ੍ਰਤੀ ਵਿਅਕਤੀ ਆਮਦਨ ਵਿਚ ਦੁਨੀਆਂ ਦੇ ਸਭ ਤੋਂ ਹੇਠਾਂ ਵਾਲੇ ਦੇਸ਼ਾਂ ਵਿਚ ਹੁੰਦੀ ਸੀ। ਹੁਣ 2020-21 ਵਿਚ ਇਸ ਦਾ ਰੁਤਬਾ ਥੋੜ੍ਹਾ ਉਪਰ ਚੜ੍ਹ ਗਿਆ ਹੈ। ਅੱਜ ਕੱਲ ਭਾਰਤ ਦੀ ਗਿਣਤੀ ਹੇਠਲੇ ਮੱਧ-ਵਰਗੀ ਦੇਸ਼ਾਂ ਵਿਚ ਹੁੰਦੀ ਹੈ। ਦੇਸ਼ ਦੀ ਪ੍ਰਤੀ ਵਿਅਕਤੀ ਆਮਦਨ 2020 ਵਿਚ 1900 ਡਾਲਰ ਹੋ ਗਈ ਸੀ। ਇਹ 1950-51 ਵਿਚ 100 ਡਾਲਰ ਦੇ ਲਗਭਗ ਸੀ। ਦੇਸ਼ ਦੇ ਲੋਕ 1970-71 ਵਿਚ 40 ਫ਼ੀਸਦੀ ਤੋਂ ਵੱਧ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਸਨ। ਤਾਜ਼ਾ ਅੰਕੜਿਆਂ ਅਨੁਸਾਰ (20 11-12) ਲਗਭਗ 22 ਫ਼ੀਸਦੀ ਲੋਕ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਭਾਵੇਂ ਪ੍ਰਤੀਸ਼ਤਤਾ ਵਿਚ ਗ਼ਰੀਬਾਂ ਦੀ ਗਿਣਤੀ ਕਾਫ਼ੀ ਘਟ ਗਈ ਹੈ ਪਰ ਕੁੱਲ ਗ਼ਰੀਬਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। 1970-71 ਵਿਚ 21-22 ਕਰੋੜ ਵਿਅਕਤੀ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਸਨ ਪਰ ਹੁਣ ਇਨਾਂ ਦੀ ਗਿਣਤੀ ਕਾਫ਼ੀ ਵਧ ਗਈ ਹੈ। 2011-12 ਵਿਚ ਭਾਰਤ ਦੇ 27 ਕਰੋੜ ਵਿਅਕਤੀ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਸਨ। ਇਹ ਇਸ ਦੇ ਬਾਵਜੂਦ ਹੋਇਆ ਹੈ ਕਿ ਸਰਕਾਰ ਵਲੋਂ ਗ਼ਰੀਬੀ ਰੇਖਾ ਨੂੰ ਲਗਾਤਾਰ ਘਟਾ ਕੇ ਹੇਠਾਂ ਕੀਤਾ ਗਿਆ ਹੈ। ਬਹੁਤ ਵੱਡੀ ਗਿਣਤੀ ਵਿਚ ਲੋਕ ਅੱਜ ਵੀ ਗ਼ਰੀਬੀ ਅਤੇ ਮੰਦਹਾਲੀ ਦੀ ਜ਼ਿੰਦਗੀ ਵਿਚ ਰਹਿ ਰਹੇ ਹਨ। ਜੇਕਰ ਗ਼ਰੀਬੀ ਰੇਖਾ ਤੋਂ ਥੋੜਾ ਜਿਹਾ ਉਪਰ ਰਹਿੰਦੇ ਲੋਕਾਂ ਨੂੰ ਨਾਲ ਸ਼ਾਮਿਲ ਕਰ ਲਿਆ ਜਾਵੇ ਜਿਨਾਂ ਨੂੰ ਅਰਜੁਨ ਸੇਨ ਗੁਪਤਾ ਕਮੇਟੀ ਗ਼ਰੀਬ ਅਤੇ ਕਮਜ਼ੋਰ ਕਹਿੰਦੀ ਹੈ ਤਾਂ ਐਸੇ ਲੋਕਾਂ ਦੀ ਗਿਣਤੀ ਕੁੱਲ ਆਬਾਦੀ ਦਾ 77 ਫ਼ੀਸਦੀ ਹੋਣ ਕਾਰਨ 100 ਕਰੋੜ ਤੋਂ ਵੱਧ ਹੋ ਜਾਂਦੀ ਹੈ। ਕੁਲ ਦੁਨੀਆ ਦੇ ਗ਼ਰੀਬਾਂ ਦੀ ਬਹੁਗਿਣਤੀ ਇਕੱਲੇ ਭਾਰਤ ਵਿਚ ਹੀ ਰਹਿ ਰਹੀ ਹੈ। ਇਸ ਪੱਖੋਂ ਸਰਕਾਰਾਂ ਵਲੋਂ ਲੋਕਾਂ ਨਾਲ ਕੀਤਾ ਵਾਅਦਾ ਠੀਕ ਤਰਾਂ ਨਿਭਾਇਆ ਨਹੀਂ ਗਿਆ ਹੈ। ਆਰਥਿਕ ਵਿਕਾਸ ਨਾਲ ਅਮੀਰ ਵਰਗ ਦੀ ਆਮਦਨ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਗ਼ਰੀਬਾਂ ਦੀ ਆਮਦਨ ਅਮੀਰਾਂ ਦੇ ਮੁਕਾਬਲੇ ਪਛੜ ਗਈ ਹੈ। ਆਰਥਿਕ ਢਾਂਚੇ ਉਪਰ ਅਮੀਰਾਂ ਅਤੇ ਖਾਸ ਕਰਕੇ ਕਾਰਪੋਰੇਟ ਘਰਾਣਿਆਂ ਦੀ ਪਕੜ ਕਾਫ਼ੀ ਵਧ ਗਈ ਹੈ। ਪ੍ਰਾਈਵੇਟ ਕਾਰਪੋਰੇਟ ਸੈਕਟਰ ਦਾ ਦੇਸ਼ ਦੀ ਕੁੱਲ ਆਮਦਨ ਵਿਚ ਹਿੱਸਾ ਕਾਫੀ ਤੇਜ਼ੀ ਨਾਲ ਵਧ ਗਿਆ ਹੈ। ਇਹ ਹਿੱਸਾ ਕੁਲ ਆਮਦਨ ’ਚ 1993-94 ਵਿਚ 13.1 ਫ਼ੀਸਦੀ ਸੀ ਜੋ ਵੱਧ ਕੇ 2004-05 ਵਿਚ 22.2 ਫ਼ੀਸਦੀ ਹੋ ਗਿਆ ਸੀ। ਇਹ ਹੋਰ ਤੇਜ਼ੀ ਨਾਲ 2014-15 ਵਿਚ 35.9 ਫ਼ੀਸਦੀ ਹੋ ਗਿਆ। ਇਸ ਸਮੇਂ ਨਿੱਜੀ ਕਾਰਪੋਰੇਟ ਖੇਤਰ ਦੇਸ਼ ਦੀ 40 ਫ਼ੀਸਦੀ ਤੋਂ ਵੱਧ ਆਮਦਨ ’ਤੇ ਕਾਬਜ਼ ਹੋ ਗਿਆ ਹੈ। ਪਰ ਇਸ ਖੇਤਰ ਵਿਚ ਦੇਸ਼ ਦੀ ਕੁੱਲ ਵਸੋਂ ਦਾ 0.1 ਫ਼ੀਸਦੀ ਹਿੱਸਾ ਵੀ ਨਹੀਂ ਆਉਂਦਾ। ਦੂਜੇ ਪਾਸੇ ਖੇਤੀ ਖੇਤਰ ਜਿਸ ਉਪਰ ਲਗਭਗ 50 ਫ਼ੀਸਦੀ ਤੋਂ ਵਧ ਆਬਾਦੀ ਨਿਰਭਰ ਕਰਦੀ ਹੈ, ਉਸ ਦਾ ਦੇਸ਼ ਦੀ ਆਮਦਨ ਵਿਚ 1993-94 ਹਿੱਸਾ ਲਗਭਗ 30% ਦੇ ਕਰੀਬ ਸੀ ਜੋ ਘੱਟ ਕੇ 2019- 20 ਵਿਚ 16 ਫ਼ੀਸਦੀ ਰਹਿ ਗਿਆ ਹੈ। ਇਵੇਂ ਹੀ ਮਜ਼ਦੂਰਾਂ ਦਾ ਹਿੱਸਾ ਕੁਲ ਆਮਦਨ ਵਿਚ ਕਾਫ਼ੀ ਘਟ ਗਿਆ ਹੈ। ਇਹ ਇਸ ਕਰਕੇ ਹੋ ਰਿਹਾ ਹੈ ਕਿ ਦੇਸ਼ ਦੇ ਇਕ ਛੋਟੇ ਜਿਹੇ ਹਿੱਸੇ ਕੋਲ ਬੇਸ਼ੁਮਾਰ ਧਨ ਦੌਲਤ ਇਕੱਠੀ ਹੋ ਗਈ ਹੈ। ਓਕਸਫੈਮ ਦੇ ਇਕ ਅਧਿਐਨ ਮੁਤਾਬਕ ਭਾਰਤ ਵਿਚ ਹਰ ਸਾਲ ਪੈਦਾ ਹੋਣ ਵਾਲੀ ਦੌਲਤ ਦਾ 73 ਫ਼ੀਸਦੀ ਹਿੱਸਾ 1 ਫ਼ੀਸਦੀ ਅਮੀਰ ਲੋਕਾਂ ਕੋਲ ਪਹੁੰਚ ਜਾਂਦਾ ਹੈ। ਇਸ ਨਾਲ ਦੇਸ਼ ਵਿਚ ਆਮਦਨ ਅਤੇ ਦੌਲਤ ਕੁਝ ਲੋਕਾਂ ਪਾਸ ਇਕੱਠੀ ਹੁੰਦੀ ਜਾ ਰਹੀ ਹੈ। ਅਮੀਰ ਅਤੇ ਗ਼ਰੀਬ ਲੋਕਾਂ ਵਿਚ ਪਾੜਾ ਵਧਦਾ ਜਾ ਰਿਹਾ ਹੈ। ਹੁਰੁਨ ਗਲੋਬਲ ਰਿਚ ਲਿਸਟ ਇੰਡੀਆ ਅਨੁਸਾਰ 20 18 ਵਿਚ ਦੇਸ਼ ਵਿਚ 831 ਵੱਡੇ ਅਮੀਰ ਸਨ ਜਿਨਾਂ ਦੀ ਦੌਲਤ 1000 ਕਰੋੜ ਰੁਪਿਆਂ ਤੋਂ ਵੱਧ ਸੀ। ਇਹ ਵੱਡੇ ਅਮੀਰ ਦੇਸ਼ ਦੀ ਕੁੱਲ ਆਮਦਨ ਦੇ 25 ਫ਼ੀਸਦੀ ਉਪਰ ਕਾਬਜ਼ ਹੋ ਗਏ ਹਨ। ਦੂਜੇ ਪਾਸੇ 77 ਫ਼ੀਸਦੀ ਵਸੋਂ ਗ਼ਰੀਬ ਅਤੇ ਕਮਜ਼ੋਰ ਲੋਕਾਂ ਦੀ ਹੈ ਜਿਨਾਂ ਨੂੰ ਨਾ ਤਾਂ ਰੱਜ ਕੇ ਰੋਟੀ ਮਿਲਦੀ ਹੈ ਅਤੇ ਨਾ ਹੀ ਉਨਾਂ ਦੇ ਬੱਚਿਆਂ ਵਾਸਤੇ ਵਿੱਦਿਆ ਦਾ ਠੀਕ ਪ੍ਰਬੰਧ ਹੈ। ਇਨਾਂ ਪਰਿਵਾਰਾਂ ਦੇ ਜੀਅ ਬਿਨਾਂ ਇਲਾਜ ਬਿਮਾਰੀਆਂ ਨਾਲ ਮਰ ਰਹੇ ਹਨ। ਕੋਵਿਡ ਸਮੇਂ ਦੌਰਾਨ ਇਨਾਂ ਪਰਿਵਾਰਾਂ ਦੇ ਸਵਰਗਵਾਸ ਹੋਏ ਮੈਂਬਰਾਂ ਦੀਆਂ ਲਾਸ਼ਾਂ ਗੰਗਾ ਵਿਚ ਤੈਰਦੀਆਂ ਵੇਖਣ ਨੂੰ ਮਿਲੀਆਂ ਸਨ। ਇਨਾਂ ਪਰਿਵਾਰਾਂ ਪਾਸ ਆਪਣੇ ਮਰ ਗਏ ਜੀਆਂ ਦਾ ਸਸਕਾਰ ਕਰਨ ਵਾਸਤੇ ਪੈਸੇ ਵੀ ਨਹੀਂ ਸਨ। ਗ਼ਰੀਬ ਪਰਿਵਾਰਾਂ ਦੇ ਮੈਂਬਰ ਬੇਰੁਜ਼ਗਾਰੀ ਦੇ ਮਾਰੇ ਦਰ-ਦਰ ਠੋਕਰਾਂ ਖਾਣ ਨੂੰ ਮਜਬੂਰ ਹਨ। ਕੋਵਿਡ ਸਮੇਂ ਪਿਛਲੇ ਸਾਲ ਦੌਰਾਨ 12 ਕਰੋੜ ਗ਼ਰੀਬ ਮਜ਼ਦੂਰ ਬੇਰੁਜ਼ਗਾਰ ਹੋ ਗਏ ਸਨ। ਇਨਾਂ ਵਿਚੋਂ ਦਸੰਬਰ 2020 ਤੱਕ 2 ਕਰੋੜ ਮਜ਼ਦੂਰਾਂ ਨੂੰ ਮੁੜ ਰੁਜ਼ਗਾਰ ਨਸੀਬ ਨਹੀਂ ਹੋਇਆ ਸੀ। ਦੂਜੇ ਕੋਵਿਡ ਦੇ ਦੌਰ ਨੇ ਕਿਰਤੀਆਂ ਦੀ ਬੇਰੁਜ਼ਗਾਰੀ ਵਿਚ ਫਿਰ ਵਾਧਾ ਕਰ ਦਿੱਤਾ ਹੈ। ਕਿਰਤੀਆਂ ਨੂੰ ਬੇਰੁਜ਼ਗਾਰੀ ਅਤੇ ਬਿਮਾਰੀ ਦੀ ਦੋਹਰੀ ਮਾਰ ਝੱਲਣੀ ਪੈ ਰਹੀ ਹੈ।

### ਸ਼ਹਿਰੀ ਆਜ਼ਾਦੀਆਂ

ਆਮ ਸ਼ਹਿਰੀਆਂ ਨੂੰ ਇਕ ਪਾਸੇ ਆਰਥਿਕ ਬੇਇਨਸਾਫ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਦੂਜੇ ਪਾਸੇ ਉਨਾਂ ਦੇ ਆਪਣੇ ਹੱਕ ਪ੍ਰਾਪਤ ਕਰਨ ਲਈ ਜੱਦੋ-ਜਹਿਦ ਕਰਨ ਦੇ ਅਧਿਕਾਰ ਉੱਪਰ ਸੱਤਾ ਵਲੋਂ ਰੋਕਾਂ ਲਗਾਈਆਂ ਜਾ ਰਹੀਆਂ ਹਨ। ਉਨਾਂ ਵਲੋਂ ਪ੍ਰਾਪਤ ਅਧਿਕਾਰਾਂ ਉੱਪਰ ਛਾਪਾ ਮਾਰਿਆ ਜਾ ਰਿਹਾ ਹੈ। ਕੋਵਿਡ ਸਮੇਂ ਵਿਚ ਇਕ ਪਾਸੇ ਕਿਸਾਨ ਵਿਰੋਧੀ ਤਿੰਨ ਕਾਨੂੰਨ ਪਾਸ ਕੀਤੇ ਗਏ ਹਨ, ਦੂਜੇ ਪਾਸੇ ਮਜ਼ਦੂਰਾਂ/ ਕਿਰਤੀਆਂ ਵਲੋਂ ਆਪਣੇ ਹੱਕਾਂ ਲਈ ਬਣਵਾਏ ਕਾਨੂੰਨਾਂ ਵਿਚ ਸੋਧਾਂ ਕਰਕੇ ਮਾਲਕਾਂ ਦੇ ਹੱਕ ਵਿਚ ਚਾਰ ਲੇਬਰ ਕੋਡ ਬਣਾਏ ਗਏ ਹਨ। ਦਿਨ ਦੇ ਅੱਠ ਘੰਟਿਆਂ ਨੂੰ ਵਧਾ ਕੇ ਬਾਰਾਂ ਘੰਟੇ ਕੰਮ ਲੈਣ ਦਾ ਮਾਲਕਾਂ ਨੂੰ ਅਧਿਕਾਰ ਦੇ ਦਿੱਤਾ ਗਿਆ ਹੈ। ਵਾਧੂ ਕੰਮ ਲਈ ਹੋਰ ਮਜ਼ਦੂਰੀ/ ਅਦਾਇਗੀ ਵੀ ਨਹੀਂ ਕੀਤੀ ਜਾਵੇਗੀ। ਆਮ ਸ਼ਹਿਰੀਆਂ ਨੂੰ ਧਰਮ ਦੇ ਨਾਂ ’ਤੇ ਲੜਾਇਆ ਜਾ ਰਿਹਾ ਹੈ। ਅਜਿਹੇ ਕਾਨੂੰਨ ਬਣਾਏ ਜਾ ਰਹੇ ਹਨ ਜਿਨਾਂ ਨਾਲ ਲੋਕਾਂ ਵਿਚ ਧਰਮ ਦੇ ਨਾਂ ’ਤੇ ਵੰਡੀਆਂ ਪੈਦਾ ਕੀਤੀਆਂ ਜਾ ਸਕਦੀਆਂ ਹਨ। ਬੋਲਣ, ਲਿਖਣ ਅਤੇ ਵਿਚਾਰਾਂ ਦੀ ਅਜ਼ਾਦੀ ਉਪਰ ਰੋਕਾਂ ਲਗਾਈਆਂ ਜਾ ਰਹੀਆਂ ਹਨ। ਸੰਘਰਸ਼ ਕਰ ਰਹੇ ਕਿਸਾਨਾਂ, ਮਜ਼ਦੂਰਾਂ ਅਤੇ ਬੁੱਧੀਜੀਵੀਆਂ ਉਪਰ ਤਰਾਂ-ਤਰਾਂ ਦੇ ਲੇਬਲ ਲਗਾ ਕੇ ਉਨਾਂ ਨੂੰ ਬਦਨਾਮ ਕੀਤਾ ਜਾ ਰਿਹਾ।

ਅਮਰੀਕਾ ਦੀ ਇਕ ਏਜੰਸੀ ਵਲੋਂ ਫਰੀਡਮ ਇਨ ਦਾ ਵਰਲਡ ਨਾਂ ਦੀ ਰਿਪੋਰਟ 2020 ਵਿਚ ਪ੍ਰਕਾਸ਼ਿਤ ਕੀਤੀ ਗਈ ਸੀ। ਇਸ ਰਿਪੋਰਟ ਅਨੁਸਾਰ 2014 ਤੋਂ ਬਾਅਦ ਦੇਸ਼ ਦੇ ਲੋਕਾਂ ਦੀ ਅਜ਼ਾਦੀ ਵਿਚ ਕਮੀ ਆਈ ਹੈ। ਭਾਰਤ ਦਾ ਅਜ਼ਾਦੀ ਦੇ ਪੱਖੋਂ ਰੁਤਬਾ ਹੇਠਾਂ ਨੂੰ ਖਿਸਕਦਾ ਜਾ ਰਿਹਾ ਹੈ। ਆਜ਼ਾਦੀ ਦੇ ਸੂਚਕ ਅੰਕ ਵਿਚ ਅਸੀਂ 2019-20 ਵਿਚ ਦੋ ਅੰਕ ਹੇਠਾਂ ਡਿੱਗ ਗਏ ਹਾਂ, ਪਿਛਲੇ ਇਕ ਸਾਲ ਵਿਚ। ਹੁਣ ਭਾਰਤ ਦਾ ਰੁਤਬਾ ਇਕ ਆਜ਼ਾਦ ਦੇਸ਼ ਤੋਂ ਖਿਸਕ ਕੇ ਅਰਧ-ਆਜ਼ਾਦ ਦੇਸ਼ ਦਾ ਬਣ ਗਿਆ ਹੈ। ਇਹ ਚਿੰਤਾ ਦਾ ਵਿਸ਼ਾ ਹੈ। ਭਾਰਤ ਨੂੰ ਧਰਮ ਨਿਰਪੱਖ ਦੇਸ਼ ਤੋਂ ਹਿੰਦੂ ਰਾਸ਼ਟਰ ਵਿਚ ਤਬਦੀਲ ਕਰਨ ਦੇ ਯਤਨ ਹੋ ਰਹੇ ਹਨ। ਦੇਸ਼ ਵਿਚ ਘੱਟ ਗਿਣਤੀਆਂ ਅਤੇ ਨੀਵੀਆਂ ਜਾਤੀਆਂ ਦੇ ਲੋਕਾਂ ਅਤੇ ਔਰਤਾਂ ਖ਼ਿਲਾਫ਼ ਜ਼ੁਲਮ ਵਧ ਰਹੇ ਹਨ। ਦੇਸ਼ ਦੀਆਂ ਸੰਸਥਾਵਾਂ ਖਾਸ ਕਰਕੇ ਪਾਰਲੀਮੈਂਟ, ਸੁਪਰੀਮ ਕੋਰਟ, ਚੋਣ ਕਮਿਸ਼ਨ, ਸੀ. ਬੀ. ਆਈ., ਇਨਫੋਰਸਮੈਂਟ ਡਾਇਰੈਕਟੋਰੇਟ ਆਦਿ ਸਭ ਲੋਕਾਂ ਦੀਆਂ ਨਜ਼ਰਾਂ ਵਿਚ ਸ਼ੱਕ ਦੇ ਘੇਰੇ ਵਿਚ ਹਨ। ਇਨਸਾਫ਼ ਦਾ ਤਰਾਜ਼ੂ ਲੋਕਾਂ ਦੇ ਉਲਟ ਹੁੰਦਾ ਜਾ ਰਿਹਾ ਹੈ।

ਸਰਕਾਰ ਦਾ ਵਿਰੋਧ ਕਰਨ ਵਾਲਿਆਂ ਨੂੰ ਸ਼ਹਿਰੀ ਨਕਸਲਵਾਦੀ ਅਤੇ ਦੇਸ਼ ਵਿਰੋਧੀ ਕਰਾਰ ਦੇ ਕੇ ਜੇਲਾਂ ਵਿਚ ਡੱਕਿਆ ਜਾ ਰਿਹਾ ਹੈ। ਸਮਾਜਿਕ ਕਾਰਕੁਨਾਂ, ਬੁੱਧੀਜੀਵੀਆਂ, ਪੱਤਰਕਾਰਾਂ, ਅਤੇ ਵਕੀਲਾਂ ਉਪਰ ਗ਼ੈਰ-ਕਾਨੂੰਨੀ ਸਰਗਰਮੀਆਂ ਰੋਕੂ ਐਕਟ ਦੀਆਂ ਖ਼ਤਰਨਾਕ ਧਾਰਾਵਾਂ ਤਹਿਤ ਮੁਕੱਦਮੇ ਦਰਜ ਕਰਕੇ ਉਨਾਂ ਨੂੰ ਜੇਲ ਵਿਚ ਬੰਦ ਕੀਤਾ ਗਿਆ ਹੈ। ਜੰਮੂ-ਕਸ਼ਮੀਰ ਸਬੰਧੀ ਧਾਰਾ 370 ਖ਼ਤਮ ਕਰਨ ਬਾਅਦ ਲੋਕਾਂ ਨੂੰ ਨਜ਼ਰਬੰਦ ਕੀਤਾ ਗਿਆ ਸੀ। ਨਾਗਰਿਕ ਸੋਧ ਕਾਨੂੰਨ ਦਾ ਵਿਰੋਧ ਕਰਨ ਵਾਲਿਆਂ ਵਿਰੁੱਧ ਗ਼ੈਰ-ਕਾਨੂੰਨੀ ਮੁਕੱਦਮੇ ਦਰਜ ਕੀਤੇ ਗਏ ਸਨ। ਜ਼ੋਰਦਾਰ ਅਤੇ ਵਿਆਪਕ ਕਿਸਾਨ ਅੰਦੋਲਨ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। 600 ਦੇ ਕਰੀਬ ਇਸ ਅੰਦੋਲਨ ’ਚ ਸ਼ਹੀਦ ਹੋਏ ਕਿਸਾਨਾਂ ਦੀ ਕੁਰਬਾਨੀ ਦੇ ਬਾਵਜੂਦ ਇਸ ਮਾਮਲੇ ਨੂੰ ਸਰਕਾਰ ਲਟਕਾ ਰਹੀ ਹੈ। ਮੌਜੂਦਾ ਆਰਥਿਕ ਅਤੇ ਸਮਾਜਿਕ ਵਿਕਾਸ ਦੀਆਂ ਨੀਤੀਆਂ ਨੂੰ ਬਦਲਣਾ ਪਵੇਗਾ। ਇਸ ਨੂੰ ਕਾਰਪੋਰੇਟ ਪੱਖੀ ਤੋਂ ਬਦਲ ਕੇ ਲੋਕ ਪੱਖੀ ਕਰਨਾ ਪਵੇਗਾ। ਆਰਥਿਕ ਅਤੇ ਸਮਾਜਿਕ ਪਾੜਾ ਘਟਾਉਣਾ ਪਵੇਗਾ। ਲੋਕਾਂ ਦੇ ਸਿਆਸੀ ਅਤੇ ਸਿਵਲ ਅਧਿਕਾਰਾਂ ਨੂੰ ਬਹਾਲ ਕਰਨਾ ਪਵੇਗਾ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਲੋਕਪੱਖੀ ਤਾਕਤਾਂ ਦੇਸ਼ ਦੀ ਸਿਆਸਤ ਵਿਚ ਭਾਰੂ ਹੋਣ।

ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ

ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ






# ‘ਨਉ ਦੁਆਰੇ ਪਰਗਟੁ ਕੀਏ, ਦਸਵਾ ਗੁਪਤੁ ਰਖਾਇਆ ॥’

## ਮੂਲ ਰਚਨਾ, ਪੰਥ ਰਤਨ, ਗੁਰਮਤ ਮਾਰਤੰਡ, ਸੰਤ ਗਿਆਨੀ ਮਸਕੀਨ ਸਿੰਘ ਜੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਭਾਗ 2**

**ਮੈ ਬਨਜਾਰਿਨ ਰਾਮ ਕੀ।।**
**ਤੇਰਾ ਨਾਮੁ ਵਖਰੁ ਵਾਪਾਰੁ ਜੀ।।**

ਇਸ ਵਪਾਰ ਦੀ ਦੁਨੀਆਂ ਵਿੱਚ ਇੱਕ ਅਟੱਲ ਨਿਯਮ ਕੰਮ ਕਰਦਾ ਹੈ ਉਹ ਇਹ ਹੈ ਕਿ ਕੁਝ ਦੇ ਕੇ ਲੈਣਾ ਹੁੰਦਾ ਹੈ। ਦੇਣ ਦੀ ਸਮਰੱਥਾ ਨਾ ਹੋਵੇ ਜਾਂ ਦੇਣ ਲਈ ਮਨ ਨਾ ਮੰਨੇ ਤਾਂ ਲੈਣਾ ਔਖਾ ਹੋ ਜਾਂਦਾ ਹੈ। ਪ੍ਰਮਾਤਮਾ ਆਦ੍ਰਿਸ਼ ਹੈ ਉਸ ਦੀ ਪ੍ਰਾਪਤੀ ਲਈ ਮੁੱਲ ਵੀ ਅਦ੍ਰਿਸ਼ ਚੁਕਾਉਣਾ ਪਵੇਗਾ। ਆਪਣੇ ਸਮੂਹ ਫੁਰਨਿਆਂ ਨੂੰ ਗੁਰੂ ਦੇ ਅਰਪਣ ਕਰ ਦੇਈਏ ਤਾਂ ਰੱਬੀ ਰਸ ਨਸੀਬ ਹੁੰਦਾ ਹੈ।

ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥
ਕੰਚਨ ਸਿਉ ਪਾਈਐ ਨਹੀ ਤੋਲਿ ॥
ਮਨੁ ਦੇ ਰਾਮੁ ਲੀਆ ਹੈ ਮੋਲਿ ॥

ਰਾਮ ਦਾ ਵਣਜਾਰਾ ਬਣਨ ਲਈ ਜਿਸ ਘਾਲਣਾ ਕਮਾਈ ਦੀ ਦੁਨੀਆਂ ਵਿੱਚੋਂ ਲੰਘਣਾ ਪੈਂਦਾ ਹੈ, ਗੁਰੂ ਨਾਨਕ ਦੇਵ ਜੀ ਨੇ ਉਸ ਦਾ ਵਰਣਨ ਬੜੇ ਸ਼ਾਇਰਾਨਾ ਤੇ ਫਿਲਸਫ਼ਾਨਾ ਢੰਗ ਨਾਲ ਕੀਤਾ ਹੈ। ਸੰਸਾਰ ਦੇ ਤਿਆਗੀ ਬਨ ਅੰਦਰ ਰਹਿ ਕੇ ਕੰਦ ਮੂਲ ਖਾ ਕੇ ਪ੍ਰਭੂ ਦੀ ਭਗਤੀ ਕਰਦੇ ਹਨ।

ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ ॥ ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ ॥੧

ਮਿੱਠੇ ਸੰਗੀਤ ਰਾਗ ਨਾਦ ਭਿੱਜੇ ਗੀਤ ਜੇਕਰ ਕੋਇਲ ਦੀ ਤਰਾਂ ਗਾਵਾਂ ਤਾਂ ਉਸ ਅਪਾਰ ਪ੍ਰਭੂ ਦੇ ਦਰਸ਼ਨ ਹੋ ਜਾਵਣ। ਜੋਗੀ ਦੀ ਸਾਧਨਾ ਕੰਦ ਮੂਲ ਖਾ ਕੇ ਤੇ ਪ੍ਰਾਣਾਯਾਮ ਕਰਕੇ ਪ੍ਰਭੂ ਦੀ ਪ੍ਰਾਪਤੀ ਕਰਨਾ ਹੈ। ਭਗਤ ਪ੍ਰੇਮ ਨਾਲ ਬ੍ਰਿਹੀ ਗੀਤ ਗਾ ਕੇ ਪ੍ਰੀਤਮ ਨੂੰ ਪ੍ਰਚਾਵਨ ਦਾ ਯਤਨ ਕਰਨਾ ਹੈ।

**ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ॥**
**ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ।।**

ਸਤਿਸੰਗ ਰੂਪੀ ਸਰੋਵਰ ਵਿਚ ਸਤਿਸੰਗੀਆਂ ਨਾਲ ਬੈਠ ਕੇ ਲੋਕ-ਪਰਲੋਕ ਨੂੰ ਜੇ ਵੇਖਣ ਦੀ ਕੋਸ਼ਿਸ਼ ਕਰਾਂ, ਸਾਰੇ ਜੀਵਾਂ ਦਾ ਭਲਾ ਮੰਗਾਂ ਸ਼ਾਇਦ ਇਸ ਤਰਾਂ ਨਾਲ ਉਹ ਪਿਆਰ ਮਿਲ ਜਾਵੇ। ਅਕਾਲ ਪੁਰਖ ਦੀ ਪ੍ਰਾਪਤੀ 'ਚ ਹੀ ਉਹ ਪਿਆਰ ਹੈ।

**ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ ॥**
**ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ ॥**

ਧਰਤੀ ਵਿਚ ਗੁਫਾ ਬਣਾਂ, ਇਕਾਂਤ ਵਿਚ ਰਾਵਾਂ, ਸ਼ਬਦ ਦੀ ਬੀਨ ਤੇ ਨੱਚ ਉਠਾਂ ਤੇ ਮੇਰੀ ਜੋਤ ਉਸ ਪ੍ਰਮ ਜੋਤੀ ਉਸ ਅਕਾਲ ਪੁਰਖ ਵਿਚ ਲੀਨ ਹੋ ਜਾਵੇ।



**ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ॥**
**ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ।।**

ਕੁਛ ਕਰ ਕੇ ਮੰਗਣਾ, ਕੁਝ ਦੇ ਕੇ ਲੈਣਾ ਵਪਾਰ ਦੀ ਦੁਨੀਆਂ ਦਾ ਆਪਣਾ ਤਰੀਕਾ ਹੈ।

ਪਰਮ ਆਨੰਦ ਹਾਸਲ ਕਰਨ ਵਾਸਤੇ ਇਕ ਮੁੱਲ ਨਹੀਂ ਹੈ ਕਦੀ ਕੋਈ ਕੰਦ-ਮੂਲ ਦਾ ਆਹਰ ਕਰਦਾ ਇਕਾਂਤ ਵਿੱਚ ਬੈਠ ਕੇ ਮਿਲਾਪ ਹਾਸਿਲ ਕਰ ਲੈਂਦਾ ਹੈ ਤੇ ਕੋਈ ਗੀਤ ਸੰਗੀਤ ਦੀਆਂ ਧੁਨਾਂ ਅਲਾਪ ਕੋਇਲ ਦੀ ਤਰਾਂ ਬਰਹੀ ਅਲਾਪ ਨਾਲ ਆਨੰਦ ਪ੍ਰਾਪਤ ਕਰ ਲੈਂਦਾ ਹੈ।

ਕੋਈ ਸੇਵਾ ਭਾਵ ਤੇ ਜਗਤ ਦਾ ਭਲਾ ਮੰਗਦਾ ਹੈ ਤੇ ਕੋਈ ਗੁਫਾ ਅੰਦਰ ਬੈਠ ਰਸ ਮਾਣ ਲੈਂਦਾ ਹੈ ਅਣਗਿਣਤ ਬਣਜਾਰੇ ਹਨ ਤੇ ਅਨੇਕਾਂ ਤਰੀਕਿਆਂ ਨਾਲ ਰਾਮ ਦਾ ਵਪਾਰ ਕਰਦੇ ਹਨ ਇਸ ਜਗਤ ਵਿੱਚ  ਅਨੇਕਾਂ ਹੀ ਇਸ ਜਗਤ ਵਿੱਚ ਅਨੇਕਾਂ ਹੀ ਰਾਮ ਦੇ ਵਣਜਾਰੇ ਹਨ ਤੇ ਕਈਆਂ ਨੂੰ ਰਾਮ ਨਾਮ ਦਾ ਲਾਹਾ ਮਿਲ ਜਾਂਦਾ ਹੈ  ਆਪਣੇ ਅਨੁਕੂਲ ਸਾਧਨਾ ਦਾ ਮਾਰਗ ਚੁਣ ਲੈਣਾ ਚਾਹੀਦਾ ਹੈ ਤਾਂ ਕਿ ਸੁਰਤ ਸ਼ਬਦ ਵਿੱਚ ਲੀਨ ਹੋ ਕੇ ਨਾ ਵੱਖਰ ਪ੍ਰਾਪਤ ਕਰ ਸਕੇ। ਪ੍ਰਮਾਤਮਾ ਹਰ ਇਕ ਚੀਜ਼ ਵਿਚ ਨਿਵਾਸ ਕਰ ਰਿਹਾ ਹੈ, ਕੇਵਲ ਉਸ ਨੂੰ ਵੇਖਣ ਵਾਲੀ ਦ੍ਰਿਸ਼ਟੀ ਹੋਣੀ ਲਾਜ਼ਮੀ ਹੈ।

(ਚਲਦਾ...)

**ਸੰਪਾਦਤ**
**ਸਰਬਜੀਤ ਕੌਰ**

# ਗੁਰਬਾਣੀ ਵਿੱਚ ਜੀਵਨ ਮੁਕਤਿ ਦਾ ਸੰਕਲਪ

**ਸੁਖਜੀਤ ਸਿੰਘ ਕਪੂਰਥਲਾ**
੯੮੭੨੦-੭੬੯੮੭੬

ਪ੍ਰਮੇਸ਼ਰ ਵਲੋਂ ਸਾਜੀ ਗਈ ਸ੍ਰਿਸ਼ਟੀ ਅੰਦਰ ਵੱਖ-ਵੱਖ ਤਰਾਂ ਦੇ ਜੀਵ ਜੰਤੂ ਹਨ। ਮਨੁੱਖਾ ਜਨਮ ਇਨਾਂ ਸਾਰਿਆਂ ਵਿਚੋਂ ਸ੍ਰੇਸ਼ਟ ਮੰਨਿਆ ਗਿਆ ਹੈ। ਮਨੁੱਖ ਨੂੰ ਸਹੀ ਜੀਵਨ ਸੇਧ ਦੇਣ ਲਈ ਸੰਸਾਰ ਅੰਦਰ ਸਮੇਂ-ਸਮੇਂ ਤੇ ਵੱਖ-ਵੱਖ ਧਾਰਮਿਕ ਰਹਿਬਰ ਆਏ, ਜਿਨਾਂ ਨੇ ਮਨੁੱਖ ਅੰਦਰ ਇਨਸਾਨੀਅਤ ਦੇ ਗੁਣ ਪੈਦਾ ਕਰਨ ਅਤੇ ਉਸਦੇ ਭਲੇ ਲਈ ਮਾਰਗ ਦਰਸ਼ਨ ਕਰਦੇ ਹੋਏ ਯਤਨ ਕੀਤੇ। ਇਸੇ ਹੀ ਲੜੀ ਅੰਦਰ ਗੁਰੂ ਨਾਨਕ ਸਾਹਿਬ ‘ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਕਹਾਯਉ’ (1408) ਬਣ ਕੇ ਸੰਸਾਰ ਵਿੱਚ ਆਏ। ਜਿਥੇ ਪਹਿਲਾਂ ਇਹ ਵਿਚਾਰ ਪ੍ਰਚਲਿਤ ਸੀ ਕਿ ਮਨੁੱਖ ਨੇ ਧਰਮ ਆਧਾਰਿਤ ਦਾਨ-ਪੁੰਨ ਵਾਲਾ ਜੀਵਨ ਜੀਊਣਾ ਹੈ ਅਤੇ ਇਸ ਦਾ ਫਲ ਮਰਨ ਉਪਰੰਤ ਮਿਲੇਗਾ, ਗੁਰੂ ਨਾਨਕ ਸਾਹਿਬ ਨੇ ਇਸ ਤੋਂ ਉਲਟ ਇਹ ਸਿਧਾਂਤ ਦਿਤਾ ਕਿ ਮਰਨ ਤੋਂ ਬਾਦ ਮੁਕਤੀ ਜੇ ਮਿਲ ਵੀ ਜਾਵੇ ਤਾਂ ਉਹ ਕਿਸ ਅਰਥ ਰਹਿ ਜਾਵੇਗੀ। ਅਸਲ ਮੁਕਤੀ ਤਾਂ ਉਹ ਹੈ ਜੋ ਜਿਊਂਦੇ ਜੀਅ ਹੀ ਮਿਲ ਜਾਵੇ।

ਇਸ ਵਿਸ਼ੇ ਉਪਰ ਭਗਤ ਸਧਨਾ ਜੀ ਵਲੋਂ ਰਾਗ ਬਿਲਾਵਲ ਅੰਦਰ ਉਚਾਰਣ ਕੀਤੇ ਗਏ ਸ਼ਬਦ ਰਾਹੀਂ ਬੜੀਆਂ ਸੁੰਦਰ ਉਦਾਹਰਣਾਂ ਦੇ ਕੇ ਸਮਝਾਉਣ ਦਾ ਯਤਨ ਕੀਤਾ ਗਿਆ ਹੈ ਕਿ ਮਨੁੱਖ ਆਪਣੇ ਇਸ ਜੀਵਨ ਅੰਦਰ ਹੀ ਪ੍ਰਭੂ ਦਾ ਭਗਤ ਬਣ ਕੇ ਉਸਦੀ ਬਖ਼ਸ਼ਿਸ਼ ਲਈ ਆਪਣੀ ਪਾਤਰਤਾ ਸਾਬਤ ਕਰੇ। ਜੇਕਰ ਮਨੁੱਖ ਸੋਚਦਾ ਹੈ ਕਿ ਮਾਲਕ ਦੀ ਭਗਤੀ ਦਾ ਫਲ ਬਾਅਦ ਵਿੱਚ ਮਿਲੇਗਾ ਤਾਂ ਇਹ ਉਸਦੀ ਭੁੱਲ ਹੈ। ਜਿਵੇਂ ਪਪੀਹਾ ਸਵਾਂਤੀ ਬੂੰਦ ਲਈ ਪੁਕਾਰ ਕਰਦਾ-ਕਰਦਾ ਅੰਤ ਮੌਤ ਨੂੰ ਪ੍ਰਾਪਤ ਹੋ ਜਾਵੇ, ਮਰਣ ਤੋਂ ਬਾਅਦ ਜੇਕਰ ਉਸਨੂੰ ਸਮੁੰਦਰ ਦਾ ਸਮੁੱਚਾ ਪਾਣੀ ਵੀ ਸਵਾਂਤੀ ਬੂੰਦ ਦੇ ਰੂਪ ਵਿੱਚ ਪ੍ਰਾਪਤ ਹੋ ਜਾਵੇ ਤਾਂ ਪਪੀਹੇ ਦੇ ਕਿਸੇ ਕੰਮ ਨਹੀਂ। ਜੇ ਕੋਈ ਮਨੁੱਖ ਪਾਣੀ ਵਿੱਚ ਡੁੱਬ ਰਿਹਾ ਹੋਵੇ, ਜੇ ਮਰਣ ਤੋਂ ਬਾਅਦ ਉਸਨੂੰ ਬੇੜੀ ਮਿਲ ਵੀ ਜਾਵੇ ਤਾਂ ਉਹ ਬੇੜੀ ਕਿਸ ਅਰਥ ਹੈ। ਠੀਕ ਇਸੇ ਤਰਾਂ ਮਨੁੱਖ ਨੂੰ ਪ੍ਰਮੇਸ਼ਰ ਅੱਗੇ ਬੇਨਤੀ ਕਰਨੀ ਬਣਦੀ ਹੈ ਕਿ ਮੈਨੂੰ ਤੁਹਾਡੀ ਬਖਸ਼ਿਸ਼ ਦੀ ਲੋੜ ਹੁਣ ਹੈ ਤਾਂ ਜੋ ਮੈਂ ਜਿਊਂਦੇ ਜੀਅ ਹੀ ਮੁਕਤੀ ਦੇ ਮਾਰਗ ਰੂਪੀ ਮੰਜ਼ਿਲ ਦੀ ਪ੍ਰਾਪਤੀ ਕਰ ਸਕਾਂ। ਗੁਰਬਾਣੀ ਦੇ ਪਾਵਨ ਬਚਨ ਹਨ:-

**ਏਕ ਬੂੰਦ ਜਲ ਕਾਰਨੇ ਚਾਤ੍ਰਿਕ ਦੁਖੁ ਪਾਵੈ।।**
**ਪ੍ਰਾਨ ਗਏ ਸਾਗਰ ਮਿਲੈ ਫੁਨਿ ਕਾਮਿ ਨ ਆਵੈ।। ੨।।**
**ਪ੍ਰਾਨ ਜੁ ਥਾਕੇ ਥਿਰ ਨਹੀ ਕੈਸੇ ਬਿਰਮਾਵਉ।।**
**ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਡਾਵਉ।। ੩।।**
**ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ।।**
**ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ।। ੪।। ੧।।**



(**ਬਾਨੀ ਸਧਨੇ ਕੀ- ਰਾਗ ਬਿਲਾਵਲ**-858)

ਗੁਰੂ ਸਾਹਿਬ ਤੋਂ ਪਹਿਲਾਂ ਆਮ ਤੌਰ ਤੇ ਇਹ ਮੰਨਿਆ ਜਾਂਦਾ ਸੀ ਕਿ ਮਰਣ ਤੋਂ ਬਾਅਦ ਮਨੁੱਖ ਦੇ ਕੀਤੇ ਗਏ ਚੰਗੇ-ਮੰਦੇ ਕਰਮਾਂ ਅਨੁਸਾਰ ਸਵਰਗ ਜਾਂ ਨਰਕ ਦੀ ਪ੍ਰਾਪਤੀ ਹੁੰਦੀ ਹੈ। ਪ੍ਰੰਤੂ ਗੁਰਬਾਣੀ ਨੇ ਇਸ ਸਿਧਾਂਤ ਨੂੰ ਬਿਲਕੁਲ ਵੀ ਮਾਨਤਾ ਨਹੀਂ ਦਿਤੀ ਸਗੋਂ ਇਹ ਆਖਿਆ ਕਿ ਸਿੱਖ ਦੇ ਮਨ ਅੰਦਰ ਨਾ ਤਾਂ ਸਵਰਗ ਦਾ ਕੋਈ ਲਾਲਚ ਹੈ ਅਤੇ ਨਾ ਹੀ ਨਰਕ ਦਾ ਕੋਈ ਡਰਾਵਾ ਹੈ, ਅਸੀਂ ਤਾਂ ਆਪਣੇ ਗੁਰੂ ਦੀ ਕ੍ਰਿਪਾ ਦੁਆਰਾ ਦੋਵੇ ਹੀ ਪੱਖਾਂ ਨੂੰ ਜੋ ਮਰਣ ਤੋਂ ਬਾਦ ਮੁਕਤੀ ਰੂਪ ਵਿੱਚ ਮਿਲਣ ਦੀ ਗੱਲ ਕੀਤੀ ਜਾ ਰਹੀ ਹੈ ਕਦੀ ਵੀ ਮਾਨਤਾ ਨਹੀਂ ਦਿੰਦੇ। ਇਸ ਪ੍ਰਥਾਇ ਭਗਤ ਕਬੀਰ ਜੀ ਦਾ ਫੁਰਮਾਣ ਹੈ :-

**ਸੁਰਗ ਬਾਸ ਨ ਬਾਛੀਐ ਡਰੀਐ ਨ ਨਰਕ ਨਿਵਾਸ।।**
**ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ।।**
**(ਗਉੜੀ ਕਬੀਰ ਜੀ-੩੩੭)**

ਮਲਾਰ ਰਾਗ ਅੰਦਰ ਭਗਤ ਨਾਮਦੇਵ ਜੀ ਇਸ ਸਬੰਧ ਵਿੱਚ ਆਪਣੇ ਜੀਵਨ ਵਿਚੋਂ ਬਹੁਤ ਸੁੰਦਰ ਦ੍ਰਿਸ਼ਟਾਂਤ ਦੁਆਰਾ ਪ੍ਰਮੇਸ਼ਰ ਨੂੰ ਬੇਨਤੀ ਕਰਦੇ ਹੋਏ ਸਾਨੂੰ ਸਮਝਾਉਂਦੇ ਹਨ ਕਿ ਹੇ ਅਕਾਲ ਪੁਰਖ! ਨਾਮਦੇਵ ਤੇਰਾ ਭਗਤ ਹੈ ਅਤੇ ਉਸਨੂੰ ਜੀਊਂਦੇ ਜੀਅ ਧਰਮ ਮੰਦਰ ਵਿਚੋਂ ਸ਼ੂਦਰ-ਸ਼ੂਦਰ ਆਖਦੇ ਹੋਏ ਧੱਕੇ ਮਾਰ ਕੇ ਬਾਹਰ ਕੱਢ ਦਿਤਾ ਜਾ ਰਿਹਾ ਹੈ ਅਤੇ ਇਸ ਤਰਾਂ ਨਾਮਦੇਵ ਦੀ ਅੱਜ ਸਾਰਿਆਂ ਦੇ ਸਾਹਮਣੇ ਬੇਇਜਤੀ ਕੀਤੀ ਜਾ ਰਹੀ ਹੈ। ਜੇ ਮੇਰੀ ਭਗਤੀ ਦਾ ਫਲ ਮੈਨੂੰ ਮਰਣ ਤੋਂ ਬਾਦ ਮਿਲਣਾ ਹੈ ਤਾਂ ਨਾਮਦੇਵ ਨੂੰ ਇਹ ਮੁਕਤੀ ਨਹੀਂ ਚਾਹੀਦੀ ਕਿਉਂਕਿ ਫਿਰ ਇਸ ਮੁਕਤੀ ਦਾ ਧੱਕੇ ਮਾਰਣ ਵਾਲਿਆਂ ਅਤੇ ਵੇਖਣ ਵਾਲਿਆਂ ਨੂੰ ਕਿਵੇਂ ਪਤਾ ਲਗੇਗਾ? ਇਸ ਪ੍ਰਥਾਇ ਗੁਰਵਾਕ ਹੈ :-

**ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ।।**
**ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛਉਡੀ ਹੋਇਲਾ।।**
**(ਮਲਾਰ-ਭਗਤ ਨਾਮਦੇਵ ਜੀ-1 292)**

ਉਪਰੋਕਤ ਸਾਰੀ ਵਿਚਾਰ ਤੋਂ ਸਪੱਸ਼ਟ ਹੈ ਕਿ ਗੁਰਮਤਿ ਵਿੱਚ ਮਰਣ ਤੋਂ ਬਾਦ ਮੁਕਤੀ ਦੇ ਸਿਧਾਂਤ ਨੂੰ ਮਾਨਤਾ ਨਹੀਂ ਦਿੱਤੀ ਗਈ ਹੈ। ਫਿਰ ਸਵਾਲ ਪੈਦਾ ਹੁੰਦਾ ਹੈ ਕਿ ਗੁਰਬਾਣੀ ਅੰਦਰ ਕਿਸ ਤਰਾਂ ਮੁਕਤੀ ਦੀ ਗੱਲ ਕੀਤੀ ਗਈ ਹੈ?

ਸਿੱਖੀ ਸਿਧਾਂਤ ਤਾਂ ‘ਬਿਨੁ ਸਤਿਗੁਰ ਕਿਨੈ ਨ ਪਾਇਓ’ (466) ਦਾ ਹੈ। ਜਿਹੜੇ ਜੀਵ ਆਪਣੇ ਜੀਵਨ ਕਾਲ ਦੇ ਅੰਦਰ ਗੁਰੂ ਦੀ ਮਤਿ ਦੇ ਧਾਰਨੀ ਬਣ ਕੇ ਚਲਣ ਦੀ ਬਜਾਏ ਆਪਣੀ ਮਨ ਦੀ ਮਤਿ ਅਨੁਸਾਰ ਚਲਦੇ ਹਨ, ਉਹ ਕਦੀ ਵੀ ਮੁਕਤੀ ਦੀ ਪ੍ਰਾਪਤੀ ਨਹੀਂ ਕਰ ਸਕਦੇ। ਸੱਚੇ ਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ ਅਸੀਂ ਜਿੰਨੇ ਮਰਜੀ ਧਾਰਮਿਕ ਕਰਮ ਵੀ ਕਿਉਂ ਨਾ ਕਰ ਲਈਏ, ਜੀਵਨ ਮੰਜ਼ਿਲ ਦੀ ਪ੍ਰਾਪਤੀ ਸਬੰਧੀ ਆਸ ਕਰਨੀ ਬਿਲਕੁਲ ਨਿਰਰਥਕ ਹੈ। ਸੱਚਾ ਸਤਿਗੁਰੂ ਆਪਣੇ ਸ਼ਬਦ ਦੇ ਗਿਆਨ ਦੁਆਰਾ ਮਾਰਗ ਦਰਸ਼ਨ ਕਰਕੇ ਜਗਿਆਸੂ ਨੂੰ ਜੀਊਂਦੇ ਜੀਅ ਹੀ ਮੰਜ਼ਿਲ ਤੇ ਪਹੁੰਚਾ ਦਿੰਦਾ ਹੈ। ਇਸ ਪ੍ਰਥਾਇ ਅਨੰਦ ਸਾਹਿਬ ਦੀ ਪਾਵਨ ਬਾਣੀ ਅੰਦਰ ਗੁਰੂ ਅਮਰਦਾਸ ਜੀ ਦੇ ਗੁਰਵਾਕ ਹਨ :-

**ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ।।**
**ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ।।**
**ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ।।**
**ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦ ਸੁਣਾਏ।।**
**ਕਹੈ ਨਾਨਕੁ ਬੀਚਾਰਿ ਦੇਖਹੁ ਵਿਣੁ ਸਤਿਗੁਰੂ ਮੁਕਤਿ ਨ ਪਾਏ।। 22।।**
**(ਰਾਮਕਲੀ ਮਹਲਾ 3 ਅਨੰਦੁ-920)**

ਜਦੋਂ ਅਸੀਂ ਪੂਰੇ ਸਤਿਗੁਰੂ ਦੀ ਸ਼ਰਨ ਵਿੱਚ ਜਾਵਾਂਗੇ ਤਾਂ ‘ਸਤਿਗੁਰ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ’ (ਭਾਈ ਗੁਰਦਾਸ ਜੀ-ਵਾਰ 26 ਪਉੜੀ 19) ਬਣ ਕੇ ਸਾਡੇ ਜੀਵਨ ਵਿਚਲੇ ਅਉਗਣਾਂ ਦੀ ਪਛਾਣ ਕਰਵਾ ਦਿੰਦਾ ਹੈ। ਸਾਨੂੰ ਪਤਾ ਚਲ ਜਾਂਦਾ ਹੈ ਕਿ ਇਹ ਪੰਜ ਵਿਕਾਰ ਹੀ ਮੇਰੇ ਜੀਵਨ ਮੁਕਤੀ ਦੇ ਰਸਤੇ ਵਿੱਚ ਰੁਕਾਵਟ ਹਨ। ਜਦੋਂ ਰੋਗ ਦੀ ਪਹਿਚਾਣ ਹੋ ਜਾਵੇ ਫਿਰ ਸਹੀ ਇਲਾਜ ਵੀ ਸ਼ੁਰੂ ਹੋ ਜਾਂਦਾ ਹੈ। ਪ੍ਰਮੇਸ਼ਰ ਨੂੰ ਹਿਰਦੇ ਵਿੱਚ ਵਸਾ ਕੇ ਫਿਰ ਸਹੀ ਅਰਥਾਂ ਵਿੱਚ ਧਨਵਾਨ, ਉਚੀ ਕੁਲ ਵਾਲਾ, ਇਜਤ ਵਾਲਾ ਬਣ ਜਾਂਦਾ ਹੈ ਅਤੇ ਜਿਥੇ ਉਹ ਆਪ ਜਿਊਂਦੇ ਜੀਅ ਮੁਕਤ ਹੋ ਜਾਂਦਾ ਹੈ, ਆਪਣੇ ਪਿੱਛੇ ਤੁਰਨ ਵਾਲਿਆਂ ਨੂੰ ਵੀ ਮੁਕਤ ਕਰਨ ਦੇ ਸਮਰੱਥ ਬਣ ਜਾਂਦਾ ਹੈ ਅਤੇ ਰਹਿੰਦੀ ਦੁਨੀਆਂ ਤਕ ਉਸ ਦੀ ਜੈ-ਜੈਕਾਰ ਕਾਇਮ ਰਹਿੰਦੀ ਹੈ। ਪੰਚਮ ਪਾਤਸ਼ਾਹ ਸੁਖਮਨੀ ਸਾਹਿਬ ਦੀ ਬਾਣੀ ਅੰਦਰ ਬਖਸ਼ਿਸ਼ ਕਰਦੇ ਹਨ :-

**ਓਹੁ ਧਨਵੰਤੁ ਕੁਲਵੰਤੁ ਪਤਿਵੰਤੁ।। ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ।।**
**ਧੰਨ ਧੰਨ ਧੰਨ ਜਨੁ ਆਇਆ।। ਜਿਸੁ ਪ੍ਰਸਾਦਿ ਸਭੁ ਜਗਤ ਤਰਾਇਆ।।**
**(ਗਉੜੀ ਸੁਖਮਨੀ ਮਹਲਾ 5-294)**

ਇਸ ਪ੍ਰਥਾਇ ਜਦੋਂ ਅਸੀਂ ਸਿੱਖ ਇਤਿਹਾਸ ਦੇ ਪੰਨਿਆਂ ਅੰਦਰ ਪੜਦੇ ਹਾਂ ਕਿ ਗੁਰੂ ਨਾਨਕ ਸਾਹਿਬ 1469 ਈ. ਤੋਂ ਲੈ ਕੇ 1539 ਈ. ਤਕ ਲਗਭਗ 70 ਸਾਲ ਸਰੀਰਕ ਰੂਪ ਵਿੱਚ ਮੌਜੂਦ ਰਹੇ। ਭਾਵੇਂ ਉਹ 1539 ਈ. ਕਰਤਾਰਪੁਰ (ਪਾਕਿਸਤਾਨ) ਦੀ ਧਰਤੀ ਉਪਰ ਜੋਤੀ ਜੋਤ ਵੀ ਸਮਾ ਗਏ, ਪਰ ਉਨਾਂ ਵਲੋਂ ਜਗਾਈ ਗਈ ਗੁਰੂ ਗਿਆਨ ਦੀ ਮਸ਼ਾਲ ਨੂੰ ਬਾਕੀ 9 ਗੁਰੂ ਸਾਹਿਬਾਨ ਨੇ ਆਪਣੇ-ਆਪਣੇ ਸਮੇਂ ਵਿੱਚ ਜਗਾਈ ਰੱਖਿਆ ਅਤੇ 10 ਗੁਰੂ ਸਾਹਿਬਾਨ ਤੋਂ ਬਾਦ ਵੀ ਇਹੀ ਮਸ਼ਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਦੇ ਗਿਆਨ ਦੁਆਰਾ ਲਟ-ਲਟ ਬਲ ਰਹੀ ਹੈ ਅਤੇ ਹਮੇਸ਼ਾ ਹੀ ਬਲਦੀ ਰਹੇਗੀ।

ਆਉ ਅਸੀਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਰਾਹੀਂ ਦਰਸਾਏ ਗਿਆਨ ਦੀ ਰੋਸ਼ਨੀ ਵਿੱਚ ਜਿਊਂਦੇ ਜੀਅ ਹੀ ਆਪਣੇ ਜੀਵਨ ਨੂੰ ਵਿਸ਼ੇ ਵਿਕਾਰਾਂ ਤੋਂ ਰਹਿਤ ਕਰਕੇ ਪ੍ਰਮੇਸ਼ਰ ਦੇ ਹੁਕਮ ਨੂੰ ਹਰ ਅਵਸਥਾ ਵਿੱਚ ਖਿੜੇ ਮੱਥੇ ਪ੍ਰਵਾਨ ਕਰ ਸਕਣ ਵਾਲੀ ਜੀਵਨ ਅਵਸਥਾ ਦੇ ਧਾਰਨੀ ਬਣ ਜਾਈਏ ਅਤੇ ਗੁਰੂ ਅਰਜਨ ਸਾਹਿਬ ਦੇ ਉਚਾਰਣ ਕੀਤੇ ਗਏ ਪਾਵਨ ਬਚਨਾਂ ਅਨੁਸਾਰ ਜੀਵਨ ਮੁਕਤਿ ਹੋ ਜਾਈਏ :-

**ਪ੍ਰਭ ਕੀ ਆਗਿਆ ਆਤਮ ਹਿਤਾਵੈ।।**
**ਜੀਵਨ ਮੁਕਤਿ ਸੋਊ ਕਹਾਵੈ।।**
**ਤੈਸਾ ਹਰਖੁ ਤੈਸਾ ਉਸੁ ਸੋਗੁ।। ਸਦਾ ਅਨੰਦੁ ਤਹ ਨਹੀ ਬਿਓਗੁ।।**
**ਤੈਸਾ ਸੁਵਰਨੁ ਤੈਸੀ ਉਸ ਮਾਟੀ।। ਤੈਸਾ ਅੰਮ੍ਰਿਤ ਤੈਸੀ ਬਿਖੁ ਖਾਟੀ।।**
**ਤੈਸਾ ਮਾਨੁ ਤੈਸਾ ਅਭਿਆਨੁ।। ਤੈਸਾ ਰੰਕੁ ਤੈਸਾ ਰਾਜਾਨੁ।।**
**ਜੋ ਵਰਤਾਏ ਸਾਈ ਜੁਗਤਿ।। ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ।।**
**(ਗਉੜੀ ਸੁਖਮਨੀ ਮਹਲਾ 5-275)**

# ਭਾਈ ਜੋਧ ਸਿੰਘ ਰਾਮਗੜ੍ਹੀਆ ਜੀ ਦਾ ਪਵਿੱਤਰ ਸਥਾਨ

**ਜੋਰਾਵਰ ਸਿੰਘ ਤਰਸਿੱਕਾ**

ਮੈਂ ਉਸ ਇਤਿਹਾਸਕ ਅਸਥਾਨ ਦੀ ਜਾਣਕਾਰੀ ਦੇਣ ਲੱਗਾ ਜੋ ਸਾਡੇ ਵਿੱਚੋਂ ਬਹੁਤਿਆਂ ਨੂੰ ਸ਼ਾਇਦ ਹੀ ਪਤਾ ਹੋਵੇ । ਉਹ ਅਸਥਾਨ ਹੈ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਪਵਿੱਤਰ ਅਸਥਾਨ ਗੁਰਦੁਵਾਰਾ ਸ਼ਹੀਦਾਂ ਅੰਮ੍ਰਿਤਸਰ ਸਾਹਿਬ ਵਿਖੇ ਪ੍ਰਕਰਮਾ ਵਿੱਚ ਭਾਈ ਜੋਧ ਸਿੰਘ ਰਾਮਗੜੀਆ ਦਾ ਅਸਥਾਨ। ਕੌਣ ਸਨ ਭਾਈ ਜੋਧ ਸਿੰਘ ਰਾਮਗੜੀਆ, ਆਉ ਸੰਖੇਪ ਝਾਤ ਮਾਰੀਏ ਭਾਈ ਜੋਧ ਸਿੰਘ ਰਾਮਗੜੀਆ ਦੇ ਜੀਵਨ ਕਾਲ 'ਤੇ ।

ਭਾਈ ਜੋਧ ਸਿੰਘ ਰਾਮਗੜੀਆ ਸਰਦਾਰ ਜੱਸਾ ਸਿੰਘ ਰਾਮਗੜੀਏ ਦਾ ਵੱਡਾ ਪੁੱਤਰ ਸੀ ਸਰਦਾਰ ਜੱਸਾ ਸਿੰਘ ਰਾਮਗੜੀਆ ਦਾ ਸਾਰਾ ਪਰਿਵਾਰ ਗੁਰੂਘਰ ਨੂੰ ਸਮਰਪਿਤ ਸੀ। ਜੱਸਾ ਸਿੰਘ ਰਾਮਗੜੀਏ ਦੇ ਦਾਦਾ ਭਾਈ ਹਰਦਾਸ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ ਸੀ। ਉਹ ਪਹਿਲਾਂ ਗੁਰੂ ਜੀ ਦੀ ਫ਼ੌਜ ਲਈ ਲੜਦਾ ਰਿਹਾ ਅਤੇ ਫਿਰ ਬੰਦਾ ਸਿੰਘ ਬਹਾਦਰ ਦੀ ਫ਼ੌਜ ਵਿਚ ਜਾ ਮਿਲਿਆ ਅਤੇ ਅੰਤ 'ਚ ਬੰਦਾ ਸਿੰਘ ਬਹਾਦਰ ਦੀ ਬਜਵਾੜੇ ਦੀ ਲੜਾਈ ਵਿਚ ਸ਼ਹੀਦੀ ਪ੍ਰਾਪਤ ਕੀਤੀ। ਹਰਦਾਸ ਸਿੰਘ ਦਾ ਆਪਣੇ ਪੁੱਤਰ ਗਿਆਨੀ ਭਗਵਾਨ ਸਿੰਘ ਉੱਪਰ ਡੂੰਘਾ ਪ੍ਰਭਾਵ ਸੀ। ਉਹ ਆਪਣੇ ਸਮਿਆਂ ਵਿਚ ਮੰਨਿਆ ਹੋਇਆ ਧਾਰਮਿਕ ਪ੍ਰਚਾਰਕ ਸੀ। ਅਬਦੁਸ ਸਮਦ ਦੀ 1727 ਵਿਚ ਮੌਤ ਤੋਂ ਬਾਅਦ ਉਸ ਦਾ ਪੁੱਤਰ ਜ਼ਕਰੀਆ ਖ਼ਾਨ ਲਾਹੌਰ ਦਾ ਗਵਰਨਰ ਬਣਿਆ ਜੋ ਪਿਉ ਤੋਂ ਕਿਤੇ ਵੱਧ ਜ਼ਾਲਮ ਸੀ। ਉਸ ਸਮੇਂ ਗਿਆਨੀ ਭਗਵਾਨ ਸਿੰਘ ਵਰਗਿਆਂ ਦਾ ਜਿਊਣਾ ਬਹੁਤ ਮੁਸ਼ਕਲ ਸੀ।

ਗਿਆਨੀ ਭਗਵਾਨ ਸਿੰਘ ਦੇ ਘਰ ਪੰਜ ਪੁੱਤਰ ਜੱਸਾ ਸਿੰਘ, ਜੈ ਸਿੰਘ, ਖ਼ੁਸ਼ਹਾਲ ਸਿੰਘ, ਮਾਲੀ ਸਿੰਘ ਤੇ ਤਾਰਾ ਸਿੰਘ ਪੈਦਾ ਹੋਏ। ਇਨਾਂ ਵਿੱਚੋਂ ਜੱਸਾ ਸਿੰਘ ਸਭ ਤੋਂ ਵੱਡਾ ਸੀ। ਘਰ ਵਿਚ ਹੀ ਉਨਾਂ ਨੇ ਆਪਣੇ ਪਿਤਾ ਪਾਸੋਂ ਗੁਰਮੁਖੀ ਸਿੱਖੀ ਜਿਸ ਕਰ ਕੇ ਉਹ ਛੇਤੀ ਹੀ ਨਿੱਤਨੇਮ ਦਾ ਪਾਠ ਕਰਨਾ






ਸਿੱਖ ਗਿਆ ਅਤੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਦੇ ਯੋਗ ਹੋ ਗਿਆ। ਜੱਸਾ ਸਿੰਘ ਦੀ ਸ਼ਾਦੀ ਗੁਰਦਿਆਲ ਕੌਰ ਨਾਲ ਹੋਈ ਅਤੇ ਉਨਾਂ ਦੇ ਘਰ ਦੋ ਪੁੱਤਰਾਂ ਜੋਧ ਸਿੰਘ ਤੇ ਵੀਰ ਸਿੰਘ ਨੇ ਜਨਮ ਲਿਆ।

ਉਨਾਂ ਦੇ ਸਪੁੱਤਰ ਮਹਾਨ ਜਰਨੈਲ ਸ੍ਰ: ਜੋਧ ਸਿੰਘ ਰਾਮਗੜੀਆ, ਜਿਸਨੇ ਬਾਬਾ ਅਟੱਲ ਜੀ ਦੀ ਯਾਦਗਾਰ ਤਿਆਰ ਕਰਵਾਈ ਤੇ ਪਹਿਲੀਆਂ ਦੋ ਮੰਜਲਾਂ ਤਿਆਰ ਕਰਵਾਈਆਂ, ਦਰਬਾਰ ਸਾਹਿਬ ਸਰੋਵਰ ਦੇ ਕੰਡੇ ਰਾਮਗੜੀਆ ਬੁੰਗੇ ਦੀਆਂ ਮਿਨਾਰਾਂ ਦੀ ਉਸਾਰੀ ਪੂਰਨ ਕਰਵਾਈ। ਦਰਬਾਰ ਸਾਹਿਬ ਦਰਸ਼ਨੀ ਡਿਉਢੀ ਤੋਂ ਹਰਿਮੰਦਰ ਸਾਹਿਬ ਤੱਕ ਪੁਲ ਉੱਪਰ ਸੰਗਮਰਮਰ ਦੀ ਸੇਵਾ ਕਰਵਾਈ। ਭਾਈ ਜੋਧ ਸਿੰਘ ਰਾਮਗੜੀਆ ਏਨਾ ਬਹਾਦਰ ਸੀ ਕਿ ਮਹਾਰਾਜਾ ਰਣਜੀਤ ਸਿੰਘ ਵੀ ਆਪ ਨਾਲ ਜੰਗ ਕਰਨ ਤੋਂ ਝਿਝਕਦਾ ਸੀ, ਇਸ ਲਈ ਮਹਾਰਾਜਾ ਰਣਜੀਤ ਸਿੰਘ ਤੇ ਭਾਈ ਜੋਧ ਸਿੰਘ ਨੂੰ ਹੋਰ ਜਗੀਰਾਂ ਤੇ ਤੋਹਫੇ ਦੇ ਕੇ ਹਮੇਸ਼ਾ ਦੋਸਤੀ ਬਣਾ ਕੇ ਰਖੀ ਸੀ । ਆਪਦੀ ਸਹਾਇਤਾ ਸਦਕਾ ਮਹਾਰਾਜਾ ਰਣਜੀਤ ਸਿੰਘ ਨੇ ਕਾਂਗੜਾ ਫਤਹਿ ਕੀਤਾ, ਮੁਲਤਾਨ ਤੇ ਕਸੂਰ ਫਤਹਿ ਕੀਤੇ। ਪਿਸ਼ਾਵਰ ਦੇ ਇਲਾਕੇ ਵਿਚ ਕਿਲਿਆਂ ਦੇ ਨਿਰਮਾਣ ਵਿਚ ਮਹਾਰਾਜਾ ਰਣਜੀਤ ਸਿੰਘ ਆਪ ਦੀ ਸਲਾਹ ਨੂੰ ਤਰਜੀਹ ਦਿੰਦਾ ਸੀ। ਭੰਗੀਆਂ ਦੀ ਤੋਪ ਜ਼ਮਜ਼ਮ ਵੀ ਗੁਲਾਬ ਸਿੰਘ ਭੰਗੀ ਦੀ ਵਿਧਵਾ ਪਾਸੋਂ ਭਾਈ ਜੋਧ ਸਿੰਘ ਰਾਮਗੜੀਆ ਜੀ ਨੇ ਹੀ ਵਿੱਚ ਪੈ ਕੇ ਰਣਜੀਤ ਸਿੰਘ ਨੂੰ ਦਿਵਾਈ ਸੀ । ਮਹਾਰਾਜਾ ਇੰਨੀ ਇੱਜਤ ਦਿੰਦਾ ਸੀ ਕਿ ਆਪ ਨੂੰ ਬਾਬਾ ਜੀ ਕਹਿ ਕੇ ਬੁਲਾਉਂਦਾ ਸੀ। ਦਰਬਾਰ ਵਿਚ ਬਾਬਾ ਜੋਧ ਸਿੰਘ ਦਾ ਖਾਸ ਅਸਥਾਨ ਹੁੰਦਾ ਸੀ। ਈ: 1815 ਵਿਚ ਆਪਦਾ ਅਕਾਲ ਚਲਾਣਾ ਅੰਮ੍ਰਿਤਸਰ ਸਾਹਿਬ ਵਿਚ ਹੋਇਆ, ਬਾਅਦ ਵਿੱਚ ਆਪਦੀ ਸਮਾਧ ਬਾਬਾ ਦੀਪ ਸਿੰਘ ਜੀ ਦੀ ਸਮਾਧ ਦੇ ਨਾਲ ਬਣਾਈ ਗਈ। ਸਮੇਂ ਦੇ ਨਾਲ ਨਾਲ ਹਾਲਾਤ ਵੀ ਬਦਲਦੇ ਗਏ। ਭਾਈ ਜੋਧ ਸਿੰਘ ਰਾਮਗੜੀਆ ਦੀ ਸਮਾਧ ਦੇ ਨਾਲ ਹੋਰ ਵੀ ਰਾਮਗੜੀਆ ਯੋਧਿਆਂ ਦੀਆਂ ਸਮਾਧਾਂ ਸਨ ਪਰ ਬਾਬਾ ਦੀਪ ਸਿੰਘ ਜੀ ਦੇ ਅਸਥਾਨ ਗੁਰਦੁਵਾਰਾ ਸ਼ਹੀਦਾਂ ਨੂੰ ਜਦੋਂ ਖੁੱਲਾ ਕੀਤਾ ਗਿਆ ਤਾਂ ਇਹ ਸਮਾਧਾਂ ਢਾਹ ਦਿੱਤੀਆਂ ਗਈਆਂ ।

ਵੇਰਵਾ ਰਾਮਗੜੀਆ ਸਮਾਧਾਂ ਦਾ - 1, ਬਾਬਾ ਜੋਧ ਸਿੰਘ ਰਾਮਗੜੀਆ, 2 ਸ੍ਰ: ਮੰਗਲ ਸਿੰਘ ਰਾਮਗੜੀਆ, 3 ਸ੍ਰ: ਸੁੰਦਰ ਸਿੰਘ ਜੀ 4 ਸ੍ਰ: ਗੁਰਦਿੱਤ ਸਿੰਘ , 5 ਸ੍ਰ: ਸ਼ੇਰ ਸਿੰਘ, 6 ਸ੍ਰ: ਸੰਤ ਸਿੰਘ , 7 ਸ੍ਰਦਾਰ ਗੁਰਦਿੱਤ ਸਿੰਘ ਰਾਮਗੜੀਆ, 8 ਸ੍ਰ: ਰਿਪੂਦਮਨ ਸਿੰਘ , 9 ਸ੍ਰ: ਸੁਚੇਤ ਸਿੰਘ , 10 ਸ੍ਰ: ਸੁੰਦਰ ਸਿੰਘ ਰਾਮਗੜੀਆ , 11 ਸ੍ਰ: ਬਿਸ਼ਨ ਸਿੰਘ ਰਾਮਗੜੀਆ, 12 ਸਰਦਾਰਨੀ ਬਿਲਾਸ ਕੌਰ ਸੁਪੱਤਨੀ ਸ: ਬਿਸ਼ਨ ਸਿੰਘ। ਇਹ ਸਭ ਮਲੀਆਮੇਟ ਕਰ ਦਿੱਤੀਆਂ ਗਈਆਂ।

# ਜ਼ਫਰ ਜੰਗ ਰਾਣੀ ਸਾਹਿਬ ਕੌਰ

**ਜੋਰਾਵਰ ਸਿੰਘ ਤਰਸਿੱਕਾ**

ਰਾਣੀ ਸਾਹਿਬ ਕੌਰ ਉਹ ਜਫਰ ਜੰਗ, ਦਲੇਰ, ਧਰਮਾਤਮਾ ਪਰਉਪਕਾਰੀ ਸਿੱਖ ਬੀਬੀ ਹੋਈ ਹੈ, ਜਿਸ ਨੇ ਆਪਣੇ ਵੀਰ ਸਾਹਿਬ ਸਿੰਘ ਦੀ ਇਨਾਂ ਦੇ ਪਿਤਾ ਸ . ਅਮਰ ਸਿੰਘ ਦੇ ਅਕਾਲ ਚਲਾਣਾ ਕਰਨ ਉਪਰੰਤ ਆਪਣੇ ਪਤੀ ਸ. ਜੈਮਲ ਸਿੰਘ ਪਾਸੋਂ ਆਗਿਆ ਪਾ ਛੋਟੇ ਵੀਰ ਦੀ ਸਰਪਰਸਤ ਬਣੀ ਤੇ ਅੰਤ ਵਿਚ ਆਪ ਨੇ ਪ੍ਰਧਾਨ ਮੰਤਰੀ ਵਜੋਂ ਕੰਮ ਕਰ ਆਪਣਾ ਨਾਮ ਸਿੱਖ ਇਤਿਹਾਸ ਵਿਚ ਪ੍ਰਸਿੱਧ ਕੀਤਾ। ਜਦੋਂ ਮਰਹੱਟਿਆਂ ਨੇ ਪਟਿਆਲੇ ਤੇ ਹਮਲਾ ਕੀਤਾ ਆਪ ਨੇ ਨੰਗੀ ਕ੍ਰਿਪਾਨ ਫੜ ਘੋੜੇ ਚੜ ਹੌਸਲਾ ਢਾਈ ਬੈਠੇ ਸਿੰਘਾਂ ਨੂੰ ਉਹ ਵੀਰਤਾ ਭਰਿਆ ਭਾਸ਼ਨ ਦਿੱਤਾ ਕਿ ਉਨਾਂ ਦੇ ਢੱਠੇ ਹਿਰਦੇ ਫਿਰ ਕਾਇਮ ਹੋ ਗਏ ਤੇ ਮਰਹੱਟਿਆਂ ਨੂੰ ਉਹ ਨਾਨੀ ਚੇਤੇ ਕਰਾਈ ਕਿ ਫਿਰ ਪੰਜਾਬ ਵੱਲ ਕਦੀ ਮੂੰਹ ਨਾ ਕੀਤਾ ।

ਬੀਬੀ ਸਾਹਿਬ ਕੌਰ ਦਾ ਜਨਮ ਮਹਾਰਾਜਾ ਅਮਰ ਸਿੰਘ ਦੇ ਘਰ ਸੰਨ 1764 ਦੇ ਲਗਭਗ ਹੋਇਆ। ਮਹਾਰਾਜਾ ਸਾਹਿਬ ਸਿੰਘ ਦੀ ਵੱਡੀ ਭੈਣ ਸੀ । ਬਚਪਨ ਵਿਚ ਹੀ ਬੜੀ ਸੁੰਦਰ, ਸਿਹਤਮੰਦ, ਸਿਆਣੀ, ਸੋਚ ਵਿਚਾਰ ਵਿਚ ਤੇਜ, ਚਲਾਕ, ਨਿਰਭੈ ਤੇ ਧਾਰਮਿਕ ਸਿੱਖਿਆ ਨਾਲ ਸ਼ਸਤ੍ਰ ਅਸ ਚਲਾਉਣ ਤੇ ਰਾਜ ਪ੍ਰਬੰਧ ਦੇ ਕੰਮ ਵਿਚ ਦਿਲਚਸਪੀ ਲੈਣ ਲੱਗ ਪਈ । ਤੇਰਾਂ ਸਾਲ ਦੀ ਉਮਰ ਵਿਚ ਆਪ ਦੀ ਸ਼ਾਦੀ ਸ. ਜੈਮਲ ਸਿੰਘ ਰਈਸ ਫਤਹਿਗੜ (ਅੰਮ੍ਰਿਤਸਰ) ਨਾਲ ਕਰ ਦਿੱਤੀ। ਸ. ਅਮਰ ਸਿੰਘ ਬੜਾ ਸੂਰਬੀਰ ਤੇ ਨਿਡਰ ਸੀ। ਇਸ ਨੇ ਆਪਣੇ ਰਾਜ ਨੂੰ ਜਮਨਾ ਤੋਂ ਸਤਲੁਜ ਤੱਕ ਵਧਾ ਕੇ ਚੰਗਾ ਰਾਜ ਪ੍ਰਬੰਧ ਤੇ ਰਿਆਸਤ ਵਿਚ ਖ਼ੁਸ਼ਹਾਲੀ ਲਿਆਂਦੀ। ਆਪ ਨੇ ਇਕ ਵਾਰੀ ਜਰਵਾਨਿਆਂ ਪਾਸੋਂ 20,000 ਹਿੰਦੂ ਅਬਲਾਵਾਂ ਗੁਲਾਮ ਕਰ ਲਈ ਜਾਂਦਿਆਂ ਪਾਸੋਂ ਮੁਕਤ ਕਰਾ ਉਨਾਂ ਦੇ ਘਰੀਂ ਪਹੁੰਚਾਇਆ । ਆਪ ਦੀ ਇਸ ਨੇਕ ਤੇ ਮਹਾਨ ਕਾਰਨਾਮੇ ਨਾਲ ਬੜੀ ਇੱਜ਼ਤ ਤੇ ਪ੍ਰਸਿੱਧੀ ਵਧੀ ਆਪ ਨੂੰ 'ਬੰਦੀ ਛੋੜ' ਦੀ ਪਦਵੀ ਦਿੱਤੀ ਗਈ । ਸ . ਅਮਰ ਸਿੰਘ 33 ਸਾਲ ਦੀ ਜੁਆਨ ਅਵਸਥਾ ਵਿਚ ਚਲਾਣਾ ਕਰ ਗਿਆ । ਸਾਹਿਬ ਸਿੰਘ ਕੇਵਲ 7 ਸਾਲ ਦਾ ਸੀ । ਬੀਬੀ ਸਾਹਿਬ ਕੌਰ ਦੇ 27-28 ਸਾਲ ਦੀ ਉਮਰ ਤੱਕ ਇਕ ਲੜਕੀ ਜਨਮੀ ਉਹ ਵੀ ਮਰ ਗਈ । ਫਿਰ ਕੋਈ ਔਲਾਦ ਨਾ ਹੋਣ ਕਰਕੇ ਬੀਬੀ ਸਾਹਿਬ ਕੌਰ ਨੇ ਆਪਣੇ ਪਤੀ ਜੈਮਲ ਸਿੰਘ ਦਾ ਦੂਜਾ ਵਿਆਹ ਆਪਣੀ ਹੱਥੀਂ ਕੀਤਾ। ਸ. ਜੈਮਲ ਸਿੰਘ ਦੇ ਦੂਜੇ ਵਿਆਹ ਤੋਂ ਇਕ ਲੜਕੀ ਚੰਦ ਕੌਰ ਨਾਮੀ ਹੋਈ ਜਿਸ ਦਾ ਵਿਆਹ ਮਹਾਰਾਜੇ ਰਣਜੀਤ ਸਿੰਘ ਦੇ ਲੜਕੇ ਸ਼ਾਹਜ਼ਾਦਾ ਖੜਕ ਸਿੰਘ ਨਾਲ ਕੀਤਾ। ਇਸ ਕਰਕੇ ਇਹ ਆਪਣੇ ਪਤੀ ਦੀ ਆਗਿਆ ਅਨੁਸਾਰ ਭਾਵੇਂ ਪਟਿਆਲੇ ਰਹਿੰਦੀ ਭਾਵੇਂ ਸੌਹਰਾ ਘਰ। ਪਿਤਾ ਦੇ ਸੁਰਗਵਾਸ ਹੋਣ ਉਪਰੰਤ ਆਲਾ ਦੁਆਲਾ ਸਾਰਾ ਵੈਰੀ ਬਣ ਗਿਆ। ਉਸ ਵੇਲੇ ਜਿਸ ਦੀ ਲਾਠੀ ਉਸ ਦੀ ਭੈਂਸ ਦਾ ਰਿਵਾਜ਼ ਸੀ। ਧੀਗੋਜੋਰੀ ਦਾ ਰਿਵਾਜ਼ ਤਗੜਾ ਮਾੜੇ ਦਾ ਰਾਜ ਹੜਪ ਕਰ ਜਾਂਦਾ ਸੀ। ਵਜ਼ੀਰ ਵੀ ਲਾਲਚ ਵਿਚ ਆ ਧੋਹ ਕਮਾ ਜਾਂਦੇ ਸਨ। ਇਸ ਤਰਾਂ ਇਨਾਂ ਦਾ ਵਜ਼ੀਰ ਨਾਨੂੰ ਮੱਲ ਵੀ ਧ੍ਰੋਹੀ ਹੋ ਗਿਆ। ਇਸ ਨੇ ਆਪਣੇ ਰਿਸ਼ਤੇਦਾਰ ਵੀ ਰੱਖੇ ਹੋਏ ਸਨ ਜਿਨਾਂ ਨੂੰ ਚੰਗੇ ਅਹੁਦੇ ਦਿੱਤੇ ਹੋਏ ਸਨ। ਇਹ ਸਾਰੇ ਇਕ ਮਿਥੀ ਚਾਲ ਅਨੁਸਾਰ ਰਾਜ ਨੂੰ ਮਰਹੱਟਿਆਂ ਦੇ ਤਹਿਤ ਕਰਨਾ ਚਾਹੁੰਦੇ ਸਨ। ਜਾ ਕੇ ਮਰਹੱਟਿਆਂ ਨੂੰ ਦੱਸਿਆ ਕਿ ਹੁਣ ਪਟਿਆਲੇ ਰਾਜ ਵਿਚ ਕੋਈ ਯੋਗ ਤੇ ਸਿਆਣਾ ਪੁਰਸ਼ ਨਹੀਂ ਹੈ । ਰਾਜਾ ਆਪ ਅਜੇ ਅਲੜ ਹੈ, ਰਾਜ ਪ੍ਰਬੰਧ ਦੇ ਤਜਰਬੇ ਤੋਂ ਨਾਵਾਕਿਫ ਤੇ ਕੋਰਾ ਹੈ। ਇਸ ਨੂੰ ਸਰ ਕਰਨਾ ਬਹੁਤ ਸਹਿਲ ਹੈ। ਇਹੋ ਜਿਹੀਆਂ ਗੱਲਾਂ ਜਾ ਕੇ ਕਰਦਾ ਤਾਂ ਇਸ ਨਾਨੂੰ ਮੱਲ ਤੇ ਇਸ ਦੇ ਸਾਥੀਆਂ ਨੂੰ ਰਾਜ ਦਰਬਾਰ ਵਿਚੋਂ ਕੱਢ ਦਿੱਤਾ ਤਾਂ ਇਹ ਸਿੱਧੇ ਮਰਹੱਟਿਆਂ ਨਾਲ ਜਾ ਰਲੇ । ਕਵੀ ਲਿਖਦਾ ਹੈ : ਵੀਰਾਂ ਦਾ ਦੁਖ ਭੈਣ ਤੋਂ ਮੂਲ ਨਾ ਵੇਖਿਆ ਜਾਏ। ਤਨ, ਧਨ, ਦੀ ਸੁਧ ਨਾ ਹੇ ਮਨ ਨਹੀ ਧੀਰ ਧਰਾਏ ਬੀਬੀ ਸਾਹਿਬ ਕੌਰ ਨੇ ਆਪਣੇ ਛੋਟੇ ਵੀਰ ਦੇ ਰਾਜ ਕਾਜ ਦੀ ਬਿਖੜੀ ਤੇ ਭੈੜੀ ਹਾਲਤ ਵੇਖ ਆਪਣੇ ਪਤੀ ਪਾਸੋਂ ਆਗਿਆ ਪਾ ਕੇ ਪਟਿਆਲੇ ਆ ਡੇਰਾ ਲਾਇਆ। ਬੀਬੀ ਜੀ ਨੇ ਆਉਂਦਿਆਂ ਇਕ ਆਮ ਦਰਬਾਰ ਕਰਨ ਲਈ ਹੁਕਮ ਦਿੱਤਾ ਜਿਸ ਵਿਚ ਰਿਆਸਤ ਦੇ ਵਜ਼ੀਰ, ਰਈਸ ਤੇ ਸ਼ੁਭ ਚਿੰਤਕ ਸੱਦੇ ਗਏ। ਬੀਬੀ ਭਰੇ ਦਰਬਾਰ ਵਿਚ ਉਠ ਇਉਂ ਸੰਬੋਧਨ ਕੀਤਾ, 'ਵੀਰੋ ! ਤੁਸੀਂ ਆਸੇ ਪਾਸੇ ਵੇਖੋ ਤੁਹਾਨੂੰ ਪਤਾ ਲੱਗ ਜਾਏਗਾ ਕਿ ਨਾਨੂੰ ਮੱਲ ਦੀ ਵਜ਼ੀਰੀ ਦੇ ਦਿਨ ਤੋਂ ਰਿਆਸਤ ਅਧੋਗਤੀ ਵਲ ਗਈ । ਵੱਢੀਆਂ ਦਾ ਜ਼ੋਰ, ਪੱਖਪਾਤ, ਰਿਸ਼ਤੇਦਾਰੀ ਦਾ ਖਿਆਲ ਜ਼ਮੀਨਾਂ ਦਾ ਮਾਮਲਾ ਰਿਆਸਤ ਦੇ ਖਰਚੇ ਪੂਰੇ ਨਹੀਂ ਕਰਦਾ। ਪਰਜਾ ਲੁੱਟੀ ਜਾ ਰਹੀ ਹੈ । ਇਕ ਪਾਸੇ ਮਰਹੱਟੇ, ਦੂਜੇ ਪਾਸੇ ਭੱਟੀ ਤੀਜੇ ਪਾਸੇ ਰਾਜਪੂਤ, ਚੌਥੇ ਪਾਸੇ ਰਿਆਸਤ ਦੇ ਨਿਕੰਮੇ, ਹਰਾਮੀ, ਕਰਮਚਾਰੀ। 'ਵੀਰੋ ! ਭਾਵੇਂ ਹਾਲਾਤ ਭਿਆਨਕ ਹਨ ਫਿਰ ਵੀ ਵਜ਼ੀਰੀ ਦਾ ਕੰਮ ਗੁਰੂ ਜੀ ਦੇ ਭਰੋਸੇ ਤੇ ਤੁਹਾਡੇ ਵਲੋਂ ਸਹਾਇਤਾ ਦੇ ਵਿਸ਼ਵਾਸ ਸਦਕਾ ਆਪਣੇ ਹੱਥ ਵਿਚ ਲੈ ਲਿਆ ਹੈ। ਜੇ ਤੁਸੀਂ ਸਾਰੇ, ਗੁਰੂ ਦੇ ਸਿੱਖ ਇਕ ਦਿਲ ਤੇ ਇਕ ਜ਼ਬਾਨ ਹੋ ਕੇ ਸਾਂਝੇ ਕਾਰਜ ਲਈ ਕੁਰਬਾਨੀ ਕਰਕੇ ਰਿਆਸਤ ਦੀ ਭਲਾਈ ਦਾ ਪ੍ਰਣ ਕਰ ਲਓ ਤਾਂ ਇਸ ਨਾਲ ਆਪਣੇ ਆਪ ਨੂੰ ਹੀ ਸ਼ਰਮਿੰਦਗੀ ਤੇ ਤਬਾਹੀ ਤੋਂ ਨਹੀਂ ਬਚਾਉਣਗੇ ਸਗੋਂ ਰਿਆਸਤ ਪਟਿਆਲੇ 'ਜਿਸ ਨੂੰ ਗੁਰੂ ਜੀ ਨੇ ਤੇਰਾ ਘਰ ਮੇਰਾ ਐਸੇ' ਦਾ ਵਰਦਾਨ ਦਿੱਤਾ ਹੋਇਆ ਹੈ, ਦੀ ਸ਼ਾਨ ਨੂੰ ਵਧਾਉਗੇ । ਬੀਬੀ ਜੀ ਦੇ ਸਾਹਸ ਨੇ ਸਾਰੇ ਸਰਦਾਰਾਂ ਤੇ ਸ਼ੁਭਚਿੰਤਕਾਂ ਨੇ ਆਪਣਾ ਮਨ, ਤਨ ਧਨ ਰਿਆਸਤ ਤੋਂ ਵਾਰਨ ਦਾ ਬਚਨ ਦਿੱਤਾ । ਹੁਣ ਬੀਬੀ ਜੀ ਨੇ ਸਭ ਤੋਂ ਪਹਿਲਾਂ ਰਿਆਸਤ ਦਾ ਅੰਦਰੂਨੀ ਪ੍ਰਬੰਧ ਸੁਧਾਰਨ ਵੱਲ ਧਿਆਨ ਦੇ ਸ. ਭਾਗ ਸਿੰਘ ਨੂੰ ਸਲਾਹਕਾਰ ਬਣਾਇਆ। ਨਾਨੂੰ ਮੱਲ ਦੀ ਨਮਕ ਹਰਾਮੀ ਦੀ ਪ੍ਰਵਾਹ ਨਾ ਕਰਦਿਆਂ ਉਸ ਦੇ ਭਤੀਜੇ ਦੀਵਾਨ ਸਿੰਘ ਨੂੰ ਦੀਵਾਨ ਬਣਾਇਆ। ਇਸ ਨੇ ਪਹਿਲੀਆਂ ਭੈੜੀਆਂ ਵਾਦੀਆਂ ਨਾ ਛੱਡੀਆਂ। ਫਿਰ ਇਸ ਦੀ ਥਾਂ ਗੁਰਦਿਆਲ ਸਿੰਘ ਦੀਵਾਨ ਬਣਾਇਆ। ਇਸ ਤਰਾਂ ਹੋਰ ਵੀ ਤਬਦੀਲੀਆਂ ਕਰ ਰਾਜ ਪ੍ਰਬੰਧ ਠੀਕ ਕੀਤਾ ਤੇ ਆਪਣੀ ਸਿਆਣਪ ਤੇ ਦੂਰ ਅੰਦੇਸ਼ੀ ਨਾਲ ਰਿਆਸਤ ਵਿਚ ਤਾਂ ਅਮਨ ਲੈਆਂਦਾ। ਇਨਾਂ ਦਿਨਾਂ ਵਿਚ ਇਕ ਸੂਚਨਾ ਮਿਲੀ ਕਿ ਰਾਣੀ ਸਾਹਿਬ ਕੌਰ ਦੇ ਪਤੀ, ਜੈਮਲ ਸਿੰਘ ਨੂੰ ਉਸ ਦੇ ਚਚੇਰੇ ਭਰਾ ਕੈਦ ਵਿਚ ਪਾ ਉਸ ਦੀ ਜ਼ਮੀਨ ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਇਹ ਸੂਚਨਾ ਸੁਣ ਰਾਣੀ ਬੜੀ ਕ੍ਰੋਧ ਵਿਚ ਆਈ ਅਤੇ ਆਪਣੇ ਪਤੀ ਨੂੰ ਫਤਹਿ ਸਿੰਘ ਦੀ ਕੈਦ 'ਚੋਂ ਛੁਡਾਉਣ ਲਈ ਸ. ਜੋਧ ਸਿੰਘ ਨੂੰ ਨਾਲ ਲੈ ਗੜੀ ਫੌਜ ਨਾਲ ਉਥੇ ਚੜਾਈ ਕਰ ਦਿੱਤੀ । ਕੁਝ ਦਿਨਾਂ ਵਿਚ ਜਿੱਤ ਪ੍ਰਾਪਤ ਕਰਕੇ ਆਪਣੇ ਪਤੀ ਨੂੰ ਛੁਡਾ ਕੇ ਸਾਰਾ ਨਵੇਂ ਸਿਰਿਓ ਪ੍ਰਬੰਧ ਕਰਕੇ ਵਾਪਸ ਆਈ ।

ਸਾਹਿਬ ਕੌਰ ਦਾ ਮਰਹੱਟਿਆਂ ਨਾਲ ਯੁੱਧ : ਸੰਨ 1766 ਈ : ਵਿਚ ਲਛਮੀ ਰਾਓ ਅੰਦਾ ਰਾਓ ਨੇ ਦਿੱਲੀ ਵਲੋਂ ਪੰਜਾਬ ਵੱਲ ਚੜਾਈ ਕਰ ਦਿੱਤੀ । ਰਾਹ ਵਿਚ ਸਾਰੇ ਛੋਟੇ ਮੋਟੇ ਰਈਸਾਂ ਨੇ ਉਸ ਦੀ ਸਵਾਧੀਨਤਾ ਕਬੂਲ ਕਰ ਲਈ । ਇਥੋਂ ਤੱਕ ਕਿ ਜੀਂਦ ਤੇ ਕੈਥਲ ਦੇ ਰਾਜੇ ਵੀ ਹੱਥ ਖੜੇ ਕਰ ਗਏ। ਕਿਉਂਕਿ ਮਰਹੱਟਿਆਂ ਦੀ ਸੈਨਾ ਵੀ ਲੱਖਾਂ ਵਿਚ ਸੀ । ਉਸ ਨੂੰ ਨਾਨੂੰ ਮੱਲ ਹੋਰਾਂ ਸਭ ਕੁਝ ਦੱਸ ਦਿੱਤਾ ਕਿ ਰਾਜਾ ਅਜੇ ਅਲੜ ਹੈ ਅਧੀਨਗੀ ਮੰਨ ਲਵੇਗਾ। ਨਾਲੇ ਪਟਿਆਲੇ ਦੇ ਰਾਜੇ ਨੂੰ ਨਜ਼ਰਾਨਾ ਭੇਟ ਕਰਨ ਲਈ ਇਉਂ ਇਕ ਚਿੱਠੀ ਲਿਖ ਕੇ ਭੇਜੀ: ਹੈ ਸ਼ੀਰਖੋਰੂ ਰਾਜੇ ! ਤੁਹਾਨੂੰ ਪਤਾ ਹੀ ਹੈ ਕਿ ਤੁਹਾਡੇ ਆਲੇ ਦੁਆਲੇ ਤੁਹਾਡੇ ਮਿੱਤਰ ਨਹੀਂ ਹਨ। ਅਸੀਂ ਚਾਹੁੰਦੇ ਹਾਂ ਤੁਸੀਂ ਸਾਡੀ ਅਧੀਨਗੀ ਮੰਨ ਲਓ। ਅਸੀਂ ਤੁਹਾਡੀ ਹਰ ਤਰਾਂ ਰੱਖਿਆ ਆਦਿ ਲਈ ਸਹਾਇਤਾ ਕਰਾਂਗੇ। ਜੀਂਦ ਤੇ ਕੈਥਲ ਦੇ ਰਾਜਿਆਂ ਸਾਡੀ ਸਰਦਾਰੀ ਕਬੂਲ ਕਰ ਲਈ ਹੈ। ਤੁਸੀਂ ਵੀ ਏਨਾ ਖੂਨ ਖਰਾਬਾ ਕਰਾਉਣ ਤੋਂ ਪਟਿਆਲੇ ਦੀ ਧਰਤੀ ਨੂੰ ਬਚਾ ਲਓ ਅਤੇ ਜੁਆਨਾਂ ਦਾ ਘਾਣ ਹੋਣ ਤੋਂ ਬਿਨਾਂ ਹਥਿਆਰ ਸੁੱਟ ਦਿਓ। ਸਾਡੀ ਲੱਖਾਂ ਦੀ ਗਿਣਤੀ ਦੀ ਫੌਜ ਅੱਗੇ ਤੇਰੀ ਫੌਜ ਦਾ ਟਿਕਣਾ ਅਸੰਭਵ ਹੈ । ਰਾਣੀ ਸਾਹਿਬ ਕੌਰ ਨੂੰ ਇਹ ਚਿੱਠੀ ਮਿਲੀ ਦਿਲ ਨਹੀਂ ਛੱਡਿਆ ਹੌਸਲਾ ਨਹੀਂ ਹਾਰਿਆ। ਆਪ ਦੀ ਸਿਆਣਪ, ਦੂਰ ਅੰਦੇਸ਼ੀ, ਦਲੇਰੀ ਤੇ ਜੁਰੱਅਤ ਦਾ ਕੋਈ ਸਾਨੀ ਨਹੀਂ ਸੀ । ਬੈਰਗਾ ਸਿੰਘ ਥਾਨੇਸਰ ਬੀਰ ਸਿੰਘ, ਦੀਪ ਸਿੰਘ ਭਦੌੜੀ ਏਹ ਭਰਾ, ਭਾਗ ਸਿੰਘ ਯੋਭਾ, ਜੋਧ ਸਿੰਘ ਕਲਗੀਆਂ ਆਦਿ ਸਰਦਾਰ ਇਕੱਠੇ ਕਰ ਪਹਿਲਾਂ ਅੰਬਾਲੇ ਵੱਲ ਕੂਚ ਕੀਤਾ। ਅੰਬਾਲੇ ਤੋਂ ਪਹਿਲਾਂ ਮਰਹੱਟਿਆਂ ਦਾ ਟਿੱਡੀ ਦਲ ਦਿਸ ਪਿਆ ਸਭ ਤੋਂ ਪਹਿਲਾਂ ਉਪ੍ਰੋਕਤ ਚਿੱਠੀ ਦਾ ਉਤਰ ਲਿਖ ਕੇ ਭੇਜਿਆ ਇਹੋ ਜਿਹਾ ਉਤਰ ਕੋਈ ਬਹਾਦਰ, ਦਲੇਰ ਤੇ ਨਿਰਭੈ ਜਰਨੈਲ ਹੀ ਦੇ ਸਕਦਾ ਹੈ । ਬਹਾਦਰ ਮਰਹੱਟੇ ਵੀਰੇ ! ਮੈਨੂੰ ਪਤਾ ਹੈ ਕਿ ਤੁਹਾਨੂੰ ਤੁਹਾਡੇ ਲੱਖਾਂ ਦੀ ਆਧੁਨਿਕ ਫੌਜ ਤੇ ਗੋਲਾ ਬਾਰੂਦ ਤੇ ਮਾਣ ਹੈ। ਇਧਰ ਅਸੀਂ ਕਲਗੀਆਂ ਵਾਲੇ ਦੇ ਪੁੱਤਰ ਹਾਂ। ਪਹਿਲਾਂ ਕਦੇ ਕਿਸੇ 'ਤੇ ਹਮਲਾ ਕੀਤਾ ਨਹੀਂ ਹੈ । ਪਰ ਜ਼ਾਲਮਾਂ ਦੇ ਹਮਲਿਆਂ ਦੇ ਵਿਰੁੱਧ ਡੱਟ ਜਾਂਦੇ ਹਾਂ। ਅਜੇ ਕੱਲ ਮੇਰੇ ਪਿਤਾ ਮਹਾਰਾਜਾ ਅਮਰ ਸਿੰਘ ਜੀ ਨੇ ਤੁਹਾਡੀਆਂ ਬਹੂ ਬੇਟੀਆਂ ਤੇ ਸਰਦਾਰਾਂ ਨੂੰ ਜਰਵਾਨਿਆਂ ਤੋਂ ਬਚਾਇਆ ਹੈ ਅਤੇ ਤੁਹਾਡੇ ਘਰੀਂ ਭੇਜਿਆ ਹੈ। ਅਕ੍ਰਿਤਘਣੇ ਉਦੋਂ ਤੁਸੀਂ ਕਿਥੇ ਗਏ ਹੋਏ ਸੀ ? ਉਸ ਸ਼ੇਰ ਦੀ ਸ਼ਹਿਣੀ ਪੁੱਤਰੀ ਨੂੰ ਵੰਗਾਰਦੇ ਹੋ। ਮੈਂ ਵਗਾਂ ਨਹੀਂ ਪਾਉਂਦੀ । ਆਓ ਹਮਲਾ ਕਰੋ ਮੈਂ ਸੱਦਾ ਦੇਂਦੀ ਹਾਂ ਨਿਰਭੈ ਹੋ ਕੇ ਕਹਿੰਦੇ ਹਾਂ ਕਿ ਪੰਜਾਬ ਦੇ ਸੂਰਬੀਰ ਅਣਖੀਲੇ ਯੋਧੇ ਆਪਣੇ ਪੰਜਾਬ ਦੀ ਧਰਤੀ ਦੀ ਰਾਖੀ ਲਈ ਡੱਟ ਗਏ ਹਨ। ਦਸਮੇਸ਼ ਪਿਤਾ ਦੇ ਪੁੱਤਰ ਹਾਰਨਾ ਨਹੀਂ ਜਾਣਦਾ ਇਨਾਂ ਲਈ ਦੋ ਹੀ ਰਾਹ ਹਨ ਜਾਂ ਜਿੱਤ ਜਾਂ ਫਿਰ ਮੌਤ । ਇਹ ਮੈਦਾਨੇ ਜੰਗ ਹੀ ਦੱਸੇਗਾ। 'ਇਹ ਚਿੱਠੀ ਲਿਖ ਕੇ ਭਿਜਵਾ ਦਿੱਤੀ ਗਈ। ਰਾਣੀ ਨੇ ਮਰਦਾਵਾਂ ਸਦ ਲਿਬਾਸ ਪਹਿਨ ਘੋੜੇ ਤੇ ਅਸਵਾਰ ਹੋ ਕੇ ਨੰਗੀ ਤਲਵਾਰ ਹੱਥ ਵਿਚ ਲੈ ਕੇ ਹਵਾ ਵਿਚ ਲਹਿਰਾਉਂਦੇ ਆਪਣੇ ਜੁਆਨਾਂ ਨੂੰ ਇਵੇਂ ਲਲਕਾਰਿਆ 'ਮੇਰੇ ਬਹਾਦਰ ਤੇ ਸੂਰਬੀਰ ਅਣਖੀਲੇ ਵੀਰੇ। ਬਹਾਦਰ ਦਾ ਕੰਮ ਹੈ ਯੁੱਧ ਵਿਚ ਜੂਝਣਾ ਲੜਾਈ ਵੇਖ ਕੇ ਚਾਅ ਚੜਨਾ, ਮੈਨੂੰ ਪਤਾ ਹੈ ਤੁਸੀਂ ਦਸਮੇਸ਼ ਪਿਤਾ ਦੇ ਸਪੂਤ ਹੈ । ਕੀ ਤੁਹਾਡੀ ਅਣਖ ਤੇ ਸੂਰਮਤਾਈ ਇਸ ਗੱਲ ਦੀ ਆਗਿਆ ਦੇਵੇਗੀ ਕਿ ਤੁਹਾਡੀ ਭੈਣ ਵੈਰੀਆਂ ਦੇ ਹੱਥ ਆ ਜਾਵੇ ਤੇ ਤੁਸੀਂ ਆਪਣੀਆਂ ਜਾਨਾਂ ਪਿਆਰੀਆਂ ਕਰਕੇ ਘਰੀਂ ਜਾ ਵੜੋ । ਜੇ ਤੁਹਾਡੀ ਇਹ ਮਰਜੀ ਹੈ ਤਾਂ ਜੀ ਸਦਕੇ ਜਾਓ । ਪਰ ਮੇਰੇ ਵਿਚ ਜਿਨਾਂ ਚਿਰ ਪਰਾਨ ਹਨ ਪਿਛੇ ਨਹੀਂ ਹਟਾਂਗੀ । ਧਰਮ ਖਾਤਰ ਸ਼ਹੀਦੀ ਜਾਮ ਪੀ ਕੇ ਕਲਗੀਆਂ ਵਾਲੇ ਦੇ ਚਰਨ ਪਕੜਾਂਗੀ। 'ਬੀਬੀ ਜੀ ਦੇ ਇਹ ਜੋਸ਼ੀਲੇ ਸ਼ਬਦ ਸੁਣ ਸਿੱਖ ਭੁੱਖੇ ਬਾਜ਼ਾਂ ਵਾਂਗ ਚਿੜੀਆਂ ਤੇ ਝਪਟ ਪਏ। ਉਪਰੋਂ ਤੋਪਾਂ ਦੇ ਗੋਲੇ ਡਿੱਗ ਰਹੇ ਹਨ ਹਜ਼ਾਰਾਂ ਸਿੱਖ ਤੋਪਾਂ ਦੀ ਭੇਟ ਚੜ ਗਏ ਹਨ।

ਬਾਕੀ ਸਫ਼ਾ 31 'ਤੇ

# ਸਿੱਖਾਂ ਦੀ ਅਹਿਮ ਜ਼ਿੰਮੇਵਾਰੀ ਹੈ ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਚੋਣਾਂ

**ਮਨਪ੍ਰੀਤ ਸਿੰਘ ਬਾਜ**

ਸਿੱਖਾਂ ਵੱਲੋਂ ਕੀਤੀ ਗਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀ ਸਥਾਪਨਾ ਕੌਮ ਦੀਆਂ ਵੱਡੀਆਂ ਪ੍ਰਾਪਤੀਆਂ ਹਨ। ਪੰਥਕ ਜਜ਼ਬੇ ਨਾਲ ਲਬਰੇਜ਼ ਸਿੱਖਾਂ ਨੇ ਸ਼੍ਰੋਮਣੀ ਕਮੇਟੀ ਨੂੰ ਸਥਾਪਤ ਕਰਨ ਲਈ ਆਪਣੀਆਂ ਕੁਰਬਾਨੀਆਂ ਹੀ ਨਹੀਂ ਦਿੱਤੀਆਂ ਸਗੋਂ ਆਪਣੇ ਪਰਿਵਾਰ ਤੱਕ ਵਾਰ ਦਿੱਤੇ। ਦਿੱਲੀ ਕਮੇਟੀ ਸਥਾਪਤ ਕਰਨ ਲਈ ਵੀ ਸਿੱਖਾਂ ਨੇ ਸਿਰਜੋੜ ਯਤਨ ਕੀਤੇ ਤੇ ਸਫਲਤਾ ਹਾਸਲ ਕੀਤੀ। ਸ਼੍ਰੋਮਣੀ ਕਮੇਟੀ ਚੋਣਾਂ ਹਰ ਪੰਜ ਸਾਲਾਂ ਬਾਅਦ ਅਤੇ ਦਿੱਲੀ ਕਮੇਟੀ ਦੀਆਂ ਚੋਣਾਂ ਹਰੇਕ ਚਾਰ ਸਾਲਾਂ ਬਾਅਦ ਹੋਣੀਆਂ ਹੁੰਦੀਆਂ ਹਨ। ਦਿੱਲੀ ਕਮੇਟੀ ਦੀਆਂ ਚੋਣਾਂ 22 ਅਗਸਤ 2021 ਨੂੰ ਹੋਣਗੀਆਂ ਅਤੇ ਸ਼੍ਰੋਮਣੀ ਕਮੇਟੀ ਚੋਣਾਂ ਸਬੰਧੀ ਸਰਕਾਰੀ ਕਾਰਵਾਈ ਚੱਲ ਰਹੀ ਹੈ। ਮੌਜੂਦਾ ਸਮੇਂ ਸਿੱਖ ਕੌਮ ਦੀਆਂ ਇਨਾਂ ਮਹਾਨ ਸੰਸਥਾਵਾਂ ਦੀ ਕਾਰਗੁਜ਼ਾਰੀ ਉਪਰ ਸਿੱਖਾਂ ਵੱਲੋਂ ਹੀ ਸਵਾਲ ਉਠਾਏ ਜਾ ਰਹੇ ਹਨ ਜਿਸ ਨਾਲ ਕੌਮ ਅੰਦਰ ਭਰਾ-ਮਾਰੂ ਜੰਗ ਨੇ ਜਨਮ ਲਿਆ ਹੈ ਜੋ ਸਮੁੱਚੇ ਸਿੱਖ ਜਗਤ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਇਨਾਂ ਸੰਸਥਾਵਾਂ ਦੇ ਕੁਝ ਮੁਲਾਜ਼ਮਾਂ ਉਪਰ ਵੀ ਦੋਸ਼ ਲੱਗਦੇ ਹਨ। ਸਿੱਖ ਕੌਮ ਦੀਆਂ ਇਨਾਂ ਮਹਾਨ ਸੰਸਥਾਵਾਂ ਅੰਦਰ ਇੱਕ ਵੀ ਮਾੜਾ ਤੱਤ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਕੁਝ ਕੁ ਮਾੜੇ ਮੁਲਾਜ਼ਮਾਂ ਕਰਕੇ ਜਿੱਥੇ ਇਨਾਂ ਮਹਾਨ ਸੰਸਥਾਵਾਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ ਉਥੇ ਹੀ ਬਹੁ-ਗਿਣਤੀ ਇਮਾਨਦਾਰ ਮੁਲਾਜ਼ਮਾਂ ਨੂੰ ਲੋਕਾਂ ਦੇ ਮਾੜੇ ਸ਼ਬਦ ਜਰਨੇ ਪੈਂਦੇ ਹਨ। ਸੰਗਤਾਂ ਨੂੰ ਇਨਾਂ ਸੰਸਥਾਵਾਂ ਦੇ ਅੰਦਰਲੇ ਪ੍ਰਬੰਧ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ। ਜ਼ਿਆਦਾਤਰ ਮੁਲਾਜ਼ਮਾਂ ਦੀ ਤਰੱਕੀ ਅਤੇ ਪ੍ਰਭਾਵਸ਼ਾਲੀ ਅਹੁਦੇ ਉਪਰ ਲੱਗਣ ਪਿੱਛੇ ਕਮੇਟੀ ਮੈਂਬਰ ਦੀ ਸਿਫਾਰਸ਼ ਅਹਿਮ ਹੁੰਦੀ ਹੈ। ਕਮੇਟੀ ਮੈਂਬਰ ਕਿਸੇ ਮੁਲਾਜ਼ਮ ਨੂੰ ਟੈਲੀਫੋਨ ਰਾਹੀਂ ਮੁਅੱਤਲ ਅਤੇ ਕਿਤੇ ਦੂਰ ਤਬਦੀਲੀ ਕਰਵਾਉਣ ਦੀ ਸਮਰੱਥਾ ਵੀ ਰੱਖਦਾ ਹੈ। ਇਸ ਲਈ ਕਮੇਟੀ ਮੈਂਬਰ ਦਾ ਮੁਲਾਜ਼ਮਾਂ ਅੰਦਰ ਵੱਡਾ ਪ੍ਰਭਾਵ ਹੁੰਦਾ ਹੈ। ਮੁਲਾਜ਼ਮਾਂ ਅੰਦਰ ਇਮਾਨਦਾਰੀ ਕਾਇਮ ਰੱਖਣ ਲਈ ਕਮੇਟੀ ਮੈਂਬਰ ਦਾ ਅਜਿਹਾ ਪ੍ਰਭਾਵ ਜ਼ਰੂਰੀ ਹੈ। ਪ੍ਰੰਤੂ ਜੇਕਰ ਸਿੱਖ ਸੰਗਤ ਕਿਸੇ ਅਯੋਗ ਉਮੀਦਵਾਰ ਨੂੰ ਜਿਤਾਉਂਦੀ ਹੈ ਤਾਂ ਉਹ ਕਮੇਟੀ ਮੈਂਬਰ ਬਣਨ ਉਪਰੰਤ ਆਪਣੀ ਸ਼ਕਤੀ ਦੀ ਦੁਰਵਰਤੋਂ ਕਰਕੇ ਜਾਂ ਤਰੱਕੀ ਦਿਵਾਉਣ ਦੇ ਲਾਲਚ ਤਹਿਤ ਕਿਸੇ ਮੁਲਾਜ਼ਮ ਪਾਸੋਂ ਗਲਤ ਕੰਮ ਕਰਵਾ ਸਕਦਾ ਹੈ।

ਇਨਾਂ ਸੰਸਥਾਵਾਂ ਦੀਆਂ ਚੋਣਾਂ ਸਮੇਂ ਕੇਵਲ ਸਿੱਖਾਂ ਵੱਲੋਂ ਵੋਟਾਂ ਪਾਈਆਂ ਜਾਂਦੀਆਂ ਹਨ, ਨਾ ਕਿ ਕਿਸੇ ਹੋਰ ਧਰਮ ਦੇ ਲੋਕਾਂ ਵੱਲੋਂ। ਇਨਾਂ ਕਮੇਟੀਆਂ ਦੇ ਮੈਂਬਰਾਂ ਨੂੰ ਸਿੱਖਾਂ ਵੱਲੋਂ ਵੋਟਾਂ ਰਾਹੀਂ ਚੁਣ ਕੇ ਹਾਊਸ ਵਿਚ ਭੇਜਿਆ ਜਾਂਦਾ ਹੈ, ਜੋ ਇਨਾਂ ਸੰਸਥਾਵਾਂ ਦਾ ਪ੍ਰਬੰਧ ਚਲਾਉਂਦੇ ਹਨ। ਇਸ ਲਈ ਇਮਾਨਦਾਰ ਜਾਂ ਭ੍ਰਿਸ਼ਟ ਮੈਂਬਰ ਨੂੰ ਚੁਣਨ ਪ੍ਰਤੀ ਜ਼ਿੰਮੇਵਾਰੀ ਸਿੱਖਾਂ ਦੀ ਬਣਦੀ ਹੈ। ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਦੇਖਣ ਵਾਲੀਆਂ ਸੰਸਥਾਵਾਂ ਦੀਆਂ ਚੋਣਾਂ ਸਮੁੱਚੀ ਸਿੱਖ ਕੌਮ ਦੀ ਅਹਿਮ ਜ਼ਿੰਮੇਵਾਰੀ ਹੈ ਕਿਉਂਕਿ ਅਯੋਗ ਵਿਅਕਤੀ ਦਾ ਮੈਂਬਰ ਚੁਣੇ ਜਾਣ ਦੀ ਸੂਰਤ ਵਿਚ ਉਸ ਵੱਲੋਂ ਕੀਤੇ ਭ੍ਰਿਸ਼ਟਾਚਾਰ ਦੀ ਬਰਾਬਰ ਜ਼ਿੰਮੇਵਾਰੀ ਉਨਾਂ ਸਿੱਖਾਂ ਦੀ ਬਣਦੀ ਹੈ ਜਿਨਾਂ ਨੇ ਉਸਨੂੰ ਵੋਟ ਪਾਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਮਨੁੱਖ ਨੂੰ ਆਪਣੇ ਕੀਤੇ ਕਰਮਾਂ ਦਾ ਲੇਖਾ ਭੁਗਤਣਾ ਪੈਂਦਾ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ- ਆਪੇ ਬੀਜਿ ਆਪੇ ਹੀ ਖਾਹੁ ॥... ਅਤੇ ਕਰਮੀ ਕਰਮੀ ਹੋਇ ਵੀਚਾਰੁ ॥... ਕਰਮਾਂ ਦਾ ਲੇਖਾ ਹੋਣ ਸਮੇਂ ਇਸ ਇਲਜ਼ਾਮ ਦਾ ਕੀ ਉੱਤਰ ਦਿਓਗੇ ਕਿ 'ਜੋ ਕਮੇਟੀ ਮੈਂਬਰ ਗੁਰੂ-ਘਰਾਂ ਅੰਦਰ ਭ੍ਰਿਸ਼ਟਾਚਾਰ ਕਰਦਾ ਰਿਹਾ ਤੂੰ ਉਸਨੂੰ ਵੋਟਾਂ ਪਾ ਕੇ ਜਿਤਾਉਂਦਾ ਕਿਉਂ ਰਿਹਾ?' ਧੜੇਬਾਜ਼ੀ ਅਧੀਨ ਅਯੋਗ ਉਮੀਦਵਾਰ ਨੂੰ ਆਪਣੀ ਵੋਟ ਪਾਉਣਾ, ਗੁਰੂ-ਘਰ ਨਾਲ ਧੋਖਾ ਕਰਨਾ ਹੈ। ਗੁਰਬਾਣੀ ਤੋਂ ਸੇਧ ਲੈਂਦਿਆਂ ਗੁਰੂ ਘਰਾਂ ਪ੍ਰਤੀ ਆਪਣੇ ਫਰਜ਼ਾਂ ਨੂੰ ਇਮਾਨਦਾਰੀ ਨਾਲ ਨਿਭਾਉਣਾ ਹਰੇਕ ਸਿੱਖ ਦਾ ਫਰਜ਼ ਹੈ।

ਵੋਟਾਂ ਰਾਹੀਂ ਇਨਾਂ ਸੰਸਥਾਵਾਂ ਦੀ ਸੇਵਾ ਕੋਈ ਵੀ ਧਿਰ ਲੈ ਸਕਦੀ ਹੈ ਤਾਂ ਫਿਰ ਸਿੱਖਾਂ ਅੰਦਰ ਭਰਾ-ਮਾਰੂ ਜੰਗ ਦਾ ਰੁਝਾਨ ਕਿਉਂ ਪੈਦਾ ਹੋ ਰਿਹਾ ਹੈ? ਸਿੱਖ ਵਿਰੋਧੀ ਤਾਕਤਾਂ ਦੀ ਸਾਜ਼ਿਸ਼ ਦੇ ਸ਼ਿਕਾਰ ਹੋ ਕੇ ਇਨਾਂ ਮਹਾਨ ਸੰਸਥਾਵਾਂ ਦੇ ਵੈਰੀ ਨਹੀਂ ਬਣਨਾ ਚਾਹੀਦਾ। ਇਨਾਂ ਸੰਸਥਾਵਾਂ ਦੀ ਮਹੱਤਤਾ ਓਨੀ ਹੀ ਹੈ ਜਿੰਨੀ ਗੁਰਦੁਆਰਾ ਸਾਹਿਬਾਨ ਦੀ ਕਿਉਂਕਿ ਇਨਾਂ ਸੰਸਥਾਵਾਂ ਦਾ ਜਨਮ ਗੁਰਦੁਆਰਾ ਪ੍ਰਬੰਧਾਂ ਨੂੰ ਗੁਰਮਤਿ ਅਨੁਸਾਰੀ ਚਲਾਉਣ ਲਈ ਹੋਇਆ ਹੈ। ਸਮੁੱਚੀ ਸਿੱਖ ਕੌਮ ਨੂੰ ਇਨਾਂ ਮਹਾਨ ਸੰਸਥਾਵਾਂ ਦੇ ਮੈਂਬਰਾਨ ਚੁਣਨ ਸਮੇਂ ਨਿੱਜੀ ਹਿੱਤਾਂ ਅਤੇ ਗਰੁੱਪਬਾਜ਼ੀ ਤੋਂ ਉਪਰ ਉਠ ਕੇ ਗੁਰੂ ਦੀ ਭੈਅ-ਭਾਵਨੀ ਵਿਚ ਰਹਿੰਦਿਆਂ ਸਿੱਖੀ ਜੀਵਨ ਤੇ ਗੁਰਮਤਿ ਦੇ ਧਾਰਨੀ ਉਮੀਦਵਾਰ ਨੂੰ ਵੋਟ ਪਾਉਣੀ ਚਾਹੀਦੀ ਹੈ। ਕੌਮ ਲਈ ਚਿੰਤਤ ਸਿੱਖ ਨੌਜੁਆਨਾਂ ਨੂੰ ਚਾਹੀਦਾ ਹੈ ਕਿ ਇਨਾਂ ਸੰਸਥਾਵਾਂ ਅੰਦਰ ਭਰਤੀ ਹੋਣ ਕਿਉਂਕਿ ਬਾਹਰ ਬੈਠ ਕੇ ਕੇਵਲ ਅਲੋਚਨਾ ਕਰਨ ਨਾਲ ਸੰਸਥਾਵਾਂ ਪੱਖੀ ਕਾਰਜ ਨਹੀਂ ਕੀਤੇ ਜਾ ਸਕਦੇ। ਸਿੱਖ ਧਰਮ ਦਾ ਉਭਾਰ ਜਿਨਾਂ ਕੁਰੀਤੀਆਂ ਦੇ ਵਿਰੋਧ ਵਿਚ ਹੋਇਆ ਸੀ ਅੱਜ ਉਹੀ ਕੁਰੀਤੀਆਂ ਸਿੱਖ ਸਮਾਜ ਅੰਦਰ ਆਪਣਾ ਪ੍ਰਭਾਵ ਬਣਾ ਰਹੀਆਂ ਹਨ। ਆਮ ਸਿੱਖਾਂ ਨੂੰ ਇਨਾਂ ਪ੍ਰਭਾਵਾਂ ਦੇ ਹੇਠਾਂ ਆ ਜਾਣ ਦਾ ਪਤਾ ਨਹੀਂ ਚੱਲਦਾ ਕਿਉਂਕਿ ਵੱਧ ਰਹੇ ਲੱਚਰਤਾ ਦੇ ਪਸਾਰੇ ਨੇ ਮਨੁੱਖੀ ਦਿਮਾਗ ਉਪਰੋਂ ਧਰਮ ਦੀਆਂ ਸਿੱਖਿਆਵਾਂ ਨੂੰ ਧੁੰਦਲਾ ਕਰ ਦਿੱਤਾ ਹੈ। ਸਿੱਖ ਕੌਮ ਅੰਦਰ ਸਿੱਖੀ ਦੀ ਮੌਲਿਕਤਾ ਭਾਵ ਵੱਖਰੀ ਪਛਾਣ ਨੂੰ ਬਰਕਰਾਰ ਰੱਖਣ ਲਈ ਚੁਣੌਤੀ ਬਣੇ ਅਜਿਹੇ ਨਾਜ਼ੁਕ ਹਾਲਾਤਾਂ ਨਾਲ ਨਜਿੱਠਣ ਲਈ ਬੇਹੱਦ ਜ਼ਰੂਰੀ ਹੈ ਕਿ ਸਿੱਖ ਸੰਗਤਾਂ ਵੱਲੋਂ ਗੁਰਸਿੱਖੀ ਜੀਵਨ-ਜਾਚ ਵਾਲੇ ਯੋਗ ਉਮੀਦਵਾਰ ਨੂੰ ਵੋਟਾਂ ਰਾਹੀਂ ਚੁਣਿਆ ਜਾਵੇ।

# ਧਰਮ ਗ੍ਰੰਥ ਅਤੇ ਭਾਸ਼ਾ



**ਹਰਦੇਵ ਸਿੰਘ**

ਧਰਮ ਗ੍ਰੰਥ ਨੂੰ ਮੰਨਣ ਵਾਲੀ ਕੌਮ ਜੇਕਰ ਉਸ ਨੂੰ ਪੜ ਨਹੀਂ ਸਕਦੀ ਤਾਂ ਪਾਖੰਡ ਅਤੇ ਅੰਧ-ਵਿਸ਼ਵਾਸ ਫੈਲਣੇ ਸੁਭਾਵਕ ਹਨ। ਹਿੰਦੁਸਤਾਨ ਨੇ ਹਿੰਦੀ ਅਤੇ ਪਾਕਿਸਤਾਨ ਨੇ ਉਰਦੂ ਨੂੰ ਅੰਨੇਵਾਹ ਪ੍ਰਚਾਰ ਕੇ ਸੰਸਕ੍ਰਿਤ ਦੇ ਵੇਦ ਅਤੇ ਅਰਬੀ 'ਚ ਲਿਖੇ ਕੁਰਾਨ ਤੋਂ ਨਾਤਾ ਤੋੜ ਲਿਐ। ਹੁਣ ਏਧਰ ਵਾਲਿਆਂ ਨੂੰ ਪਾਂਡਿਆਂ ਅਤੇ ਓਧਰ ਵਾਲਿਆਂ ਨੂੰ ਮੁਲਾਣਿਆਂ ਨੇ ਖੁਆਰ ਕੀਤਾ ਪਿਐ। ਵੈਦਿਕ ਪਰੰਪਰਾ ਅੰਦਰ ਧਰਮ ਗ੍ਰੰਥ ਦੇ ਪਾਠ 'ਤੇ ਚੋਣਵੇਂ ਲੋਕਾਂ ਦਾ ਹੱਕ ਵਰਣ ਵਿਵਸਥਾ ਦੀ ਚੂਲ ਹੈ। ਕਾਰਨ ਕੋਈ ਵੀ ਹੋਵੇ ਜੇ ਆਮ ਲੋਕ ਸੰਸਕ੍ਰਿਤ ਤੋਂ ਦੂਰ ਰਹਿਣ ਤਾਂ ਵਰਣ ਵਿਵਸਥਾ ਮਜ਼ਬੂਤ ਹੀ ਹੋਵੇਗੀ। ਅਰਬੀ ਲਗਭਗ ਦੋ ਦਰਜਨ ਮੁਲਕਾਂ ਦੀ ਕੰਮਕਾਜੀ ਭਾਸ਼ਾ ਹੈ। ਮੁਸਲਮਾਨ ਭਾਈਚਾਰੇ ਦੇ ਵੱਡੇ ਹਿੱਸੇ ਨੇ ਅਰਬੀ ਨਾਲ ਨੇੜਤਾ ਬਣਾਈ ਹੋਈ ਏ ਪਰ ਭਾਰਤੀ ਤੇ ਪਾਕਿਸਤਾਨੀ ਮੁਸਲਮਾਨਾਂ ਨੇ ਉਰਦੂ ਪਿੱਛੇ ਲੱਗ ਕੇ ਮੁਫ਼ਤ 'ਚ ਝੁੱਗਾ ਚੌੜ ਕਰਾ ਲਿਐ।

ਇਜ਼ਰਾਈਲ ਦੇਸ਼ ਦੀ ਪੁਰਾਣੀ ਭਾਸ਼ਾ ਹਿਬਰੂ ਸੀ। ਇਹੀ ਤਨਕ (ਤੌਰੇਤ, ਨਬੀਮ ਤੇ ਕੇਤੂਬਿਮ) ਦੀ ਮੁੱਖ ਭਾਸ਼ਾ ਸੀ। ਹਜ਼ਰਤ ਈਸਾ ਦੀ ਬੋਲੀ ਇਜ਼ਰਾਇਲ ਦੀ ਖੇਤਰੀ ਭਾਸ਼ਾ ਅਰਮਾਇਕ ਸੀ ਪਰ ਇੰਜੀਲ ਸਮੇਤ ਬਾਈਬਲ (ਮਸੀਹੀ ਨੇਮ) ਦੀ ਭਾਸ਼ਾ ਯੂਨਾਨੀ ਰੱਖੀ ਗਈ, ਜੋ ਉਸ ਦੌਰ ਦੀ ਅੰਤਰਰਾਸ਼ਟਰੀ ਜੁਬਾਨ ਸੀ। ਰੋਮਨ ਸਾਮਰਾਜ ਵਿੱਚ ਮਸੀਹੀਅਤ ਦੇ ਫੈਲਾਅ ਵਿੱਚ ਯੂਨਾਨੀ ਭਾਸ਼ਾ ਸਹਾਈ ਸਾਬਤ ਹੋਈ ਪਰ ਇਸ ਨੇ ਮਸੀਹੀਅਤ ਨੂੰ ਕੁਝ ਇਹੋ-ਜਿਹੀਆਂ ਗੁੰਝਲਾਂ ਵੀ ਦਿੱਤੀਆਂ ਹਨ ਜਿਹੜੀਆਂ ਹੁਣ ਸੁਲਝਾਈਆਂ ਜਾ ਸਕਣੀਆਂ ਬਹੁਤ ਔਖੀਆਂ ਹਨ। ਯੂਨਾਨੀ ਤੋਂ ਲੈਟਿਨ ਅਤੇ ਫੇਰ ਅੱਗੇ ਹੋਰ ਭਾਸ਼ਾਵਾਂ ਵਿੱਚ ਬਾਈਬਲ ਦਾ ਅਨੁਵਾਦ ਹੋਇਆ।

ਯੂਨਾਨੀ ਭਾਸ਼ਾ ਵਿੱਚ ਬੈਪਟੀਜੀਨ ਦਾ ਅਰਥ 'ਟੁੱਬੀ' ਹੈ, ਜਿਸ ਤੋਂ ਅੰਗਰੇਜ਼ੀ ਦਾ ਬੈਪਟਿਜ਼ਮ ਸ਼ਬਦ ਬਣਿਆ। ਲਾਤੀਨੀ ਅਤੇ ਅੰਗਰੇਜ਼ੀ ਭਾਸ਼ਾਈ ਚਰਚਾਂ ਵਿੱਚ ਸਿਰ ਦੇ ਇੱਕ ਹਿੱਸੇ ਨੂੰ ਪਾਣੀ ਨਾਲ ਧੋ ਕੇ ਹੀ ਬਪਤਿਸਮਾ ਦੇ ਦਿੱਤਾ ਜਾਂਦਾ ਹੈ। ਯੂਨਾਨੀ ਭਾਸ਼ੀ ਚਰਚ ਹੁਣ ਵੀ ਬਪਤਿਸਮਾ ਪਾਣੀ ਵਿੱਚ ਟੁੱਬੀ ਲਵਾ ਕੇ ਦਿੰਦੀ ਹੈ, ਕਿਉਂਕਿ ਉਨਾਂ ਨੂੰ ਬੈਪਟੀਜੀਨ ਦੇ ਮੂਲ ਅਰਥ ਦਾ ਪਤਾ ਹੈ।

ਯਹੂਦੀ ਧਰਮ ਸੱਭਿਆਚਾਰਕ ਹੱਦਬੰਦੀਆਂ ਨੂੰ ਪਾਲਣ ਦਾ ਹਾਮੀ ਹੈ। ਉਨਾਂ ਨੇ ਸਾਬਤ ਕੀਤਾ ਕਿ ਜੇ ਤਲਬ ਹੋਵੇ ਤਾਂ ਹਿਬਰੂ ਵਾਂਗ ਹਜ਼ਾਰਾਂ ਵਰੇ ਪੁਰਾਣੀ ਭਾਸ਼ਾ ਨੂੰ ਵੀ ਮੁੜ ਸੁਰਜੀਤ ਕੀਤਾ ਜਾ ਸਕਦੈ। ਇਨਾਂ ਯੋਧਿਆਂ ਨੇ ਵਿਕਾਸਵਾਦੀ ਸਿਧਾਂਤ ਨੂੰ ਗਲਤ ਸਾਬਤ ਕਰ ਦਿੱਤੈ।

ਚੰਗੇ ਭਾਗੀਂ ਗੁਰਬਾਣੀ ਦੀ ਲਿੱਪੀ ਅਤੇ ਭਾਸ਼ਾ ਸਾਡੇ ਦਿਲ-ਦਿਮਾਗ਼ ਨਾਲ ਇੱਕ-ਮਿਕ ਹੈ। ਸ਼ਾਲਾ ਏ ਮੁਹੱਬਤ ਬਣੀ ਰਵੇ। ਧਿਆਨ ਰੱਖੀਏ ਕਿ ਮਾਮੀਆਂ ਮਾਸੀਆਂ ਘਰੇ ਆਉਂਦੀਆਂ-ਜਾਂਦੀਆਂ ਰਹਿਣ ਪਰ ਉਹ ਮਾਂ ਦੀ ਥਾਂ ਮੱਲਣ ਦੀ ਕੋਸ਼ਿਸ਼ ਨਾ ਕਰਨ।

# ਸੂਬਿਆਂ ਦੀ ਯੂਨੀਅਨ ਭਾਰਤ

**ਇਰਫ਼ਾਨ ਹਬੀਬ**

ਇਤਿਹਾਸ

ਭਾਰਤ ਦਾ ਸੰਕਲਪ ਕਿਵੇਂ ਉੱਭਰਿਆ, ਇਹ ਕਿਵੇਂ ਵਿਕਸਤ ਹੋਇਆ ਅਤੇ ਕਿਵੇਂ ਭਾਰਤ ਇਕ ਰਾਸ਼ਟਰ ਬਣਿਆ?

ਤੱਥ ਇਹ ਹੈ ਕਿ ਨਾ ਤਾਂ ਰਿਗਵੇਦ ਵਿਚ, ਨਾ ਹੀ ਦੂਜੇ ਤਿੰਨ ਵੇਦਾਂ ਵਿਚ ਅਤੇ ਨਾ ਹੀ ਉਨਾਂ ਤੋਂ ਬਾਅਦ ਆਏ 'ਬ੍ਰਾਹਮਣ ਗ੍ਰੰਥਾਂ' ਵਿਚ ਭਾਰਤ ਸ਼ਬਦ ਦਾ ਕਿਤੇ ਕੋਈ ਜ਼ਿਕਰ ਮਿਲਦਾ ਹੈ। ਇੱਥੋਂ ਤਕ ਕਿ ਇਨਾਂ ਤੋਂ ਬਾਅਦ 'ਚ ਆਏ ਉਪਨਿਸ਼ਦਾਂ ਵਿਚ ਵੀ ਭਾਰਤ ਦਾ ਕੋਈ ਜਿਕਰ ਨਹੀਂ ਹੈ। ਰਿਗਵੇਦ ਵਿਚ ਤਾਂ ਕਿਸੇ ਭੂਗੋਲਿਕ ਖੇਤਰ ਦਾ ਵੀ ਜਿਕਰ ਨਹੀਂ ਸਗੋਂ ਸਿਰਫ਼ ਦਰਿਆਵਾਂ ਅਤੇ ਕਬੀਲਿਆਂ ਦੀ ਹੀ ਗੱਲ ਕੀਤੀ ਗਈ ਹੈ। ਇੱਥੋਂ ਤੱਕ ਕਿ ਸਪਤ ਸਿੰਧੂ (ਸੱਤ ਦਰਿਆ) ਦਾ ਵੀ ਮਤਲਬ ਪੰਜਾਬ ਦਾ ਖੇਤਰ ਨਹੀਂ ਹੈ, ਜਿਵੇਂ ਕਿ ਬਾਅਦ ਵਿਚ ਮਤਲਬ ਕੱਢਿਆ ਗਿਆ। ਇਸ ਤੋਂ ਭਾਵ ਸਿਰਫ਼ ਸੱਤ ਦਰਿਆਵਾਂ ਤੋਂ ਹੈ ਜੋ ਆਪਸ ਵਿਚ ਰਲ ਕੇ ਸਿੰਧ (ਇੰਡਸ) ਬਣਦੇ ਸਨ। ਜਿਸ ਖੇਤਰ ਵਿਚ ਰਿਗਵੇਦਿਕ ਸਲੋਕਾਂ ਦੀ ਰਚਨਾ ਹੋਈ, ਉਹ ਪੰਜਾਬ ਅਤੇ ਅਫ਼ਗਾਨਿਸਤਾਨ ਦੇ ਕੁਝ ਹਿੱਸਿਆਂ ਤਕ ਸੀਮਤ ਹੈ। ਇੱਥੇ ਬਾਹਰੋਂ ਆਏ ਕਬੀਲੇ ਵਸਦੇ ਸਨ। ਇਸ ਕਰਕੇ ਰਿਗਵੇਦ ਵਿਚ ਕਿਸੇ ਖੇਤਰ ਦਾ ਵੀ ਸੰਕਲਪ ਨਹੀਂ, 'ਇਕ ਦੇਸ਼' ਦਾ ਸੰਕਲਪ ਹੋਣਾ ਬੜੀ ਦੂਰ ਦੀ ਗੱਲ ਹੈ।

**ਸੋਲਾ ਮਹਾ-ਜਨਪਦ ਅਤੇ ਆਰੀਆਵਰਤ**

ਜਿਵੇਂ-ਜਿਵੇਂ ਸੱਭਿਆਚਾਰ ਵਿਕਸਤ ਹੁੰਦਾ ਗਿਆ, ਰਾਜਨੀਤਕ ਹੋਂਦਾਂ ਉੱਭਰੀਆਂ। ਸਾਡੇ ਦੇਸ਼ ਦਾ ਪਹਿਲਾ ਨਾਂ ਪ੍ਰਾਕਿਰਤ ਭਾਸ਼ਾ ਵਿਚ ਸੋਲਾ ਮਹਾ-ਜਨਪਦ (16 ਮਹਾਨ ਰਾਜ) ਸੀ। ਇਹ 500 ਈਸਾ ਪੂਰਵ ਦੇ ਪੁਰਾਣੇ ਖਰੜਿਆਂ ਵਿਚ ਮਿਲਦਾ ਹੈ। ਯਾਦ ਰੱਖਣ ਵਾਲੀ ਗੱਲ ਹੈ ਕਿ 'ਸੋਲਾ' ਪ੍ਰਾਕਿਰਤ ਭਾਸ਼ਾ ਦਾ ਸ਼ਬਦ ਹੈ ਅਤੇ ਹਿੰਦੀ ਤੇ ਉਰਦੂ ਸਮੇਤ ਸਾਡੀਆਂ ਬਹੁਤੀਆਂ ਭਾਸ਼ਾਵਾਂ ਦੀਆਂ ਜੜਾਂ ਪ੍ਰਾਕਿਰਤ ਤਕ ਜਾਂਦੀਆਂ ਹਨ। ਇਨਾਂ ਮਹਾ-ਜਨਪਦਾਂ ਦਾ ਖੇਤਰ ਕੰਬੋਜਾ ਜਾਂ ਕਾਬੁਲ ਤੋਂ ਲੈ ਕੇ ਪੂਰਬੀ ਬਿਹਾਰ ਵਿਚਲੇ ਅੰਗਾਂ ਤੱਕ ਸੀ। ਇਸ ਤਰਾਂ ਇਹ ਸਿਰਫ਼ ਉੱਤਰੀ ਭਾਰਤ ਤੱਕ ਹੀ ਸੀਮਤ ਸਨ ਅਤੇ ਉਦੋਂ ਤੱਕ ਵੀ ਅਜੇ ਭਾਰਤ ਦਾ ਕੋਈ ਇਸ ਤਰਾਂ ਦਾ ਸੰਕਲਪ ਨਹੀਂ ਸੀ ਜਿਵੇਂ ਕਿ ਅੱਜ ਅਸੀਂ ਇਸ ਨੂੰ ਸਮਝਦੇ ਹਾਂ। ਕੁਝ 'ਧਰਮ ਸੂਤਰਾਂ' ਵਿਚ 'ਆਰੀਆਵਰਤ' (ਉੱਤਮ ਲੋਕਾਂ ਦੀ ਧਰਤੀ) ਦੀ ਵਰਤੋਂ ਹੋਣੀ ਸ਼ੁਰੂ ਹੋਈ ਅਤੇ ਮਨੂ-ਸਮ੍ਰਿਤੀ ਵਿਚ ਆਰੀਆਵਰਤ ਨੂੰ ਹਿਮਾਲਿਆ ਤੋਂ ਲੈ ਕੇ ਵਿੰਧਿਆਂਚਲ ਤਕ ਦੀ ਧਰਤੀ ਵਜੋਂ ਪਰਿਭਾਸ਼ਤ ਕੀਤਾ ਗਿਆ। ਇਹ ਵੀ ਭਾਰਤ ਦੇ ਇਕ ਵੱਡੇ ਹਿੱਸੇ ਦਾ ਹੀ ਜ਼ਿਕਰ ਬਣਦਾ ਹੈ, ਨਾ ਕਿ ਸਮੁੱਚੇ ਦੇਸ਼ ਦਾ।

**ਮੌਰੀਆ ਸਾਮਰਾਜ ਵੇਲੇ ਦੇਸ਼ ਦੀ ਧਾਰਨਾ**

ਸਮੁੱਚੇ ਭਾਰਤ ਦੀ ਇਕ ਦੇਸ਼ ਵਜੋਂ ਧਾਰਨਾ ਪਹਿਲੀ ਵਾਰ ਮੌਰੀਆ ਸਾਮਰਾਜ ਵੇਲੇ ਵੇਖਣ ਨੂੰ ਮਿਲਦੀ ਹੈ। ਜਿਨਾਂ ਲੋਕਾਂ ਨੇ ਭਾਰਤੀ ਇਤਿਹਾਸ ਦਾ ਅਧਿਐਨ ਕੀਤਾ ਹੈ,ਉਹ ਜਾਣਦੇ ਹੋਣਗੇ ਕਿ ਮੌਰੀਆ ਰਾਜਾ ਅਸ਼ੋਕ ਦੇ ਸ਼ਿਲਾਲੇਖ ਕੰਧਾਰ ਅਤੇ ਕਾਬੁਲ ਤੋਂ ਲੈ ਕੇ ਕਰਨਾਟਕ ਅਤੇ ਆਂਧਰਾ ਤਕ ਸਨ। ਇਹ ਸ਼ਿਲਾਲੇਖ ਪ੍ਰਾਕਿਰਤ, ਗਰੀਕ ਅਤੇ ਅਰਾਮਾਇਕ ਭਾਸ਼ਾ ਵਿਚ ਸਨ। ਸੋ, ਇਸ ਕਿਸਮ ਦੀ ਸਿਆਸੀ ਇਕਜੁਟਤਾ ਰਾਹੀਂ ਭਾਰਤ ਦਾ ਸੰਕਲਪ ਉੱਭਰਿਆ ਸੀ ਅਤੇ ਇਸ ਦਾ ਪਹਿਲਾ ਨਾਂ ਜੰਬੂ ਦੀਪ ਸੀ। ਇਹ ਉਹ ਨਾਂ ਹੈ ਜੋ ਅਸ਼ੋਕ ਵੱਲੋਂ ਆਪਣੇ ਪੱਥਰ 'ਤੇ ਲਿਖੇ ਫ਼ਰਮਾਨ ਵਿਚ ਵਰਤਿਆ ਗਿਆ ਸੀ। ਇਸ ਦਾ ਮਤਲਬ ਹੈ 'ਜਾਮਣ ਦੀ ਧਰਤੀ' (ਜਾਮਣ ਫ਼ਲ)।

**ਸ਼ਬਦ ਭਾਰਤ**

ਸ਼ਬਦ 'ਭਾਰਤ' ਉੜੀਸਾ ਵਿਚ ਇਕ ਪ੍ਰਾਕਿਰਤ ਸ਼ਿਲਾਲੇਖ 'ਚ ਵਰਤਿਆ ਮਿਲਦਾ ਹੈ। ਇਹ ਸ਼ਿਲਾਲੇਖ ਕਾਲਿੰਗਾ ਦੇ ਰਾਜਾ ਖਾਰਾਵੇਲਾ ਦੇ ਹਾਥੀਗੁੰਪਾ ਦੇ ਸਥਾਨ 'ਤੇ ਪਹਿਲੀ ਸਦੀ ਈਸਾ ਪੂਰਵ ਦੇ ਹਨ।

ਇਸ ਤਰਾਂ ਭਾਰਤ ਸ਼ਬਦ ਦੀ ਇਹ ਪਹਿਲੀ ਵਰਤੋਂ ਹੈ ਜਿਸ ਬਾਰੇ ਜਾਣਕਾਰੀ ਮਿਲਦੀ ਹੈ ਅਤੇ ਖਾਰਾਵੇਲਾ ਵੱਲੋਂ ਇਸ ਨੂੰ ਸਮੁੱਚੇ ਭਾਰਤ ਲਈ ਵਰਤਿਆ ਗਿਆ ਸੀ। ਸੋ, ਹੌਲੀ-ਹੌਲੀ ਇਕ ਦੇਸ਼ ਵਜੋਂ ਭਾਰਤ ਦਾ ਸੰਕਲਪ ਉੱਭਰਨਾ ਸ਼ੁਰੂ ਹੋਇਆ ਅਤੇ ਇਸ ਦੇ ਬੋਧੀ, ਬ੍ਰਾਹਮਣ ਅਤੇ ਜੈਨੀ ਵਰਗੇ ਧਰਮਾਂ ਵਿਚ ਇਕ ਤਰਾਂ ਦੀ ਸੱਭਿਆਚਾਰਕ ਇਕਜੁਟਤਾ ਵੀ ਵੇਖਣ ਨੂੰ ਮਿਲਣ ਲੱਗੀ। ਇਹ ਧਰਮ ਦੇਸ਼ ਦੇ ਸਾਰੇ ਹਿੱਸਿਆਂ 'ਚ ਫੈਲੇ ਹੋਏ ਸਨ। ਪ੍ਰਾਕਿਰਤ ਵੀ ਸਾਰੇ ਦੇਸ਼ ਵਿਚ ਵਰਤੀ ਜਾਂਦੀ ਸੀ। ਇਕ ਤਰਾਂ ਨਾਲ ਇਹ ਦੇਸ਼ ਦੀ ਸੰਪਰਕ ਭਾਸ਼ਾ ਸੀ। ਸੋ, ਇਹ ਅਜਿਹੀਆਂ ਚੀਜ਼ਾਂ ਸਨ ਜੋ ਸਾਨੂੰ ਆਪਸ ਵਿਚ ਜੋੜਦੀਆਂ ਸਨ। ਵਿਦੇਸ਼ੀ ਵੇਖ ਸਕਦੇ ਸਨ ਕਿ ਸੱਭਿਆਚਾਰਕ ਤੌਰ 'ਤੇ ਦੇਸ਼ ਵਿਚ ਕਈ ਦੂਰੀਆਂ ਹਨ ਅਤੇ ਇਹ ਵੀ ਗੱਲ ਹੈ ਕਿ ਇਸ ਨੂੰ ਇਕ ਦੇਸ਼ ਵਜੋਂ ਵਿਦੇਸ਼ੀ ਲੋਕ ਸਗੋਂ ਇੱਥੋਂ ਦੇ ਨਿਵਾਸੀਆਂ ਨਾਲੋਂ ਵਧੇਰੇ ਮਹਿਸੂਸ ਕਰਦੇ ਸਨ (ਅਤੇ ਇਹ ਇਕ ਦਿਲਚਸਪ ਗੱਲ ਹੈ) ਕਿਉਂਕਿ ਉਨਾਂ ਨੂੰ ਇੱਥੋਂ ਦੇ ਕਿਸੇ ਵਾਸੀ ਜਾਂ ਕਿਤੇ ਹੋਰ ਦੇ ਵਾਸੀ ਜਿਵੇਂ ਕਿ ਕਿਸੇ ਭਾਰਤੀ ਜਾਂ ਕਿਸੇ ਫ਼ਾਰਸੀ ਵਿਚਕਾਰ ਫ਼ਰਕ ਸਪੱਸ਼ਟ ਨਜ਼ਰ ਆਉਂਦੇ ਸਨ। ਕੋਈ ਵਿਦੇਸ਼ੀ ਭਾਵੇਂ ਪੰਜਾਬ 'ਚ ਚਲਾ ਜਾਵੇ ਜਾਂ ਦੱਖਣ ਵਿਚ, ਉਹ ਵੇਖਦਾ ਸੀ ਕਿ ਪ੍ਰਾਕਿਰਤ ਸਥਾਨਕ ਭਾਸ਼ਾ ਹੁੰਦੀ ਸੀ ਅਤੇ ਸੰਸਕ੍ਰਿਤ ਪੁਜਾਰੀ ਸ਼੍ਰੇਣੀ ਦੀ ਭਾਸ਼ਾ ਹੁੰਦੀ ਸੀ।

**ਸ਼ਬਦ ਹਿੰਦੂ, ਹਿੰਦੋਸਤਾਨ, ਇੰਡੀਆ, ਇੰਤੂ**

ਇਹ ਇਰਾਨੀ ਸਨ ਜਿਨਾਂ ਨੇ ਪਹਿਲੀ ਵਾਰ 'ਹਿੰਦੂ' ਨਾਂ ਦਿੱਤਾ। ਇਹ ਸਿੰਧੂ ਦਰਿਆ ਦਾ ਫ਼ਾਰਸੀ ਉਚਾਰਨ ਸੀ। ਇਸ ਤਰਾਂ ਸਿੰਧੂ ਦਰਿਆ ਦੇ ਪੂਰਬ ਵੱਲ ਪੈਣ ਵਾਲੇ ਸਾਰੇ ਖੇਤਰਾਂ ਨੂੰ ਪੁਰਾਤਨ ਫ਼ਾਰਸੀ ਵਿਚ 'ਹਿੰਦੂ' ਕਿਹਾ ਜਾਂਦਾ ਸੀ। ਇੱਥੋਂ ਹੀ ਨਾਂ 'ਇੰਡੀਆ' ਹੋਂਦ ਵਿਚ ਆਇਆ। ਲਾਤੀਨੀ ਲੋਕਾਂ ਲਈ 'ਹਿੰਦੂ', 'ਇੰਦੂ' ਬਣ ਜਾਂਦਾ ਸੀ, ਕਿਉਂਕਿ ਉਹ ਸ਼ੁਰੂਆਤੀ 'ਹ' ਨਹੀਂ ਉਚਾਰ ਸਕਦੇ ਸਨ। ਭਾਰਤ ਦਾ ਚੀਨੀ ਨਾਂ 'ਇੰਤੂ' ਵੀ ਇਸੇ ਸਰੋਤ ਤੋਂ ਹੀ ਉਪਜਿਆ ਹੈ। ਇਸੇ ਤਰਾਂ ਬਾਅਦ ਵਿਚ ਫ਼ਾਰਸੀ ਨਾਂ 'ਹਿੰਦੋਸਤਾਨ' ਹੋਂਦ 'ਚ ਆਇਆ। ਯਾਦ ਰੱਖਣਾ ਚਾਹੀਦਾ ਹੈ ਕਿ ਸੰਸਕ੍ਰਿਤ ਵਿਚ 'ਹਿੰਦੁਸਥਾਨ' ਵਰਗਾ ਕੋਈ ਸ਼ਬਦ ਨਹੀਂ ਹੈ। ਸੰਸਕ੍ਰਿਤ ਵਿਚ ਸਥਾਨ ਦਾ ਭਾਵ ਇਕ ਖ਼ਾਸ ਥਾਂ ਹੁੰਦਾ ਹੈ। ਪਰ ਫ਼ਾਰਸੀ ਭਾਸ਼ਾ ਵਿਚ 'ਸਤਾਨ' ਇਕ ਖੇਤਰੀ ਪਛੇਤਰ ਹੈ, ਜਿਵੇਂ ਕਿ ਸਿਸਤਾਨ, ਗੁਰਜਿਸਤਾਨ ਅਤੇ ਇਸੇ ਤਰਾਂ ਹਿੰਦੋਸਤਾਨ। ਇਹ ਨਾਂ ਚੌਥੀ ਸਦੀ ਈਸਵੀ ਵਿਚ ਸਾਸਾਨਿਦ ਸ਼ਿਲਾਲੇਖਾਂ ਵਿਚ ਵੀ ਵਰਤਿਆ ਗਿਆ।

**ਸੰਸਕ੍ਰਿਤ ਵਿਚ ਹਿੰਦੂ ਸ਼ਬਦ**

ਹਿੰਦੂ ਨਾਂ ਵੀ ਇਰਾਨੀ ਮੂਲ ਦਾ ਹੈ ਅਤੇ ਇਹ 14ਵੀਂ ਸਦੀ ਤੋਂ ਪਹਿਲਾਂ ਸੰਸਕ੍ਰਿਤ ਵਿਚ ਨਹੀਂ ਸੀ ਮਿਲਦਾ। ਸੰਸਕ੍ਰਿਤ ਸ਼ਿਲਾਲੇਖਾਂ ਵਿਚ ਇਸ ਦੀ ਪਹਿਲੀ ਵਰਤੋਂ ਵਿਜੈਨਗਰ ਸਾਮਰਾਜ ਵਿਚ ਕੀਤੀ ਗਈ ਜਿੱਥੇ ਵਿਜੈਨਗਰ ਦੇ ਰਾਜਿਆਂ ਨੇ ਖ਼ੁਦ ਨੂੰ 'ਹਿੰਦੂ ਰਿਆਇਆ ਸੁਰਤਰਾਨਾ' ਭਾਵ ਹਿੰਦੂ ਰਿਆਇਆ ਦੇ ਸੁਲਤਾਨ ਕਰਾਰ ਦਿੱਤਾ। ਉਹ ਖ਼ੁਦ ਨੂੰ ਸੁਲਤਾਨ ਅਤੇ ਬਾਕੀਆਂ ਨੂੰ ਹਿੰਦੂ ਰਿਆਇਆ ਮੰਨਦੇ ਸਨ। ਸੋ, ਸਾਡਾ ਦੇਸ਼ ਜਿਵੇਂ ਕਿ ਇਸ ਦਾ ਨਾਂ ਸੰਕੇਤ ਕਰਦਾ ਹੈ, ਸੰਯੁਕਤ ਪ੍ਰਾਕਿਰਤੀ ਵਾਲਾ ਹੈ। ਇਸ ਦਾ ਨਾਂ ਪੁਰਾਤਨ ਇਰਾਨੀ 'ਚੋਂ ਆਇਆ ਹੈ, ਫਿਰ ਇਰਾਨੀਆਂ ਅਤੇ ਅਰਬ ਮੁਸਲਮਾਨਾਂ ਵੱਲੋਂ ਵਰਤਿਆ ਗਿਆ ਹੈ ਅਤੇ ਸੰਸਕ੍ਰਿਤ ਵਰਤੋਂ ਵਿਚ ਇਸ ਦਾ ਦਾਖ਼ਲਾ 14ਵੀਂ ਸਦੀ ਵਿਚ ਹੀ ਹੋਇਆ ਹੈ।

# ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ ਰਹਿਬਰ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ

**ਭਾਗ 2**



**ਜ਼ੋਰਾਵਰ ਸਿੰਘ ਤਰਸਿੱਕਾ**

### ਦਾਨ-ਵੀਰ

ਗੁਰੂ ਗੋਬਿੰਦ ਸਿੰਘ ਤੋਂ ਵੱਡਾ ਦਾਨ-ਵੀਰ ਕੌਣ ਹੋ ਸਕਦਾ, ਜਿਨਾਂ ਨੇ ਆਪਣਾ ਸਾਰਾ ਪਰਿਵਾਰ ਭੇਟ ਚੜਾ ਦਿਤਾ, ਸਿਰਫ ਜਬਰ ਤੇ ਜੁਲਮ ਨੂੰ ਰੋਕਣ ਲਈ ਉਹ ਵੀ ਆਪਣੇ ਤੇ ਨਹੀਂ ਬਲਿਕ ਦੂਜਿਆਂ ਦੇ ਧਰਮ ਦੀ ਖਾਤਰ, ਮਜ਼ਲੂਮਾਂ ਦੀ ਖਾਤਿਰ, ਉਨਾਂ ਦੀ ਖੁਸ਼ੀ ਤੇ ਸੁਖ ਦੀ ਖਾਤਿਰ, ਉਨਾਂ ਦੀ ਗੈਰਤਮੰਦ ਜਿੰਦਗੀ ਦੀ ਖਾਤਿਰ, ਜਿਸਤੇ ਉਸ ਵਕਤ ਦੀ ਮੁਗਲ ਹਕੂਮਤ ਅੰਤਾਂ ਦੇ ਜੁਲਮ ਢਾਹ ਰਹੀ ਸੀ, ਪੂਰੇ ਹਿੰਦੁਸਤਾਨ ਨੂੰ ਦਾਇਰ-ਏ-ਇਸਲਾਮ ਵਿਚ ਲਿਆਉਣ ਲਈ ਜ਼ੋਰ ਜਬਰਦਸਤੀ ਦੀ ਹੱਦ ਤੱਕ ਪਹੁੰਚ ਚੁੱਕੀ ਸੀ, 19 ਸਾਲ ਦੀ ਉਮਰ ਵਿਚ ਹਿੰਦੂਆਂ ਦੀ ਧੋਤੀ, ਬੋਦੀ ਤੇ ਜੰਜੂ ਦੀ ਰੱਖਿਆ ਲਈ ਆਪਣੇ ਪਿਤਾ ਨੂੰ ਸ਼ਹੀਦ ਕਰਵਾਇਆ, ਦੋ ਬੱਚੇ ਆਪਣੇ ਹੱਥੀਂ ਤਿਆਰ ਕਰਕੇ ਜੰਗ ਵਿਚ ਤੋਰੇ, 10 ਲੱਖ ਦੀ ਫੌਜ ਨਾਲ ਮੁਕਾਬਲਾ ਕਰਨ ਲਈ, ਜਿਸ ਵਿਚ ਉਨਾਂ ਦੀ ਸ਼ਹੀਦੀ ਪੱਕੀ ਸੀ, ਪਤਾ ਸੀ ਕਿ ਇਨਾਂ ਨੇ ਮੁੜ ਕੇ ਨਹੀਂ ਆਉਣਾ। ਦੋ ਛੋਟੇ ਸਾਹਿਬਜ਼ਾਦਿਆਂ ਨੂੰ ਉਨਾਂ ਲੀਹਾਂ ਤੇ ਤੋਰਿਆ, ਕਿ ਇੰਨੇ ਲਾਲਚਾਂ ਦੇ ਬਾਵਜੂਦ ਵੀ ਉਹ ਧਰਮ ਪਿੱਛੇ ਕੁਰਬਾਨ ਹੋ ਗਏ ਪਰ ਇਸਲਾਮ ਕਬੂਲ ਨਹੀਂ ਕੀਤਾ। ਮਾਤਾ ਗੁਜਰੀ ਵੀ ਮੁਗਲ ਹਕੂਮਤ ਦੇ ਇਨਾਂ ਜੁਲਮਾਂ ਦੀ ਭੇਟ ਚੜੇ । ਕੋਈ ਇਹੋ ਜਿਹਾ ਇਤਿਹਾਸ ਵਿਚ ਦਾਨ-ਵੀਰ ਪੈਦਾ ਨਹੀਂ ਹੋਇਆ ਹੈ।

### ਮਹਾਨ ਆਗੂ

ਗੁਰੂ ਸਾਹਿਬ ਕਿਸੇ ਇਕ ਕੌਮ ਦੇਸ਼ ਜਾਂ ਮਜ਼ਬ ਦਾ ਨਹੀਂ ਬਲਕਿ ਸਭ ਦਾ ਭਲਾ ਮੰਗਣ ਵਾਲੇ ਇਕ ਮਹਾਨ ਆਗੂ ਸੀ। ਉਨਾਂ ਨੇ ਕੌਮ ਪ੍ਰਸਤੀ ਨੂੰ ਧਰਮ ਬਣਾ ਦਿੱਤਾ ਇਹ ਕਹਿਣਾ ਬਹੁਤ ਗਲਤ ਹੈ । ਇਕ ਵਾਰੀ ਬੜੌਦਾ ਵਿਚ ਲੱਖਾਂ ਦੇ ਇਕੱਠ ਵਿਚ ਮਹਾਤਮਾ ਗਾਂਧੀ ਨੇ ਕਿਹਾ ਸੀ, ਗੁਰੂ ਗੋਬਿੰਦ ਸਿੰਘ ਇਕ ਭੁਲੜ ਰਹਿਬਰ ਹੈ। ਵਿਚਾਰ ਦੀ ਗੱਲ ਕਰਦਿਆਂ ਕਰਦਿਆਂ ਤਲਵਾਰ ਪਕੜ ਲਈ, ਸ਼ਾਂਤੀ ਦੀ ਗੱਲ ਕਰਦਿਆਂ ਕਰਦਿਆਂ ਤੋਪਾਂ ਅੱਗੇ ਲੈ ਆਏ, ਗਲੇ ਵਿਚ ਮਾਲਾ ਪਹਿਨਾਣੀ ਸੀ ਕਿਰਪਾਨਾਂ ਤੇ ਤਲਵਾਰਾਂ ਪਹਿਨਾ ਛੱਡੀਆਂ । ਜਦ ਗਾਂਧੀ ਦੀ ਇਹ ਗੱਲ **prof.** ਗੰਗਾ ਸਿੰਘ ਤੱਕ ਪਹੁੰਚੀ ਤਾਂ ਉਹ ਸਿੱਧਾ ਹੀ ਅਹਿਮਦਾਬਾਦ, ਸਾਬਰਮਤੀ ਦੇ ਆਸ਼ਰਮ ਚਲੇ ਗਏ, ਗਾਂਧੀ ਨੂੰ ਮਿਲੇ ਤੇ ਕਿਹਾ, 'ਤੁਸੀਂ ਹਰ ਥਾਂ 'ਤੇ ਕਹਿੰਦੇ ਹੋ ਕਿ ਗੀਤਾ ਮੇਰੀ ਮਾਂ ਹੈ, ਇਹ ਮਾਂ ਹੈ ਤੁਹਾਡੀ ? ਗਾਂਧੀ ਨੇ ਕਿਹਾ ਹਾਂ ਮੈਂ ਹਰ ਰੋਜ਼ ਦੀ ਪ੍ਰੇਰਨਾ ਇਸ ਤੋਂ ਲੈਂਦਾ ਹਾਂ। ਗੰਗਾ ਸਿੰਘ ਨੇ ਕਿਹਾ ਮੈਂ ਗੀਤਾ ਨੂੰ ਇਕ ਪਵਿਤਰ ਗ੍ਰੰਥ ਸਮਝਦਾ ਹਾਂ ਤੇ ਤੁਹਾਡੀ ਇਸ ਨੂੰ ਮਾਂ ਕਹਿਣ ਦੀ ਵੀ ਕਦਰ ਕਰਦਾ ਹਾਂ । ਪਰ ਤੁਸੀਂ ਦੱਸੋ ਗੀਤਾ ਕਿੱਥੇ ਉਚਾਰੀ ਗਈ ਸੀ ? ਗਾਂਧੀ ਕੁਝ ਸਮਝ ਤੇ ਗਿਆ ਪਰ ਵਾਦ-ਵਿਵਾਦ ਵਿਚ ਨਹੀਂ ਸੀ ਪੈਣਾ ਚਾਹੁੰਦਾ। ਗੰਗਾ ਸਿੰਘ ਕਦੋਂ ਚੁਪ ਰਹਿਣ ਵਾਲਾ ਸੀ, ਬੋਲਿਆ, ਇਹ ਕੁਰਕਸ਼ੇਤਰ ਦੇ ਲੜਾਈ ਦੇ ਮੈਦਾਨ ਵਿਚ ਉਚਾਰੀ ਗਈ ਸੀ, ਬਲਕਿ ਲੜਾਈ ਹੀ ਗੀਤਾ ਦੇ ਉਪਦੇਸ਼ ਕਰਕੇ ਹੋਈ। ਜਦੋਂ ਅਰਜੁਨ ਨੇ ਹਥਿਆਰ ਸੁੱਟ ਦਿੱਤੇ ਇਹ ਕਹਿਕੇ ਮੈਂ ਕਿਸ ਨਾਲ ਲੜ ਰਿਹਾਂ ਹਾਂ। ਦੁਰਯੋਧਨ ਮੇਰਾ ਭਰਾ ਹੈ, ਭੀਸ਼ਮ ਪਿਤਾਮਾ ਮੇਰੇ ਪਿਤਾ ਹਨ ਤੇ ਦ੍ਰੋਣਾਚਾਰਯਾ ਮੇਰੇ ਗੁਰੂ। ਮੈਂ ਉਨਾਂ ਦੇ ਖਿਲਾਫ਼ ਤਲਵਾਰ ਕਿਸ ਤਰਾਂ ਚੁਕ ਸਕਦਾ ਹਾਂ ਤਾਂ ਕ੍ਰਿਸ਼ਨ ਜੀ ਦਾ ਉਪਦੇਸ਼ ਸੀ ਕਿ ਜਦੋਂ ਕੋਈ ਆਪਣੇ ਸਰੀਰ ਤੇ ਫੋੜਾ ਹੋ ਜਾਏ ਤਾਂ ਉਸ ਨੂੰ ਚੀਰਨਾ ਪੈਂਦਾ ਹੈ ਇਸ ਵਿਚ ਕੋਈ ਪਾਪ ਨਹੀਂ। ਅਰਜੁਨ ਨੇ ਤਲਵਾਰ ਚੁੱਕੀ, ਲੜਾਈ ਸ਼ੁਰੂ ਹੋਈ ਜਿਸ ਵਿਚ ਲੱਖਾਂ ਲੋਕ ਮਾਰੇ ਗਏ। ਗਾਂਧੀ ਕੋਲ ਕੋਈ ਜਵਾਬ ਨਹੀਂ ਸੀ ਕਹਿਣ ਲੱਗਾ ਕਿ ਇਹ ਤਾਂ ਮਨ ਦੀ ਲੜਾਈ ਸੀ ਤਾਂ ਗੰਗਾਂ ਸਿੰਘ ਨੇ ਕਿਹਾ ਕਿ ਤਾਂ ਇਹ ਵੀ ਕਹਿ ਦਿਉ ਕਿ ਅਸਲ ਕ੍ਰਿਸ਼ਨ ਕੋਈ ਨਹੀਂ ਸੀ ਇਹ ਵੀ ਮਨ ਦਾ ਕ੍ਰਿਸ਼ਨ ਸੀ। ਗਾਂਧੀ ਨਿਰਉਤਰ ਹੋ ਗਿਆ ਭਰੀ ਸਭਾ ਵਿਚ ਉਸਨੇ ਮਾਫ਼ੀ ਮੰਗੀ।

ਗੋਕਲ ਚੰਦ ਨਾਰੰਗ ਲਿਖਦੇ ਹਨ, 'ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਕੰਮ ਸ਼ੁਰੂ ਕੀਤਾ ਉਸ ਵਕਤ ਪੰਜਾਬ ਵਿਚ ਹਿੰਦੂ ਨਾਮ ਵਰਗੀ ਕੋਈ ਚੀਜ਼ ਨਹੀਂ ਸੀ ਨਾ ਹੀ ਕੋਈ ਉੱਘੀ ਸ਼ਕਤੀ ਸੀ ਜੋ ਜਾਲਮ ਸ਼ਾਸ਼ਕਾਂ ਨੂੰ ਵੰਗਾਰ ਸਕਦੀ ।

1008 ਈ. ਵਿਚ ਰਾਜਾ ਅਨੰਗਪਾਲ ਦੀ ਹਾਰ ਮਗਰੋਂ ਦੇਸ਼ ਨੇ ਕੋਈ ਵੀ ਅਜਿਹਾ ਆਗੂ ਨਹੀਂ ਪੈਦਾ ਕੀਤਾ ਜੋ ਮੁਗਲ ਹਕੂਮਤ ਨਾਲ ਟੱਕਰ ਲੈ ਸਕੇ, ਅਜਾਦ ਕਰਵਾ ਸਕੇ । ਬੇਸ਼ੱਕ ਰਾਣਾ ਸਾਂਗਾ, ਹੇਮੂੰ, ਨਾਰਨੌਲ ਦੇ ਸਤਨਾਮੀਆਂ ਜਾ ਮਥੁਰਾ ਦੇ ਗੋਕਲਾਂ ਨੇ ਇਨਾਂ ਵਾਸਤੇ ਗੰਭੀਰ ਪ੍ਰੇਸ਼ਾਨੀਆਂ ਜ਼ਰੂਰ ਖੜੀਆਂ ਕੀਤੀਆਂ ਪਰ ਉਹ ਵੀ ਦੇਸ਼ ਵਾਸੀਆਂ ਵਿਚ ਕੌਮੀ ਜਜ਼ਬਾ ਪੈਦਾ ਕਰਨ ਵਿਚ ਸਫਲ ਨਹੀਂ ਹੋ ਸਕੇ। ਸ਼ਿਵਾ ਜੀ ਨੇ ਬਹੁਤ ਸਾਰੀਆਂ ਲੜਾਈਆਂ ਰਾਜਸੀ ਨਿਸ਼ਾਨੇ ਨੂੰ ਮੁਖ ਰੱਖ ਕੇ ਲੜੀਆਂ ਸੀ । ਪਰ ਗੁਰੂ ਗੋਬਿੰਦ ਸਿੰਘ ਜੀ ਦਾ ਨਿਸ਼ਾਨਾ ਕੌਮਪ੍ਰਸਤੀ ਨੂੰ ਲੋਕਾਂ ਦਾ ਧਰਮ ਬਣਾਉਣਾ ਸੀ ਜਿਸ ਲਈ ਉਨਾਂ ਨੇ ਅਨੇਕਾਂ ਕੁਰਬਾਨੀਆਂ ਦਿੱਤੀਆਂ।

ਕਾਜ਼ੀ ਨੂਰ ਮਹੰਮਦ ਜੋ ਇਕ ਮੁਤਸਬੀ ਤੇ ਬਦਜੁਬਾਨ ਲਿਖਾਰੀ ਸੀ, ਸਿੱਖਾਂ ਦੀ ਤਰੀਫ ਕਰੇ ਬਿਨਾਂ ਨਹੀਂ ਰਹਿ ਸਕਿਆ। ਕਹਿੰਦਾ ਹੈ ਸਿੱਖਾਂ ਵਿਚ ਕੋਈ ਜਨਾਹੀ ਯਾ ਚੋਰ ਨਹੀਂ। ਔਰਤ ਭਾਵੇਂ ਰਾਣੀ ਹੋਵੇ ਜਾਂ ਗੋਲੀ, ਬੁੱਢੀ ਹੋਵੇ ਜਾਂ ਜਵਾਨ, ਸਿੱਖ ਉਸ ਵੱਲ ਬਦ-ਨਜਰ ਨਾਲ ਨਹੀਂ ਵੇਖਦਾ। ਜਦੋਂ ਉਸਨੇ ਸ਼ਾਹ ਦੁਰਾਨੀ ਅਤੇ ਸਿਖਾਂ ਦੀ ਲੜਾਈ ਆਪਣੀ ਅੱਖੀਂ ਵੇਖੀ ਤਾਂ ਸਿੱਖਾਂ ਦੇ ਉਚੇ ਆਚਰਣ ਦੀ ਤਾਰੀਫ਼ ਕਰੇ ਬਿਨਾਂ ਨਾ ਰਹਿ ਸਕਿਆ । ਮੁਸਲਮਾਨ ਸਿੱਖਾਂ ਨੂੰ ਸਗ (ਕੁੱਤੇ) ਕਹਿ ਕੇ ਬੁਲਾਉਂਦੇ ਸੀ। ਉਸਨੇ ਲਿਖਿਆ ਇਨਾਂ ਨੂੰ ਸਗ ਨਾ ਕਹੋ । ਇਹ ਮੈਦਾਨੇ ਜੰਗ ਵਿਚ ਸ਼ੇਰਾਂ ਵਾਂਗੂ ਲੜਦੇ ਹਨ ਤੇ ਅਮਨ ਦੇ ਮੈਦਾਨ ਵਿਚ ਹਾਤਮਤਾਈ ਨੂੰ ਵੀ ਮਾਤ ਕਰ ਦਿੰਦੇ ਹਨ। ਗੁਰੂ ਸਾਹਿਬ ਨੇ ਲੜਾਈ ਦੇ ਮੈਦਾਨ ਵਿਚ ਵੀ ਉੱਚੇ ਮਿਆਰ ਕਾਇਮ ਕੀਤੇ ਜਿਸਦੇ ਸਦਕੇ ਆਉਣ ਵਾਲੀ ਅਠਾਰਵੀ ਸਦੀ ਵਿਚ ਸਿੰਘਾਂ ਦੇ ਆਚਰਣ ਨੇ ਸਿਖਰਾਂ ਨੂੰ ਛੋਹਿਆ।

ਨੂਰ ਮਹੰਮਦ ਲਿਖਦਾ ਹੈ 'ਸਿੱਖ ਆਪ ਕਦੀ ਹਮਲਾਵਰ ਨਹੀਂ ਹੋਏ ਪਰ ਹੋਰਾਂ ਦੇ ਕੀਤੇ ਹਮਲੇ ਦਾ ਮੂੰਹ ਤੋੜ ਜਵਾਬ ਦਿੰਦੇ ਹਨ। ਉਹ ਪਹਿਲਾਂ ਵਾਰ ਕਦੇ ਨਹੀਂ ਕਰਦੇ ਚਾਹੇ ਪਹਿਲਾ ਹਲਾ ਦੁਸ਼ਮਨ ਨੇ ਹੀ ਬੋਲਿਆ ਹੋਵੇ। ਉਹ ਨਿਹੱਥੇ, ਕਾਇਰ ਤੇ ਭਗੌੜੇ 'ਤੇ ਵਾਰ ਨਹੀਂ ਕਰਦੇ । ਪਰਾਈ ਇਸਤਰੀ ਵੱਲ ਨਹੀਂ ਝਾਕਦੇ, ਉਸਨੂੰ ਮਾਂ ਭੈਣ ਜਾਂ ਧੀ ਦਾ ਦਰਜਾ ਦਿੰਦੇ ਹਨ । ਉਹ ਝੂਠ ਨਹੀਂ ਬੋਲਦੇ, ਚੋਰਾਂ ਯਾਰਾਂ ਦੀ ਸੰਗਤ ਨਹੀਂ ਕਰਦੇ।' ਅੰਗਰੇਜ਼ੀ ਰਾਜ ਵਿਚ ਸਿੱਖ ਦੀ ਗਵਾਹੀ ਹੀ ਜੱਜ ਦਾ ਫੈਸਲਾ ਬਣ ਜਾਂਦਾ ਸੀ, ਕਿਉਂਕਿ ਉਹ ਜਾਣਦੇ ਸੀ ਕਿ ਸਿੱਖ ਝੂਠ ਨਹੀਂ ਬੋਲਦਾ। ਉਹ ਨਿਸ਼ਚਿੰਤ ਹੋ ਕੇ ਆਪਣੀ ਮਾਂ, ਧੀ ਜਾਂ ਭੈਣ ਨੂੰ ਉਸ ਡੱਬੇ ਵਿਚ ਬਿਠਾ ਦਿੰਦੇ ਜਿੱਥੇ ਇਕ ਵੀ ਸਿੱਖ ਹੁੰਦਾ । ਇਹ ਆਦਰਸ਼ ਗੁਰੂ ਸਾਹਿਬ ਨੇ ਆਪਣਾ ਸਰਬੰਸ ਵਾਰ ਕੇ ਸਿੱਖਾਂ ਨੂੰ ਦਿੱਤੇ ਹਨ ਜਿਨਾਂ ਨੂੰ ਅੱਜ ਸੰਭਾਲਣ ਦੀ ਲੋੜ ਹੈ ।

ਕਹਿੰਦੇ ਹਨ ਨਾਦੌਨ ਦੇ ਮੈਦਾਨ-ਏ-ਜੰਗ ਵਿਚੋਂ ਸਿੱਖ ਹਾਰਨ ਵਾਲੇ ਨਵਾਬ ਦੇ ਮਾਲ ਅਸਬਾਬ ਦੇ ਨਾਲ ਉਸਦੀ ਲੜਕੀ ਨੂੰ ਵੀ ਚੁਕ ਕੇ ਲੈ ਆਏ । ਡੋਲਾ ਵੇਖਕੇ ਗੁਰੂ ਸਾਹਿਬ ਨੇ ਪੁਛਿਆ ਇਸ ਡੋਲੇ ਵਿਚ ਕੀ ਹੈ। ਸਿੱਖਾਂ ਨੇ ਉੱਤਰ ਦਿੱਤਾ, 'ਤੁਰਕ ਸਾਡੇ ਘਰ ਦੀਆਂ ਔਰਤਾਂ ਨੂੰ ਲੁੱਟ ਦਾ ਮਾਲ ਸਮਝ ਕੇ ਲੈ ਜਾਂਦੇ ਹਨ ਤਾਂ ਕੀ ਅਸੀਂ ਉਨਾਂ ਤੋਂ ਬਦਲਾ ਨਹੀਂ ਲਈ ਸਕਦੇ ?

ਸਭ ਸਿਖਨ ਪੁਛਨ ਗੁਨ ਖਾਣੀ
ਸਗਲ ਤੁਰਕ ਭੋਗੇ ਹਿੰਦਵਾਨੀ
ਸਿਖ ਬਦਲਾ ਲਈ ਭਲਾ ਜਣਾਵੈ
ਗੁਰ-ਸ਼ਾਸ਼ਤਰ ਕਿਓਂ ਵਰਜ ਹਟਾਵੈ ।।

ਗੁਰੂ ਸਾਹਿਬ ਨੇ ਬਹੁਤ ਗੁੱਸਾ ਕੀਤਾ ਤੇ ਕਹਿਣ ਲੱਗੇ ਅਸੀਂ ਸਿੱਖੀ ਨੂੰ ਉੱਚਾ ਲਿਜਾਣਾ ਹੈ, ਖਨਦ੍ਕੇ ਜਿਲਤ ਵਿਚ ਨਹੀ ਸੁਟਣਾ' ਕੋਲ ਗਏ ਬੱਚੀ ਦੇ ਸਿਰ ਤੇ ਹੱਥ ਫੇਰਿਆ ਕਹਿਣ ਲੱਗੇ' ਡਰ ਨਹੀਂ, ਤੂੰ ਇਹ ਸਮਝ ਆਪਣੇ ਪਿਤਾ ਦੇ ਘਰ ਆਈ ਹੈਂ' ਸਿੱਖਾਂ ਨੂੰ ਹੁਕਮ ਦਿੱਤਾ ਕਿ ਬੱਚੀ ਨੂੰ ਬਾ-ਇਜ਼ਤ ਇਸਦੇ ਪਿਤਾ ਦੇ ਘਰ ਛੋੜ ਕੇ ਆਉ।'

ਉਂਜ ਤਾਂ ਸਿੱਖਾਂ ਦਾ ਸਾਰਾ ਇਤਿਹਾਸ ਸ਼ਹੀਦੀਆਂ ਨਾਲ ਭਰਿਆ ਹੈ ਪਰ 300 ਸਾਲ ਦੇ ਦੌਰਾਨ ਜਿਹੜੇ ਕਹਿਰ ਸਿਖਾਂ ਉਪਰ ਢਾਹੇ ਗਏ ਸਨ ਉਨਾਂ ਵਿਚ ਸਾਕਾ ਚਮਕੌਰ, ਸਾਕਾ ਸਰਹੰਦ, ਛੋਟਾ ਤੇ ਵੱਡਾ ਘੱਲੂਘਾਰਾ ਤੋਂ ਬਾਅਦ ਵਿਚ 1984 ਦਾ ਕਤਲੇਆਮ। ਇਤਿਹਾਸ ਗਵਾਹ ਹੈ ਕਿ ਤਸੀਹੇ ਤੇ ਤਬਾਹੀ ਦੇ ਤੂਫਾਨਾਂ ਵਿਚੋਂ ਗੁਜ਼ਰਦਿਆਂ ਵੀ ਸਿੱਖਾਂ ਨੇ ਹਰ ਹਾਲ ਆਪਣੀ ਹਸਤੀ ਨੂੰ ਬਰਕਰਾਰ ਰਖਿਆ। ਇਹ ਕਮਾਲ ਗੁਰੂ ਗੋਬਿੰਦ ਸਿੰਘ ਜੀ ਦਾ ਹੀ ਹੈ, ਜਿਨਾਂ ਨੇ ਸਿੱਖੀ ਵਿਚ ਆਉਣ ਦੀ ਪਹਿਲੀ ਸ਼ਰਤ ਹੀ ਸੀਸ ਕੁਰਬਾਨ ਕਰਨ ਦੀ ਰੱਖੀ ਤੇ ਹਰ ਮੁਸ਼ਕਿਲ ਘੜੀ ਵਿਚ ਸਿੱਖ ਨੂੰ ਡੋਲਣ ਨਹੀਂ ਦਿੱਤਾ, ਜਿਸਦਾ ਅਸਰ ਸਦੀਆਂ ਤੱਕ ਰਿਹਾ ਤੇ ਅੱਜ ਵੀ ਹੈ।

ਉਨਾਂ ਨੇ ਆਪ ਵੀ ਕੌਮ ਦੇ ਆਤਮ ਸਨਮਾਨ, ਗਰੀਬਾਂ, ਮਜ਼ਲੂਮਾਂ, ਤੇ ਇਨਸਾਫ਼ ਲਈ ਜੂਝਦਿਆਂ ਅਨੇਕਾਂ ਕੁਰਬਾਨੀਆਂ ਦਿੱਤੀਆਂ ਪਰ ਜੋ ਆਦਰਸ਼ ਨੀਅਤ ਕੀਤੇ ਉਨਾਂ ਤੋਂ ਮੂੰਹ ਨਹੀਂ ਮੋੜਿਆ, ਸਮਝੌਤਾ ਨਹੀਂ ਕੀਤਾ। ਤਾਜੋ ਤਖ਼ਤ ਹੋਵੇ ਜਾ ਮਾਛੀਵਾੜੇ ਦੇ ਜੰਗਲਾਂ ਵਿਚ, ਨੰਗੇ ਪੈਰੀਂ, ਭੁੱਖੇ-ਭਾਣੇ, ਖੁੱਲੇ ਆਸਮਾਨ ਹੇਠ ਹੋਣ ਜਾਂ ਭਿਆਨਕ ਜੰਗਲਾਂ ਵਿਚ, ਪੋਹ ਦੀਆਂ ਕਾਲੀਆਂ ਬੋਲੀਆਂ ਠੰਡੀਆਂ ਰਾਤਾਂ ਹੋਣ, ਕੋਈ ਵੀ ਉਨਾਂ ਨੂੰ ਝੁਕਾ ਨਹੀਂ ਸਕਿਆ, ਡਰਾ ਨਹੀਂ ਸਕਿਆ ਚਾਹੇ ਉਹ ਰਾਜਾ-ਮਹਾਰਾਜਾ, ਹਾਕਮ ਜਾਂ ਹਿੰਦੁਸਤਾਨ ਦਾ ਬਾਦਸ਼ਾਹ ਵੀ ਕਿਉਂ ਨਾ ਹੋਵੇ ।

ਜਦੋਂ ਲੜਾਈਆਂ ਦੀ ਖਬਰ ਦੱਖਣ ਵਿਚ ਔਰੰਗਜ਼ੇਬ ਨੂੰ ਪਹੁੰਚੀ ਤਾਂ ਘਬਰਾ ਕੇ ਉਸਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਚਿਠੀ ਲਿਖੀ । 'ਮੇਰਾ ਤੇ ਤੁਹਾਡਾ ਇਕ ਰੱਬ ਨੂੰ ਮੰਨਣ ਵਾਲਾ ਧਰਮ ਹੈ, ਤੁਹਾਨੂੰ ਮੇਰੇ ਨਾਲ ਸੁਲਾ ਸਫਾਈ ਨਾਲ ਰਹਿਣਾ ਚਾਹੀਦਾ ਹੈ। ਮੈਨੂੰ ਇਹ ਬਾਦਸ਼ਾਹੀ ਰੱਬ ਨੇ ਦਿੱਤੀ ਹੈ, ਤੁਹਾਨੂੰ ਮੇਰਾ ਹੁਕਮ ਮੰਨਣਾ ਚਾਹੀਦਾ ਹੈ, ਲੜਾਈ ਝਗੜੇ ਨਹੀਂ ਕਰਨੇ ਚਾਹੀਦੇ।' ਗੁਰੂ ਸਾਹਿਬ ਨੇ ਜਵਾਬ ਦਿੱਤਾ, 'ਜਿਸ ਰੱਬ ਨੇ ਤੈਨੂੰ ਬਾਦਸ਼ਾਹੀ ਦਿੱਤੀ ਹੈ ਉਸੇ ਰੱਬ ਨੇ ਮੈਨੂੰ ਸੰਸਾਰ ਵਿਚ ਭੇਜਿਆ ਹੈ । ਤੈਨੂੰ ਉਸਨੇ ਇਨਸਾਫ਼ ਤੇ ਪਰਜਾ ਦੇ ਹਿਤ ਵਾਸਤੇ ਭੇਜਿਆ ਹੈ ਪਰ ਤੂੰ ਉਸਦਾ ਹੁਕਮ ਭੁਲ ਗਿਆਂ ਹੈਂ । ਜੋ ਆਪਣੇ ਰੱਬ ਨੂੰ ਭੁਲ ਜਾਏ ਉਸਦੇ ਹੁਕਮ ਨੂੰ ਭੁਲ ਜਾਏ ਉਸਦਾ ਸਾਡਾ ਕੀ ਮੇਲ। ਫਿਰ ਜਿਨਾਂ ਹਿੰਦੂਆਂ 'ਤੇ ਤੂੰ ਜੁਲਮ ਕਰ ਰਿਹਾਂ ਹੈਂ ਉਹ ਉਸੇ ਰੱਬ ਦੇ ਬੰਦੇ ਹਨ ਜਿਸਨੇ ਤੈਨੂੰ ਬਾਦਸ਼ਾਹੀ ਦਿੱਤੀ ਹੈ ਪਰ ਤੂੰ ਉਨਾਂ ਨੂੰ ਰੱਬ ਦੇ ਬੰਦੇ ਨਹੀ ਸਮਝਿਆ, ਉਨਾਂ ਦੇ ਧਰਮ ਤੇ ਧਰਮ ਸਥਲਾਂ ਦੀ ਨਿਰਾਦਰੀ ਕਰਦਾ ਰਿਹਾਂ ਹੈਂ । ਹਕੂਮਤ ਨੂੰ ਤੇ ਫਿਰ ਹਿੰਦੁਸਤਾਨ ਦੇ ਬਾਦਸ਼ਾਹ ਨੂੰ ਇਸ ਤਰਾਂ ਦਾ ਜਵਾਬ ਦੇਣਾ ਦਲੇਰੀ ਦੀ ਚਰਮ ਸੀਮਾ ਹੈ।

ਜਦੋਂ ਬਹਾਦੁਰ ਸ਼ਾਹ, ਹਿੰਦੁਸਤਾਨ ਦੇ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਨੰਦ ਲਾਲ ਦੇ ਹੱਥ ਸਨੇਹਾ ਭੇਜਿਆ ਤੇ ਮਿਲਣ ਲਈ ਕਿਹਾ ਤਾਂ ਗੁਰੂ ਸਾਹਿਬ ਨੇ ਇਨਕਾਰ ਕਰ ਦਿੱਤਾ । ਬਹਾਦੁਰ ਸ਼ਾਹ ਹੰਕਾਰ ਕਰਦਿਆਂ ਕ੍ਰੋਧ ਵਿਚ ਬੋਲਿਆ 'ਉਹ ਕੌਣ ਬੰਦਾ ਹੈ ਜੋ ਮੁਗਲ ਸਾਮਰਾਜ ਨਾਲ ਟੱਕਰ ਲੈ ਸਕੇ । ਗਜਨੀ ਤੋਂ ਕੰਨਿਆ ਕੁਮਾਰੀ ਤੱਕ ਇਸਦੇ ਸਾਹਮਣੇ ਕੋਈ ਨਹੀਂ ਟਿਕਿਆ । ਇਹ ਪਹਾੜਾਂ ਨੂੰ ਚੀਰਨ ਤੇ ਦਰਿਆਵਾਂ ਨੂੰ ਪਾਰ ਕਰਨ ਵਾਲੀ ਕੌਮ ਹੈ । ਮੈਂ ਗੁਰੂ ਦਾ ਲਿਹਾਜ਼ ਕਰਦਾ ਹਾਂ ਰੱਬ ਦਾ ਫ਼ਕੀਰ ਸਮਝਕੇ।' ਬਹਾਦਰ ਸ਼ਾਹ ਬਹੁਤ ਜਲਦੀ ਭੁਲ ਗਿਆ ਸੀ ਕਿ ਬਾਦਸ਼ਾਹੀ ਵੀ ਉਸਨੇ ਗੁਰੂ ਸਾਹਿਬ ਦੀ ਮਦਦ ਨਾਲ ਹਾਸਲ ਕੀਤੀ ਸੀ। ਪਰ ਫਿਰ ਉਸ ਕੋਲੋਂ ਰਿਹਾ ਨਾ ਗਿਆ ਤੇ ਮੱਲੋ-ਮਲੀ ਮਿਲਣ ਵਾਸਤੇ ਆ ਗਿਆ। ਜ਼ਖਮ ਕੁਰੇਦਣ ਲਈ ਪੁਛਦਾ ਹੈ, ਕੈਸੀ ਗੁਜਰੀ ? ਗੁਰੂ ਸਾਹਿਬ ਦਾ ਜਵਾਬ ਸੀ।

'ਮੈਂ ਬੁਲੰਦੀ ਸੇ ਗੁਜਰਾ, ਮੈਂ ਪਸਤੀ ਸੇ ਗੁਜਰਾ
ਜਹਾਂ ਸੇ ਭੀ ਗੁਜਰਾ ਬੜੀ ਮਸਤੀ ਸੇ ਗੁਜਰਾ'

ਗੁਰੂ ਸਾਹਿਬ ਨੂੰ ਖੁਸ਼ ਕਰਨ ਲਈ ਇਕ ਕੀਮਤੀ ਹੀਰਾ ਤੇ ਕੁਝ ਹੋਰ ਚੀਜ਼ਾਂ ਤੋਹਫੇ ਵਜੋਂ ਲੈ ਕੇ ਆਇਆ। ਗੁਰੂ ਸਾਹਿਬ ਨੇ ਚੀਜ਼ਾਂ ਤਾਂ ਸਿੱਖਾਂ ਨੂੰ ਦੇ ਦਿੱਤੀਆਂ ਕਿ ਲੋੜਵੰਦਾਂ ਵਿਚ ਵੰਡ ਦਿਉ, ਹੀਰਾ ਨਦੀ ਵਿਚ ਸੁੱਟ ਦਿੱਤਾ। ਬਹਾਦਰ ਸ਼ਾਹ ਨੂੰ ਬੜੀ ਬੇਇਜ਼ਤੀ ਮਹਿਸੂਸ ਹੋਈ। ਕਹਿਣ ਲੱਗਾ ਇਹ ਹੀਰਾ ਬੜਾ ਕੀਮਤੀ ਸੀ, ਮੈਂ ਇਸਨੂੰ ਬੜੀ ਦੇਰ ਦਾ ਸੰਭਾਲ ਕੇ ਰੱਖਿਆ ਸੀ। ਤੁਸੀਂ ਇਸ ਨੂੰ ਦਰਿਆ ਵਿਚ ਸੁੱਟ ਦਿੱਤਾ ਹੈ ? ਗੁਰੂ ਸਾਹਿਬ ਨੇ ਜਵਾਬ ਵਿਚ ਕਿਹਾ, 'ਤੁਸੀਂ ਮਨੁਖੀ ਹਿਰਦੇ ਜੋ ਹੀਰਿਆ ਤੋਂ ਵਧ ਕੀਮਤੀ ਹਨ, ਹਥੋੜਿਆ ਨਾਲ ਤੋੜ ਰਹੇ ਹੋ ਤੇ ਪੱਥਰ ਨੂੰ ਸੰਭਾਲ ਕੇ ਰੱਖਦੇ ਹੋ, ਹਿੰਦ ਦੇ ਬਾਦਸ਼ਾਹ ਹੋ, ਹਿੰਦੂਆਂ ਨੂੰ ਗੁਲਾਮ ਬਣਾ ਕੇ ਆਗਰੇ ਤੇ ਦਿੱਲੀ ਦੇ ਖ਼ਜ਼ਾਨੇ ਭਰਦੇ ਹੋ। ਪਰ ਕੁਦਰਤ ਕੋਲ ਤੁਹਾਡੇ ਤੋਂ ਵੱਡੇ ਖ਼ਜ਼ਾਨੇ ਹਨ। ਰਤਾ ਨਦੀ ਦੇ ਨਿਰਮਲ ਜਲ ਵਿਚ ਝਾਤ ਮਾਰਕੇ ਦੇਖੋ ਇਸਦੀ ਗੋਦ ਵਿਚ ਕਿੰਨੇ ਹੀਰੇ, ਪੰਨੇ ਤੇ ਲਾਲ ਹਨ, ਲੋੜ ਹੈ ਤਾਂ ਚੁਕ ਲਵੋ। ਬਹਾਦਰ ਸ਼ਾਹ ਬੜਾ ਸ਼ਰਮਿੰਦਾ ਹੋਇਆ ।

ਉਸਨੇ ਬੰਦਾ ਬਹਾਦੁਰ ਬਾਰੇ ਪੁਛਿਆ ? ਗੁਰੂ ਸਾਹਿਬ ਨੇ ਕਿਹਾ ਕਿ ਧਰਮ ਤੇ ਮਨੁਖਤਾ ਦੇ ਵੇਰੀਆਂ ਨੂੰ ਸੋਧਣ ਦਾ ਕੰਮ ਜੋ ਤੁਸੀਂ ਬਾਦਸ਼ਾਹ ਹੋ ਕੇ ਨਹੀ ਕਰ ਸਕੇ ਉਹ ਬੰਦਾ ਬਹਾਦਰ ਕਰੇਗਾ। ਗੁਰੂ ਸਾਹਿਬ ਦਾ ਇਹ ਵਾਕ ਸੱਚ ਹੋ ਕੇ ਨਿਬੜਿਆ। ਬੰਦਾ ਬਹਾਦਰ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ। 26 ਨਵੰਬਰ 1708 ਨੂੰ ਬਾਬਾ ਬੰਦਾ ਸਿੰਘ ਬਹਾਦੁਰ ਨੇ ਸਿੱਖ ਫੌਜ ਲੈ ਕੇ ਸਰਹੰਦ ਵੱਲ ਕੂਚ ਕੀਤਾ। ਸਮਾਣੇ ਪਹੁੰਚਿਆ। ਇਥੇ ਗੁਰੂ ਤੇਗ ਬਹਾਦਰ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲੇ ਜਲਾਦਾਂ, ਸਯਦ ਜਲਾਲੁਦੀਨ ਤੇ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨੂੰ ਕਤਲ ਕਰਕੇ, 24 ਘੰਟੇ ਦੇ ਅੰਦਰ ਅੰਦਰ ਸਮਾਣੇ 'ਤੇ ਕਬਜਾ ਕਰ ਲਿਆ । ਸ਼ਾਹਬਾਦ-ਡਸਕਾ -ਮੁਸਤਫਾਬਾਦ ਤੇ ਖਾਲਸੇ ਦਾ ਨਿਸ਼ਾਨ ਸਾਹਿਬ ਝੁਲਾ ਦਿੱਤਾ । ਫਿਰ ਕਪੂਰੇ ਕਸਬੇ ਵੱਲ ਵਧੇ, ਜਿਥੋਂ ਦਾ ਹਾਕਮ ਕਦਾਮੁਦੀਨ ਸਿੱਖਾਂ ਦੇ ਖਿਲਾਫ਼ ਲੁੱਟਮਾਰ ਕਰਨ ਲਈ ਫੌਜੀ ਦਸਤੇ ਭੇਜਿਆ ਕਰਦਾ ਸੀ, ਭਿਆਨਕ ਸਜਾ ਦਿੱਤੀ । ਸਢੌਰੇ ਵੱਲ ਤੁਰ ਪਏ, ਇਥੋਂ ਦੇ ਸ਼ਾਸ਼ਕ ਉਸਮਾਨ ਖਾਨ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪਿਆਰੇ ਮਿੱਤਰ ਪੀਰ ਬੁਧੂ ਸ਼ਾਹ ਨੂੰ ਬੜੇ ਤਸੀਹੇ ਦੇ ਕੇ ਕਤਲ ਕੀਤਾ ਸੀ । ਉਸ ਨੂੰ ਉਸ ਦੀ ਕਰਨੀ ਦੀ ਸਜਾ ਦੇ ਕੇ ਮੁਖਲਿਸ ਖਾਨ ਦੇ ਕਿਲੇ 'ਤੇ ਕਬਜਾ ਕਰ ਲਿਆ। ਘੜਾਮ ਜੋ ਸਈਦ ਪਠਾਣਾਂ ਦਾ ਗੜ ਸੀ ਮਿੱਟੀ ਦੇ ਢੇਰ ਵਿਚ ਬਦਲ ਕੇ ਰੱਖ ਦਿੱਤਾ। ਇਸਤੋਂ ਬਾਅਦ ਸਰਹੰਦ ਦੀ ਵਾਰੀ ਆਈ । ਵਜ਼ੀਰ ਖਾਨ ਤੇ ਲੜਾਈ ਦੇ ਮੈਦਾਨ ਵਿਚ ਫਤਿਹ ਸਿੰਘ ਨੇ ਤਲਵਾਰ ਨਾਲ ਐਸਾ ਵਾਰ ਕੀਤਾ ਕਿ ਉਸਦੀ ਬਾਂਹ ਕੱਟੀ ਗਈ, ਉਹ ਜਮੀਨ 'ਤੇ ਡਿਗ ਪਿਆ, ਜਿਸ ਨੂੰ ਦੇਖ ਕੇ ਉਸਦੀਆਂ ਸਾਰੀਆਂ ਫੌਜਾਂ ਨਸ ਤੁਰੀਆਂ। ਵਜ਼ੀਰ ਖਾਨ ਦੀਆਂ ਲੱਤਾਂ ਵਿਚ ਰੱਸੀ ਬੰਨ ਕੇ ਘੋੜੇ ਦੇ ਪਿਛੇ ਬੰਨ ਦਿੱਤਾ ਤੇ ਸਾਰੇ ਸ਼ਹਿਰ ਵਿਚ ਘਸੀਟਿਆ। ਮਲੇਰਕੋਟਲੇ ਦੇ ਨਵਾਬ ਨੇ ਕਿਸੇ ਸਿੱਖ ਬੀਬੀ ਨੂੰ ਕਬਰ ਵਿਚ ਦਫਨ ਕੀਤਾ ਸੀ । ਕਬਰ ਪੁਟਵਾ ਕੇ ਬੀਬੀ ਦਾ ਸਿੱਖ ਮਰਿਆਦਾ ਨਾਲ ਸਸਕਾਰ ਕੀਤਾ । ਵਜ਼ੀਰ ਖਾਨ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਬਸ ਇੱਥੇ ਸਿੱਖਾਂ ਤੇ ਮੁਗਲਾਂ ਵਲੋਂ ਹੋਏ ਅਤਿਆਚਾਰਾਂ ਦਾ ਬਦਲਾ ਪੂਰਾ ਹੋਇਆ ਜਿਸਦੀ ਮਾਫ਼ੀ ਵੀ ਬੰਦਾ ਬਹਾਦਰ ਨੇ ਗੁਰੂ ਸਾਹਿਬ ਅੱਗੇ ਅਰਦਾਸ ਕਰਕੇ ਮੰਗੀ ਕਿਉਂਕਿ ਬਦਲਾ ਲੈਣਾ ਨਾ ਗੁਰੂ ਸਾਹਿਬ ਦੀ ਬੰਦਾ ਬਹਾਦਰ ਨੂੰ ਹਦਾਇਤ ਸੀ ਨਾ ਉਨਾਂ ਦਾ ਕੋਈ ਮਕਸਦ।

ਸਰਹੰਦ ਤੇ ਖਾਲਸਾਈ ਫ਼ਤਿਹ ਦਾ ਕੇਸਰੀ ਨਿਸ਼ਾਨ ਸਾਹਿਬ ਬੁਲੰਦ ਹੋਏ। ਪਹਿਲੀ ਵਾਰੀ ਸਿੱਖ ਸਲਤਨਤ ਕਾਇਮ ਹੋਈ। ਗੁਰੂ ਗੋਬਿੰਦ ਸਿੰਘ ਦੇ ਨਾਂ ਦਾ ਸਿਕਾ ਚਲਿਆ ।

**ਦੇਗ ਤੇਗ ਫਤਿਹ ਨੁਸਰਤ ਬੇ ਦਰੰਗ**
**ਯਫਤ ਅਜ ਨਾਨਕ**
**ਗੁਰੂ ਗੋਬਿੰਦ ਸਿੰਘ ।।**

ਮੇਕਗਰੇਗਰ ਲਿਖਦੇ ਹਨ' ਜੇ ਅਸੀਂ ਗੁਰੂ ਗੋਬਿੰਦ ਸਿੰਘ ਦੇ ਕੀਤੇ ਕੰਮਾਂ ਨੂੰ ਵਾਚੀਏ, ਉਨਾਂ ਦੇ ਧਾਰਮਿਕ ਸੁਧਾਰ, ਕੌਮੀ ਸ਼ਕਤੀ, ਉਨਾਂ ਦੀ ਨਿੱਜੀ ਬਹਾਦਰੀ ਅਤੇ ਦੁਖਾਂ ਦਾ ਇਸਤਕਬਾਲ ਦਾ ਇਤਿਹਾਸ, ਦੁਖਾਂ ਦਾ ਟਾਕਰਾ ਕਰਦੇ ਵੇਖੀਏ, ਦੁਸ਼ਮਣ ਦਾ ਮੁਕਾਬਲਾ ਕਰਦੇ ਤੇ ਉਨਾਂ ਦੀਆਂ ਜਿੱਤਾਂ ਨੂੰ ਦੇਖੀਏ ਤਾਂ ਸਮਝ ਆ ਜਾਂਦੀ ਹੈ ਕਿ ਅੱਜ ਤੱਕ ਉਨਾਂ ਦੇ ਸਨਮਾਨ ਵਜੋਂ ਲੋਕੀਂ ਕਿਉਂ ਉਨਾਂ ਦਾ ਪੁਰਬ ਮਨਾਉਂਦੇ ਹਨ । ਦੌਲਤ ਰਾਇ ਲਿਖਦੇ ਹਨ 'ਗੁਰੂ ਗੋਬਿੰਦ ਸਿੰਘ ਯੋਧਾ ਕੌਮਪ੍ਰਸਤ ਲੋਕਾਂ ਦੇ ਮਦਦਗਾਰ, ਲੋਕਾਂ ਦਾ ਪਿਆਰ ਦਿਲ ਵਿਚ ਲੈ ਕੇ ਆਪਣੇ ਨਿਸ਼ਾਨੇ ਵੱਲ ਵਧੇ, ਜਿਸ ਵਿਚ ਆਪਣੇ ਖਾਨਦਾਨ ਦੀ ਆਹੂਤੀ ਦੇਣ ਤੋਂ ਵੀ ਸੰਕੋਚ ਨਾ ਕੀਤਾ ।ਪਿਛਲੇ 350 ਸਾਲ ਤੋਂ ਗੁਰੂ ਸਾਹਿਬ ਦਾ ਜੀਵਨ, ਉਨਾਂ ਦਾ ਫਲਸਫਾ, ਉਨਾਂ ਦੇ ਕਾਰਨਾਮੇ ਦੇਸ਼ ਵਿਦੇਸ਼ ਦੇ ਲੋਕਾਂ ਨੂੰ ਪ੍ਰਭਾਵਿਤ ਕਰਦੇ ਆ ਰਹੇ ਹਨ। ਉਹ ਇਕ ਐਸੇ ਆਦਰਸ਼ਕ ਨਾਇਕ ਸਨ ਜਿਨਾਂ ਦਾ ਜੀਵਨ ਤੇ ਕੁਰਬਾਨੀਆਂ ਦੇਸ਼ ਲਈ ਸਦਾ ਪ੍ਰੇਰਨਾ ਬਣਿਆ ਰਹੇਗਾ।'

ਵਰਤਮਾਨ ਸਿੱਖ ਪੰਥ ਭਾਵੇਂ ਆਪਣੀ ਹਸਤੀ, ਆਪਣੀ ਤਵਾਰੀਖ ਤੋਂ ਬੇਖਬਰ ਹੈ ਪਰ ਇਹ ਲਾਸਾਨੀ ਕੁਰਬਾਨੀਆਂ ਸਿੱਖਾਂ ਦੇ ਉਜਵਲ ਭਵਿੱਖ ਦੀਆਂ ਨਿਸ਼ਾਨੀਆਂ ਹਨ ਜਿਸ ਵਿਚ ਮਨੁੱਖਤਾ ਦਾ ਕਲਿਆਣ ਨਾ ਸਿਰਫ ਭਾਰਤਵਰਸ਼ ਵਿਚ ਹੋਇਆ ਹੈ ਸਗੋਂ ਉਸਤੋਂ ਬਾਅਦ ਦੁਨੀਆਂ ਵਿਚ ਆਉਣ ਵਾਲੀਆਂ ਸਾਰੀਆਂ ਕ੍ਰਾਂਤੀਆਂ ਤੇ ਦੇਸ਼ਵਾਸੀਆਂ ਉਪਰ ਹੋਇਆ ਹੈ । ਉਨਾਂ ਦੀਆਂ ਕੋਸ਼ਿਸ਼ਾਂ ਨੇ ਨਾ ਸਿਰਫ ਊਚ-ਨੀਚ, ਜਾਤ-ਪਾਤ ਤੇ ਕਰਮ-ਕਾਂਡਾਂ ਦੇ ਭਰਮ-ਜਾਲ ਨੂੰ ਤੋੜਿਆ ਹੈ ਸਗੋਂ ਮੁਗਲ ਸਮਰਾਜ ਤੇ ਜਾਬਰ ਹਕੂਮਤ ਦੀਆਂ ਜੜਾਂ ਹਿਲਾ ਕੇ ਰੱਖ ਦਿੱਤੀਆਂ ।

ਇਕ ਮੁਸਲਿਮ ਨਾਮੀਂ ਸ਼ਾਇਰ ਅਲਾ ਯਾਰ ਖਾਨ ਜੋਗੀ ਲਿਖਦਾ ਹੈ 'ਦੁਨੀਆਂ ਦੇ ਲੋਕੋ ਅਗਰ ਤੁਸੀਂ ਸਾਰੀ ਉਮਰ ਗੁਰੂ ਗੋਬਿੰਦ ਸਿੰਘ ਜੀ ਤੇ ਬੋਲਦੇ ਰਹੋਗੇ ਤੇ ਬੋਲ ਨਹੀਂ ਸਕੋਗੇ। ਤੁਸੀਂ ਸਮੁੰਦਰ ਨੂੰ ਸ਼ਾਹੀ ਬਣਾ ਲਉ, ਸਾਰੇ ਦਰੱਖਤਾਂ ਨੂੰ ਕਲਮਾਂ ਬਣਾ ਲਉ, ਲਿਖ ਨਹੀਂ ਸਕੋਗੇ । ਉਸਨੇ ਬੋਲਣ ਵਾਲੇ ਦੇ ਵਜੂਦ ਦਾ ਇਕ ਬੁਲਬੁਲੇ ਨਾਲ ਮੁਕਾਬਲਾ ਕੀਤਾ ਹੈ ਤੇ ਗੁਰੂ ਗੋਬਿੰਦ ਸਿੰਘ ਦੇ ਗੁਣਾ ਦਾ ਸਮੁੰਦਰ ਨਾਲ।ਇਸ ਸ਼ਾਇਰ ਨੂੰ ਕਾਫ਼ਰ ਕਰਾਰ ਦਿੱਤਾ ਗਿਆ ਕਿਉਂਕਿ ਇਸਦੀ ਸਾਰੀ ਦੀ ਸਾਰੀ ਸ਼ਾਇਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਸੀ । ਜਦੋਂ ਇਹ ਮੌਤ ਦੇ ਬਿਸਤਰ ਤੇ ਪਿਆ ਸੀ ਤਾਂ ਕਾਜ਼ੀ ਮਾਫੀਨਾਮਾ ਲੈ ਕੇ ਆਉਂਦਾ ਹੈ , ਕਹਿੰਦਾ ਹੈ ਕਿ ਤੂੰ ਸਾਰੀ ਜਿੰਦਗੀ ਆਪਣੀ ਸ਼ਾਇਰ ਵਿਚ ਇਕ ਕਾਫਰ ਦੀ ਤਰੀਫ ਕਰਦਾ ਰਿਹਾਂ ਹੈ ਹੁਣ ਮਰਨ ਵੇਲੇ ਇਸ ਮਾਫ਼ੀਨਾਮੇ ਤੇ ਦਸਤਖਤ ਕਰਦੇ ਤਾਕਿ ਤੇਰੀ, ਨਮਾਜ਼ੇ-ਮਜੀਤ ਤੇ ਨਮਾਜ਼ੇ-ਜਨਾਜਾ ਪੜ ਕੇ ਤੈਨੂੰ ਇਸਲਾਮੀ ਸ਼ਰਾ ਦੇ ਮੁਤਾਬਿਕ ਦਫਨ ਕੀਤਾ ਜਾਏ । ਉਸਨੇ ਜਵਾਬ ਦਿੱਤਾ, ਮੈਨੂੰ ਨਮਾਜ਼ੇ-ਮਜੀਤ ਤੇ ਨਮਾਜ਼ੇ-ਜਨਾਜਾ ਦੀ ਲੋੜ ਨਹੀਂ, ਨਾ ਹੀ ਇਸਲਾਮੀ ਸ਼ਰਾ ਦੇ ਮੁਤਾਬਿਕ ਕਫਨ ਦਫਨ ਦੀ ਲੋੜ ਹੈ, ਨਾ ਸਵਰਗ ਦੇ ਖੁੱਲੇ ਦਰਵਾਜ਼ੇ ਦੀ।

**ਬਾਕੀ ਸਫ਼ਾ 31 'ਤੇ**

# ਗੁਰਮਤਿ ਦੇ ਵਿਆਖਿਆਕਾਰ : ਗਿ. ਬਿਸ਼ਨ ਸਿੰਘ ਲੱਖੂਵਾਲ



**ਭਾਈ ਰਵਿੰਦਰ ਸਿੰਘ ਖਾਲਸਾ**
**ਪ੍ਰਿੰਸੀਪਲ, ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ, ਤਲਵੰਡੀ ਸਾਬੋ, (ਬਠਿੰਡਾ)**

ਵਿਆਖਿਆਕਾਰੀ ਉਹ ਸਿਰਜਨਾਤਮਕ ਕਲਾ ਹੈ ਜੋ ਕਿਸੇ ਸਾਹਿਤਕ ਕ੍ਰਿਤ ਦੇ ਵਿਚਾਰਾਂ, ਭਾਵਾਂ ਤੇ ਭਾਵਨਾਵਾਂ ਨੂੰ ਸਪੱਸ਼ਟ ਕਰਨ ਦਾ ਯਤਨ ਕਰਦੀ ਹੈ। ਧਰਮ ਗ੍ਰੰਥਾਂ ਵਿਚ ਅਤੇ ਸਮੁੱਚੇ ਧਾਰਮਿਕ ਖੇਤਰ ਵਿਚ ਭਾਸ਼ਾ ਦਾ ਸਰੂਪ ਵਿਵਹਾਰਕ ਗਿਆਨ ਦੀ ਭਾਸ਼ਾ ਨਾਲੋਂ ਵੱਖਰਾ ਹੁੰਦਾ ਹੈ ਕਿਉਂਕਿ ਧਾਰਮਿਕ ਅਨੁਭਵ

ਇਕ ਵਿਸ਼ੇਸ਼ ਪ੍ਰਾਕ੍ਰਿਤੀ ਵਾਲਾ ਅਨੁਭਵ ਗਿਆਨ ਹੁੰਦਾ ਹੈ। ਇਸ ਗਿਆਨ ਦੇ ਪ੍ਰਗਟਾਵੇ ਤੇ ਪ੍ਰਚਾਰ ਦਾ ਪਹਿਲਾ ਉੱਦਮ ਇਸ ਦੀ ਵਿਆਖਿਆ ਹੀ ਹੈ। ਦੂਸਰੇ ਸ਼ਬਦਾਂ ਵਿਚ ਕਿਸੇ ਧਰਮ ਦੇ ਧਰਮ ਗ੍ਰੰਥ ਦੀ ਮੂਲ ਬਾਣੀ ਜਾਂ ਲਿਖਤ ਹੀ ਉਸ ਦੇ ਧਾਰਮਿਕ ਅਨੁਭਵ ਦੀ ਵਿਆਖਿਆ ਦਾ ਪਹਿਲਾ ਯਤਨ ਹੁੰਦਾ ਹੈ। ਧਰਮ

ਗ੍ਰੰਥਾਂ ਦੇ ਹੋਂਦ ਵਿਚ ਆ ਜਾਣ ਨਾਲ ਵੱਖਰੇ-ਵੱਖਰੇ ਦ੍ਰਿਸ਼ਟੀਕੋਣਾਂ ਤੋਂ ਉਸਦੇ ਮੂਲ ਸੰਦੇਸ਼ ਦੀ ਵਿਆਖਿਆ ਆਰੰਭ ਹੋ ਜਾਂਦੀ ਹੈ। ਇਸ ਤਰਾਂ ਵਿਆਖਿਆ ਦੀਆਂ ਕਈ ਸੰਪ੍ਰਦਾਵਾਂ ਜਾਂ ਪ੍ਰਣਾਲੀਆਂ ਹੋਂਦ ਵਿਚ ਆ ਜਾਂਦੀਆਂ ਹਨ। ਗੁਰਬਾਣੀ ਦੀ ਟੀਕਾਕਾਰੀ ਜਾਂ ਵਿਆਖਿਆਕਾਰੀ ਦੇ ਖੇਤਰ ਵਿਚ ਵੀ ਅਨੇਕਾਂ ਸੰਪ੍ਰਦਾਵਾਂ ਹੋਈਆਂ ਹਨ। ਅੱਜ ਜਿੰਨੇ ਵੀ ਪ੍ਰਸਿੱਧ ਵਿਆਖਿਆਕਾਰਾਂ ਦੇ ਨਾਮ ਹਨ ਉਹ ਸੰਪ੍ਰਦਾਈ ਗਿਆਨੀਆਂ ਵਿਚੋਂ ਹੀ ਹਨ ਜਿਵੇਂ ਭਾਈ ਚੰਦਾ ਸਿੰਘ, ਭਾਈ ਹਜ਼ਾਰਾ ਸਿੰਘ, ਸੰਤ ਸੰਗਤ ਸਿੰਘ, ਬਾਬਾ ਹਰਨਾਮ ਸਿੰਘ, ਸੰਤ ਬਿਸ਼ਨ ਸਿੰਘ, ਸੰਤ ਸੁੰਦਰ ਸਿੰਘ ਭਿੰਡਰਾਂਵਾਲੇ, ਸੰਤ ਗੁਰਬਚਨ ਸਿੰਘ ਭਿੰਡਰਾਂਵਾਲੇ, ਸੰਤ ਅਮੀਰ ਸਿੰਘ ਆਦਿ।

ਇਸੇ ਹੀ ਸੰਪ੍ਰਦਾ ਵਿੱਚੋਂ ਇਕ ਹੋਰ ਨਾਮ ਹੈ ਗਿਆਨੀ ਬਿਸ਼ਨ ਸਿੰਘ ਲੱਖੂਵਾਲ, ਜਿਨਾਂ ਨੇ ਵੀਹ ਸਾਲ ਕਰੜੀ ਘਾਲਣਾ ਕਰਕੇ ਗੁਰਬਾਣੀ ਵਿਆਖਿਆਕਾਰੀ ਦਾ ਕਾਰਜ ਕੀਤਾ ਪਰ ਗੁਰਮਤਿ ਦਾ ਇਹ

ਵਿਆਖਿਆਕਾਰ ਅੱਜ ਤੱਕ ਅਣਗੌਲਿਆ ਰਿਹਾ।

ਗਿਆਨੀ ਬਿਸ਼ਨ ਸਿੰਘ ਦਾ ਜਨਮ 24 ਅਗਸਤ 1875 ਈ: ਨੂੰ ਬੀਬੀ ਭਾਗੋ ਦੀ ਕੁੱਖੋਂ ਸ੍ਰ. ਬੁਲਾਕਾ ਸਿੰਘ ਦੇ ਗ੍ਰਹਿ ਪਿੰਡ ਲੱਖੂਵਾਲ ਤਹਿ . ਅਜਨਾਲਾ ਜਿਲਾ ਅੰਮ੍ਰਿਤਸਰ ਵਿਖੇ ਹੋਇਆ। ਪਰਿਵਾਰ ਗੁਰਸਿੱਖੀ ਸਿਧਾਂਤਾਂ ਵਾਲਾ ਹੋਣ ਕਰਕੇ ਸੱਤ ਸਾਲ ਦੀ ਉਮਰ ਵਿਚ ਹੀ ਵੱਡੇ ਭਰਾ ਗਿਆਨੀ ਆਤਮਾ ਸਿੰਘ ਜੀ ਨਾਲ

ਲਾਹੌਰ ਰਹਿ ਕੇ ਭਾਈ ਹੀਰਾ ਸਿੰਘ ਗ੍ਰੰਥੀ ਕੋਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਪ੍ਰਾਪਤ ਕਰਨੀ ਸ਼ੁਰੂ ਕਰ ਦਿੱਤੀ। ਫਿਰ 1902 ਵਿਚ ਸ੍ਰੀ ਅੰਮ੍ਰਿਤਸਰ ਆ ਕੇ ਆਹਲੂਵਾਲੀਆ ਦੇ ਬੁੰਗੇ ਸ੍ਰੀਮਾਨ ਗਿਆਨੀ ਸੰਤ ਸਿੰਘ ਜੀ ਕੋਲ ਰਹਿ ਕੇ ਵਿਦਿਆ ਲੈਣੀ ਸ਼ੁਰੂ ਕੀਤੀ। ਇਸ ਤੋਂ ਇਲਾਵਾ ਬਾਬਾ ਸੁਮੇਰ ਸਿੰਘ ਪਟਨਾ ਸਾਹਿਬ ਅਤੇ ਭਾਈ ਵੀਰ ਸਿੰਘ ਜੀ ਦੇ ਪਿਤਾ ਡਾ. ਚਰਨ ਸਿੰਘ ਆਦਿ ਕੋਲੋਂ ਵੀ ਵਿਦਿਆ ਪ੍ਰਾਪਤ ਕੀਤੀ। ਗਿਆਨੀ ਬਿਸ਼ਨ ਸਿੰਘ ਜੀ ਨੂੰ 1 ਜੂਨ 1909 ਨੂੰ ਖਾਲਸਾ ਕਾਲਜ ਵਿਚ ਧਾਰਮਿਕ ਅਧਿਆਪਕ ਦੀ ਨੌਕਰੀ ਮਿਲ ਗਈ। ਖਾਲਸਾ ਕਾਲਜ ਦੇ ਗੁਰਦੁਆਰੇ ਦਾ ਪ੍ਰਬੰਧ ਵੀ ਧਾਰਮਿਕ ਅਧਿਆਪਕ ਨੇ ਹੀ ਸੰਭਾਲਣਾ ਹੁੰਦਾ ਸੀ। ਇਸ ਕਰਕੇ ਗਿ. ਬਿਸ਼ਨ ਸਿੰਘ ਨੇ ਅਧਿਆਪਨ ਦੇ ਨਾਲ-ਨਾਲ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਦਾ ਕਾਰਜ ਕਰਨਾ ਵੀ ਆਰੰਭ ਕਰ ਦਿੱਤਾ ਅਤੇ ਸਵੇਰੇ ਸ਼ਾਮ ਹੁਕਮਨਾਮੇ ਦੀ ਕਥਾ ਕਰਨੀ ਸ਼ੁਰੂ ਕਰ ਦਿੱਤੀ। ਗਿਆਨੀ ਜੀ ਦੇ ਵਿਆਖਿਆ ਕਰਨ ਦਾ ਢੰਗ ਬਹੁਤ ਹੀ ਸਰਲ ਤੇ ਸੰਖੇਪ ਸੀ, ਜਿਸ ਕਰਕੇ ਸੰਗਤਾਂ ਇਨਾਂ ਦੀ ਵਿਆਖਿਆ ਤੋਂ ਬਹੁਤ ਹੀ ਪ੍ਰਭਾਵਿਤ ਸਨ। ਖਾਲਸਾ ਕਾਲਜ ਦੇ ਸਿੱਖ

ਧਰਮ, ਇਤਿਹਾਸ ਅਤੇ ਗੁਰਮਤਿ ਦੇ ਵਿਦਵਾਨ ਪ੍ਰੋਫੈਸਰ, ਜਿਨਾਂ ਵਿਚ ਪ੍ਰੋਫੈਸਰ ਤੇਜਾ ਸਿੰਘ, ਬਾਵਾ ਹਰਿ ਕ੍ਰਿਸ਼ਨ ਸਿੰਘ, ਪ੍ਰੋਫੈਸਰ ਰਾਮ ਸਿੰਘ ਗਿਆਨੀ , ਭਾਈ ਜੋਧ ਸਿੰਘ ਅਤੇ ਪ੍ਰੋਫੈਸਰ ਸਾਹਿਬ ਸਿੰਘ ਗਿਆਨੀ ਜੀ ਲਈ ਬਹੁਤ ਹੀ ਲਾਭਦਇਕ ਤੇ ਪ੍ਰੇਰਨਾ ਸਰੋਤ ਬਣੇ, ਭਾਵੇਂ ਕਿ ਗਿਆਨੀ ਜੀ ਦੀ ਵਿੱਦਿਅਕ



ਯੋਗਤਾ ਇਨਾਂ ਵਿਦਵਾਨਾਂ ਦੇ ਤੁੱਲ ਨਹੀਂ ਸੀ ਪਰ ਗਿਆਨੀ ਜੀ ਅੰਦਰ ਖੋਜ ਦੀ ਬਿਰਤੀ ਬਹੁਤ ਪ੍ਰਬਲ ਸੀ। ਇਹੋ ਹੀ ਕਾਰਨ ਸੀ ਕਿ ਇਨਾਂ ਨੇ ਐਨੀ ਵੱਡੀ ਤਦਾਦ ਵਿੱਚ ਗੁਰਬਾਣੀ ਵਿਆਖਿਆਕਾਰੀ ਦਾ ਵਡਮੁੱਲਾ ਕਾਰਜ ਕੀਤਾ। ਗਿਆਨੀ ਬਿਸ਼ਨ ਸਿੰਘ ਵਾਹਦ ਸ਼ਖਸ ਸਨ ਜਿਨਾਂ ਨੇ ਸਿੱਖ ਪੰਥ ਦੇ ਮਹਾਨ

ਗ੍ਰੰਥਾਂ ਦੀ ਟੀਕਾਕਾਰੀ ਕੀਤੀ । ਜਿਨਾਂ ਦੇ ਜ਼ਿਕਰਯੋਗ ਨਾਮ ਹਨ : ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ, ਟੀਕਾ ਦਸਮ ਗ੍ਰੰਥ, ਟੀਕਾ ਭਾਈ ਗੁਰਦਾਸ ਵਾਰਾਂ ਤੇ ਕਬਿੱਤ ਸਵੱਈਏ। ਗੁਰਬਾਣੀ ਵਿਆਖਿਆਕਾਰੀ ਤੋਂ ਇਲਾਵਾ ਆਪ ਨੇ ਕਾਵਿ ਰੂਪ ਵਿੱਚ ਗੁਰੂ ਗੋਬਿੰਦ ਸਿੰਘ ਜੀ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਤੱਕ ਦਾ ਇਤਿਹਾਸ ਵੀ ਲਿਖਿਆ। ਇਨਾਂ ਗ੍ਰੰਥਾਂ ਦੇ ਨਾਮ ਹਨ ਦਸਮ ਗੁਰੂ ਖਾਲਸਾ ਪ੍ਰਕਾਸ਼, ਬਾਬਾ ਬੰਦਾ ਸਿੰਘ ਬਹਾਦਰ, ਸੂਰਬੀਰ ਖਾਲਸਾ , ਸ਼ਹੀਦ ਖਾਲਸਾ, ਸ਼ੇਰ ਖਾਲਸਾ ਅਤੇ ਮਹਾਰਾਜ ਖਾਲਸਾ । ਇਸਤੋਂ ਇਲਾਵਾ ਗੁਰੂ ਕੇ ਬਾਗ ਦੇ ਮੋਰਚੇ ਵਿਚ ਸਿੰਘਾਂ ਦੀਆਂ ਹੋਈਆਂ ਸ਼ਹਾਦਤਾਂ ਦਾ ਹਾਲ ਤਵਾਰੀਖ ਗੁਰੂ ਕਾ ਬਾਗ ਦੇ ਨਾਮ ਹੇਠ ਕਾਵਿ ਰੂਪ ਵਿੱਚ ਅੰਕਤ ਕੀਤਾ ਹੈ।

ਗਿਆਨੀ ਬਿਸ਼ਨ ਸਿੰਘ ਵੱਲੋਂ ਟੀਕਾਕਾਰੀ ਅਤੇ ਇਤਿਹਾਸਕਾਰੀ ਦਾ ਕੀਤਾ ਕਾਰਜ ਬਹੁਤ ਹੀ ਅਹਿਮ ਹੈ ਪਰ ਇਸ ਤੋਂ ਵੀ ਅਹਿਮ ਤੇ ਕਠਨ ਕਾਰਜ ਗਿਆਨੀ ਜੀ ਲਈ ਆਪਣੀਆਂ ਰਚਨਾਵਾਂ ਨੂੰ ਪਾਠਕਾਂ ਦੇ ਹੱਥਾਂ ਤੱਕ ਪਹੁੰਚਾਉਣਾ ਸੀ । ਉਨਾਂ ਨੇ ਆਪਣੀ ਖਾਲਸਾ ਕਾਲਜ ਦੀ ਨਾਮਾਤਰ ਤਨਖਾਹ ਵਿੱਚੋਂ ਅਤੇ ਗੁਰਮਤਿ ਦੇ ਪ੍ਰੇਮੀ ਪਾਠਕਾਂ ਕੋਲ ਹੱਥ ਜੋੜ ਬੇਨਤੀਆਂ ਕਰ ਕਰ ਕੇ ਮਾਇਆ ਇਕੱਠੀ ਕੀਤੀ ਅਤੇ ਇਨਾਂ ਗ੍ਰੰਥਾਂ ਨੂੰ ਇੱਕਲਿਆਂ ਛਪਵਾ ਕੇ ਪਾਠਕਾਂ ਤੱਕ ਪੁੱਜਦਾ ਕੀਤਾ। 1917 ਵਿੱਚ 22 ਵਾਰਾਂ ਦਾ ਟੀਕਾ ਛਾਪਿਆ ਗਿਆ

ਅਤੇ 1928 ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਟੀਕਾ ਵਜੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿੱਚ ਛਾਪਿਆ ਗਿਆ। 1909 ਤੋਂ ਲੈ ਕੇ 1940 ਈ. ਤੱਕ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਨੌਕਰੀ ਕੀਤੀ ਅਤੇ ਸੇਵਾਮੁਕਤੀ ਤੋਂ ਬਾਅਦ ਆਪਣੇ ਪਿੰਡ ਲੱਖੂਵਾਲ ਰਹਿਕੇ ਗੁਰਬਾਣੀ ਦਾ ਪ੍ਰਚਾਰ ਕੀਤਾ ਅਤੇ ਆਪਣੇ ਪਿੰਡ ਵਿਚ

ਬੱਚਿਆਂ ਨੂੰ ਗੁਰਮਤਿ ਦੀ ਵਿੱਦਿਆ ਪ੍ਰਦਾਨ ਕਰਦੇ ਰਹੇ, ਅੰਤ 29 ਮਈ 1966 ਈ. ਨੂੰ ਗੁਰਪੁਰੀ ਸੁਧਾਰ ਗਏ। ਗਿਆਨੀ ਬਿਸ਼ਨ ਸਿੰਘ ਜੀ ਦਾ ਕੀਤਾ ਕਾਰਜ ਬਹੁਤ ਹੀ ਸ਼ਲਾਘਾਯੋਗ ਹੈ ਪਰ ਅੱਜ ਨਵੀਂ ਖੋਜ ਦੀ ਮੰਗ ਕਰਦਾ ਹੈ ਤਾਂ ਕਿ ਇੱਕ ਅਣਗੌਲਿਆ ਵਿਦਵਾਨ ਖੋਜੀਆਂ ਦੇ ਸਾਹਮਣੇ ਆ ਸਕੇ ਅਤੇ ਗੁਰਮਤਿ ਦੇ ਖੋਜਾਰਥੀ ਉਨਾਂ ਦੇ ਕੀਤੇ ਕਾਰਜ ਤੋਂ ਲਾਹਾ ਲੈ ਸਕਣ।

# ਸੰਸਕਾਰਾਂ ਦੇ ਬੀਜ



**ਹਰਕੀਰਤ ਕੌਰ**
**੯੭੭੯੧੧੮੦੬੬**

ਕੋਈ ਇਮਾਰਤ ਖੜੀ ਕਰਨੀ ਹੋਵੇ ਤਾਂ ਬਣਾਉਣ ਵਾਲੇ ਦੀ ਕੋਸ਼ਿਸ਼ ਰਹਿੰਦੀ ਹੈ ਕਿ ਇਸ ਇਮਾਰਤ ਦੀ ਨੀਂਹ ਮਜ਼ਬੂਤ ਰੱਖੀ ਜਾਵੇ, ਤਾਂ ਜੋ ਇੱਕ ਤਾਂ ਲੰਬੇ ਸਮੇਂ ਤੱਕ ਬਣੀ ਰਹੇਗੀ ਅਤੇ ਦੂਸਰਾ ਕਿਸੇ ਕੁਦਰਤੀ ਆਫਤ ਦਾ ਟਾਕਰਾ ਅਰਾਮ ਨਾਲ ਕਰ ਲਵੇਗੀ। ਜ਼ਰੂਰੀ ਨਹੀਂ ਕਿ ਇੱਕਲੀਆਂ ਇਮਾਰਤਾਂ ਦੀਆਂ ਨੀਹਾਂ ਹੁੰਦੀਆਂ ਹਨ, ਪੌਦਿਆਂ ਦੀ ਵੀ ਨੀਹਾਂ ਉਨਾਂ ਦੀਆਂ ਜੜਾਂ ਵਿੱਚ ਹੁੰਦੀਆਂ ਹਨ, ਜਿੰਨੀਆਂ ਡੂੰਘੀਆਂ ਜੜਾਂ ਹੁੰਦੀਆਂ ਹਨ ਉਨਾਂ ਹੀ ਮਜ਼ਬੂਤ ਅਤੇ ਵੱਡਾ ਰੁੱਖ ਬਣਦਾ ਹੈ। ਜੇਕਰ ਇਸੇ ਉਦਾਹਰਨ ਨੂੰ ਮਨੁੱਖ ਉੱਪਰ ਲਗਾਇਆ ਜਾਵੇ ਤਾਂ ਮਨੁੱਖ ਦਾ ਜੀਵਨ ਵੀ ਸੰਸਕਾਰਾਂ ਰੂਪੀ ਨੀਂਹ ਉੱਪਰ ਖੜਾ ਹੁੰਦਾ ਹੈ। ਬਚਪਨ ਵਿੱਚ ਜਿੰਨੇ ਵਧੀਆ ਸੰਸਕਾਰ ਬੱਚੇ ਨੂੰ ਮਿਲੇ ਹੁੰਦੇ ਹਨ ਉਨੇ ਹੀ ਹੋਣਹਾਰ ਤੇ ਜਿੰਮੇਵਾਰ ਬੱਚੇ ਭਵਿੱਖ ਵਿੱਚ ਨਿਖਰ ਕੇ ਸਾਹਮਣੇ ਆਉਂਦੇ ਹਨ। ਸੰਸਕਾਰ ਇੱਕ ਬੀਜ ਰੂਪੀ ਹਨ, ਜਿੰਨਾ ਵਿਚੋਂ ਸਮਾਜ ਦੇ ਨਾਗਰਿਕ ਰੂਪੀ ਪੌਦੇ ਨੇ ਪੈਦਾ ਹੋਣਾ ਹੈ। ਜਿਵੇਂ ਦਾ ਬੀਜ ਹੋਵੇਗਾ ਉਵੇਂ ਦਾ ਫਲ ਮਿਲੇਗਾ।

ਅਕਸਰ ਸਕੂਲ ਵਿੱਚ ਅਤੇ ਹੋਰ ਸੰਮੇਲਨਾਂ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਨੂੰ ਮਿਲਣ ਦਾ ਮੌਕਾ ਮਿਲਦਾ ਹੈ, ਜਿਨਾਂ ਵਿੱਚ ਬਹੁਤਾਂਤ ਮਾਪੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਅਤੇ ਉਨਾਂ ਦੀਆਂ ਆਦਤਾਂ ਨੂੰ ਲੈ ਕੇ ਚਿੰਤਤ ਨਜ਼ਰ ਆਉਂਦੇ ਹਨ। ਪਰ ਮੈਂ ਹਮੇਸ਼ਾ ਇਹ ਜਾਨਣ ਦਾ ਯਤਨ ਕਰਦੀ ਹਾਂ ਕਿ ਕਿਸ ਜਗਾ ਤੇ ਕਮੀ ਰਹਿ ਜਾਂਦੀ ਹੈ ਕਿ ਜਵਾਨੀ ਵਿੱਚ ਬੱਚੇ ਹੱਥੋਂ ਨਿਕਲ ਜਾਂਦੇ ਹਨ ਜਾਂ ਆਪਣੇ ਭਵਿੱਖ ਨੂੰ ਲੈ ਕੇ ਅਵੇਸਲੇ ਹੋ ਜਾਂਦੇ ਹਨ। ਅਸਲ ਵਿੱਚ ਇਸ ਦਾ ਸਭ ਤੋਂ ਵੱਡਾ ਕਾਰਨ ਬੱਚਿਆਂ ਦੇ ਸੰਸਕਾਰ ਹਨ। ਬੱਚੇ ਨੂੰ ਜਿਵੇਂ ਦੇ ਬਚਪਨ ਵਿੱਚ ਸੰਸਕਾਰ ਮਿਲੇ ਹੋਣ, ਜਿਸ ਤਰਾਂ ਦੀ ਪਰਵਰਿਸ਼ ਬੱਚੇ ਦੀ ਹੋਈ ਹੋਵੇ ਉਸੇ ਤਰਾਂ ਦਾ ਬੱਚੇ ਦਾ ਵਿਵਹਾਰ ਹੋਵੇਗਾ। ਜਿਹੜੇ ਬੱਚੇ ਨੇ ਆਪਣੇ ਮਾਤਾ ਪਿਤਾ ਨੂੰ ਇੱਕ ਦੂਸਰੇ ਦੀ ਇੱਜ਼ਤ ਕਰਦੇ ਦੇਖਿਆ ਹੋਵੇਗਾ, ਉਹ ਹਰ ਇੱਕ ਦੀ ਇੱਜ਼ਤ ਕਰੇਗਾ, ਜਿਸ ਬੱਚੇ ਨੇ ਆਪਣੇ ਮਾਤਾ ਪਿਤਾ ਨੂੰ ਕਿਤਾਬਾਂ ਪੜਦੇ ਦੇਖਿਆ ਹੋਵੇਗਾ ਉਹ ਬੱਚਾ ਵੀ ਕਿਤਾਬਾਂ ਨਾਲ ਜੁੜਿਆ ਹੋਵੇਗਾ। ਜਿਵੇਂ ਦੇ ਮਾਹੌਲ ਵਿੱਚ ਬੱਚਾ ਪਲਿਆ ਹੋਵੇਗਾ, ਉਸਦਾ ਸਿੱਧਾ ਅਸਰ ਬੱਚੇ ਦੇ ਵਿਵਹਾਰ ਉੱਪਰ ਪਵੇਗਾ।

ਇੱਕ ਬੱਚਾ ਜਦੋਂ ਕੋਈ ਵਿਲੱਖਣ ਕੰਮ ਕਰਦਾ ਹੈ , ਉੱਚੀਆਂ ਬੁਲੰਦੀਆਂ ਨੂੰ ਛੂਹਦਾ ਹੈ ਤਾਂ ਸਭ ਤੋਂ ਪਹਿਲਾਂ ਬੱਚੇ ਦੇ ਸੰਸਕਾਰਾਂ ਦਾ ਜ਼ਿਕਰ ਕੀਤਾ ਜਾਂਦਾ ਹੈ ਕਿ ਕਿਸੇ ਚੰਗੇ ਪਰਿਵਾਰ ਦੀ ਪਰਵਰਿਸ਼ ਹੈ, ਇਸਦੇ ਉੱਲਟ ਜੇਕਰ ਕੋਈ ਨਿਕੰਮਾ ਨਿਕਲਦਾ ਹੈ ਤਾਂ ਵੀ ਸਭ ਤੋਂ ਪਹਿਲਾਂ ਸੰਸਕਾਰਾਂ ਨੂੰ ਹੀ ਕੋਸਿਆ ਜਾਂਦਾ ਹੈ। ਚੰਗੀ ਪਰਵਰਿਸ਼ ਅਤੇ ਚੰਗੇ ਸੰਸਕਾਰਾਂ ਦੀ ਪਰਖ ਕੇਵਲ ਸਫ਼ਲ ਹੋਣ ਜਾਂ ਅਸਫ਼ਲ ਹੋਣ ਤੇ ਹੀ ਨਹੀਂ ਹੁੰਦੀ, ਤੁਹਾਡਾ ਸਮਾਜ ਵਿੱਚ ਵਿਚਰਨਾ, ਤੁਹਾਡਾ ਲੋਕਾਂ ਨਾਲ ਵਿਵਹਾਰ ਤੁਹਾਡਾ ਚਰਿੱਤਰ, ਤੁਹਾਡੀ ਬੋਲ ਬਾਣੀ ਸਭ ਤੁਹਾਡੇ ਸੰਸਕਾਰਾਂ ਦਾ ਹੀ ਨਤੀਜਾ ਅਤੇ ਪ੍ਰਦਰਸ਼ਨ ਹਨ।

ਇੱਥੇ ਦੋ ਵਿਅਕਤੀਆਂ ਦੀ ਭੂਮਿਕਾ ਅਤੇ ਜਿੰਮੇਵਾਰੀ ਬਰਾਬਰ ਦੀ ਹੈ ਪਹਿਲੀ ਮਾਪਿਆਂ ਦੀ ਅਤੇ ਦੂਸਰੀ ਬੱਚਿਆਂ ਦੀ। ਮਾਪਿਆਂ ਦੀ ਭੂਮਿਕਾ ਬੱਚਿਆਂ ਨੂੰ ਘਰ ਵਿੱਚ ਇੱਕ ਅਜਿਹਾ ਮਾਹੌਲ ਸਿਰਜ ਕੇ ਦੇਣ ਦੀ ਹੈ ਜਿਸ ਵਿੱਚ ਬੱਚੇ ਦਾ ਹਰ ਤਰਾਂ ਦਾ ਵਿਕਾਸ ਹੋ ਸਕੇ, ਉਸ ਨੂੰ ਚੰਗੀਆਂ ਆਦਤਾਂ ਦਾ ਆਦੀ ਬਣਾਇਆ ਜਾ ਸਕੇ। ਦੂਸਰੇ ਪਾਸੇ ਬੱਚਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਮਾਪਿਆਂ ਦੇ ਸੰਸਕਾਰਾਂ ਨੂੰ ਸਾਹਮਣੇ ਰੱਖ ਕੇ ਆਪਣੇ ਹਰ ਕਾਰ ਵਿਹਾਰ ਨੂੰ ਕਰਨ। ਇਹ ਸੋਚ ਕਿ ਚੱਲਣ ਕਿ ਉਨਾਂ ਦੁਆਰਾ ਕੀਤੇ ਕਿਸੇ ਕੰਮ ਦਾ ਸਭ ਤੋਂ ਪਹਿਲਾਂ ਜਿੰਮੇਵਾਰ ਉਨਾਂ ਦੀ ਪਰਵਰਿਸ਼ ਨੂੰ ਮੰਨਿਆ ਜਾਵੇਗਾ।

ਸੋ ਮਾਪਿਆਂ ਦੀ ਜ਼ਿੰਮੇਵਾਰੀ ਇਹੀ ਬਣਦੀ ਹੈ ਕਿ ਸੰਸਕਾਰਾਂ ਦੇ ਅਜਿਹੇ ਬੀਜ ਬੀਜੇ ਜਾਣ ਜੋ ਭਵਿੱਖ ਵਿੱਚ ਫਲ, ਫੁੱਲ ਤੇ ਮਹਿਕਾਂ ਵੰਡਣ ਵਾਲੇ ਰੁੱਖ ਬਣਨ। ਉਹ ਬੀਜ ਬੀਜੇ ਜਾਣ ਜਿਨਾਂ ਦੀ ਸਕਾਰਾਤਮਕ ਸੋਚ ਦੀ ਮਹਿਕ ਚਾਰ ਚੁਫ਼ੇਰੇ ਫ਼ੈਲੇ। ਬੱਚੇ ਕੋਸ਼ਿਸ਼ ਕਰਨ ਕਿ ਮਾਪਿਆਂ ਦੁਆਰਾ ਦਿੱਤੀਆਂ ਸਿੱਖਿਆਵਾਂ ਦਾ ਮਾਣ ਰੱਖਿਆ ਜਾਵੇ ਅਤੇ ਉਨਾਂ ਦਾ ਨਾਮ ਰੋਸ਼ਨ ਕੀਤਾ ਜਾਵੇ।

# ਤਾਨਾਸ਼ਾਹੀ ਨੂੰ ਜਨਮ ਦਿੰਦਾ ਗੁਲਾਮੀ ਦਾ ਅਹਿਸਾਸ ’ਤੇ ਪਿਛਲਝਾਤ



**ਸੰਜੀਵ ਸਿੰਘ ਝੱਜ**
**੯੮੧੫੧੫੦੫੪੨**

ਅਜੋਕੇ ਯੁੱਗ ਅੰਦਰ ਇਨਸਾਨੀ ਜੀਵਨ ਦਾ ਮੁਹਾਂਦਰਾ ਦਿਨ-ਬ-ਦਿਨ ਨਿਖਰਦਾ ਜਾ ਰਿਹਾ ਹੈ। ਨਵੀਆਂ ਖੋਜਾਂ ਤੇ ਨਵੇਂ ਵਿਚਾਰ ਇਨਸਾਨ ਦੀ ਜਿੰਦਗੀ ਨੂੰ ਦਿਨ ਪਰ ਦਿਨ ਸੌਖਾਲਾ ਕਰਦੇ ਜਾ ਰਹੇ ਹਨ। ਕਦੀ ਨਵੀਂ ਤਕਨੀਕ ਅਤੇ ਅਧਿਆਤਮਵਾਦ ਦੀ ਖੋਜ ਦੇ ਰਸਤੇ ਸਾਡੇ ਵੱਡੇ ਵਡੇਰੇ ਬਾਬੇ ਤੁਰੇ ਸਨ ਅਤੇ ਉਹ ਜਿਥੋਂ ਤੱਕ ਰਸਤਾ ਸਾਡੇ ਲਈ ਸਾਫ ਕਰਕੇ ਗਏ ਉਸਤੋਂ ਅਗਾਂਹ ਨਿਰੰਤਰ ਅਗਲੀਆਂ ਪੀੜੀਆਂ ਉਸ ਰਸਤੇ ’ਤੇ ਚੱਲ ਕੇ ਨਵੀਆਂ ਨਵੀਆਂ ਮੰਜਿਲਾਂ ਸਰ ਕੀਤੀਆਂ ਹਨ ਅਤੇ ਇਹ ਕਾਰਜ ਨਿਰੰਤਰ ਚੱਲ ਰਿਹਾ ਹੈ।ਇਨਸਾਨ ਦੀ ਫਿਤਰਤ ਹੈ ਕਿ ਇਹ ਹਮੇਸ਼ਾ ਨਵੇਂ ਕਾਰਨਾਮੇ ਤੇ ਨਵੀਆਂ ਖੋਜਾਂ ਵਿੱਚ ਹੀ ਦਿਲਚਸਪੀ ਰੱਖਦਾ ਹੈ। ਅੱਜ ਇਨਸਾਨੀ ਸਮਾਜ ਪਿਛਲੀਆਂ ਸਦੀਆਂ ਤੋਂ ਵਿਕਸਤ ਹੁੰਦਾ ਹੋਇਆ ਸਾਡੇ ਮੂਹਰੇ ਪ੍ਰਤੱਖ ਅਜੂਬਾ ਬਣ ਕੇ ਖੜਾ ਹੈ।

ਕਿਸੇ ਸਮੇਂ ਰਾਜਿਆਂ ਤੇ ਤਾਨਾਸ਼ਾਹਾਂ ਦਾ ਰਾਜ ਹੁੰਦਾ ਸੀ ਅਤੇ ਰਾਜੇ ਤੇ ਤਾਨਾਸ਼ਾਹ ਬਦਲਦੇ ਹੀ ਕਾਨੂੰਨ ਵੀ ਬਦਲ ਜਾਂਦੇ ਸਨ। ਤਾਨਾਸ਼ਾਹ ਹਮੇਸ਼ਾ ਆਪਣੀ ਸੁਵਿਧਾ ਨੂੰ ਮੱਦੇਨਜ਼ਰ ਰੱਖਦਾ ਹੋਇਆ ਕਾਨੂੰਨ ਘੜਦਾ ਸੀ ਅਤੇ ਉਸਦੇ ਚਹੇਤੇ ਹਮੇਸ਼ਾ ਆਪਣੀ ਹਵਸ ਅਤੇ ਲੋੜ ਦੀ ਪੂਰਤੀ ਲਈ ਲੁੱਟਪਾਤ ਅਤੇ ਕਤਲੇਆਮ ਆਮ ਹੀ ਕਰਦੇ ਸਨ। ਤਾਨਾਸ਼ਾਹੀ ਦੌਰ ਵਿੱਚ ਇਸਤਰੀ ਅਤੇ ਆਮ ਪ੍ਰਜਾ ਦੀ ਹਾਲਤ ਹਮੇਸ਼ਾ ਤਰਸਯੋਗ ਹੀ ਰਹੀ ਹੈ। ਭਾਵੇਂ ਅੱਜ ਦਾ ਸਮਾਂ ਤਾਨਾਸ਼ਾਹੀ ਦੇ ਦੌਰ ਤੋਂ ਅੱਗੇ ਲੰਘ ਕੇ ਲੋਕਤੰਤਰ ਵਿੱਚ ਢਲ ਚੁੱਕਾ ਹੈ ਪਰ ਫਿਰ ਵੀ ਇਕ ਜਮਾਤ ਅਜਿਹੀ ਹਮੇਸ਼ਾ ਤੋਂ ਇਸ ਧਰਤੀ ਤੇ ਰਹੀ ਹੈ ਜੋ ਆਪੋ ਧਾਪੀ ਤੋਂ ਪ੍ਰੇਰਿਤ ਹੋ ਕੇ ਤਾਨਾਸ਼ਾਹੀ ਰਵੱਈਆ ਅਪਨਾਉਣ ਦੀ ਚਾਹ ਰੱਖਦੀ ਆ ਰਹੀ ਹੈ। ਭਾਵੇਂ ਆਧੁਨਿਕਤਾ ਨੂੰ ਆਪਣਾ ਕੇ ਅਸੀਂ ਆਪਣਾ ਮਾਨਸਿਕ ਅਤੇ ਸਰੀਰਕ ਸੰਤੁਲਨ ਬਣਾਉਣਾ ਹਲੇ ਪੂਰੀ ਤਰਾਂ ਨਹੀਂ ਸਿੱਖ ਸਕੇ ਹਾਂ ਪਰ ਇਨਸਾਨ ਨਿਰੰਤਰ ਇਸਦਾ ਸੰਤੁਲਨ ਬਣਾਉਣ ਲਈ ਯਤਨਸ਼ੀਲ ਹੈ। ਆਧੁਨਿਕਤਾ ਤੋਂ ਅਸੰਤੁਸ਼ਟ ਇਨਸਾਨ ਅਜੋਕੇ ਯੁੱਗ ਨੂੰ ਭਿੱਟ ਕੇ ਪੁਰਾਣੇ ਵੇਲਿਆਂ ਦੀ ਦੁਹਾਈ ਦਿੰਦਾ ਅਕਸਰ ਤੁਹਾਨੂੰ ਆਮ ਹੀ ਮਿਲ ਪਵੇਗਾ। ਸਮਾਂ ਤੇ ਤਕਨੀਕ ਬਦਲਣ ਨਾਲ ਅਕਸਰ ਕੁਝ ਕਮੀਆਂ ਪੇਸ਼ੀਆ ਦਾ ਇਨਸਾਨ ਨੂੰ ਸਾਹਮਣਾ ਕਰਨਾ ਪੈਂਦਾ ਹੈ। ਉਨਾਂ ਕਮੀਆਂ ਪੇਸ਼ੀਆਂ ਨੂੰ ਹੱਲ ਕਰਨ ਦਾ ਯਤਨ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ ਨਾ ਕਿ ਨਵੀਂ ਤਕਨੀਕ ਤੇ ਨਵੇਂ ਤੌਰ ਤਰੀਕਿਆਂ ਨੂੰ ਭੰਡਣਾ ਚਾਹੀਦਾ ਹੈ। ਇਨਸਾਨੀ ਜੀਵਨ ਦਾ ਮੰਤਵ ਕੇਵਲ ਤੋਂ ਕੇਵਲ ਅਗਾਂਹ ਵੱਧਣਾ ਹੀ ਹੋਣਾ ਚਾਹੀਦਾ ਹੈ।

ਅੱਜ ਦੇ ਸਮੇ ਅੰਦਰ ਕਦੇ ਉਸ ਸਮਾਜ ਦੀ ਕਲਪਨਾ ਕਰ ਕੇ ਦੇਖੋ ਜਿੱਥੇ ਲੜਕੀਆਂ ਦੀ ਸਿੱਖਿਆ ਪ੍ਰਣਾਲੀ ਤੇ ਮੁਕੰਮਲ ਰੋਕ ਹੋਵੇ, ਔਰਤਾਂ ਲਈ ਬੁਰਕਾ ਪਹਿਨਣਾ ਲਾਜ਼ਮੀ ਹੋਵੇ ਨਹੀਂ ਸਜ਼ਾ ਸਿਰਫ ਮੌਤ ਹੋਵੇ, ਬੰਦਿਆਂ ਲਈ ਕੋਈ ਖਾਸ ਨਿਜ਼ਾਮ ਤੇ ਖਾਸ ਪਹਿਰਾਵਾ ਲਾਜ਼ਮੀ ਹੋਵੇ ਨਹੀਂ ਸਜ਼ਾ ਸਿਰਫ ਮੌਤ ਹੋਵੇ, ਸੰਗੀਤ ਤੇ ਸਿਨੇਮਾ ਅਤੇ ਕਲਾ ਜਗਤ ਤੇ ਪਾਬੰਦੀ ਹੋਵੇ, ਕ੍ਰਿਕਟ ਅਤੇ ਫੁੱਟਬਾਲ ਵਰਗੀਆਂ ਹੋਰ ਵੀ ਇੰਟਰਨੈਸ਼ਨਲ ਖੇਡਾਂ ’ਤੇ ਪਾਬੰਦੀ ਹੋਵੇ, ਇਕੱਲੀ ਔਰਤ ਦੇ ਘਰੋਂ ਬਾਹਰ ਨਿਕਲਣ ’ਤੇ ਪਾਬੰਦੀ ਹੋਵੇ, ਕਿਸੇ ਵੀ ਸਾਹਿਤ ਅਤੇ ਲੇਖਣੀ ਦੀ ਛਪਵਾਈ ਤੇ ਮੁਕੰਮਲ ਰੋਕ ਹੋਵੇ, ਪੁਰਾਣੇ ਸਾਧਨਾਂ ਤੋਂ ਇਲਾਵਾ ਕਿਸੇ ਵੀ ਨਵੀਂ ਤਕਨੀਕ ’ਤੇ ਪਾਬੰਦੀ ਹੋਵੇ, ਕੁਝ ਵੀ ਨਵਾਂ ਲਿਖਣ ਸੋਚਣ ਅਤੇ ਖੋਜਣ ’ਤੇ ਪਾਬੰਦੀ ਹੋਵੇ, ਆਪਣੇ ਧਰਮ ਤੋਂ ਇਲਾਵਾ ਬਾਕੀ ਧਰਮਾਂ ਤੇ ਕਾਫੀ ਹੱਦ ਤੱਕ ਪਬੰਦੀਆਂ ਹੋਣ ਕਿਸੇ ਵੀ ਪ੍ਰਕਾਰ ਦੇ ਧਰਨੇ ਅਤੇ ਆਪਣੀਆਂ ਮੰਗਾਂ ਲਈ ਕੀਤੇ ਜਾਂਦੇ ਅੰਦੋਲਨਾਂ ਤੇ ਮੁਕੰਮਲ ਪਬੰਦੀ ਹੋਵੇ, ਕਾਨੂੰਨ ਕੇਵਲ ਧਾਰਮਿਕ ਇਨਸਾਨਾਂ ਦੁਆਰਾ ਘੜਿਆ ਗਿਆ ਹੋਵੇ ਅਤੇ

**ਬਾਕੀ ਸਫ਼ਾ 31 ’ਤੇ**

# ਰਿਸ਼ਤਿਆਂ ਦੀ ਜੰਗ

**ਕੁਲਵੰਤ ਘੋਲੀਆ**
**੯੫੧੭੨-੯੦੦੦੬**

ਘਰ ਦੀ ਦਹਿਲੀਜ਼ 'ਤੇ ਪੈਰ ਧਰਦਿਆਂ ਹੀ ਸਾਹਮਣੇ ਵਿਹੜੇ ਵਿਚ ਖੇਡ ਰਹੇ ਪੰਦਰਾਂ ਕੁ ਸਾਲ ਦੇ ਪੁੱਤਰ ਨੇ ਭੱਜ ਕੇ ਮੈਨੂੰ ਘੁੱਟ ਜੱਫੀ ਪਾ ਲਈ, ਜਿਵੇਂ ਵਰਿਆਂ ਬਾਅਦ ਮਿਲਿਆ ਹੋਵੇ।

ਮੈਂ ਵੀ ਪਿਆਰ ਨਾਲ ਪੁੱਤ ਦਾ ਮੱਥਾ ਚੁੰਮਿਆ 'ਤੇ ਪੁੱਛਿਆ?' ਹੋਰ ਪੁੱਤ ਘਰ ਸਭ ਠੀਕ ਏ'

ਵਿਹੜੇ ਵਿੱਚ ਨਜ਼ਰ ਘੁਮਾਈ ਤਾਂ ਪਸ਼ੂਆਂ ਵਾਲੀ ਖੁਰਲੀ ਵਿਚ ਮਾਂਵਾਂ ਧੀਆਂ ਅੱਜ ਇਕੱਠਿਆਂ ਪਹਿਲੀ ਵਾਰ ਡੰਗਰਾਂ ਨੂੰ ਪੱਠੇ ਪਾਉਂਦੀਆਂ ਦਿਸੀਆਂ।ਕਈ ਦਿਨਾਂ ਦੀ ਥਕਾਨ ਜਿਵੇਂ ਉਤਰ ਗਈ ਹੋਵੇ। ਜਦ ਜਵਾਨ ਧੀ ਤੋਂ ਨਜ਼ਰ ਬਚਾਅ ਸਰਦਾਰਨੀ ਨੇ ਅੱਖਾਂ ਹੀ ਅੱਖਾਂ ਵਿੱਚ ਸਤਿ ਸ੍ਰੀ ਅਕਾਲ ਬੁਲਾ ਦਿੱਤੀ। ਧੀ ਨੇ ਵੀ ਆਣ ਘੁੱਟ ਜੱਫੀ ਪਾ ਲਈ। ਪੁੱਤਰਾ ਕੱਲ ਆ ਜੰਗੀਰ ਸਿੰਹਾਂ ਆਇਆ ਸੀ, ਕਹਿੰਦਾ ਹੁਣ ਤਾਂ ਹਕੂਮਤ ਗੋਡਿਆਂ 'ਤੇ ਆਈ ਲੈ?

ਬਰਾਂਡੇ ਵੱਲ ਨਜ਼ਰ ਘੁਮਾਈ ਤਾਂ ਬਾਪੂ ਨੇ ਖੂੰਡੇ ਦੇ ਸਹਾਰੇ ਉੱਠਦੇ ਆਖਿਆ, ਹਾਂ ਬਾਪੂ ਭਲਾ ਕਿਸੇ ਦੀ ਕੀ ਹਿੰਮਤ ਜੋ ਸਾਡੇ ਹੱਕਾਂ 'ਤੇ ਡਾਕਾ ਮਾਰ ਲੈਣ। ਇੰਨਾ ਆਖ ਮੈਂ ਬਾਪੂ ਕੋਲ ਆ ਗਿਆ।

'ਪੈਰੀਂ ਪੈਨਾ ਬਾਪੂ' ਕਿਵੇਂ ਆ ਸਿਹਤ ਏਨਾ ਆਖ ਬਾਪੂ ਨੂੰ ਮੈਂ ਮੋਢਿਆਂ ਤੋਂ ਫੜ ਫਿਰ ਮੰਜੇ 'ਤੇ ਬਿਠਾ ਦਿੱਤਾ।

ਪੁੱਤਰਾ ਹੁਣ ਤਾਂ ਉਮਰਾਂ ਦੇ ਆਖਰੀ ਪੜਾਅ ਨੇ ਅਤੇ ਇੱਥੇ ਆ ਸਿਹਤਾਂ ਲੜਖੜਾਉਂਦੀਆਂ ਹੀ ਰਹਿੰਦੀਆਂ ਨੇ 'ਤੇ ਏਨਾ ਆਖ ਬਾਪੂ ਤਾੜੀ ਮਾਰ ਹੱਸ ਪਿਆ।ਮੈਂ ਹੈਰਾਨ ਸੀ ਬਾਪੂ ਵਿੱਚ ਕਿੰਨੀ ਹਿੰਮਤ ਆ ਅੱਜ ਵੀ।

'ਮਨ ਉਦਾਸ ਜਿਹਾ ਹੋ ਗਿਆ'

ਜਵਾਨ ਧੀ ਦੇ ਹੱਥਾਂ 'ਤੇ ਮਹਿੰਦੀ ਲੱਗਣ ਦਾ ਸਮਾਂ ਨੇੜੇ ਸੀ, ਪਰ ਅੱਜ ਉਨਾਂ ਹੱਥਾਂ 'ਤੇ ਗੋਹਾ ਲੱਗਿਆ ਸਾਫ਼ ਨਜ਼ਰ ਆ ਰਿਹਾ ਸੀ। ਹਮੇਸ਼ਾ ਆਪਣੀ ਧੀ ਨੂੰ ਪੁੱਤਰਾਂ ਵਾਲਾ ਪਿਆਰ ਹੀ ਦਿੱਤਾ, ਸ਼ਾਇਦ ਤਾਂ ਹੀ ਚਿਹਰੇ 'ਤੇ ਭੋਰਾ ਗਿਲਾ ਨਹੀਂ ਸੀ।ਹੱਸਦੀ ਖੇਡਦੀ ਆਪਣੀ ਮਾਂ ਨਾਲ ਉੱਡੂ ਉੱਡੂ ਕਰਦੀ ਕੰਮ ਕਰਵਾ ਰਹੀ ਸੀ।

ਖੁਰਲੀ 'ਤੇ ਬੰਨਿਆ ਵੱਡੇ ਸਿੰਘਾਂਵਾਲਾ ਚਿੱਟਾ ਬਲਦ ਅੜਿੰਗਿਆ। ਮੇਰਾ ਸਾਰਾ ਧਿਆਨ ਬਲਦ ਵੱਲ ਹੋ ਗਿਆ। ਮੇਰੇ ਵੱਲ ਵੇਖ ਉਹ ਫਿਰ ਅੜਿੰਗਣ ਲੱਗਾ।

ਜਿਵੇਂ ਆਖ ਰਿਹਾ ਹੋਵੇ ਆ ਗਿਆ ਖੇਤਾਂ ਦਾ ਰਾਜਾ, ਤੇਰੇ ਬਿਨਾਂ ਕਿੰਨੇ ਦਿਨ ਹੋ ਗਏ ਕਿੱਲੇ ਨਾਲ ਬੰਨੇ ਨੂੰ, 'ਚੱਲ ਆ' 'ਤੇ ਮੈਨੂੰ ਵੀ ਮੇਰੀ ਕਰਮਭੂਮੀ ਵੱਲ ਲੈ ਚੱਲ?

ਮਨ ਫੇਰ ਸੋਚੀਂ ਪੈ ਗਿਆ। ਪਤਾ ਨਹੀਂ ਖੇਤਾਂ ਦਾ ਕੀ ਹਾਲ ਹੋਵੇਗਾ।

ਉਂ ਤਾਂ ਨਾਜ਼ਰ ਹੋਣਾ ਨੇ ਕਿਹਾ ਸੀ। ਕਿ ਫ਼ਿਕਰ ਨਾ ਕਰੀਂ, 'ਅਸੀਂ ਹੈਗੇ ਆਂ' ਪੱਠੇ ਅਸੀਂ ਆਪ ਹੀ ਘਰ ਸੁੱਟ ਆਇਆ ਕਰਾਂਗੇ।

ਪਰ ਗੱਲ ਤਾਂ ਖੇਤਾਂ ਨਾਲ ਮੋਹ ਦੀ ਏ।

ਬਾਪੂ ਵੀ ਅਣਜਾਣ ਨਹੀਂ ਸੀ ਮੇਰੇ ਫ਼ਿਕਰ ਤੋਂ। ਉਦਾਸ ਨਾ ਹੋ ਪੁੱਤਰਾ? ਸਮਾਂ ਹੁਣ ਲੜਨ ਦਾ ਏ, ਗੱਲ ਸਾਡੇ ਹੱਕਾਂ 'ਤੇ ਆ ਖਲੋ ਗਈ।

ਲਹੂ ਪੀਣੀਆਂ ਜੋਕਾਂ ਨੂੰ ਪਾਲਿਆ ਨਹੀਂ ਜਾਂਦਾ, ਤੋੜ ਕੇ ਸੁੱਟ ਦਿੱਤਾ ਜਾਂਦਾ ਏ ਤੇ ਅੱਜ ਕੁਝ ਜੋਕਾਂ ਸਾਡੀ ਮਾਣ ਮਰਿਆਦਾ, ਜ਼ਮੀਰ, ਆਉਣ ਵਾਲੀਆਂ ਨਸਲਾਂ ਨੂੰ ਖਾਣਾ ਚਾਹੁੰਦੀਆਂ ਨੇ, ਫੌਜ ਵਿਚੋਂ ਆਏ ਨੂੰ ਭਾਵੇਂ ਪੁੱਤਰਾ ਤੀਹ ਵਰੇ ਹੋ ਗਏ। ਸਰੀਰ ਜ਼ਰੂਰ ਥੋੜਾ ਕਮਜ਼ੋਰ ਏ,ਪਰ ਜਜ਼ਬਾ ਜਨੂੰਨ ਅੱਜ ਵੀ ਕਾਇਮ ਹੈ 'ਤੇ ਮੈਨੂੰ ਮਾਣ ਏ ਜੋ ਮੈਂ ਬੀਜਿਆ ਉਹੀ ਵੱਢਿਆ। ਤੂੰ ਆਪਣੇ ਹੱਕਾਂ ਪ੍ਰਤੀ ਲੜ ਰਿਹਾਂ ਅਤੇ ਜਿੱਤ ਹਮੇਸ਼ਾ ਲੜਦਿਆਂ ਦੀ ਹੀ ਹੁੰਦੀ ਏ।

ਸੱਚਮੁੱਚ ਬਾਪੂ ਦੀਆਂ ਗੱਲਾਂ ਨੇ ਮੇਰਾ ਰੋਮ ਰੋਮ ਹੌਸਲੇ ਨਾਲ ਭਰ ਦਿੱਤਾ।

ਬਾਪੂ ਕੋਲੋਂ ਉੱਠ ਹਾਲੇ ਪਾਣੀ ਵਾਲੀ ਖੇਲ 'ਤੇ ਮੂੰਹ ਹੀ ਧੋਤਾ ਸੀ ਕਿ ਬਲਦ ਫਿਰ ਅੜਿੰਗਿਆ।

ਮੋਢੇ ਰੱਖੇ ਸਾਫ਼ੇ ਨਾਲ ਮੂੰਹ ਜਿਹਾ ਸਾਫ਼ ਕਰ ਬਲਦ ਵੱਲ ਤੱਕਿਆ ਤਾਂ ਮਨ ਭਰ ਆਇਆ।ਮੱਲੋ ਮੱਲੀ ਹੱਥ ਜੋੜੇ ਗਏ। ਅੱਖੋਂ ਆਪ ਮੁਹਾਰੇ ਹੰਝੂ ਵਹਿ ਤੁਰੇ।

ਸਮਾਂ ਜਿਵੇਂ ਕਈ ਸਾਲ ਪਿੱਛੇ ਚਲਾ ਗਿਆ ਹੋਵੇ।ਅਕਸਰ ਬਾਪੂ ਜਦੋਂ ਛੁੱਟੀ ਖ਼ਤਮ ਕਰ ਆਪਣਾ ਟਰੰਕ ਹੱਥ ਵਿਚ ਫੜ ਸਾਨੂੰ ਸਾਰਿਆਂ ਨੂੰ ਫਤਿਹ ਬੁਲਾ ਤੁਰਦਾ ਤਾਂ ਮੈਂ ਬਾਪੂ ਦੀਆਂ ਲੱਤਾਂ ਨੂੰ ਚਿੰਬੜ ਜਾਣਾ। ਪਤਾ ਹੁੰਦਾ ਸੀ ਕਿ ਹੁਣ ਗਿਆ ਬਾਪੂ ਪਤਾ ਨਹੀਂ ਕਦੋਂ ਵਾਪਸ ਆਵੇਗਾ।ਮੇਰਾ ਰੋ ਰੋ ਬੁਰਾ ਹਾਲ ਹੋ ਜਾਣਾ। ਬਾਪੂ ਨੇ ਪਿਆਰ ਨਾਲ ਮੈਨੂੰ ਚੁੱਕ ਲੈਣਾ ਅਤੇ ਮੱਥਾ ਚੁੰਮ ਆਖਣਾ, ਪੁੱਤ ਰੋਈ ਦਾ ਨਹੀਂ ਹੁੰਦਾ। ਤੂੰ ਤਾਂ ਮੇਰਾ ਸ਼ੇਰ ਪੁੱਤ ਏ ਅਤੇ ਸ਼ੇਰ ਸਦਾ ਗਰਜਦੇ ਚੰਗੇ ਲੱਗਦੇ ਨੇ ਰੋਂਦੇ ਨਹੀਂ।

ਮੈਂ ਜਾ ਰਿਹਾਂ ਆਪਣਾ ਫ਼ਰਜ਼ ਨਿਭਾਉਣ, ਆਪਣੇ ਲੋਕਾਂ ਦੀ ਰਾਖੀ ਲਈ ਅਤੇ ਤੂੰ ਪਿੱਛੋਂ ਘਰ ਦਾ ਖਿਆਲ ਰੱਖੀਂ।

ਉਸ ਸਮੇਂ ਬੱਚਾ ਸੀ, ਸਮਝ ਤੋਂ ਬਾਹਰ ਸੀ, ਇਹ ਸਭ ਗੱਲਾਂ, ਪਰ ਅੱਜ ਸਭ ਸਮਝਦਾ ਹਾਂ।

ਸੱਚਮੁੱਚ ਅੱਜ ਘਰਾਂ ਵਿੱਚ ਚੋਰ ਵੜਨ ਦੀ ਤਾਕ ਵਿੱਚ ਨੇ, ਸਾਡੀਆਂ ਆਉਣ ਵਾਲੀਆਂ ਨਸਲਾਂ ਦੇ ਮੂੰਹੋਂ ਬੁਰਕੀ ਖੋਹਣ ਦੀ ਤਾਕ ਵਿੱਚ ਨੇ ਕੁਝ ਖ਼ੂਨ ਪੀਣੀਆਂ ਜੋਕਾਂ 'ਤੇ ਇਨਾਂ ਜੋਕਾਂ ਨੂੰ ਮਾਰਨਾ ਜ਼ਰੂਰੀ ਏ।

ਘਰਵਾਲੀ ਨੇ ਮੋਢੇ 'ਤੇ ਆਣ ਹੱਥ ਧਰਿਆ ਤਾਂ ਫਿਰ ਤੋਂ ਅਤੀਤ ਵਿੱਚੋਂ ਵਾਪਸ ਆ ਗਿਆ।

'ਓਏ ਪੁੱਤਰਾ' ਬਸ ਆਹੀ ਫ਼ਿਕਰ ਸੀ। ਹੁਣ ਨਾ ਹੌਂਸਲਾ ਛੱਡੀ, ਮੇਰੇ ਮੂੰਹੋਂ ਕੋਈ ਸ਼ਬਦ ਨਹੀਂ ਸੀ ਨਿਕਲ ਰਿਹਾ ਬੱਸ ਦੇਖ ਰਿਹਾ ਸੀ।

ਬਾਪੂ ਜਿਵੇਂ ਫਿਰ ਜਵਾਨ ਹੋ ਗਿਆ ਹੋਵੇ ਅਤੇ ਲੋਈ ਦੀ ਬੁੱਕਲ ਮਾਰ ਬਲਦ ਨੂੰ ਪੁਚਕਾਰ ਗੱਡੀ ਨਾਲ ਜੋੜ ਲਿਆ। ਤੁਰੇ ਜਾਂਦੇ ਬਾਪੂ ਨੇ ਅੱਜ ਫੇਰ ਉਹੀ ਗੱਲ ਦੁਹਰਾਈ, ਪੁੱਤਰਾ ਘਰ ਦਾ ਖਿਆਲ ਰੱਖੀਂ ਅਤੇ 'ਖੇਤਾਂ ਦਾ ਮੈਂ'। ਪਰ ਅੱਜ ਗੱਲ ਸਿਰਫ਼ ਮੇਰੇ ਘਰ ਦੀ ਨਹੀਂ ਲੱਖਾਂ ਘਰਾਂ ਦੀ ਹੋ ਰਹੀ ਹੈ।

ਇਕ ਸਾਂਝੀ ਲੋਕ ਲਹਿਰ ਨੇ ਜਨਮ ਲੈ ਲਿਆ ਏ, ਜ਼ੁਲਮਾਂ ਦੇ ਖ਼ਿਲਾਫ਼ ਡਟਣ ਲਈ। ਸੱਚਮੁੱਚ ਸਮਾਂ ਲੜਨ ਦਾ ਏ, ਇੱਕ ਵਾਰ ਫੇਰ ਰੋਮ ਰੋਮ ਹੌਂਸਲੇ ਨਾਲ ਭਰ ਗਿਆ ਅਤੇ ਫਿਰ ਤੋਂ ਫਤਿਹ ਬੁਲਾ ਉਨੀਂ ਪੈਰੀਂ ਵਾਪਸ ਮੁੱਖ ਮੋੜ ਲਿਆ ਇੱਕ ਅਜਿਹੀ 'ਜੰਗ' ਵਿਚ ਜਾਣ ਲਈ ਜੋ ਆਪਣੇ ਹੱਕਾਂ ਲਈ ਲੜ ਰਹੇ ਹਾਂ।

# ਬੁਗਨੀ

ਨਾਨਕਿਆਂ ਦੇ ਉੱਚੇ ਜੰਗਲਿਆਂ ਵਾਲੇ ਚੁਬਾਰੇ ਤੇ ਚੁਬਾਰਿਆਂ ਦੇ ਉੱਪਰ ਤੱਕ ਜਾਂਦੀਆਂ ਪਾਉੜੀਆਂ ਚੜਦਿਆਂ ਉੱਤਰਦਿਆਂ ਬਚਪਨ ਪਤਾ ਨਹੀਂ ਕਦੋਂ ਬੀਤ ਗਿਆ, ਪਰ ਨਿੱਕੇ ਹੁੰਦਿਆਂ ਦੀ ਇਕ ਇਕ ਯਾਦ ਅਜੇ ਕੱਲ ਦੀ ਗੱਲ ਏ। ਨਾਨਕਾ ਪਿੰਡ ਜਿੱਥੇ ਮੈਨੂੰ ਲੋਕ ਬੀਬੀ ਦੇ ਨਾਂ ਜਾਂ ਰੰਧਾਵਿਆਂ ਦਾ ਦੋਹਤਾ ਕਰ ਕੇ ਜਾਣਦੇ, ਉਹ ਪਿੰਡ ਜਿੱਥੇ ਸਾਨੂੰ ਹਰ ਇੱਲਤ ਮੁਆਫ਼ ਹੁੰਦੀ। ਸੱਚ ਤਾਂ ਇਹ ਕਿ ਨਾਨਕਾ ਪਿੰਡ ਹੁਣ ਦੇ ਡਿਜ਼ਨੀਲੈਂਡ ਤੋਂ ਹਜ਼ਾਰ ਗੁਣਾ ਸੋਹਣਾ ਸੀ, ਖੁੱਲੇ ਡੁੱਲੇ ਵਿਹੜੇ ਦੇ ਵਿਚਕਾਰ ਤਰਹੇਕ ਦਾ ਰੁੱਖ ਸੀ ਪਰ ਦੁਪਹਿਰੇ ਡਿਉੜੀ ਵਿੱਚ ਹੀ ਗੁਜ਼ਾਰਦੇ। ਡਿਉੜੀ ਨੂੰ ਵੱਡੇ ਵੱਡੇ ਤਖਤਿਆਂ ਵਾਲਾ ਦਰਵਾਜ਼ਾ ਜੋ ਗਰਮੀਆਂ ਵਿਚ, ਅਕਸਰ ਹੀ ਖੁੱਲਾ ਰਹਿੰਦਾ ਤੇ ਸਾਰਾ ਦਿਨ ਫ਼ਰਲ ਫ਼ਰਲ ਹਵਾ ਆਉਂਦੀ ਰਹਿੰਦੀ, ਕਦੇ ਕਦੇ ਖੇਡਦਿਆਂ ਜਦੋਂ ਅੱਖ ਲੱਗ ਜਾਣੀ ਤਾਂ ਨਾਨੀ ਨੇ ਪੱਖੀ ਦੀ ਝੱਲ ਮਾਰੀ ਜਾਣੀ।

ਡਿਉੜੀ ਤੋਂ ਨਿਵਾਣ ਵੱਲ ਉੱਤਰਦਿਆਂ ਈ ਸੱਜੇ ਹੱਥ ਗਲੀ ਵਿਚ, ਲ਼ਾਲੇ ਚਿੰਤਰਾਮ ਦੀ ਹੱਟੀ ਤੇ ਫ਼ਰਲਾਂਗ ਕੁ ਅਗਾਂਹ ਸੱਜੇ ਹੱਥ ਗਲੀ ਪਿੰਡ ਵਿਚ ਵੜ ਜਾਂਦੀ। ਵੱਡੀ ਗਲੀ ਤੋਂ ਅਗਾਂਹ ਜਾ ਕੇ ਸੱਜੇ ਖੱਬੇ ਭੀੜੀਆਂ ਗਲ਼ੀਆਂ ਨਿੱਕਲ ਦੀਆਂ ਸਨ। ਸੱਜੇ ਹੱਥ ਭੀੜੀ ਗਲੀ ਦੀ ਨੁੱਕਰ ਮੁੜਦਿਆਂ ਈ ਮਾਈ ਨਾਮੋ ਦੀ ਹੱਟੀ ਸੀ। ਮਾਈ ਨਾਮੋ ਨੂੰ ਉੱਚਾ ਸੁਣਦਾ ਸੀ ਤੇ ਕਈ ਲੋਕ ਉਸ ਨੂੰ ਬੋਲੀ ਨੈਣ ਕਹਿੰਦੇ ਤੇ ਕਈ ਨਾਮੋ ਨੈਣ ਪਰ ਮੇਰੀ ਨਾਨੀ ਉਸਨੂੰ ਬੜੇ ਅਦਬ ਨਾਲ ਹਰਨਾਮ ਕੁਰੇ ਆਖ ਕੇ ਬੁਲਾਉਂਦੀ। ਮਾਈ ਨਾਮੋ ਦਾ ਛੋਟਾ ਜਿਹਾ ਪਤਲਾ ਸਰੀਰ ਤੇ ਕੁਝ ਕੁੱਬ ਨਿਕਲਿਆ ਹੋਇਆ ਸੀ। ਉਸਦੇ ਚਿਹਰੇ ਦੀਆਂ ਝੁਰੜੀਆਂ ਤੇ ਚੁੱਚੀਆਂ ਅੱਖਾਂ 'ਚੋਂ ਸਦਾ ਮੋਹ ਝਲਕਦਾ ਰਹਿੰਦਾ। ਮੇਰੀ ਨਾਨੀ ਨਾਲ ਉਸਦੀ ਬੜੀ ਬਣਦੀ ਸੀ। ਮਾਈ ਨਾਮੋ ਦੇ ਖੀਸੇ ਵਿੱਚ ਇਕ ਤੇਜ਼ ਚੁੰਝ ਵਾਲਾ ਚਾਕੂ ਨੁਮਾ ਉੱਸਤਰਾ ਹੁੰਦਾ ਤੇ ਮਾਈ ਸਾਡੇ ਨਹੁੰ ਵੀ ਲਾਹ ਜਾਇਆ ਕਰਦੀ।

ਮਾਈ ਨਾਮੋ ਦੀ ਛੋਟੀ ਜਿਹੀ ਨੀਵੇਂ ਜਿਹੇ ਬੂਹੇ ਵਾਲੀ ਹੱਟੀ ਅਸੀਂ ਜਦੋਂ ਵੀ ਜਾਣਾ ਤਾਂ ਉਸ ਨੇ ਸਾਨੂੰ ਮਿੱਠੀਆਂ ਗੋਲ਼ੀਆਂ ਦੇਣੀਆਂ। ਸਾਰੇ ਨਿਆਣਿਆਂ ਨਾਲ ਉਹ ਬਾਹਲਾ ਮੋਹ ਕਰਦੀ। ਉਸਦੀ ਦੁਕਾਨ ਦੇ ਪਿੱਛੇ ਲ਼ਾਅਨ ਵਿੱਚ ਮਿੱਟੀ ਦੇ ਭਾਂਡੇ ਜਿਨਾਂ ਵਿਚ, ਦੌਰੀਆਂ, ਛਕਾਲੇ, ਕੁੱਜੇ, ਕਾਹੜਣੇ, ਚੱਪਣੀਆਂ, ਝਾਂਵੇ, ਬੁਗਨੀਆਂ (ਗੋਲਕਾਂ) ਤੇ ਮਿੱਟੀ ਦੇ ਖਿਡੌਣੇ ਆਦਿ ਖਿੱਲਰੇ ਪਏ ਹੁੰਦੇ। ਨਾਨੀ ਨੇ ਅਕਸਰ ਦੁਕਾਨ ਤੇ ਕੋਈ ਕੁੱਜਾ ਛਕਾਲਾ ਲੈਣ ਤੁਰੇ ਰਹਿਣਾ ਕਿਉਂਕਿ ਬਿੱਲੀਆਂ ਆਏ ਦਿਨ ਕੁਝ ਨਾ ਕੁਝ ਭੰਨ ਛੱਡਦੀਆਂ ਸਨ। ਜਦੋਂ ਵੀ ਮੈਂ ਨਾਨੀ ਨਾਲ ਨਾਮੋ ਦੀ ਦੁਕਾਨ 'ਤੇ ਜਾਣਾ ਤਾਂ ਉਹਨੇ ਬੜਾ ਮੋਹ ਕਰਨਾ ਤੇ ਮੈਨੂੰ ਕੋਈ ਮਿੱਟੀ ਦਾ ਕੋਈ ਖਿਡੌਣਾ ਫੜਾ ਦੇਣਾ ਜਿਨਾਂ ਵਿਚ, ਜ਼ਿਆਦਾਤਰ 'ਬੁਗਨੀ' ਭਾਵ ਗੋਲਕ ਹੁੰਦੀ, ਮੈਂ ਉਸਨੂੰ ਬੜੇ ਅਦਬ ਨਾਲ 'ਮਾਂ ਜੀ' ਆਖਦਾ, ਉਹ ਮੈਨੂੰ ਅਕਸਰ 'ਦਾਦੇ ਮਗਾਉਣਾ' ਆਖਦੀ। ਇਨਾਂ ਲਫ਼ਜ਼ਾਂ ਦੇ ਅਰਥ ਮੈਨੂੰ ਕਿਸੇ ਸ਼ਬਦ ਕੋਸ਼ ਵਿਚੋਂ ਅਜੇ ਤੱਕ ਨਹੀਂ ਮਿਲੇ। ਪਤਾ ਨਹੀਂ ਇਹ ਕੋਈ ਪਿਆਰ ਭਰੀ ਗਾਲ਼ ਸੀ ਕਿ ਮੇਰੇ ਦਾਦਕਿਆਂ ਨੂੰ ਕੋਈ ਸਿੱਠਣੀ, ਰੱਬ ਜਾਣੇ।

ਘਰ ਆ ਕੇ ਬੀਬੀ ਕੋਲੋਂ ਤੇ ਨਾਨੀ ਕੋਲੋਂ ਪੈਸੇ ਲੈ ਕੇ ਗੋਲਕ ਵਿੱਚ ਪਾਉਣੇ, ਮਾਮੇ ਦੇ ਹਮ ਉਮਰ ਨਿਆਣਿਆਂ ਨੇ ਵੀ ਨਾਲ ਭਿਆਲੀ ਪਾ ਲੈਣੀ। ਸਾਰੇ ਭੈਣਾਂ ਭਰਾਵਾਂ ਨੇ ਖੜਕਾ ਖੜਕਾ ਬੁਗਨੀ ਕਿਆਫ਼ੇ ਲਾਉਂਦੇ ਰਹਿਣਾ ਕਿ ਗੋਲੀ ਵਾਲੇ ਬੱਤੇ ਜੋਗੇ ਹੋਏ ਕਿ ਨਹੀਂ। ਕਈ ਵਾਰ ਤੇ ਖ਼ਜ਼ਾਨਾ ਨਾਲ ਰੱਖ ਕੇ ਸੌਣਾ ਕਿ ਦੂਜੇ ਭੈਣ ਭਰਾ ਘੁਟਾਲਾ ਨਾ ਕਰ ਜਾਣ। ਕਦੇ ਕਦੇ ਤੇ 'ਬੁਗਨੀ' ਅਗਲੇ ਦਿਨ ਹੀ ਭੰਨ ਲੈਣੀ ਤੇ ਜੋ ਤਿਲ ਫੁੱਲ ਨਿਕਲਣਾ ਰੇੜੂ ਦੀ ਹੱਟੀ ਤੋਂ ਮਰੂੰਡਾ ਤੇ ਗੱਚਕ ਲਿਆ ਕੇ ਵੰਡ ਲੈਣੀ। ਥੋੜਾ ਬਾਹਲਾ ਤਕਰਾਰ ਹੋਣਾ ਕਿ ਮੈਂ ਪੈਸੇ ਵੱਧ ਪਾਏ ਤੂੰ ਘੱਟ ਪਾਏ ਪਰ ਮਰੂੰਡਾ ਤੇ ਗੱਚਕ ਦਾ ਵਾਧਾ ਘਾਟਾ ਕਰਕੇ ਸਹਿਮਤੀ ਬਣ ਜਾਣੀ। ਜੇ ਕਦੇ ਬੁੱਗਨੀ ਦੀ ਚਾਰ ਦਿਨ ਮਿਆਦ ਵੱਧ ਜਾਣੀ ਜਾਂ ਬੁਤਾਲੇ ਵਾਲੀ ਮਾਮੀ ਆ ਜਾਣੀ ਜੋ ਅਕਸਰ ਨਿਆਣਿਆਂ ਨੂੰ ਭਾਨ ਵੰਡਿਆ ਕਰਦੀ ਸੀ ਤਾਂ ਬਜਟ ਕੁਝ ਵੱਧ ਜਾਣਾ। ਜਦੋਂ ਗੋਲਕ ਭੰਨਣੀ ਤਾਂ ਫਿਰ ਮਸਲਾ ਖੜਾ ਹੋ ਜਾਣਾ ਪਰ ਨਾਨੀ ਨੇ ਕੋਲੋਂ ਰੁਪਈਆ ਧੇਲੀ ਪਾ ਦੇਣੀ ਤੇ ਕਹਿਣਾ, 'ਜਾਓ ਚਿੰਤਰਾਮ ਕੋਲੋਂ ਬੱਤੇ ਫੜ ਲਿਆਓ' ਤੇ ਦੁੱਧ ਸੋਡਾ ਬਣਾ ਕੇ ਸਾਨੂੰ ਵੰਡ ਦੇਣਾ।

ਹੁਣ ਜਦੋਂ ਮੈਂ ਪਤਵੰਤਿਆਂ ਨੂੰ ਗੁਰੂਘਰਾਂ ਵਿੱਚ ਗੋਲਕਾਂ ਭੰਨਦਿਆਂ ਜਿੰਦੇ ਬਦਲਦਿਆਂ ਵੇਖਦਾ ਹਾਂ ਤਾਂ ਆਪਣਾ ਬਚਪਨ ਚੇਤੇ ਆ ਜਾਂਦਾ ਜਦੋਂ ਨਾ ਸਮਝ ਸਾਂ ਤੇ ਬੁਗਨੀ ਵੀ ਆਪਣੀ ਮਲਕੀਅਤ ਸੀ। ਪਰ ਗੁਰੂਘਰ ਬਾਬੇ ਮੂਹਰੇ ਪਈ ਬੁਗਨੀ (ਗੋਲਕ) ਤਾਂ ਗੁਰੂ ਦੀ ਏ, ਸੰਗਤ ਦੀ ਏ। ਉਸ 'ਤੇ ਕਾਹਦਾ ਹੱਕ। ਬੱਸ ਕਾਰਨ ਉਹੋ ਬਚਪਨ ਵਾਲੀ ਨਾਸਮਝ ਮੱਤ। ਹੰਕਾਰ ਮੈਂ ਮੇਰੀ ਦਾ ਰੌਲਾ। ਸਰੀਰ ਵੱਧ ਗਏ ਦਾਹੜੇ ਵੱਧ ਗਏ ਪਰ ਅਕਲ ਅਟਕ ਗਈ, ਸਿਆਣੇ ਹੋਏ ਈ ਨਹੀਂ ਤੇ ਸ਼ਾਇਦ ਹੋਇਏ ਵੀ ਨਾ।

**- ਬਿੱਟੂ ਸੇਖੋਂ**
ਜਰਮਨੀ

# ਦੁਆਵਾਂ ਦੀ ਦਾਸਤਾਨ

**ਬਲਜੀਤ ਖ਼ਾਨ**

***ਖੁਸ਼ਵੰਤ ਸਿੰਘ ਦੀ ਇੱਕ ਕਹਾਣੀ 'ਤੇ ਆਧਾਰਤ***



ਬੇਬੇ ਅੱਸੀਆਂ ਨੂੰ ਟੱਪ ਗਈ ਸੀ, ਹੱਥ-ਪੈਰ ਕੰਬਣ ਲੱਗ ਪਏ, ਨਿਗਾ ਵੀ ਬਹੁਤ ਘਟ ਗਈ ਸੀ। ਮੈਂ ਕਾਨੂੰਨ ਦੀ ਪੜਾਈ ਕਰਨ ਇੰਗਲੈਂਡ ਜਾਣਾ ਸੀ। ਲੱਗਦਾ ਨਹੀਂ ਸੀ ਬੇਬੇ ਨੂੰ ਦੁਬਾਰਾ ਜਿਉਂਦੀ ਨੂੰ ਮਿਲਣ ਦਾ ਮੌਕਾ ਮਿਲੂਗਾ। ਤੁਰਨ ਲੱਗੇ ਨੂੰ ਬੇਬੇ ਨੇ ਘੁੱਟ ਕੇ ਜੱਫੀ ਵਿਚ ਲੈ ਲਿਆ, ਮੱਥਾ ਚੁੰਮਿਆ ਤੇ ਅਸੀਸਾਂ ਦੀ ਝੜੀ ਲਾ ਦਿੱਤੀ,'ਜੁੱਗ-ਜੁੱਗ ਜੀਵੇਂ, ਜਵਾਨੀਆਂ ਮਾਣੇਂ, ਰੱਖ-ਰੱਖ ਭੁੱਲੇਂ, ਜੱਗ ਤੇਰੇ ਨਾਂ ਦੀ ਸੋਭਾ ਗਾਵੇ, ਕਿਸੇ ਮੂਹਰੇ ਹੱਥ ਨਾ ਅੱਡਣੇ ਪੈਣ, ਗੁਰੂ-ਮਾਰਾਜ ਅੰਗ-ਸੰਗ ਸਹਾਈ ਹੋਏ, ਮਿਹਰ-ਭਰਿਆ ਹੱਥ ਬਣਾਈ ਰੱਖੇ ਮੇਰੇ ਲਾਲ਼ 'ਤੇ।'

ਵਕੀਲ ਬਣਕੇ ਪੰਜਾਂ ਸਾਲਾਂ ਬਾਅਦ ਜਦੋਂ ਮੁੜਿਆ ਤਾਂ ਬੇਬੇ ਨੌਂ-ਬਰ-ਨੌਂ ਸੀ। ਸੁਬਾ ਸਾਜਰੇ ਉੱਠਦੀ ਤੇ ਨਿੱਤਨੇਮ ਕਰਦੀ, ਵਿਹੜੇ ਵਿਚ ਚਿੜੀਆਂ ਨੂੰ ਦਾਣਾ ਪਾਉਣਾ ਅਤੇ ਦੌਰੇ 'ਚ ਪਾਣੀ ਰੱਖਣਾ ਨਾ ਭੁੱਲਦੀ। ਚਿੜੀਆਂ ਆ ਕੇ ਉਹਦੇ ਸਿਰ, ਮੋਢਿਆਂ, ਹੱਥਾਂ-ਬਾਹਾਂ 'ਤੇ ਬਹਿ ਜਾਂਦੀਆਂ ਜਿਵੇਂ ਬਚਪਨ ਦੀਆਂ ਸਹੇਲੀਆਂ ਹੋਣ।

ਬੇਬੇ ਜਿਸ ਦਿਨ ਪੂਰੀ ਹੋਈ ਬਿਲਕੁਲ ਦਰੁਸਤ ਸੀ, ਭੌਰ ਔਹ ਗਿਆ, ਔਹ ਗਿਆ ਵਾਲ਼ੀ ਗੱਲ ਈ ਹੋ ਗਈ। ਬਾਪੂ ਹੁਰਾਂ ਨੇ ਅੰਤਿਮ ਦਰਸ਼ਨਾਂ ਲਈ ਬੇਬੇ ਦੀ ਦੇਹ ਵਾਲਾ ਮੰਜਾ ਬਰਾਂਡੇ ਵਿਚ ਡਾਹ ਦਿੱਤਾ।

ਰੋਜ਼ ਵਾਂਗ ਸੈਂਕੜੇ ਚਿੜੀਆਂ ਆਈਆਂ, ਆਮ ਨਾਲ਼ੋਂ ਕਿਤੇ ਵੱਧ ਤੇ ਵਿਹੜੇ ਵਿਚ ਇੱਕ ਪਾਸੇ ਚੁੱਪ-ਚਾਪ ਬੈਠੀਆਂ ਰਹੀਆਂ, ਨਾ ਕੋਈ ਉੱਛਲ-ਕੂਦ, ਨਾ ਕੋਈ ਖੜਮਸਤੀ ਕੀਤੀ। ਮਾਂ ਕਹਿੰਦੀ, 'ਜਾਹ, ਚਿੜੀਆਂ ਨੂੰ ਦਾਣਾ ਪਾ ਦੇ, ਭੁੱਖੀਆਂ ਹੋਣਗੀਆਂ।'

ਮੈਂ ਬੁੱਕ ਭਰ-ਭਰ ਕੇ ਚੋਗਾ ਖਿਲਾਰਿਆ ਪਰ ਮਜ਼ਾਲ ਕੀ ਇੱਕ ਵੀ ਚਿੜੀ ਨੇ ਦਾਣੇ ਨੂੰ ਚੁੰਝ ਲਾਈ ਹੋਵੇ।

ਬੇਬੇ ਦੀ ਅਰਥੀ ਨੂੰ ਜਦੋਂ ਸਸਕਾਰ ਲਈ ਚੁੱਕ ਕੇ ਤੁਰੇ, ਚਿੜੀਆਂ ਵੀ ਉੱਡ ਗਈਆਂ, ਚੋਗਾ ਭੁੰਜੇ ਖਿਲਾਰਿਆ ਰਹਿ ਗਿਆ।

ਇਨਸਾਨੀ ਲੋਥਾਂ ਨੂੰ ਤਾਂ ਦੁਸ਼ਮਨ ਵੀ ਤਨ-ਪੱਤਣ ਲਾ ਦਿੰਦੇ ਨੇ, ਜੇਕਰ ਕਿਸੇ ਬੰਦੇ ਦੀ ਮਈਅਤ 'ਤੇ ਬੇਜ਼ੁਬਾਨ ਜਾਨਵਰ ਤੇ ਪੰਛੀ ਵੀ ਮਾਤਮ ਕਰਨ ਤਾਂ ਜ਼ਰੂਰ ਉਹਦਾ ਜਿਉਣਾ-ਮਰਨਾ ਸਫ਼ਲ ਹੋ ਗਿਆ ਏ।

ਡੈਡੀ ਹੁਰੀਂ ਜਦੋਂ ਆਪਣੇ ਮੁਰਸ਼ਦ ਦੀ ਸੰਗਤ ਕਰਨ ਪਿਰਾਨ ਕਲੀਅਰ ਦੋ-ਤਿੰਨ ਦਿਨ ਲਈ ਚਲੇ ਜਾਂਦੇ ਸਨ ਤਾਂ ਮਗਰ ਪਸ਼ੂ ਓਦਰ ਜਾਂਦੇ ਸਨ। ਮੱਝਾਂ ਨੇ 'ਡਿੰਗਣਾ, ਧਾਰਾਂ ਮਸਾਂ ਚੋਣੀਆਂ, ਬੀਬੀ ਨੇ ਔਖੀ ਹੋਈ ਨੇ ਕਹਿਣਾ, 'ਆਂਵਦੇ ਪਿਉ ਨੂੰ ਆਖਿਓ ਇਨਾਂ ਕਜਾਤਾਂ ਨੂੰ ਵੀ ਨਾਲ਼ ਲੈ ਜਿਆ ਕਰੇ' ਡੈਡੀ ਦੇ ਮੁੜਨ 'ਤੇ ਡੰਗਰਾਂ ਤੋਂ ਖ਼ੁਸ਼ੀ ਸਾਂਭੀ ਨਾ ਜਾਣੀ, ਸੰਗਲ ਤੁੜਾਉਣ ਤਾਈਂ ਜਾਣਾ, ਥੂਥੀਆਂ ਡੈਡੀ ਦੇ ਮੋਢੇ 'ਤੇ ਰੱਖਕੇ ਹੰਝੂ ਕੇਰਨੇ। ਸਮਝਿਆ ਜਾ ਸਕਦਾ ਏ ਡੈਡੀ ਹੁਰਾਂ ਦੇ ਸਦਾ ਲਈ ਤੁਰ ਜਾਣ 'ਤੇ ਸਾਡਾ ਵੈਰਾਗ ਵਿਚ ਵਹਿ ਜਾਣਾ ਸੁਭਾਵਿਕ ਸੀ।

ਬਹੁਤ ਸੋਹਣਾ ਗੀਤ ਏ,

'ਬਾਪੂ ਤੇਰੇ ਕਰਕੇ ਮੈਂ ਪੈਰਾਂ 'ਤੇ ਖਲੋ ਗਿਆ,

ਤੂੰ ਸੈਕਲਾਂ 'ਤੇ ਕੱਟੀ ਤੇ ਮੈਂ ਗੱਡੀ ਜੋਗਾ ਹੋ ਗਿਆ।'

# ਸਿੱਖ ਬਨਾਮ ਤਾਲਿਬਾਨ

**ਬਿੱਟੂ ਅਰਪਿੰਦਰ ਸਿੰਘ**

ਸਿੱਖ ਦਾ ਮਤਲਬ ਤਾਲਿਬਾਨ ਏ ਤੇ ਤਾਲਿਬਾਨ ਦਾ ਮਤਲਬ ਸਿੱਖ, ਜੇ ਬੋਲੀ ਦਾ ਉਲੱਥਾ ਕਰਕੇ ਵੇਖੀਏ । ਕੁਝ ਇਕ ਦੋ ਗੱਲਾਂ ਨੂੰ ਛੱਡਕੇ ਸਿੰਘਾਂ ਤੇ ਪਠਾਣਾਂ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਏ । ਇਕ ਕਹਾਵਤ ਏ ਅਖੇ, 'ਕਾਬਲ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਬਾਹਲੇ ਪਿਛੋਕੜ ਵਿਚ ਨਾ ਜਾਈਏ ਤਾਂ ਪਿਛਲੇ ਦਹਾਕਿਆਂ ਵਿਚ ਇਨਾਂ ਲੜਾਕੂਆਂ ਗੁਰੀਲਿਆਂ ਪਠਾਣਾਂ ਨੂੰ ਅਸੀਂ ਮਹਾਂਸ਼ਕਤੀਆਂ ਨਾਲ ਲੜਦੇ ਭਿੜਦੇ ਵੇਖਿਆ ਹੈ । ਸਿਆਸੀ ਪੈਂਤੜੇ ਕੀ ਹੁੰਦੇ ਇਹ ਤੇ ਰਾਜਨੀਤਕ ਤਾਕਤਾਂ ਜਾਨਣ ਪਰ ਫ਼ਤਿਹ ਅਫ਼ਗ਼ਾਨਾਂ ਦੀ ਹੁੰਦੀ ਰਹੀ ਏ। ਆਪਣੀ ਸਰਜ਼ਮੀਨ ਲਈ ਮਰ ਮਿਟਣ ਦਾ ਜੋ ਜਜ਼ਬਾ ਇਨਾਂ ਵਿਚ ਹੈ ਬਹੁਤ ਘੱਟ ਕਬੀਲਿਆਂ ਜਾਤੀਆਂ ਵਿਚ ਪਾਇਆ ਜਾਂਦਾ। ਆਪਣੇ ਵਤਨ ਵਿਚ ਗੈਰਾਂ ਦੇ ਪੈਰ ਇਨਾਂ ਨੂੰ ਵੇਹੁ ਵਖਾਲੀ ਦਿੰਦੇ ਨੇ।

ਪਹਿਲਾਂ ਰੂਸ ਨੂੰ ਪੁੱਠੇ ਪੈਰੀਂ ਮੋੜਨਾਂ ਤੇ ਹੁਣ ਨਾਟੋ ਫੌਜਾਂ ਜਰਮਨ, ਫਰਾਂਸ, ਇੰਗਲੈਂਡ ਆਦਿ ਸਮੇਤ ਅਮਰੀਕਾ ਵਰਗੀ ਮਹਾਂਸ਼ਕਤੀ ਨੂੰ ਸ਼ਿਕਸਤ ਦੇਣੀ ਇਨਾਂ ਦੇ ਦ੍ਰਿੜ ਇਰਾਦੇ ਤੇ ਸਿਰੜ ਦੀ ਨਿਸ਼ਾਨੀ ਏ। ਰਾਜਨੀਤੀ ਏ ਜਾਂ ਕੁਝ ਹੋਰ ਰੌਲਾ ਇਹ ਸੱਭ ਕਿਆਸ ਅਰਾਈਆਂ ਨੇ ਤੇ ਸਮੇਂ ਦੇ ਗਰਭ ਵਿਚ ਕੀ ਏ ਇਹ ਕਰਤਾ ਅਕਾਲ ਪੁਰਖ ਜਾਣਦਾ। ਪਰ ਦੁਨੀਆਂ ਤੇ ਜਰਮਨ ਦੀਆਂ ਜ਼ਿਆਦਾ ਅਖ਼ਬਾਰਾਂ ਇਹਨੂੰ ਅਮਰੀਕਾ ਦੀ ਹਾਰ ਤੇ ਅਫ਼ਗ਼ਾਨਾਂ ਦੀ ਜਿੱਤ ਦੱਸ ਰਹੀਆਂ।

ਅਸੀਂ ਸਿੱਖਾਂ ਘਰ ਜਨਮੇ ਬਚਪਨ ਤੋਂ ਹੀ ਸੁਣਦੇ ਆਏ ਹਾਂ ਕਿ ਸਿੱਖਾਂ ਨੇ ਪਠਾਣਾਂ ਤੇ ਰਾਜ ਕੀਤਾ ਤੇ ਦਰਾ ਖ਼ੈਬਰ ਨੂੰ ਨੱਕਾ ਲਾਇਆ। ਇਹ ਇਤਿਹਾਸ ਵਿੱਚ ਦਰਜ ਹੈ ਕਿ ਪਠਾਣੀਆਂ ਆਪਣੇ ਰੋਂਦੇ ਨਿਆਣਿਆਂ ਨੂੰ 'ਹਰੀਆ ਰਾਗਲੇ' ਹਰੀ ਸਿੰਘ (ਜਰਨੈਲ) ਆ ਗਿਆ ਕਹਿ ਕੇ ਚੁੱਪ ਕਰਾਉਂਦੀਆਂ ਰਹੀਆਂ ਹਨ । ਹੁਣ ਜਦੋਂ ਅਸੀਂ ਸੁਪਰ ਪਾਵਰਾਂ ਨੂੰ ਉੱਥੋਂ ਰੁਖਸਤ ਹੁੰਦਿਆਂ ਵੇਖਦੇ ਹਾਂ ਤੇ ਮਨ ਵਿੱਚ ਵਿਚਾਰ ਆਉਂਦਾ ਕਿ ਆਧੁਨਿਕ ਹਥਿਆਰਾਂ, ਮਾਡਰਨ ਦਿਵਯ ਆਸ਼ਤਰਾਂ, ਸ਼ਾਸਤਰਾਂ ਤੇ ਡਰੋਨ ਵਰਗੇ ਮਨੁੱਖ ਰਹਿਤ ਉੱਡਣ ਖਟੋਲੇ ਵੀ ਇਨਾਂ ਪਠਾਣਾਂ ਨੂੰ ਹਰਾ ਨਹੀਂ ਸਕੇ, ਕੀ ਕਾਰਨ ਹੈ ਭੂਰੀਆਂ ਆਲੇ ਇਨਾਂ ਤੇ ਰਾਜ ਕਰਗੇ ?

ਮੁਗਲਾਂ ਜ਼ਹਿਰ ਪਿਆਲੇ ਪੀਤੇ
ਭੂਰੀਆਂ ਆਲੇ ਰਾਜੇ ਕੀਤੇ !

ਕੀ ਕਾਰਨ ਹੈ ਪਠਾਣਾਂ ਨੂੰ ਸਿੱਖਾਂ ਕੋਲੋਂ ਭੈਭੀਤ ਹੋਣਾ ਪਿਆ। ਅਜੇ ਕਿ ਉਹ ਜਾਂਬਾਜ, ਜੰਗਜੂ ਲੜਾਕੇ ਤੇ ਸਿਹਤ ਸਰੀਰ ਪੱਖੋਂ ਵੀ ਸਾਡੇ ਨਾਲ਼ੋਂ ਘੱਟ ਨਹੀਂ। ਵੱਡੀਆਂ ਤਾਕਤਾਂ ਨਾਲ ਮੱਥਾ ਲਾਉਣ ਦਾ ਮਾਦਾ ਰੱਖਦੇ ਹਨ । ਮੈਂ ਜੋ ਆਪਣੀ ਤੁੱਛ ਬੁੱਧ ਅਨੁਸਾਰ ਤੱਤ ਕੱਢਿਆ ਕਿ ਉਹ ਸਿੱਖਾਂ ਦੀ ਬਹਾਦਰੀ ਤੋਂ ਨਹੀਂ ਕਿਰਦਾਰ ਤੋਂ ਡਰਦੇ ਸਨ । ਉਹ ਸਿੰਘਾਂ ਨੂੰ ਉੱਚੇ ਇਖ਼ਲਾਕੀ ਲੜਾਕੇ ਮੰਨਦੇ ਸਨ ਉਹ ਸਿੱਖਾਂ ਦੇ ਅਸੂਲਾਂ ਨੂੰ ਭਾਂਪ ਚੁੱਕੇ ਸਨ ਕਿ ਇਹ ਬੱਚੇ, ਬੁੱਢਿਆਂ, ਔਰਤਾਂ, ਵਿਕਲਾਗਾਂ ਤੇ ਭੱਜੇ ਜਾਂਦੇ ਦੁਸ਼ਮਣ ਦੀ ਪਿੱਠ ਤੇ ਵਾਰ ਨਹੀਂ ਕਰਦੇ। ਬੇਗਮ ਬਾਨੋ ਤੇ ਗੁਲਖ਼ਾਨ ਦੀ ਕਹਾਣੀ ਸ਼ਾਇਦ ਪਠਾਣ ਸੁਣ ਚੁੱਕੇ ਸਨ ਕਿ ਕਿਸ ਤਰਾਂ ਦਰ ਤੇ ਗਈ ਬੀਬੀ ਬਾਨੋ ਨੂੰ ਹਰੀ ਸਿੰਘ ਵਰਗਾ ਪੁੱਤਰ ਮਿਲਿਆ ਸੀ ਜਿਨ ਬਾਨੋ ਦੇ ਪੈਰਾਂ ਤੇ ਮੱਥਾ ਟੇਕ ਉਸਨੂੰ 'ਧਰਮ ਮਾਤਾ' ਬਣਾ ਲਿਆ ਸੀ !



ਬਿਨਾਂ ਸ਼ੱਕ ਉਨਾਂ ਨੇ ਇਕ ਅਕਾਲ ਦੇ ਪੁਜਾਰੀਆਂ ਸਿੱਖਾਂ ਬਾਰੇ ਹੋਰ ਵੀ ਬੜਾ ਕੁਝ ਸੁਣਿਆ ਹੋਵੇਗਾ। ਕੁਦਰਤੀ ਹੈ ਕਿ ਜਦੋਂ ਮਨੁੱਖ ਆਪਣੇ ਤੋਂ ਉੱਚੀਆਂ ਕਦਰਾਂ ਕੀਮਤਾਂ ਤੇ ਬੁਲੰਦ ਕਿਰਦਾਰ ਵਾਲੀ ਸ਼ਖ਼ਸੀਅਤ ਦਾ ਸਾਹਮਣਾ ਕਰਦਾ ਹੈ ਤਾਂ ਆਪਣੇ ਆਪ ਨੂੰ ਬੌਣਾ ਸਮਝਦਾ ਹੈ। ਇਹ ਬੌਣਾ ਹੋਣਾ ਹੀ ਅਧੀਨਗੀ ਹੈ ਭੈਅ ਹੈ ਤੇ ਮਨ ਵਿਚ, ਉਪਜਿਆ ਸਤਿਕਾਰ ਵੀ । ਇਖ਼ਲਾਕਾਂ ਤੇ ਕਿਰਦਾਰਾਂ ਵਿੱਚ ਉਮਰਾਂ ਮਾਇਨੇ ਨਹੀਂ ਰੱਖਦੀਆਂ, ਜਿਸ ਤਰਾਂ ਅਸੀਂ ਉੱਚ ਚੋਟੀ ਦੇ ਬੁਲੰਦ ਕਿਰਦਾਰਾਂ ਵਾਲ਼ੇ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਜੀ ਤੇ ਬਾਬਾ ਫ਼ਤਿਹ ਸਿੰਘ ਜੀ ਨੂੰ 'ਬਾਬਾ ਜੀ' ਨਾਲ ਮੁਖਾਤਿਬ ਹੁੰਦੇ ਹਾਂ ਤਾਂ ਇਹ ਨੰਨੀਆਂ ਰੂਹਾਂ ਹੋਰ ਵੀ ਬੁਲੰਦ ਹੋ ਜਾਂਦੀਆਂ ਹਨ।

ਅਜੇ ਕੱਲ ਦੀਆਂ ਗੱਲਾਂ ਨੇ ਜਦੋਂ ਉੱਚ ਇਖ਼ਲਾਕ ਤੇ ਸੁੱਚੇ ਕਿਰਦਾਰ ਦੀ ਗੱਲ ਆਉਂਦੀ ਹੈ ਤਾਂ 'ਤੀਰ ਵਾਲਾ ਬਾਬਾ' ਸਾਹਮਣੇ ਆ ਜਾਂਦਾ ਹੈ। ਜਵਾਨ ਉਮਰ ਦੁਨਿਆਵੀ ਵਿੱਦਿਆ ਵੀ ਕੋਈ ਬਹੁਤੀ ਨਹੀਂ, ਪਰ ਹਰੇਕ ਸੁੱਚੀ ਨਿਗਾਹ ਲਈ ਬਾਬਾ ਜਰਨੈਲ ਸਿੰਘ ਖਾਲਸਾ ਸਤਿਕਾਰ ਦਾ ਪਾਤਰ ਹੈ। ਜੇ ਸੁਬਰਾਮਨੀਆਮ ਸੁਆਮੀ ਵਰਗਾ ਪੜਿਆ ਲਿਖਿਆ ਉੱਚ ਕੋਟੀ ਦਾ ਵਕੀਲ ਮਿਲਣ ਆਉਂਦਾ ਹੈ ਤਾਂ ਸਿਰ ਢੱਕ ਕੇ ਭੁੰਜੇ ਚੌਂਕੜਾ ਮਾਰ ਲੈਂਦਾ ਹੈ, ਜੇ ਜੇਤੂ ਜਰਨੈਲ ਸੁਬੇਗ ਸਿੰਘ ਜੀ ਮਿਲਣ ਆਉਣ ਤਾਂ ਸ਼ਸਤਰ ਵਾਲਾ ਡੱਬਾ ਅੱਗੇ ਰੱਖ ਕਹਿਣ ਲੱਗੇ ਬਾਬਾ ਜੀ ਦਾਸ ਤੋਂ ਜੋ ਸੇਵਾ ਮਰਜ਼ੀ ਲੈ ਲਓ। ਕਾਰਨ ਬੁਲੰਦ ਕਿਰਦਾਰ ਕਥਨੀ ਤੇ ਕਰਨੀ ਦਾ ਪੂਰਾ ਗੁਰੂ ਦਾ ਸਿੱਖ । ਜੋ ਉਹਨਾਂ ਨੇ ਚਮਕੌਰ ਨੂੰ ਚੁਰਾਸੀ ਵਿਚ ਦੁਹਰਾਇਆ ਸੱਭ ਦੇ ਸਨਮੁਖ ਹੈ ਨਾਂ ਇਖ਼ਲਾਕ ਨਾਲ ਸਮਝੌਤਾ ਕੀਤਾ ਨਾ ਝੁਕਿਆ ਨਾ ਵਿਕਿਆ। ਹਾਂ ਤਸਵੀਰਾਂ ਜ਼ਰੂਰ ਵਿਕਦੀਆਂ ਨੇ। ਬੀਤੇ ਕੱਲ ਦੀਆਂ ਗੱਲਾਂ ਨੇ ਖਾੜਕੂ ਸੰਘਰਸ਼ ਵਿੱਚ ਵੀ ਬੜੇ ਉੱਚੀਆਂ ਕਦਰਾਂ ਕੀਮਤਾਂ ਵਾਲੇ ਯੋਧੇ ਹੋਏ। ਅਨੇਕਾਂ ਕਿੱਸੇ ਕਹਾਣੀਆਂ ਨੇ। ਇਕ ਉਦਾਹਰਨ ਜ਼ਿੰਦੇ ਸੁੱਖੇ ਦੀ ਫਾਂਸੀ ਤੋਂ ਪਹਿਲਾਂ ਜੋ ਦੋ ਅਣਪਛਾਤੀਆਂ ਭੈਣਾਂ ਸ਼ਹੀਦੀ ਗਾਨੇ ਬਨਣ ਆਈਆਂ ਉਹ ਸਾਡੇ ਯੋਧਿਆਂ ਦੇ ਬੁਲੰਦ ਕਿਰਦਾਰਾਂ ਦੀਆਂ ਫੈਨ ਸਨ।

ਪਰ ਸੱਚ ਇਹ ਹੈ ਕਿ ਖਾਲਸਾ ਰਾਜ ਦੇ ਪਤਨ ਤੋ ਮਗਰੋਂ ਖ਼ੁਦਗ਼ਰਜ਼, ਸਤਾ ਦੇ ਲਾਲਚੀਆਂ, ਚੌਧਰ ਦੇ ਭੁੱਖਿਆਂ, ਗ਼ਦਾਰਾਂ ਹੁਕਮਰਾਨਾਂ ਦੇ ਚਮਚਿਆਂ ਸਿੱਖੀ ਕਦਰਾਂ ਕੀਮਤਾਂ ਨੂੰ ਢਾਹ ਲਾਈ ਤੇ ਅਸੀਂ ਨਿਗਾਰ ਵੱਲ ਜਾਂਦੇ ਗਏ। ਬੁਲੰਦ ਕਿਰਦਾਰ ਹੀ ਖਾਲਸੇ ਦੇ ਨਿਆਰੇਪਣ ਦੀ ਨਿਸ਼ਾਨੀ ਸਨ ਓਹ ਚੱਲੇ ਗਏ ਤੇ ਗੁਲਾਮੀ ਦੀਆਂ ਜ਼ੰਜੀਰਾਂ ਕੱਸੇਦੀਆਂ ਗਈਆਂ। ਭਾਵੇਂਕਿ ਬੁਲੰਦ ਕਿਰਦਾਰਾਂ ਨੇ ਵੀ ਸਮੇਂ ਸਮੇਂ ਸਿਰ ਦੇਣੋ ਕਾਣ ਨਾਂ ਕੀਤੀ ਪਰ ਗ਼ਦਾਰਾਂ ਤੇ ਪੰਥ ਦੋਖੀਆਂ ਵਾਹ ਨਾਂ ਜਾਣ ਦਿੱਤੀ ਤੇ ਅੱਜ ਜਿਸ ਕਗਾਰ ਤੇ ਖਲੋਤੇ ਆ ਹਾਲਤ ਸੱਭ ਦੇ ਸਨਮੁਖ ਹੈ। ਅਕਾਲ ਦੇ ਪੁਜਾਰੀ ਬਾਬਿਆਂ ਦੀ ਜੱਥੇਬੰਦੀ ਅਕਾਲੀ ਦਲ ਵਿਚ, ਬੀੜੀਆਂ ਪੀਣ ਆਲੇ ਜੱਥੇਬੰਦਕ ਸਕੱਤਰ ਹਨ, ਪਤਿਤ ਚੌਧਰੀ ਅਕਾਲੀ ਅਖਵਾਉਂਦੇ ਹਨ, ਵੋਟਾਂ ਸਿਰਸੇ ਆਲੇ, ਨਰਕਧਾਰੀ ਤੇ ਹੋਰਨਾਂ ਦੇਹਧਾਰੀਆਂ ਤੋਂ ਮੰਗਣ ਜਾਂਦੇ ਹਨ, ਹੋਰ ਤੇ ਹੋਰ ਸਿੱਖਾਂ ਦੇ ਮੱਕੇ ਸ੍ਰੀ ਦਰਬਾਰ ਸਾਹਿਬ ਦੀਆਂ ਕੁੰਜੀਆਂ ਬੱਜਰ ਕੁਰਹਿਤਕਾਰੀਆਂ ਦੇ ਹੱਥਾਂ ਵਿੱਚ, ਕਿੱਥੇ ਰਹਿਗੇ ਇਖ਼ਲਾਕ ਕਿੱਥੇ ਗਏ ਕਿਰਦਾਰ ? ਬਿਪਰਨ ਦੀ ਰੀਤ ਤੁਰ ਪਏ ਸਾਰੇ, ਕੁਝ ਕੁ ਜਾਗਦੀਆਂ ਜ਼ਮੀਰਾਂ ਆਲਿਆਂ ਨੂੰ ਛੱਡਕੇ। 'ਆਪ ਤੇ ਮਰਨਾਂ ਬਾਹਮਣਾਂ ਜ਼ਜਮਾਨ ਵੀ ਡੋਬੇਂ, ਆਲ਼ੀ ਗੱਲ। ਆਪ ਤੇ ਮਰਨਾਂ ਦੂਜਿਆਂ ਨੂੰ ਵੀ ਲੈ ਕੇ ਬਹਿਣਾ। ਜਿਹੜੇ ਚਾਰ ਸਿਰ ਅਜ਼ਾਦੀ ਦੀ ਗੱਲ ਕਰਦੇ ਉਨਾਂ ਨੂੰ ਵੀ ਭੰਡਣ ਤੇ ਲੱਕ ਬੱਧਾ।

ਸਿੱਖਾਂ ਦੇ ਨਿਆਰੇਪਣ ਤੋਂ ਜਿਨਾਂ ਨੂੰ ਜਮਾਂਦਰੂ ਤਕਲੀਫ਼ ਆ ਰਹਿੰਦੀ ਕਸਰ ਉਨਾਂ ਕਾਮਰੇਡ ਤੇ ਅੱਪਗਰੇਡ ਪਰਚਾਰਿਕਾਂ ਨੇ ਕੱਢਤੀ। ਅਖੇ ਜੀ ਇਹ ਸਿੱਖ ਤੇ ਕਮਲੇ ਆ ਜਿਹੜੇ ਅਜ਼ਾਦੀ ਦੀ ਗੱਲ ਕਰਦੇ ਆ ਵਿਚਾਰਾਂ ਦੀ ਲੜਾਈ ਆ, ਹਥਿਆਰਾਂ ਦੀ ਨਹੀਂ। ਸਾਲ ਹੋ ਗਿਆ ਦਿੱਲੀ ਬਾਰਡਰ 'ਤੇ ਬੈਠਿਆਂ ਵਿਚਾਰਾਂ ਆਲਾ ਬੰਬ ਚੱਲਿਆ ਕਿਉਂ ਨੀ। ਤੇ ਜੇ ਕਿਹੇ ਨੇ ਖਾਲਸਾਈ ਜਾਹੋ ਜਲਾਲ ਵਿਖਾਲ਼ਤਾ ਫੇਰ ਵਿਚਾਰਾਂ ਆਲੇ ਭਕਾਈ ਮਾਰਨ ਲੱਗ ਜਾਂਦੇ ਤੇ ਨੌਜਵਾਨ ਸਿੰਘਾਂ ਨੂੰ ਨਿੰਦਦੇ ਵੀ ਉਹ ਮਰੀਆਂ ਜ਼ਮੀਰਾਂ ਆਲੇ ਜਿਨਾਂ ਦੇ ਨਾ ਇਖ਼ਲਾਕ ਪੱਲੇ ਨਾ ਕਿਰਦਾਰ।

ਕਈ ਵਿਦਵਾਨ ਤੇ ਇਹ ਵੀ ਕਹਿਣਗੇ ਜੀ ਉਦੋਂ ਸਿੰਘਾਂ ਜਮਰੌਦ ਫ਼ਤਿਹ ਤਾਂ ਕੀਤਾ ਅਖੇ ਅਰਦਾਸ ਹੋਰ ਸੀ ਹੁਣ ਵਾਲੀ ਭਗੌਤੀ ਵਾਲੀ ਨਹੀਂ ਸੀ। ਪਤਾ ਨੀ ਲਗਦਾ ਹੱਸੀਏ ਕੇ ਰੋਈਏ। ਓਏ ਭਲਿਓ ਪੰਜ ਬਾਣੀਆਂ ਵੀ ਉਹੋ ਆ ਤੇ ਅਰਦਾਸ ਵੀ ਉਹੀ। ਚੁਰਾਸੀ ਵਿਚ ਸੁਪਰ ਪਾਵਰ ਨੂੰ ਚਣੇ ਚਬਾਉਣ ਵਾਲੇ 'ਪ੍ਰਿਥਮ ਭਗੌਤੀ' ਸਿਮਰਨ ਵਾਲੇ ਸੀ। ਸ੍ਰੀ ਅਕਾਲ ਤਖਤ ਮੂਹਰੇ ਅਰਦਾਸ ਕਰ ਦਿੱਲੀ ਵੱਡਾ ਰੁੱਖ ਸੁੱਟਣ ਵਾਲੇ 'ਪ੍ਰਿਥਮ ਭਗੌਤੀ' ਸਿਮਰਕੇ ਗੁਰ ਨਾਨਕ ਲਈਂ ਧਿਆਏ ਵਾਲੇ ਸੀ। ਹੋਰ ਤੇ ਹੋਰ ਪੰਜ ਕਰੋੜ ਸੱਤਰ ਲੱਖ ਦੇ ਟਰੱਕ ਭਰਨ ਤੋਂ ਪਹਿਲਾਂ ਤਰਪਾਲ ਪਾਈ ਮੈਟਾਡੋਰ ਵਿਚ ਜਿਹੜੀ ਅਰਦਾਸ ਹੋਈ ਸੀ ਉਹ ਵੀ 'ਪ੍ਰਿਥਮ ਭਗੌਤੀ ਸਿਮਰਕੇ ਗੁਰ ਨਾਨਕ ਲਈ ਧਿਆਏ ਤੇ ਦਸਮ ਪਾਤਸ਼ਾਹ ਜੀ ਸੱਭ ਥਾਈਂ ਹੋਏ ਸਹਾਈ ਵਾਲੀ ਹੀ ਸੀ । ਇਸ ਲਈ ਨਾਂ ਸਿੱਖ ਬਦਲੇ ਨਾ ਸਿੱਖੀ ਬਦਲੀ ਨਾ ਨਿਤਨੇਮ ਤੇ ਨਾ ਅਰਦਾਸ। ਬੇੜਾ ਗਰਕ ਹੋਇਆ ਤੇ ਗ਼ਦਾਰਾਂ ਇਖ਼ਲਾਕ ਹੀਣ ਕਿਰਦਾਰਾਂ ਦਾ ਅਤੇ ਉਨਾਂ ਬੇਗੈਰਤ ਵੋਟਰਾਂ ਦਾ ਜੋ ਅੱਖਾਂ ਮੀਟ ਕੇ ਮੱਤ ਦਾਨ ਕਰਦੇ ਹਨ। ਸੋ ਆਓ, ਗੁਰੂ ਨੂੰ ਸਨਮੁਖ ਹੋ ਕੇ ਅਹਿਦ ਕਰੀਏ ਤੇ ਬਿਨਾਂ ਵਜਾ ਦੇ ਤਰਕ ਸ਼ੰਕੇ ਬੰਦ ਕਰੀਏ ਤੇ ਸਿੱਖ ਕਿਰਦਾਰ ਬੁਲੰਦ ਕਰੀਏ।

ਸੋ ਮੁੱਕਦੀ ਗੱਲ, ਜੇ ਸਿੱਖ ਆਪਣੇ ਬੁਲੰਦ ਕਿਰਦਾਰ ਤੇ ਉੱਚੀਆਂ ਕਦਰਾਂ ਨਾਲ ਪਠਾਨਾਂ ਵਰਗੀ ਜੰਗਜੂ ਕੌਮ ਵਿਚ, ਭੈਅ ਪੈਦਾ ਕਰ ਸਕਦੇ ਬਾਕੀ ਕਿਹਦੇ ਪਾਣੀ ਹਾਰ ਨੇ। ਬੱਸ ਸਿਰਫ ਉੱਚਾ ਸੁੱਚਾ ਜੀਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲੜ ਲੱਗ ਕੇ ਬਣਾਉਣਾ ਪੈਣਾ, ਬਾਕੀ ਕੰਮ ਦਸਮ ਪਾਤਸ਼ਾਹ ਨੇ ਆਪ ਹੀ ਕਰ ਦੇਣਾ।

ਭੁੱਲਾਂ ਚੁੱਕਾਂ ਦੀ ਖਿਮਾਂ ਜੀ, ਦਸਮ ਪਾਤਸ਼ਾਹ ਜੀ ਸੱਭ ਥਾਂਈਂ ਹੋਏ ਸਹਾਏ।

# ਪਠਾਣਾਂ ਦੀ ਸੂਰਬੀਰਤਾ ਦਾ ਵੀ ਕੋਈ ਸਾਨੀ ਨਹੀਂ



**ਸਰਬਜੀਤ ਸੋਹੀ**

ਤਾਲਿਬਾਨ ਲੜਾਕਿਆਂ ਵੱਲੋਂ ਅਫ਼ਗ਼ਾਨਿਸਤਾਨ ਵਿਚ ਸੱਤਾ ਤੇ ਕਬਜ਼ਾ ਕਰ ਲੈਣ ਨਾਲ ਇਕ ਵਾਰ ਫਿਰ ਜੰਗਜੂ ਪਸ਼ਤੂਨਾਂ ਦੀ ਧਰਤੀ ਚਰਚਾ ਵਿੱਚ ਹੈ। ਇਹ ਉਹੀ ਹੀ ਧਰਤੀ ਹੈ ਜਿੱਥੋਂ ਇੰਗਲੈਂਡ, ਅਮਰੀਕਾ ਤੇ ਰਸ਼ੀਆ ਤਿੰਨੇ ਹੀ ਹਾਰ ਕੇ ਨਿਕਲੇ ਹਨ। ਇਹ ਉਹ ਹੀ ਧਰਤੀ ਹੈ, ਜਿਸ ਦੇ ਖ਼ੈਬਰ ਦੱਰੇ ਵਿੱਚੋਂ ਦੀ ਲੰਘ ਕੇ ਹੂਣ, ਮੰਗੋਲ, ਤੁਰਕ, ਇਰਾਨੀ, ਅਰਬ, ਮੁਗਲ, ਪਸ਼ਤੂਨ ਆਦਿ ਵਿਦੇਸ਼ੀ ਹਮਲਾਵਰ ਭਾਰਤ ਵਿਚ ਪਹੁੰਚਦੇ ਰਹੇ ਸਨ। ਪਰ ਇਸ ਨੂੰ ਪਾਰ ਕਰਕੇ ਓਧਰ ਪਹੁੰਚਣ ਵਾਲਾ ਜਰਨੈਲ ਕਿਸੇ ਮਾਂ ਨੇ ਪੈਦਾ ਹੀ ਨਹੀਂ ਕੀਤਾ। ਇੱਥੋਂ ਤੱਕ ਸ਼ੇਰੇ ਪੰਜਾਬ ਦੀ ਸ਼ਕਤੀਸ਼ਾਲੀ ਖਾਲਸਾ ਫੌਜ ਵੀ ਅਫ਼ਗ਼ਾਨਾਂ ਦੀ ਧਰਤੀ ਵੱਲ ਮੌਜੂਦਾ ਪਾਕਿਸਤਾਨ ਵਾਲੇ ਇਲਾਕੇ ਤੋਂ ਅੱਗੇ ਨਾ ਵੱਧ ਸਕੀ। ਇਹ ਉਹ ਹੀ ਰਣਭੂਮੀ ਹੈ, ਜਿਥੇ ਉਸ ਸਮੇਂ ਦੀ ਮਹਾਂ ਸ਼ਕਤੀ ਇੰਗਲੈਂਡ ਨੂੰ ਐਂਗਲੋ-ਅਫ਼ਗ਼ਾਨ ਯੁੱਧ ਵਿਚ ਪਠਾਣਾਂ ਨੇ ਧੂੜ ਚਟਾਈ ਸੀ। ਇਹ ਉਹ ਹੀ ਲੋਕ ਹਨ ਜਿਨਾਂ ਸੋਵੀਅਤ ਰੂਸ ਨੂੰ 1989 ਵਿਚ ਆਪਣੀ ਮਾਤ-ਭੂਮੀ ਤੋਂ ਕੱਢ ਕੇ ਹੀ ਦਮ ਲਿਆ ਸੀ। ਅੱਜ ਫਿਰ ਅਮਰੀਕਾ ਵਰਗੀ ਮਹਾਂ ਸ਼ਕਤੀ 20 ਸਾਲ ਬਾਅਦ ਉੱਥੋਂ ਹਾਰ ਮੰਨ ਕੇ ਹੀ ਨਿਕਲੀ ਹੈ।

ਮੇਰੇ ਵੱਲੋਂ ਉਸ ਖ਼ਿੱਤੇ ਨੂੰ ਵੱਡਿਆਉਣ ਦਾ ਇਹ ਮਤਲਬ ਹਰਗਿਜ਼ ਨਹੀਂ ਕਿ ਮੈਂ ਤਾਲਿਬਾਨ ਮਿਲੀਸ਼ੀਆ ਦੀਆਂ ਅਮਾਨਵੀ ਕਾਰਵਾਈਆਂ, ਜੇਹਾਦੀ ਵਿਚਾਰਧਾਰਾ, ਧਾਰਮਿਕ ਕੱਟੜਤਾ ਅਤੇ ਔਰਤਾਂ ਪ੍ਰਤੀ ਘਟੀਆ ਸੋਚ ਦਾ ਹਮਾਇਤੀ ਹਾਂ। ਪਰ ਉਸ ਖ਼ਿੱਤੇ ਦੀ ਸੂਰਮਤਾਈ ਨੂੰ ਮੰਨਣ ਵਿਚ ਕੋਈ ਇਨਕਾਰੀ ਨਹੀਂ ਹੋ ਸਕਦਾ। ਪਠਾਣਾਂ ਨੇ 20 ਸਾਲ ਅਮਰੀਕਾ ਤੇ ਉਸਦੇ ਸਾਥੀਆਂ ਖ਼ਿਲਾਫ਼ ਲੜਣ ਤੋਂ ਬਾਅਦ 20 ਦਿਨਾਂ ਵਿਚ ਜਿਵੇਂ ਸੱਤਾ 'ਤੇ ਕਬਜ਼ਾ ਕਰ ਲਿਆ ਹੈ, ਇਹ ਕੋਈ ਸਾਧਾਰਨ ਗੱਲ ਨਹੀਂ ਹੈ। ਇਸ ਵੇਲੇ ਪੂਰੇ ਵਿਸ਼ਵ ਵਿਚ ਪਸ਼ਤੂਨਾਂ ਦੀ ਗਿਣਤੀ ਪੰਜਾਹ ਮਿਲੀਅਨ ਤੋਂ ਵੀ ਜ਼ਿਆਦਾ ਹੈ। ਪਰ ਧਾਰਮਿਕ ਤੌਰ 'ਤੇ ਵੰਡੇ ਹੋਏ ਪੰਜਾਬੀਆਂ ਦੇ ਮੁਕਾਬਲੇ ਉਹ ਸਿਰਫ਼ ਮੁਸਲਮਾਨ ਹੋਣ ਕਰਕੇ ਬਹੁਤ ਜ਼ਿਆਦਾ ਮਜ਼ਬੂਤ ਹਨ। ਸੋਚ ਕੇ ਦੇਖੋ ਜੇ 1893 ਵਿਚ ਖਿੱਚੀ 'ਡੂਰਾਂਡ ਲਾਈਨ' ਪਠਾਣਾਂ ਦੀ ਵੰਡ ਨਾ ਕਰਦੀ ਤਾਂ ਅੱਜ ਮੱਧ-ਪੂਰਬ ਦੇ ਰਾਜਨੀਤਕ ਸਮੀਕਰਨ ਕੀ ਹੁੰਦੇ ?

Website Design & Development

➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

SERVICES
✓ WEB DEVELOPMENT
✓ WEB DESIGNING
✓ WEB RE-DESIGN
✓ LOGO DESIGN
✓ SEO SERVICES
✓ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਨਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

# ਮੇਰੀ ਪਛਾਣ ਨਾ ਪੁੱਛਿਓ..

### ਹਰਪ੍ਰੀਤ ਸਿੰਘ ਜਵੰਦਾ

ਮੈਂ ਕੰਪਲੈਕਸ ਦੇ ਉਸ ਛੱਜੇ ਤੇ ਖਲੋਤਿਆਂ ਵਿਚੋਂ ਕੋਈ ਵੀ ਹੋ ਸਕਦਾ ਹਾਂ..।

ਬਿਨਾ ਬਨੈਣ ਤੋਂ ਰਫਲ ਫੜ ਖਲੋਤਾ.. ਬਾਂਹ ਛੱਜੇ ਦੀ ਕੰਧ ਤੇ ਰੱਖ ਕੈਮਰੇ ਵੱਲ ਵੇਖਦਾ ਹੋਇਆ.. ਪਿੱਠ ਕਰ ਗੱਲਾਂ ਵਿਚ ਮਸਤ.. ਮੋਢੇ ਤੇ ਚਿੱਟਾ ਸਾਫਾ ਲਮਕਾ ਕੇ ਨਿੰਮਾ ਜਿਹਾ ਹੱਸਦਾ ਹੋਇਆ..ਹੋਰਾਂ ਬਹੁਤ ਸਾਰਿਆਂ ਵਿਚੋਂ ਕੋਈ ਵੀ..।

ਓਹਨੀ ਦਿਨੀਂ ਮੇਰੀ ਖਾਹਿਸ਼ ਹੁੰਦੀ ਉਹ ਮੈਨੂੰ ਆਪਣੇ ਖਾਸ ਬੰਦਿਆਂ ਵਿਚ ਥਾਂ ਦੇ ਦੇਵੇ..।

ਪਰ ਛੇ ਛੇ ਫੁੱਟ ਦੇ ਸਿੰਘਾਂ ਦੇ ਘੇਰੇ ਮੇਰੀ ਪੇਸ਼ ਨਾ ਜਾਣ ਦਿੰਦੇ.. ਮੈਂ ਬੌਣਾ ਜਿਹਾ ਲੱਗਦਾ.. ਇੰਝ ਲੱਗਦਾ ਉਸਨੂੰ ਉਚੇ ਲੰਮੇ ਸਿੰਘ ਹੀ ਪਸੰਦ ਸਨ..।

'ਉੱਚੀ ਮੌਤ ਲਿਖਾ ਲਈ ਜਿਨਾਂ ਕਰਮਾਂ ਦੇ ਵਿੱਚ.. ਛੇ ਛੇ ਫੁੱਟ ਦੇ ਗੱਭਰੂ ਪਰਿਕਰਮਾ ਦੇ ਵਿੱਚ..'

ਇੱਕ ਮੁੱਛ ਨਾਲ ਉਸਦਾ ਅੱਧਾ ਬੁੱਲ ਹਮੇਸ਼ਾ ਢੱਕਿਆ ਰਹਿੰਦਾ..। ਓਸੇ ਬੁੱਲ ਰਾਹੀਂ ਹੀ ਉਹ ਹਮੇਸ਼ਾ ਚੜਦੀ ਕਲਾ ਵਾਲੇ ਹਾਸੇ ਖਿਲੇਰਦਾ ਰਹਿੰਦਾ..।

ਲੋਕ ਮੈਨੂੰ ਅੰਞਾਣਾ ਸਮਝਦੇ ਪਰ ਮੈਨੂੰ ਇੱਕ ਇੱਕ ਗੱਲ ਦੀ ਸਮਝ ਸੀ..ਉਹ ਕਈ ਵੇਰ ਟਿਚਕਰ ਜਿਹੀ ਨਾਲ ਪੁੱਛਦਾ ਓਏ ਮਾਤਾ ਨੂੰ ਦੱਸ ਕੇ ਆਇਆ ਕੇ ਨਹੀਂ..?

ਮੈਨੂੰ ਲੱਗਦਾ ਸ਼ਰਮਿੰਦਾ ਕਰ ਰਿਹਾ ਹੋਵੇ..। ਉਸਦੇ ਮੂੰਹੋਂ ਏਨੀ ਗੱਲ ਸੁਣ ਬਾਕੀ ਹੱਸ ਪਿਆ ਕਰਦੇ..ਮੈਨੂੰ ਬੁਰਾ ਲੱਗਦਾ..। ਪਤਾ ਨੀਂ ਕੀ ਖਾਸ ਗੱਲ ਸੀ ਬਾਕੀਆਂ ਵਿਚ.. ਉਸਦੇ ਏਨਾ ਨੇੜੇ ਹੋਣ ਦਾ ਇਹਸਾਸ ਵਜੂਦ ਤੇ ਹੰਢਾਉਂਦੇ..। ਕਦੀ ਕਦੀ ਲੈਅ ਵਿਚ ਆਇਆ ਜਦੋਂ ਇਹ ਧਾਰਨਾ ਗਾਉਣ ਲੱਗ ਪੈਂਦਾ..'ਇਹ ਪੰਛੀ ਕੱਲਾ ਏ.. ਇਹਦੇ ਮਗਰ ਸ਼ਿਕਾਰੀ ਕਿੰਨੇ'..ਤਾਂ ਆਸ ਪਾਸ ਕਈ ਦੋਗਲੇ ਦੱਬੀ ਵਾਜ ਵਿਚ ਗੁੜਕਦੇ..ਸਾਧ ਲੱਗਦਾ ਹੁਣ ਡਰ ਗਿਆ..। ਭੱਜਣ ਨੂੰ ਫਿਰਦਾ.., ਨਾਲ ਹੀ ਆਖਦੇ ਸਰਕਾਰਾਂ ਨਾਲ ਮੱਥੇ ਲਾਉਣੇ ਕਿਹੜੇ ਸੌਖੇ ਨੇ..।

ਜਦੋਂ ਕਦੇ ਰਵਾਇਤੀ ਲੀਡਰਸ਼ਿਪ ਕੰਪਲੈਕਸ ਵਿਚੋਂ ਅਚਾਨਕ ਗਾਇਬ ਹੋ ਜਾਂਦੀ ਤਾਂ ਟਿਚਕਰ ਜਿਹੀ ਨਾਲ ਆਖਦਾ.., ਪੱਕਾ ਦਿੱਲੀ ਗਏ ਹੋਣੇ ਚਪਲੀਆਂ ਝਾੜਨ..ਪਰ ਮੈਂ ਅਗਲੀ ਨੂੰ ਜਾਣਦਾ.. ਬਿਸਕੁਟ ਖਵਾ ਕੇ ਵਾਪਿਸ ਤੋਰ ਦੇਣੇ..ਪੱਲੇ ਕੁਝ ਨੀ ਪਾਉਣਾ..। ਅਗਲੇ ਦਿਨ ਵਾਕਿਆ ਹੀ ਓਹੀ ਗੱਲ ਹੁੰਦੀ..।

ਖਾਲੀ ਹੱਥ ਪਰਤਿਆਂ ਨੂੰ ਮੂੰਹ ਤੇ ਝੂਠਿਆਂ ਕਰਦਾ..। ਲਾਹਨਤਾਂ ਪਾਉਂਦਾ..ਉਹ ਹੋਰ ਚਿੜ ਜਾਂਦੇ.. ਦਿੱਲੀ ਫੋਨ ਕਰਦੇ..ਮੈਡਮ ਜੋ ਭੀ ਕਰਨਾ ਬਸ ਜਲਦੀ ਕਰੋ..ਸਾਥੋਂ ਹੋਰ ਨਹੀਂ ਸਿਹਾ ਜਾਂਦਾ। ਸਾਡੀਆਂ ਦੁਕਾਨਾਂ ਤੇ ਭੀੜ ਘੱਟ ਗਈ।




ਉਹ ਦਿੱਲੀ ਕੋਠੀ ਵਿਚ ਆਪਣੇ ਪਾਲਤੂ ਕੁੱਤੇ ਅੱਗੇ ਪਾਰਲੇ ਦਾ ਬਿਸਕੁਟ ਸੁੱਟਦੀ ਹੋਈ ਅੰਦਰੋਂ ਅੰਦਰ ਖੁਸ਼ ਹੁੰਦੀ..ਫੇਰ ਆਖਦੀ..'ਫਿਕਰ ਮਤ ਕਰੀਏ..ਜਲਦੀ ਹੀ ਕੁਛ ਕਰਨੇ ਜਾ ਰਹੀ ਹੂੰ..' ਫੇਰ ਜਿਸ ਦਿਨ ਉਸਨੇ ਕਹਿਰ ਵਰਤਾਉਣਾ ਸੀ..ਇਸਨੂੰ ਭਿਣਕ ਲੱਗ ਗਈ.. ਮੋਰਚਿਆਂ ਦੀ ਟੋਹ ਲੈਂਦਾ ਹੋਇਆ ਸ੍ਰੀ ਅਕਾਲ ਤਖ਼ਤ ਦੀਆਂ ਪੌੜੀਆਂ ਕੋਲ ਅਚਾਨਕ ਖਲੋ ਗਿਆ। ਭੁੰਜੇ ਬੈਠੇ ਹੌਲੀ ਉਮਰ ਦੇ ਇੱਕ ਭੁਜੰਗੀ ਨੇ ਤੁਰੇ ਜਾਂਦੇ ਨੂੰ ਸ਼ਾਇਦ ਫਤਹਿ ਬੁਲਾ ਦਿੱਤੀ ਸੀ। ਉਸ ਵੱਲ ਵੇਖ ਮੁਸਕੁਰਾਇਆ, ਬੋਝੇ ਵਿਚੋਂ ਲੱਪ ਛੋਲਿਆਂ ਦੀ ਕੱਢ ਨਿੱਕੇ ਜਿਹੇ ਦੀ ਝੋਲੀ ਪਾ ਦਿੱਤੀ, ਆਖਣ ਲੱਗਾ ਭੁਝੰਗੀਆਂ, ਹਾਲਾਤ ਠੀਕ ਹੁੰਦੇ ਤਾਂ ਸ਼ਾਇਦ ਕੁਝ ਹੋਰ ਦਿੰਦਾ ਪਰ ਇਸ ਵੇਲੇ ਇਸ ਸਾਧ ਕੋਲ ਛੋਲਿਆਂ ਦੀ ਇੱਕ ਮੁੱਠ ਤੋਂ ਇਲਾਵਾ ਹੋਰ ਕੁਝ ਵੀ ਨਹੀਂ..।

ਨਾਲ ਦੇ ਸਿੰਘ ਇੱਕ ਵੇਰ ਫੇਰ ਹੱਸ ਪਏ..ਪਤਾ ਨੀ ਕਿਸ ਮਿੱਟੀ ਦਾ ਬਣਿਆ ਸੀ..ਸਿਰ ਤੇ ਮੌਤ ਮੰਡਰਾ ਰਹੀ ਸੀ ਤੇ ਉਸਨੂੰ ਟਿਚਕਰ ਸੁੱਝ ਰਹੀ ਸੀ..। ਹੈਡ ਗ੍ਰੰਥੀ ਗਿਆਨੀ ਪੂਰਨ ਸਿੰਘ ਨੇ ਦੱਸਿਆ, ਚੱਲਦੇ ਘਮਸਾਨ ਵਿਚ ਉਹ ਲਗਾਤਾਰ ਤਿੰਨ ਦਿਨ ਬੱਸ ਮੈਗਜੀਨ ਹੀ ਭਰੀ ਗਿਆ, ਫੇਰ ਮੋਰਚਿਆਂ 'ਤੇ ਬੈਠਿਆਂ ਨੂੰ ਖੁਦ ਆਪ ਜਾ ਕੇ ਫੜਾਉਂਦਾ। ਨਾਲ ਨਾਲ ਬਾਣੀ ਪੜੀ ਜਾਂਦਾ..ਮੋਰਚਿਆਂ 'ਤੇ ਬੈਠਿਆਂ ਦੀ ਨਜ਼ਰ ਸਾਹਮਣੇ ਟਾਰਗੇਟ 'ਤੇ ਹੁੰਦੀ..ਉਹ ਬਿਨਾਂ ਮੁੜੇ ਹੀ ਆਪਣਾ ਖੱਬਾ ਹੱਥ ਮਗਰ ਨੂੰ ਕਰਦੇ.. ਇਹ ਭਰਿਆ ਫੜਾ ਖਾਲੀ ਵਾਪਿਸ ਮੋੜ ਲਿਆਉਂਦਾ..

ਕਦੀ ਕਦੀ ਉਚੇਚਾ ਜਾ ਪੁੱਛਦਾ ਸਿੰਘਾਂ ਕੁਝ ਖਾਣ ਨੂੰ ਲਿਆਵਾਂ..? ਅਗਲਾ ਨਾਂਹ ਕਰਦਾ ਤਾਂ ਉਸਦੇ ਮੋਢਿਆਂ ਤੇ ਥਾਪੀ ਦੇ ਕੇ ਮੁੜ ਆਉਂਦਾ..।

ਫੇਰ ਛੇ ਜੂਨ ਸਵੇਰੇ ਨੌਂ ਵਜੇ ਸ੍ਰੀ ਅਕਾਲ ਤਖ਼ਤ ਦੀਆਂ ਪੌੜੀਆਂ ਤੇ ਖਲੋਤਾ ਸ਼ਹੀਦੀ ਦੀ ਅਰਦਾਸ ਕਰ ਰਿਹਾ ਸੀ ਤਾਂ ਮੈਂ ਲਾਈਨ ਵਿੱਚ ਸਭ ਤੋਂ ਅਖੀਰ ਵਿਚ ਖਲੋਤਾ ਸਾਂ.. ਉਸ ਦਿਨ ਵੀ ਉਸਨੇ ਟਿਚਕਰ ਕੀਤੀ..ਅਖ਼ੇ ਜਿਸਨੇ ਜਾਣਾ ਉਹ ਅਜੇ ਵੀ ਚਲਾ ਜਾਵੇ.. ਮੁੜਕੇ ਨਾ ਆਖਿਓ ਸਾਧ ਨੇ ਮਰਵਾ ਦਿੱਤਾ.. ਬਾਹਰ ਨਿਕਲਣ ਦਾ ਰਾਹ ਤੁਹਾਨੂੰ ਮੈਂ ਦੱਸਦਾ.. ਅੱਗਿਓਂ ਕੋਈ ਵੀ ਤਿਆਰ ਨਾ ਹੋਇਆ..।

ਫੇਰ ਅਰਦਾਸ ਸੋਧ ਸਭ ਤੋਂ ਪਹਿਲਾਂ ਆਪ ਬਾਹਰ ਨਿਕਲਿਆ..ਅੱਗਿਓਂ ਗੋਲੀਆਂ ਬੰਬਾ ਦੀ ਵਾਛੜ ਹੋਈ.. ਘੱਟੇ ਦਾ ਵੱਡਾ ਗੁਬਾਰ ਉਠਿਆ..ਮੈਂ ਵੀ ਇਹ ਸੋਚ ਓਧਰ ਨੂੰ ਭੱਜਿਆ.. ਅੱਜ ਤੇਰੇ ਨਾਲ ਹੀ ਰਹਿਣਾ..।

ਪਰ ਕਿਸੇ ਨੇ ਪਿੱਛਿਓਂ ਬਾਹੋਂ ਫੜ ਮਗਰ ਨੂੰ ਧਰੂਹ ਲਿਆ.. ਕਿਓਂ ਮਰਨਾ ਈ..?

ਮੈਂ ਬਚ ਗਿਆ ਪਰ ਕੌਮ ਤਹਿਸ ਨਹਿਸ ਹੋ ਗਈ..। ਅਠਾਈ ਦੀਆਂ ਅਠਾਈ ਛਾਤੀ ਤੇ ਖਾਂਦਿਆਂ ਮੈਂ ਖੁਦ ਵੇਖਿਆ। ਜਾਂਦਾ ਜਾਂਦਾ ਇੱਕ ਵੇਰ ਫੇਰ ਟਿਚਕਰ ਕਰ ਗਿਆ, ਇਸ ਵੇਰ ਮੈਨੂੰ ਨਹੀਂ ਸਗੋਂ ਮੌਤ ਨੂੰ।

'ਤੇਰੇ ਨਾ ਦੀਆਂ ਉੱਚੀਆਂ ਪਾਲਕੀਆਂ, ਤੇਰੀ ਸਦਾ ਸਦਾ ਜੈਕਾਰ ਹੋਵੇ, ਤੂੰ ਮਨ ਜੋੜੇ ਅਸੀਂ ਧੰਨ ਜੋੜੇ, ਤੈਥੋਂ ਟੁੱਟ ਕੇ ਅਸੀਂ ਖਵਾਰ ਹੋਏ।'

ਪਦਾਰਥਵਾਦ ਦੇ ਗਧੀ ਗੇੜ ਵਿੱਚ ਪਿਆ ਮੈਂ ਅਤੇ ਮੇਰੇ ਵਰਗੇ ਕਿੰਨੇ ਸਾਰੇ ਹੋਰ ਅਜੇ ਵੀ ਧੰਨ ਜੋੜੀ ਜਾਂਦੇ ਹਾਂ..ਕਦੀ ਕਦੀ ਸੁਫ਼ਨੇ ਵਿੱਚ ਆ ਕੇ ਟਿਚਕਰ ਕਰ ਜਾਂਦਾ..ਅਖ਼ੇ ਸਿੰਘਾਂ ਕਿੰਨਾ ਕੂ ਜੋੜ ਲਿਆ ਈ?

ਉਸਦੇ ਨਾਲ ਆਏ ਹੱਸ ਪੈਂਦੇ..ਮੈਂ ਈਰਖਾ ਦੀ ਅੱਗ ਵਿੱਚ ਸੜ ਜਾਂਦਾ ਹਾਂ..ਸ਼ਹੀਦੀ ਦੀ ਦਾਤ ਐਵੇਂ ਨਹੀਂ ਮਿਲਦੀ..।

ਫੇਰ ਅਗਲੇ ਪਲ ਜਾਗ ਆ ਜਾਂਦੀ ਏ..ਮਨ ਵਿਚ ਆਉਂਦਾ, ਆਪਣੇ ਗਰਾਂ ਵਿਚ ਸੇਫ ਹਾਂ, ਅਸੀਂ ਵੱਡੇ ਦੁਨੀਆਦਾਰ, ਪਰ ਬਹੁਤ ਬਰੀਕ ਹੈ ਸਮਝਣੀ ਇਹ ਧਰਮ ਯੁਧਾਂ ਦੀ ਕਾਰ..।

## ਵਿਸਰਦਾ ਵਿਰਸਾ

ਚੋਪ, ਡੋਰੀਆਂ, ਬਾਗ ਸਿਰਾਂ 'ਤੇ, ਨਾ ਲਵੇ ਅਜੋਕੀ ਨਾਰ।
ਨਾ ਸਜਾਵੇ ਸੰਗੀਆਂ, ਨਾ ਪਹਿਨੇ ਰਾਣੀਹਾਰ।
ਗੱਭਰੂ ਪਾਉਣੀ ਭੁੱਲ ਗਏ, ਜੁੱਤੀ ਤਿੱਲੇਦਾਰ।
ਸੱਥਾਂ ਵਿਚ ਵੀ ਬਹਿੰਦੇ, ਹੁਣ ਬੰਦੇ ਮਸਾਂ ਦੋ-ਚਾਰ।
ਨਾ ਭੱਤਾ ਲੈ ਕੇ ਜਾਂਵਦੀ, ਖੇਤਾਂ ਨੂੰ ਮੁਟਿਆਰ।
ਭਾਂਡੇ ਪਕਾਉਣੋਂ ਹਟ ਗਏ, ਆਵੇ ਵਿਚ ਘੁਮਿਆਰ।
ਨਾ ਖੇਸ ਜੁਲਾਹੇ ਬੁਣਦੇ, ਨਾ ਖੁਰਪੇ ਚੰਡਣ ਲੁਹਾਰ।
ਹਾਰੇ, ਮੱਟ, ਭੜੋਲੀਆਂ ਨੂੰ, ਕੋਈ ਨਾ ਦਿੰਦਾ ਵਾਰ।
ਘਰਾਂ ਦੇ ਵਿਚ ਸੂਤ ਦੀ, ਕੋਈ ਬੁਣਦਾ ਨਹੀਂ ਨਮਾਰ।
ਬੁਣਦੀ ਨਾ ਮੰਜੇ, ਪੀੜੀਆਂ, ਨਾ ਬੁਣੇ ਨਾਲੇ ਮੁਟਿਆਰ।
ਖੇਤਾਂ ਵਿਚ ਨਾ ਦਿਸਦੇ, ਝੁੱਟਾ ਤੇ ਝਲਾਰ।
ਕੂਕਾਂ ਕਾਂਗੜੇ ਬੱਚਿਆਂ ਨੇ, ਦਿੱਤੇ ਮਨੋ ਵਿਸਾਰ।
ਜੇ.ਜੇ. ਨਾਂਅ ਰੱਖੀ ਫਿਰਦੇ, ਜੱਗਾ ਤੇ ਜਗਤਾਰ।
'ਬੜੈਚ' ਮਾਰ ਉਡਾਰੀ ਚੱਲਿਆ, ਸਾਡਾ ਵਿਰਸਾ, ਸੱਭਿਆਚਾਰ।

- ਤਸਵਿੰਦਰ ਸਿੰਘ ਬੜੈਚ
ਮੋਬਾ : 98763-22677

## ਸੁਨੇਹੇ ਦੀਆਂ ਤਾਰਾਂ ਅੰਬਰੀਂ ਉਡਾਰਾਂ

ਉੱਡ ਉੱਡ ਨੀਂ ਘੁੱਗੀਏ ਅਮਨਾ ਦੀਏ ਨੀਂ
ਜਾਹ ਕੋਈ ਸਾਂਝਾਂ ਦਾ ਸੁਨੇਹਾ ਲਿਆ ਨੀਂ
ਅੰਮ੍ਰਿਤਸਰ ਤੋਂ ਹਾਕਾਂ ਪੈਣ ਲਹੌਰ ਵੱਲ ਨੂੰ
ਤੇ ਦੋਵੇਂ ਪਾਸੇ ਚੜ ਜਾਏ ਗੋਡੇ ਗੋਡੇ ਚਾਅ ਨੀਂ
ਹਾਏ ਏਹ ਚੰਦਰੀਆਂ ਤਾਰਾਂ ਟੁੱਟ ਜਾਵਣ
ਏਹੇ ਕਿਤੇ ਹੰਕਾਰੀ ਸਰਕਾਰਾਂ ਮੁੱਕ ਜਾਵਣ
ਉਧਰੋਂ ਵੀ ਆਉਣ ਉਹ ਬਹੀਰਾਂ ਬੰਨ ਕੇ ਨੀਂ
ਏਧਰੋਂ ਵੀ ਜਾਈਏ ਓਧਰ ਹੋਵੇ ਵਿਆਹ ਨੀਂ
ਰਾਮ ਨੂੰ ਵਿਛੜਿਆ ਕਦੇ ਰਹੀਮ ਮਿਲ ਜਾਵੇ
ਸਿੰਘ ਨੂੰ ਆ ਘੁੱਟ ਵਸੀਮ ਗਲਵੱਕੜੀ ਪਾਵੇ
ਬੁਝ ਜਾਏ ਰੂਹਾਂ ਦੀ ਔੜਾਂ ਮਾਰੀ ਪਿਆਸ ਨੀਂ
ਕੋਈ ਘੜੀ ਸੁਲੱਖਣੀ ਐਸੀ ਦੇਵੇ ਮਿਲਾ ਨੀਂ
ਹਾਏ ਏਹ ਜਿਹੜੇ ਝੰਡੇ ਝੜਾਉਂਦੇ ਫਿਰਦੇ
ਸਾਡੀ ਜੁਦਾਈ ਦਾ ਮਜ਼ਾਕ ਉਡਾਉਂਦੇ ਫਿਰਦੇ
ਚੜਦੇ ਲਹਿੰਦੇ ਹੰਝੂਆਂ ਦੀਆਂ ਝੜੀਆਂ ਲੱਗਣ
ਜਾਹ ਏਨਾਂ ਚੌਧਰੀਆਂ ਨੂੰ ਜਾਅ ਕੇ ਸਮਝਾ ਨੀਂ
ਬਾਬੇ ਨਾਨਕ ਦੀ ਧਰਤੀ ਤੇ ਜਾਅ ਮੱਥਾ ਟੇਕਾਂ
ਮਰਜ਼ੀ ਨਾਲ ਪਿੱਤਰਾਂ ਦੀ ਜੰਮਣ ਭੋਇ ਵੀ ਵੇਖਾਂ
ਰਲ ਵਾਰਿਸ਼, ਬੁੱਲਾ, ਪਾਰਸ, ਅੰਮ੍ਰਿਤਾ, ਦੇਬੀ ਪੜੀਏ
ਨਾਲੇ ਆਲਮ, ਨੁਸਰਤ, ਸਰਤਾਜ ਲਈਏਗਾ ਨੀਂ
ਬਾਰੂਦ ਦੀ ਥਾਵੇਂ ਮੁੱਠੀਆਂ ਵਿਚ ਖੰਡ ਬਣ ਜਾਵੇ
ਵਸਲਾਂ ਦੀ ਤਾਂਘ, ਪਿਆਰਾਂ ਦੀ ਕੰਡ ਬਣ ਜਾਵੇ
ਫ਼ਰਕ ਮਿਟ ਜਾਵੇ ਕੰਡੇ ਰੂਪ ਵਟਾ ਲੈਣ ਫੁੱਲਾਂ ਦਾ
ਮਹਿਣ ਜਾਵਣ ਸਾਡੇ ਆਉਣ ਜਾਣ ਦੇ ਰਾਹ ਨੀਂ
ਏਹ ਕਾਹਦੀ, ਕਿਸ ਤੋਂ ਮਿਲੀ ਸੀ ਆਜ਼ਾਦੀ
ਤਾਂ ਜਾਪੀ ਦੋਵੇਂ ਪਾਸੇ ਆਪਣੀ ਬਰਬਾਦੀ
ਹਾਏ ਰੁਲੀਆਂ ਇੱਜ਼ਤਾਂ ਵੱਢੇ ਗਏ ਬੱਚੇ ਬਾਪੂ
ਕੋਈ ਬਣਿਆ ਨਾ ਆ ਕੇ ਓਥੇ ਖ਼ੈਰ ਖੁਵਾਹ ਨੀਂ
ਹੱਥ ਬੰਨ ਵਾਸਤਾ ਘੁੱਗੀਏ ਮੇਰਾ ਤੇਰੇ ਤਾਈਂ
ਉੱਡ ਵਾਹਘਿਓਂ ਪਾਰ ਸਾਰਾ ਹਾਲ ਸੁਣਾਈਂ
ਅੱਜ ਵੀ ਦਿਲ ਤੜਫ਼ਦੇ ਨੇ ਸਾਡੇ ਮਿਲਣੇ ਨੂੰ
ਜਾਹ ਇੱਕ ਇੱਕ ਦੇ ਕੰਨੀਂ ਮੁਹੱਬਤ ਪਹੁੰਚਾ ਨੀਂ।

- ਕੁਲਵਿੰਦਰ ਕਾਤਿਬ

# ਦੂਰੋਂ ਵੇਖਿਆ ਸੰਤ ਜਰਨੈਲ ਸਿੰਘ






ਟਕਸਾਲ ਦੇ ਕਿਸੇ ਬੰਦੇ ਨੇ ਸੰਤ ਕਰਤਾਰ ਸਿੰਘ ਖਾਲਸਾ ਜੀ ਨੂੰ ਇਕ ਵਾਰ ਦਸਿਆ ਕਿ ਜਰਨੈਲ ਸਿੰਘ ਕਈ ਕਈ ਦਿਨ ਲੰਗਰ ਨਹੀਂ ਛਕਦਾ, ਪਾਠ ਕਰਦਾ ਰਹਿੰਦਾ ਹੈ। ਜੇਠ ਹਾੜ ਦੀ ਧੁੱਪ ਵਿਚ ਅੱਖ ਬਚਾ ਕੇ ਸਰਾਂ ਦੀ ਸਿਖਰਲੀ ਛੱਤ ਉਪਰ ਸਾਰਾ ਸਾਰਾ ਦਿਨ ਪਾਠ ਕਰਦਾ ਰਹਿੰਦਾ ਹੈ। ਸੰਤਾਂ ਨੇ ਜਰਨੈਲ ਸਿੰਘ ਨੂੰ ਇਕ ਦਿਨ ਬੁਲਾ ਕੇ ਇਨਾਂ ਖ਼ਬਰਾਂ ਦੀ ਸਚਾਈ ਬਾਰੇ ਪੁੱਛਿਆ ਤਾਂ ਹਾਂ ਕਹਿਣ ਲਈ ਕੇਵਲ ਸਿਰ ਹਿਲਾਇਆ। ਸੰਤ ਕਰਤਾਰ ਸਿੰਘ ਨਾਰਾਜ਼ ਹੋਏ। ਉਨਾਂ ਨੇ ਕਿਹਾ ਗੁਰੂ ਨੇ ਆਪਾਂ ਨੂੰ ਲੱਖ ਖੁਸ਼ੀਆਂ ਅਤੇ ਪਾਤਸ਼ਾਹੀਆਂ ਦਾ ਵਰ ਦਿੱਤਾ ਹੋਇਆ ਹੈ। ਤੂੰ ਇਹ ਪਖੰਡ ਕਿਉਂ ਕਰਦਾ ਹੈਂ? ਪੰਥ ਦੀ ਇਹ ਪ੍ਰੰਪਰਾ ਨਹੀਂ ਹੈ ਜਰਨੈਲ ਸਿੰਘਾ। ਜਰਨੈਲ ਸਿੰਘ ਨੇ ਹੱਥ ਜੋੜ ਕੇ ਕਿਹਾ ਪਿਤਾ ਜੀ ਕਦੀ ਕਦਾਈਂ ਮੈਂ ਸੋਚਦਾ ਹੁੰਦਾ ਹਾਂ ਕਿ ਜੇ ਔਖੀ ਘੜੀ ਆ ਜਾਵੇ, ਤਦ ਸੰਕਟ ਵਾਸਤੇ ਤਿਆਰੀ ਚਾਹੀਦੀ ਹੁੰਦੀ ਹੈ। ਮੈਂ ਮੁਕਤੀ ਪ੍ਰਾਪਤ ਕਰਨ ਵਾਸਤੇ ਤਪ ਨਹੀਂ ਕਰਦਾ। ਮੁਕਤ ਤਾਂ ਉਦੋਂ ਹੋ ਗਿਆ ਸਾਂ ਜਦੋਂ ਅੰਮ੍ਰਿਤ ਛਕ ਲਿਆ ਸੀ। ਇਹ ਤਾਂ ਸਰੀਰ ਦੀ ਸਾਧਨਾ ਹੈ ਜਿਸ ਦੀ ਕਦੀ ਲੋੜ ਪੈ ਸਕਦੀ ਹੈ। ਸੰਤ ਕਰਤਾਰ ਸਿੰਘ ਹੱਸ ਪਏ ਤੇ ਕਿਹਾ ਕੋਈ ਜ਼ਰੂਰਤ ਨਹੀਂ। ਛੋਟੇ ਸਾਹਿਬਜ਼ਾਦਿਆਂ ਨੇ ਕੋਈ ਹਠ ਤਪ ਦਾ ਅਭਿਆਸ ਕੀਤਾ ਸੀ? ਰਾਜਕੁਮਾਰਾਂ ਵਾਂਗ ਉਨਾਂ ਦੀ ਪਰਿਵਰਸ਼ ਹੋਈ ਸੀ। ਜਦੋਂ ਸਮਾਂ ਆਇਆ ਤਾਂ ਉਨਾਂ ਨੇ ਕੇਹੀ ਸ਼ਾਨਦਾਰ ਪ੍ਰੀਤ ਨਿਭਾਈ ਸੀ। ਜਿੰਨਾ ਪਿਆਰ ਗੁਰੂ ਦਸਮ ਪਾਤਸ਼ਾਹ ਹਜ਼ੂਰ ਸਾਹਿਬਜ਼ਾਦਿਆਂ ਨੂੰ ਕਰਦੇ ਸਨ, ਉਸ ਤੋਂ ਵਧੀਕ ਤੈਨੂੰ ਪਿਆਰ ਕਰਦੇ ਹਨ ਜਰਨੈਲ ਸਿੰਘ, ਉਨਾਂ 'ਤੇ ਭਰੋਸਾ ਰੱਖ। ਔਖੀ ਘੜੀ ਵਿਚ ਸਿੱਖ ਨੂੰ ਕਦੀ ਔਖਾ ਨਹੀਂ ਹੋਣ ਦਿੰਦੇ ਮਹਾਰਾਜ। ਉਸ ਪਿੱਛੋਂ ਜਰਨੈਲ ਸਿੰਘ ਸਹਿਜ ਵਿਚ ਰਹਿਣ ਲੱਗਾ।

**ਪ੍ਰੋ: ਹਰਪਾਲ ਸਿੰਘ ਪੰਨੂ**

## ਇਕ ਵਿਸ਼ੇਸ਼ ਹਾਸਿਲ ਕਵਿਤਾ

ਚੌਰਾਹੇ ਦੀ ਬੱਤੀ
ਸਰਕਾਰੀ ਬਟਨ ਨਾਲ
ਜਗਦੀ ਚੌਰਾਹੇ ਦੀ ਬੱਤੀ
ਕੀ ਤੂੰ ਸਚਮੁੱਚ ਚਾਨਣ ਏਂ?
ਰਾਹੀਆਂ ਦਾ
ਰਾਹ ਏਂ,
ਜੋ ਗ਼ਮਗੀਨ ਗੁਜਰੇ।
ਉਨਾਂ ਦੇ ਹੰਝੂ ਤੂੰ ਵੇਖੇ?
ਉਨਾਂ ਦੇ ਹਉਕੇ ਤੂੰ ਸੁਣੇ?
ਉਨਾਂ ਦੇ ਕੀਮਤ ਪਲ
ਬਰਬਾਦ ਹੋਏ?
ਕਿੰਨਿਆਂ ਦੇ ਦਿਲ ਟੁੱਟੇ?
ਕਿੰਨੇ ਵਾਅਦੇ ਮੁੱਕਰੇ?
ਕਿੰਨੇ ਦਿਲਾਂ ਦੇ
ਜ਼ਖ਼ਮ ਸੁੱਕੇ?
ਪਾਗਲਪਨ ਮੁੱਕੇ?
ਕਿੰਨੇ ਬਿਮਾਰ
ਲਾਚਾਰ ਵੇਖੇ?
ਕਿੰਨੇ ਰੂਹ-ਸਰਾਪੇ ਵੇਖੇ?
ਕਿੰਨਿਆਂ ਦੀਆਂ
ਖਾਹਿਸ਼ਾਂ ਤੇ ਚਾਕੂ ਚੱਲੇ?
ਤੇਰੀ ਰੋਸ਼ਨੀ ਤੋਂ ਵੱਧ
ਕੌਣ ਜਾਣ ਸਕਦਾ ਏ?
ਲੋਕ ਦਿਲਾਂ ਦਾ
ਹਨੇਰਾ ਦੂਰ ਹੋਇਆ ਏ?
ਐ ਕੀਮਤੀ
ਸਰਕਾਰੀ ਰੌਸ਼ਨੀ
ਕਿਸੇ ਨੂੰ ਹਸਾਇਆ ਏ?
ਕਿੰਨਿਆਂ ਦਾ
ਹਨੇਰਾ ਦੂਰ ਹੋਇਆ?
ਜ਼ਿੰਦਗੀ ਅਜੇ ਸਰਾਪੀ ਏ।
ਲੋਕ ਰੋਸ਼ਨੀ ਤੋਂ
ਨਿੱਤ ਉਮੀਦ ਕਰਦੇ।
ਕਿ ਇਕ ਦਿਨ
ਤੂੰ ਕੁਝ ਸੰਵਾਰੇ।
ਪਰ ਸਵੇਰ ਹੋਣ ਤੱਕ
ਉਮੀਦ ਜਾਗਣ ਤੱਕ
ਸਰਕਾਰੀ ਬਟਨ ਨਾਲ
ਤੂੰ ਹਮੇਸ਼ਾ
ਬੰਦ ਹੋ ਜਾਂਦੀ ਏਂ।
ਹਰ ਰਾਤ ਖਜ਼ਲ ਖੁਆਰੀ
ਵੇਖੀ ਜਾਂਦੀ ਏ।

– ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377




# ‘ਚਮਕੌਰ ਤੇ ਚੁਰਾਸੀ’

**ਅਰਪਿੰਦਰ ਸਿੰਘ ਬਿੱਟੂ, ਜਰਮਨ**
**੦੦੪੯੧੭੭੫੩੦੪੧੪੧**

ਜਦੋਂ ਵੀ ਕਦੇ ਸੰਸਾਰ ਵਿੱਚ ਹੋਈਆਂ ਅਨੋਖੀਆਂ ਅਤੇ ਅਸਾਂਵੀਆਂ ਜੰਗਾਂ ਦੀ ਗੱਲ ਛਿੜਦੀ ਏ ਤਾਂ ਸੱਭ ਤੋਂ ਉੱਤਮ ਚਮਕੌਰ ਦੀ ਕੱਚੀ ਗੜੀ ਤੇ ਫ਼ੌਲਾਦ ਵਰਗੇ ਪੱਕੇ ਜਿਗਰਿਆਂ ਦੀ ਗੱਲ ਸਾਹਮਣੇ ਆਉਂਦੀ ਏ। ਕੱਚੀ ਗੜੀ ਵਿੱਚ ਸਾਹਿਬੇ ਕਮਾਲ ਆਪਣੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਤੇ ਪੁੱਤਰਾਂ ਵਰਗੇ ਪਿਆਰੇ ਖਾਲਸੇ ਨਾਲ ਮੌਜੂਦ ਨੇ, ਵੈਰੀ ਦੇ ਟਿੱਡੀ ਦਲ ਨੇ ਗੜੀ ਨੂੰ ਘੇਰਿਆ ਹੋਇਆ ਏ। ਅਡੋਲ ਚਿੱਤ ਸਤਿਗੁਰ ਮੁਸਕਰਾ ਰਹੇ ਨੇ, ਚਮਕੌਰ ਦੀ ਧਰਤੀ ਤੇ ਸਵਾ ਲੱਖ ਨਾਲ ਇਕ ਲੜਾਉਣਾ ਦਾ ਅਜੀਬ ਕੌਤਕ ਹੋਣ ਜਾ ਰਿਹਾ ਏ। ਗੁਰੂ ਦੇ ਪਿਆਰਿਆਂ ਵਿੱਚ ਜੂਝ ਮਰਨ ਦਾ ਅਥਾਹ ਚਾਅ ਹੈ, ਦਸ਼ਮੇਸ਼ ਪਿਤਾ ਅੱਜ ਅਜੀਤ, ਜੁਝਾਰ ਨੂੰ ਮੈਦਾਨੇ ਜੰਗ ਵੱਲ ਤੋਰਕੇ ਆਪਣੇ ਬੇਗਾਨੇ ਦਾ ਭੇਦ ਸਦਾ ਲਈ ਮਿਟਾਉਣ ਜਾ ਰਹੇ ਨੇ। ਪਿਆਰੇ ਪੰਜ ਬਾਣੀਆਂ ਦੇ ਅੰਮ੍ਰਿਤ ਦੀ ਸ਼ਕਤੀ ਪ੍ਰਗਟ ਕਰਨ ਵਾਲੇ ਨੇ, ਕਿਤੇ ਛੋਟੇ ਸਾਹਿਬਜ਼ਾਦੇ ਸੱਤ ਸੌ ਸਾਲ ਪੁਰਾਣੇ ਮੁਗਲ ਰਾਜ ਦੀਆਂ ਨੀਂਹਾਂ ਹਿਲਾਉਣ ਤੁਰੇ ਜਾ ਰਹੇ ਨੇ।

ਦੋ ਜਹਾਨ ਦੇ ਵਾਲੀ ਵਿਰੋਧੀ ਜਰਨੈਲਾਂ ਨਾਹਰ ਖਾਂ ਤੇ ਗਨੀ ਖਾਂ ਤੇ ਤੀਰਾਂ ਦੀ ਬਖ਼ਸ਼ਿਸ਼ ਕਰਨ ਵਾਲੇ ਨੇ ਤੇ ਫ਼ਤਿਹ ਦੀ ਚਿੱਠੀ ‘ਜ਼ਫ਼ਰਨਾਮੇ’ ਦੀ ਬਣਤਰ ਜਾਣੀ ਜਾਣ ਸਤਿਗੁਰ ਦੇ ਚਿੱਤ ਵਿੱਚ ਉੱਕਰ ਚੁੱਕੀ ਹੈ, ਔਰੰਗੇ ਦਾ ਜਰਨੈਲ ਖਵਾਜ਼ਾ ਮਰਦੂਦ ਕੰਧ ਉਹਲੇ ਲੁਕਿਆ ਹੋਇਆ ਸਹਿਮ ਵਿੱਚ ਏ ਕਿ **ਕਿਤੇ ਸਤਿਗੁਰ ਤੀਰ ਨਾਂ ਬਖ਼ਸ਼ ਦੇਣ।**

**ਕਿ ਆਂ ਖਵਾਜਾ ਮਰਦੂਦ ਸਾਯਹ ਦਿਵਾਰ।।**
**ਬ-ਮੈਦਾਂ ਨਿਆਮਦ ਬ-ਮਰਦਾਨਹ ਵਾਰ।। ੩੪।।**
**ਦਰੇਗਾ ਅਗਰ ਰੂਏ ਓ ਦੀਦਮੇ।।**
**ਬਯਕ ਤੀਰ ਲਾਚਾਰ ਬਖਸ਼ੀਦਮੈ ।। ੩੫।।**

ਕੁਝ ਇਸ ਤਰਾਂ ਦਾ ਦ੍ਰਿਸ਼ ਏ ਗੜੀ ਚਮਕੌਰ ਤੇ ਪੋਹ ਦੇ ਸ਼ਹੀਦੀਆਂ ਭਰੇ ਮਹੀਨੇ ਦਾ ਕਿ ਕਿਸ ਤਰਾਂ ਸਾਹਿਬ ਖ਼ਾਸ ਰੂਪ ਖਾਲਸੇ ਦੇ ਸਿਰ ਕਲਗੀ ਸਜਾ ਤਾੜੀ ਮਾਰ ਲੱਖਾਂ ਦਾ ਘੇਰਾ ਤੋੜ ਰਵਾਨਾ ਹੋਏ, ਅਨੇਕਾਂ ਕੌਤਕ ਨੇ ਸ਼ਾਹ ਏ ਸ਼ਾਹਿਨਸ਼ਾਹ ਦੇ, ਕੀ ਕੀ ਵਰਨਣ ਕਰਾਂ।

ਕੁਝ ਐਸੀਆਂ ਹੀ ਬੀਰਰੱਸੀ ਤੇ ਵੈਰਾਗ ਮਈ ਕਥਾ ਕਹਾਣੀਆਂ ਦਸ਼ਮੇਸ਼ ਦਾ ਖਾਲਸਾ ਖ਼ਾਸ ਬਾਬਾ ਜਰਨੈਲ ਸਿੰਘ ਖਾਲਸਾ ਇਨਾਂ ਦਿਨਾਂ ਵਿੱਚ ਸੰਗਤਾਂ ਨਾਲ ਸਾਂਝੀਆਂ ਕਰਿਆ ਕਰਦੇ ਸਨ ਜਿਸ ਦਾ ਜ਼ਿਕਰ ਇੱਕ ਕਿਤਾਬ ਵਿੱਚ ਇਸ ਤਰਾਂ ਹੈ:- ‘ਸੰਤ ਭਿੰਡਰਾਵਾਲੇ ਇਨਾਂ ਦਿਨਾਂ ਵਿੱਚ ਬੜੇ ਬੈਰਾਗ ਵਿੱਚ ਰਹਿੰਦੇ ਸਨ। ਨਾਲ ਦੇ ਸਾਥੀਆਂ ਨਾਲ ਅਨੰਦਪੁਰ ਸਾਹਿਬ ਤੋਂ ਲੈ ਕੇ ਕੱਚੀ ਗੜੀ ਦਾ ਇਤਿਹਾਸ ਰੋਜ਼ ਦੀ ਰੋਜ਼ ਦੱਸਦੇ ਸਨ। ਅੱਜ ਗੁਰੂ ਸਾਹਿਬ ਇਥੇ ਪਹੁਚ ਗਏ, ਸਾਹਿਬਜਾਦੇ ਇਥੇ ਚਲੇਗੇ ਡਟੇਲ ਵਿੱਚ। ਜਿਵੇਂ ਆਪ ਇਸ ਜੰਗ ਵਿੱਚ ਮੌਜੂਦ ਹੋਣ।(ਵਿੱਚੋਂ ਟਰੂ ਸਟੋਰੀ ਆਫ ਸੰਤ ਭਿੰਡਰਾਵਾਲੇ)

ਸਿੱਖਾਂ ਨੇ ਪਿਛਲੇ ਤਿੰਨ ਸਾਡੇ ਤਿੰਨ ਸੌ ਸਾਲ ਦੇ ਇਤਿਹਾਸ ਵਿੱਚ ਅਨੇਕਾਂ ਜੰਗਾਂ ਲੜੀਆਂ ਹਨ, ਗੱਲ ਭਾਵੇਂ ਸਾਰਗੜੀ ਦੀ ਜਾਂ ਜੂਨ ਚੁਰਾਸੀ ਦੀ ਅਸਾਵੀਂ ਜੰਗ ਦੀ ਹੋਵੇ ਤੇ ਜਾਂ ਫਿਰ ਗਰਜਾ ਸਿੰਘ ਬੋਤਾ ਸਿੰਘ ਦਾ ਹਜ਼ਾਰਾਂ ਨਾਲ ਜੂਝ ਜਾਣਾ ਥਾਪੜਾ ਸੱਭ ਪਿੱਛੇ ਕੱਚੀ ਗੜੀ ਵਾਲਾ ਕੰਮ ਕਰ ਰਿਹਾ ਏ, ਸਵਾ ਲਾਖ ਸੇ ਏਕੜ ਲੜਾਊਂ ਵਾਲਾ।

ਜਦੋਂ ਮੈਂ ਸੰਤਾਂ ਦੀ ਮੋਰਚੇ ਕੋਲ ਨਿਡਰ, ਗੰਭੀਰ ਤੇ ਚਿਹਰੇ ਤੇ ਮੱਠੀ ਜਿਹੀ ਮੁਸਕਾਨ ਲਈ ਖੜਿਆਂ ਦੀ ਬਲੈਕ ਐਂਡ ਵਾਈਟ ਤਸਵੀਰ ਵੇਖਦਾ ਹਾਂ ਤਾਂ ਚਮਕੌਰ ਦਾ ਦ੍ਰਿਸ਼ ਯਾਦ ਆ ਜਾਂਦਾ ਏ। ਓਪਰੀ ਨਿਗਾਹ ਨਾਲ ਵੇਖਦਿਆਂ ਹੀ ਤਸਵੀਰ ਕਈ ਕੁਝ ਕਹਿ ਰਹੀ ਮਹਿਸੂਸ ਹੁੰਦੀ ਏ ਕਿ ਜਿਸ ਤਰਾਂ ਸੰਤ ਸੰਸਾਰ ਦੀ ਚੌਥੀ ਅਖੌਤੀ ਪ੍ਰਮਾਣੂ ਸ਼ਕਤੀ ਤੇ ਹੱਸ ਰਹੇ ਹੋਣ ਕਿ ‘ਆਜੋ ਵੇਖਿਓ ਟਰੱਕ ਭਰ ਕੇ ਤੋਰਦਾਂ ਕਿੱਦਾਂ’ ਚਿਹਰੇ ਦੀ ਗੰਭੀਰਤਾ ਕੌਮੀ ਗ਼ਦਾਰਾਂ ਨੂੰ ਲਾਹਨਤਾਂ ਪਾ ਰਹੀ ਜਾਪਦੀ ਏ, ਗੱਲ ਵਿੱਚ ਪਿਆ ਦੁੱਧ ਚਿੱਟਾ ਹਜ਼ੂਰੀਆ ਉਸਦੇ ਸਾਫ਼ ਕਿਰਦਾਰ ਦੀ ਗਵਾਹੀ ਭਰਦਾ ਏ ਤੇ ਸਾਦੇ ਚੋਲੇ ਵਿੱਚ ਖੜਾ ਇਹ 20ਵੀਂ ਸਦੀ ਦਾ ਮਹਾਨ ਜਰਨੈਲ ਅਜੋਕੇ ਸਾਧ ਪ੍ਰਚਾਰਿਕ ਜੋ ਗੱਡੀਆਂ ਨਾਲ ਮੈਚ ਕਰਦੇ ਚੋਲੇ ਪਾਉਂਦੇ ਨੇ, ਨੂੰ ਰੱਬ ਦੀ ਰਜਾ ਵਿੱਚ ਸਾਦਾ ਜੀਵਨ ਜੀਣ ਦੀ ਜਾਂਚ ਦੱਸ ਰਿਹਾ ਹੋਵੇ।

ਚਮਕੌਰ ਦੀ ਗੜੀ ਵਾਂਗ ਲੜੀ ਗਈ ਇਸ ਲੜਾਈ ਦੇ ਅਨੇਕਾਂ ਪਹਿਲੂ ਨੇ ਕਿ ਕਿਸ ਤਰਾਂ ਇਕ ਨਿਰਭੈ ਸੰਤ ਸਿਪਾਹੀ ਟੈਂਕਾਂ ਦੀ ਗੜਗੜਾਹਟ ਵਿੱਚ ਆਪਣੇ ਮਰਜੀਵੜੇ ਸੰਗੀ ਸਾਥੀਆਂ ਨੂੰ ਮਖੌਲ ਕਰ ਰਿਹਾ ਏ! ਕਿਸ ਤਰਾਂ ਸਿੰਘ ਸਿੰਘਣੀਆਂ ਬੇਖੌਫ਼ ਮੋਰਚਿਆਂ ਵਿਚ ਡੱਟੇ ਵੈਰੀ ਤੇ ਅੱਗ ਵਰਾ ਰਹੇ ਨੇ। ਕਿਸ ਤਰਾਂ ਬੀਬੀ ਪ੍ਰੀਤਮ ਕੌਰ (ਸਿੰਘਣੀ ਭਾਈ ਰਛਪਾਲ ਸਿੰਘ) ਆਪਣੇ 17 ਦਿਨ ਦੇ ਭੁਝੰਗੀ ਨਾਲ ਮੋਰਚੇ ਵਿੱਚ ਡੱਟੀ ਹੋਈ ਏ ਤੇ ਭੁਝੰਗੀ ਗੋਲਿਆਂ ਦੀ ਅਵਾਜ਼ ਨਾਲ ਮੁਸਕਰਾ ਰਿਹਾ ਹੈ। ਮੋਹੇ ਮਰਨੇ ਕਾ ਚਾਓ, ਲੈ ਕੋਈ ਜੇਤੂ ਜਰਨੈਲ ਸੁਬੇਗ ਸਿੰਘ ਆਪਣੇ ਮੋਰਚਿਆਂ ਤੋਂ ਸੰਤੁਸ਼ਟ ਨਜ਼ਰ ਆ ਰਿਹਾ ਏ। ਵੈਰੀ ਨੂੰ ਮੂੰਹ ਵਿੱਚ ਉਂਗਲਾਂ ਓਦੋਂ ਪਾਉਣੀਆਂ ਪਈਆਂ ਜਦੋਂ ਅੱਲੜ ਉਮਰ ਦੇ ਸਿੰਘ ਮੌਤ ਨਾਲ ਅਠਖੇਲੀਆਂ ਕਰਦੇ ਵੇਖੇ ਗਏ ਜੋ ਹੈਂਡ ਗਰਨੇਡ ਦੀ ਪਿੰਨ ਕੱਡਦੇ ਦੋ ਵਾਰ ਹੱਥ ਵਿਚ ਭੜਕਾਉਂਦੇ ਤੇ ਸੁੱਟ ਦਿੰਦੇ ਜੋ ਹਵਾ ਵਿੱਚ ਫ਼ੱਟ ਜਾਂਦਾ ਦੁਸ਼ਮਣ ਨੂੰ ਇਹ ਸਮਝ ਨਹੀਂ ਪੈ ਰਹੀ ਸੀ ਕਿ ਇਹ ਲੜ ਰਹੇ ਨੇ ਕਿ ਮੌਤ ਨਾਲ ਖੇਡ ਰਹੇ ਨੇ (ਸਾਕਾ ਦਰਬਾਰ ਸਾਹਿਬ ਅੱਖੀਂ ਡਿੱਠਾ ਹਾਲ ਕਿਤਾਬ ਹਕੀਕਤ)। ਇਹ 20ਵੀਂ ਸਦੀ ਦਾ ਸਾਕਾ ਵੀ ਚਮਕੌਰ ਦੀ ਗੜੀ ਵਾਂਗ ਦੁਨੀਆਂ ਦੀ ਇਕ ਅਸਾਵੀਂ ਜੰਗ ਸੀ। ਇਕ ਪਾਸੇ ਖੰਡੇ ਬਾਟੇ ਤੇ ਪੰਜ ਬਾਣੀਆਂ ਦੇ ਅੰਮ੍ਰਿਤ ਦੀ ਸ਼ਕਤੀ ਗੁਰੂ ਤੇ ਅਥਾਹ ਵਿਸ਼ਵਾਸ ਸਵਾ ਲੱਖ ਨਾਲ ਜੂਝਣ ਦਾ ਚਾਅ ਤੇ ਦੂਜੇ ਪਾਸੇ ਅਖੌਤੀ ਨਿਊਕਲੀਅਰ ਪਾਵਰ ਦਿੱਲ਼ੀ ਦਾ ਤਖਤ ਕਾਲ ਤੋਂ ਰਹਿਤ ਸ੍ਰੀ ਅਕਾਲ ਤਖਤ ਨਾਲ ਟਕਰਾਉਣ ਲੱਗਾ ਹੈ। ਅਕ੍ਰਿਤਘਣਤਾ ਦੀ ਇੰਤਾਹ ਹੋਣ ਜਾ ਰਹੀ ਏ, ਓਹ ਦਿੱਲੀ ਦਾ ਤਖਤ ਜਿਸ ਨੂੰ ਸਥਾਪਿਤ ਕਰਨ ਲਈ ਜਿਨਾਂ ਆਪਣੇ ਪਰਿਵਾਰ ਲੇਖੇ ਲਾ ਦਿੱਤੇ ਉਨਾਂ ਦਾ ਖ਼ੂਨ ਚੱਖਣ ਲਈ ਦੁਰਗਾ ਹੱਥ ਵਿੱਚ ਖੱਪਰ ਫੜੀ ਖਲੋਤੀ ਏ। ਲੱਖਾਂ ਦੀ ਗਿਣਤੀ ਵਿੱਚ ਤਮਗੇ ਲਵਾਉਣ ਵਾਲੇ ਨਾਪੁੰਸਕ ਘਟੀਆ ਰਮ ਨਾਲ ਧੁੱਤ ਆਪਣੇ ਹੋਣ ਵਾਲੇ ਹਸ਼ਰ ਤੋਂ ਅਣਜਾਣ ਹਰਲ ਹਰਲ ਕਰਦੇ ਫਿਰ ਰਹੇ ਨੇ। ਸ਼ਾਇਦ ਕਿਸੇ ਨੇ ਆਧੁਨਿਕ ਹਥਿਆਰਾਂ ਦੀ ਫੂਕ ਛਕਾ ਦਿੱਤੀ ਏ, ਇਨਾਂ ਬੇਗੈਰਤ ਮਹਾਂ ਸ਼ਕਤੀ ਦੇ ਕਰਿੰਦਿਆਂ ਨੂੰ।

ਦੂਜੇ ਪਾਸੇ ਚਮਕੌਰ ਦੀ ਗੜੀ ਦੇ ਸ਼ਹੀਦਾਂ ਦੇ ਵਾਰਸ ਨੇ ਮਰਜੀਵੜੇ, ਜਿਨਾਂ ਨੂੰ ਤਮਗੇ, ਤਰੱਕੀਆਂ ਦੀ ਲਾਲਸਾ ਨਹੀਂ ਜੂਝ ਮਰਣ ਦਾ ਚਾਓ ਹੈ, ਹਰ ਸਿੰਘ ਕਾਹਲਾ ਏ ਇਤਿਹਾਸ ਦੁਹਰਾਉਣ ਲਈ, ਬਾਬਾ ਜਰਨੈਲ ਸਿੰਘ ਖਾਲਸਾ ਦੂਹੋ ਦੂਹੀ ਸ਼ਾਸਤਰਾਂ ਦੇ ਮੈਗਜ਼ੀਨ ਭਰ ਰਹੇ ਨੇ, ਲਗਦਾ ਅਨੋਖਾ ਪ੍ਰਸਾਦ ਵਰਤਾਉਣ ਦੀ ਤਿਆਰੀ ਹੋ ਰਹੀ ਏ, ਭਾਈ ਅਮਰੀਕ ਸਿੰਘ ਕਮਰਕੱਸਾ ਕਰੀ ਤਿਆਰ ਬਰ ਤਿਆਰ ਹਨ। ਜੇਤੂ ਜਰਨੈਲ ਸੁਬੇਗ ਸਿੰਘ ਹੱਥ ਵਿੱਚ ਵਾਕੀ ਟਾਕੀ ਫੜੀ ਪੂਰੇ ਜਾਹੋ ਜਲਾਲ ਵਿਚ, ਆਪਣੇ ਸੰਗੀਆਂ ਨੂੰ ਕਹਿ ਰਹੇ ਨੇ, ਸਾਹ ਲੋ ਦੱਸਦੋ ਇਹਨਾਂ ਪਾਨ ਖਾਣਿਆਂ ਨੂੰ ਲੜਾਈ ਕਿੱਦਾਂ ਲੜੀ ਦੀ ਆ। ਬਾਬਾ ਠਾਹਰਾ ਸਿੰਘ ਮੋਰਚਿਆਂ ਵਿੱਚ ਸਿੰਘਾਂ ਨੂੰ ਛੋਲਿਆਂ ਦਾ ਪ੍ਰਸਾਦ ਵਰਤਾ ਰਹੇ ਨੇ ਲਗਦਾ ਵੈਰੀ ਦੀ ਖ਼ੈਰ ਨਹੀਂ, ਬੜੇ ਸਾਲਾਂ ਬਾਅਦ ਭੁੱਜੇ ਛੋਲੇ ਵਰਤਾਏ ਜਾ ਰਹੇ ਨੇ ਲਗਦਾ ਕਿਸੇ ਨੂੰ ਚਣੇ ਚਬਾਉਣ ਦੀ ਤਿਆਰੀ ਹੋ ਰਹੀ ਏ। ਅੱਜ ਗੱਲ ਖ਼ਾਨੇ ਪੈ ਰਹੀ ਏ ਕਿ ਸੰਤ ਭਿੰਡਰਾਂਵਾਲੇ ਪੋਹ ਦੇ ਮਹੀਨੇ ਦੀ ਸ਼ਹੀਦੀ ਗਾਥਾ ਕਿਉਂ ਅਕਸਰ ਦੁਹਰਾਇਆ ਕਰਦੇ ਸਨ ਉਹ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਹੋਏ ਤਸ਼ਦੱਦ ਬਾਰੇ ਦੱਸਦੇ ਵੈਰਾਗ ਵਿੱਚ ਚੱਲੇ ਜਾਂਦੇ ਸਨ ਤੇ ਆਪਣੀ ਤਕਰੀਰ ਵਿੱਚ ਅਕਸਰ ਕਿਹਾ ਵੀ ਕਰਦੇ ਸਨ ‘ਆਜੋ ਫੜਕੇ ਲੈਜੋ ਬੰਦ ਬੰਦ ਕੱਟ ਦਓ ਜੇ ਮੂੰਹੋਂ ਸੀ ਵੀ ਕਡਾਜੋ ਫਿਰ ਮੰਨਾਂ’ ਇਸ ਪਿੱਛੇ ਚਮਕੌਰ ਦੇ ਸ਼ਹੀਦਾਂ ਦਾ ਹੀ ਥਾਪੜਾ ਸੀ ਕਿ ਉਹ ਆਖਦੇ ‘ਲੱਖ ਕੀ ਦੱਸ ਲੱਖ ਵੀ ਆਜੇ ਜਿਉਂਦੇ ਫੜਕੇ ਨਹੀਂ ਖੜ ਸਕਦੇ ਗੁਰੂ ਦੀ ਕ੍ਰਿਪਾ ਹੈ’

ਜੋ ਜੂਨ ਚੁਰਾਸੀ ਵਿਚ ਸਿੰਘਾਂ ਨੇ ਜੌਹਰ ਦਿਖਾਏ ਉਹ ਸਦੀਵੀ ਸੁਨਹਿਰੀ ਇਤਿਹਾਸ ਦਾ ਦੁਬਾਰਾ ਵਰਨਣ ਨਹੀਂ ਕਰਨਾ ਚਾਹੁੰਦਾ, ਉਹ ਸੈਂਕੜੇ ਵੱਖ ਵੱਖ ਕਿਤਾਬਾਂ ਦੇ ਰੂਪ ਵਿੱਚ ਉਪਲਬਧ ਹੈ। ਪਰ ਫਿਰ ਵੀ ਵੈਰੀ ਵਲੋਂ ਲਿਖੀ ਗਈ ਇਕ ਕਿਤਾਬ ‘ਦਾ ਬਲਿਊ ਸਟਾਰ ਅਪਰੇਸ਼ਨ ਟਰੂ ਸਟੋਰੀ’ ਦੇ ਸਫ਼ਾ 162 ਤੇ ਜਨਰਲ ਬਰਾੜ ਲਿਖਦਾ ਏ ਕਿ ‘ਜਿਸ ਬਹਾਦਰੀ ਤੇ ਦਲੇਰੀ ਨਾਲ ਉਹ ਲੜੇ ਉਹ ਰਾਤੋ ਰਾਤ ਕੌਮ ਦੇ ਹੀਰੋ ਬਣ ਗਏ।’



ਫ਼ੌਜੀ ਅਫਸਰ ਇਕ ਥਾਵੇਂ ਲਿਖਦਾ ਹੈ ਕਿ ਉਹ ‘ਆਖਰੀ ਗੋਲੀ ਤੇ ਆਖਰੀ ਸਾਹ ਤੱਕ ਲੜੇ।

ਵੈਰੀ ਦੇ ਖੇਮੇ ਵਿਚੋਂ ਕਿਸੇ ਨੇ ਇਹ ਵੀ ਲਿਖਿਆ ਕਿ ਜਨਰਲ ਸੁਬੇਗ ਸਿੰਘ ਵਰਗਾ ਜਰਨੈਲ ਤੇ ਏਹੋ ਜਿਹੇ 100 ਕੁ ਮਰਜੀਵੜੇ ਹੀ ਗੁਆਂਢੀ ਮੁਲਕਾਂ ਨੂੰ ਫ਼ਤਿਹ ਕਰਨ ਲਈ ਕਾਫ਼ੀ ਨੇ।

ਜਨਰਲ ਸਿਨਹਾ ਨੇ ਤਾਂ ਜੰਗ ਤੋਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਕਿਨਾਂ ਨਾਲ ਲੜਨ ਜਾ ਰਹੇ ਹੋ, ਪਹਿਲਾਂ ਇਤਿਹਾਸ ਪੜਲੋ। ਉਹ ਜਨਰਲ ਬਰਾੜ ਜਿਸਨੇ ਦਿੱਲੀ ਤਖਤ ਦੀ ਪਟਰਾਣੀ ਮੂਹਰੇ ਫੜ ਮਾਰੀ ਸੀ ਕਿ ਕੁਝ ਘੰਟਿਆਂ ਵਿਚ ਮੋਰਚਾ ਫ਼ਤਿਹ ਕਰਕੇ ਆਇਆ ਨੂੰ 1 ਤੋਂ 6 ਜੂਨ ਤੱਕ ਸਿੰਘਾਂ ਨੇੜੇ ਨਾ ਫਟਕਣ ਦਿੱਤਾ ਤੇ ਅਖੀਰ ‘ਵਿਜੇਤਾ ਟੈਂਕਾਂ’ ਦੀ ਵਰਤੋਂ ਕਰਨੀ ਪਈ।

ਜਰਨੈਲ ਸੁਬੇਗ ਸਿੰਘ ਦੀ ਮੋਰਚੇਬੰਦੀ ਦਲੇਰੀ ਤੇ ਬਹਾਦਰੀ ਦੀ ਗਾਥਾ ਵੀ ਵੈਰੀ ਨੇ ਅਨੇਕਾਂ ਥਾਵਾਂ ’ਤੇ ਸਵਿਕਾਰ ਕੀਤੀ ਸੋ ਇਸ ਸਾਰੇ ਵਰਤਾਰੇ ਪਿੱਛੇ ਸੀ ਕੱਚੀ ਗੜੀ ਵਿਚਲੇ ਪੱਕੇ ਸਿੰਘਾਂ ਦਾ ਇਤਿਹਾਸ, ਖੰਡੇ ਬਾਟੇ ਦੇ ਅੰਮ੍ਰਿਤ ਦੀ ਸ਼ਕਤੀ, ਪੰਜ ਬਾਣੀਆਂ ਦੇ ਨਿੱਤ ਦੇ ਨੇਮ ਤਾਕਤ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਅਡੋਲ ਨਿਸ਼ਚਾ।

ਇਹ ਵੀ ਦੱਸਣਾ ਜ਼ਰੂਰੀ ਹੈ ਕਿ ਕਈ ਲੱਕੜ ਦਿਮਾਗ ਵਿਦਵਾਨ ਸ਼ਹੀਦਾਂ ਵਿਚ ਵੀ ਦੁਬਿਧਾ ਪਾਉਣ ਦੀ ਤਾਕ ਵਿੱਚ ਨੇ, ਕਦੇ ਕਹਿ ਦਿੰਦੇ ਨੇ ਕਿ ਸੁਬੇਗ ਸਿੰਘ ਪਹਿਲਾਂ ਸ਼ਹੀਦ ਹੋਏ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਬਾਅਦ ਵਿਚ, ਉਨਾਂ ਦਾ ਨਾਂ ਵੱਧ ਦੂਜੇ ਦਾ ਘੱਟ ਇਹ ਬੜੀਆਂ ਸੂਖ਼ਮ ਸਾਜਿਸ਼ਾਂ ਨੇ, ਹੋਲੀ ਹੌਲੀ ਕਿਸੇ ਮਹਾਨ ਯੋਧੇ ਦੇ ਅਕਸ ਨੂੰ ਜੀਰੋ ਕਰਨ ਦੀਆਂ। ਸੋ ਸਾਵਧਾਨ, ਸਾਡੇ ਲਈ ਬਾਬੇ ਜਰਨੈਲ ਸਿੰਘ ਦੀ ਅਗਵਾਈ ਵਿੱਚ ਲੜੇ ਗਏ ਯੁੱਧ ਦਾ ਹਰੇਕ ਪ੍ਰਾਣੀ, ਇਕ ਸਮਾਨ ਪੂਜਣ ਯੋਗ ਏ ਭਾਵੇਂ ਉਹ ਜਨਰਲ ਸੁਬੇਗ ਸਿੰਘ ਹੋਵੇ ਤੇ ਭਾਵੇਂ 17 ਦਿਨ ਦਾ ਭੁਝੰਗੀ ਮਨਦੀਪ ਸਿੰਘ (ਸੰਤਾਂ ਦੇ ਪੀ ਏ ਰਛਪਾਲ ਸਿੰਘ ਦਾ ਪੁੱਤਰ) ਸਾਰੇ ਸ਼ਹੀਦ ਬਰਾਬਰ ਨੇ।

ਗਾਥਾਵਾਂ ਬਹੁਤ ਲਮੇਰੀਆਂ ਨੇ 84 ਤੋਂ ਪਹਿਲਾਂ ਤੇ ਬਾਅਦ ਦੀਆਂ ਵੀ ਕਿ ਕਿਸ ਤਰਾਂ ਕੱਚੀ ਗੜੀ ਦੇ ਵਾਰਸਾਂ ਨੇ ਰਟੌਲ ਮੁਕਾਬਲਾ, ਮੱਤੇਵਾਲ ਮੁਕਾਬਲਾ, ਕਰਨਾਮੇ ਪਿੰਡ ਦਾ ਮੁਕਾਬਲਾ, ਭਾਊ ਛੀਨੇ ਦਾ ਮੁਕਾਬਲਾ ਵਗੈਰਾ ਵਗੈਰਾ ਵਗੈਰਾ। ਸੱਭ ਦੀਆਂ ਤਾਰਾਂ ਚਮਕੌਰ ਸਾਹਿਬ ਨਾਲ ਜੁੜੀਆਂ ਹੋਈਆਂ ਨੇ ਤੇ ਹੱਸ ਕੇ ਤਸ਼ੱਦਦ ਸਹਿਣ ਦੀ ਸ਼ਕਤੀ ਫਤਿਹਗੜ ਸਾਹਿਬ ਸਰਹੰਦ ਤੋਂ।

ਇਸ ਸਾਰੇ ਕੁਝ ਲਈ ਗੁਰਮੱਤ ਦੀਆਂ ਕਲਾਸਾਂ ਜ਼ਰੂਰੀ ਨਹੀਂ, ਪੰਜ ਬਾਣੀਆਂ ਦੇ ਨਿਤਨੇਮੀ ਹੋਣਾ ਜ਼ਰੂਰੀ ਏ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ੧ਓ ਤੋਂ ਲੈ ਕੇ ਅਠਾਰਾਂ ਦੱਸ ਬੀਸ ਤੱਕ ਪੂਰਨ ਭਰੋਸਾ ਗੁਰੂ ਤੇ ਅਥਾਹ ਸ਼ਰਧਾ ਤੇ ਵਿਸ਼ਵਾਸ ਹੋਣਾ ਜ਼ਰੂਰੀ ਏ ਬਾਬੇ ਜਰਨੈਲ ਸਿੰਘ ਖਾਲਸੇ ਤੇ ਉਸਦੇ ਮਰਜੀਵੜੇ ਸੰਗੀਆਂ ਵਾਂਗ। ਕਿਉਂਕਿ ਗੁਰਮਤਿ ਦੀਆਂ ਕਲਾਸਾਂ ਲਾਉਣ ਵਾਲੇ ਆਪ ਪੂਰੇ ਨਹੀਂ ਊਣੇ ਹਨ ਕਹਿਣੀ ਤੇ ਕਰਨੀ ਦੇ ਵਿੱਚ ਦਿਨ ਰਾਤ ਦਾ ਫਰਕ ਹੈ ਜੂਨ 84 ਤੋਂ ਪਹਿਲਾਂ ਤੇ ਬਾਅਦ ਦੇ ਸ਼ਹੀਦ ਸਾਰੇ ਹੀ ਪੰਜ ਬਾਣੀਆਂ ਦੇ ਨਿਤਨੇਮੀ ਸਨ, ਉਨਾਂ ਦੀ ਇਹ ਕਾਮਯਾਬ ਡੋਜ਼ ਦਾ ਸਾਨੂੰ ਸੱਭ ਨੂੰ ਪਤਾ ਬੜੀ ਲਾਹੇਵੰਦ ਏ ਪਰਖੀ ਹੋਈ ਏ। ਅਜੇ ਕੱਲ ਦੀਆਂ ਗੱਲਾਂ ਨੇ ਕਿ ਪੰਜਾਂ ਬਾਣੀਆਂ ਦੀ ਡੋਜ ਲੈ ਕੇ ਕੋਈ ਕੰਵਲਜੀਤ ਸਿੰਘ ਉਰਫ ਵਾਹਿਗੁਰੂ ਤੂੰਬਾ ਤੂੰਬਾ ਹੋ ਜਾਂਦਾ ਏ, ਕੋਈ ਰਛਪਾਲ ਸਿੰਘ ਛੰਦੜਾ ਜਾਪ ਕਰਦਾ ਹੋਇਆ ਤੱਤੇ ਸਰੀਏ ਛਾਤੀ ਵਿੱਚ ਜਰ ਜਾਂਦਾ ਏ ਤੇ ਕੋਈ ਵੀਰ ਗੁਰਦੇਵ ਸਿੰਘ ਦੇਬੂ ਵਰਗਾ ਪਾਣੀ ਵਿਚ ਉਬਾਲੇ ਖਾ ਜਾਂਦਾ ਏ। ਅਨੇਕਾਂ ਉਦਾਹਰਣਾਂ ਨੇ, ਅਜੇ ਕੱਲ ਹੀ ਕਿਤਾਬ ‘ਜ਼ਿੰਦੇ ਸੁੱਖੇ ਦੀਆਂ ਜੇਲ ਚਿੱਠੀਆਂ’ ਪੜ ਰਿਹਾ ਕਿ ਲੁਧਿਆਣੇ ਬੈਂਕ ਲੁੱਟਣ ਤੋਂ ਪਹਿਲਾਂ ਕੁਝ ਫ਼ਰਲਾਂਗ ਦੀ ਦੂਰੀ ਤੇ ਉਹ ਗੱਡੀ ਤੇ ਤਰਪਾਲ ਪਾ ਕੇ ਪੰਜ ਬਾਣੀਆਂ ਦਾ ਪਾਠ ਕਰ ਰਹੇ ਸਨ ਤੇ ਅਰਦਾਸ ਕਰ ਰਹੇ ਸਨ ਕਿ ਸਤਿਗੁਰ ਕਾਰਜ ਪੂਰਾ ਕਰੋ। ਸੋ ਬਾਣੀ ਤੇ ਸਾਰੀ ਹੀ ਜੀਵਨ ਦੇਣ ਵਾਲੀ ਹੈ ਵੱਧ ਤੋਂ ਵੱਧ ਪੜੋ ਪਰ ਬੇਨਤੀ ਹੈ ਕਿਸੇ ਦੇ ਆਖੇ ਲੱਗ ਕੇ ਪੰਜਾਂ ਤੋਂ ਤਿੰਨਾਂ ਤੇ ਨਾ ਆ ਜਾਇਓ। ਹਾਂ ਜੀ, ਜਾਂ ਫਿਰ ਤਿੰਨਾਂ ਅੱਲਿਆਂ ਨੂੰ ਪੁੱਛ ਲਿਓ ‘ਭਾਜੀ ਕੋਈ ਮੋਰਚਾ ਫ਼ਤਿਹ ਕੀਤਾ’

ਅਖੀਰ ਵਿੱਚ ਸ਼ਰਧਾ ਵਿਸ਼ਵਾਸ ਜਾਂ ਅੰਗਰੇਜ਼ੀ ਵਿਚ **Faith** ਹੀ ਸੱਭ ਕੁਝ ਹੈ ਤੇ ਮਾਣਮੱਤਾ ਇਤਿਹਾਸ ਜਿਸ ਤੋਂ ਕੌਮ ਨੇ ਸੇਧ ਲੈਣੀ ਹੈ। ਸਿੱਖਾਂ ਦੀ ਸ਼ਰਧਾ ਏ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਇਸ਼ਨਾਨ ਵਿੱਚ, ਗੁਰਬਾਣੀ ਵਿੱਚ ਤੇ ਅਰਦਾਸ ਵਿੱਚ ਜਿੱਥੋਂ ਸਾਰੀ ਊਰਜਾ ਮਿਲਦੀ ਏ। ਕੁਝ ਸਦੀਆਂ ਪਹਿਲਾਂ ਸਮੇਂ ਦੇ ਹਾਕਮ ਨੂੰ ਪਤਾ ਸੀ ਤੇ ਉਨਾਂ ਨੇ ਸ੍ਰੀ ਦਰਬਾਰ ਸਾਹਿਬ ਨੂੰ ਢਾਹੁਣ ਤੇ



## ਸੁਮੇਧ ਸੈਣੀ ਹਾਈਕੋਰਟ...

ਵਿਜੀਲੈਂਸ ਦਾ ਦੋਸ਼ ਹੈ ਕਿ ਕੁਰਾਲੀ ਸਿਸਵਾਂ ਰੋਡ 'ਤੇ ੧੭.੫ ਏਕੜ ਜ਼ਮੀਨ ਡਰੀਮ ਸਿਟੀ-ਵਨ ਅਤੇ ਡਰੀਮ ਸਿਟੀ-ਟੂ ੯ ਏਕੜ ਜ਼ਮੀਨ 'ਤੇ ਕਲੋਨੀ ਕੱਟ ਕੇ ਇਸ ਜ਼ਮੀਨ ਦੀ ਖ਼ਰੀਦੋ-ਫ਼ਰੋਖ਼ਤ ਸਬੰਧੀ ਨਕਸ਼ੇ ਪਾਸ ਕਰਵਾ ਕੇ ਜ਼ਮੀਨ ਦੀਆਂ ਰਜਿਸਟਰੀਆਂ ਖ਼ਰੀਦਦਾਰਾਂ ਦੇ ਨਾਂਅ ਕਰ ਦਿੱਤੀਆਂ ਗਈਆਂ, ਜਦਕਿ ਇਨਾਂ ਕਾਲੋਨੀਆਂ 'ਚ ਕਾਫ਼ੀ ਪਲਾਟ ਮੌਜੂਦ ਹੀ ਨਹੀਂ ਸਨ। ਇਨਾਂ ਕਾਲੋਨੀਆਂ ਦੇ ਕੁੱਲ ੩ ਕਰੋੜ ੪੫ ਲੱਖ ੭੧ ਹਜ਼ਾਰ ੮੨੫ ਰੁਪਏ ਕੰਪੋਜੀਸ਼ਨ ਫ਼ੀਸ ਸਮੇਤ ੨੫ ਪ੍ਰਤੀਸ਼ਤ ਪੈਨਲਟੀ ਕਾਲੋਨੀ ਮਾਲਕਾਂ ਪਾਸੋਂ ੫ ਪ੍ਰਤੀਸ਼ਤ ਦੇ ਹਿਸਾਬ ਨਾਲ ਲੈਣੀ ਬਣਦੀ ਸੀ। ਮਾਮਲੇ 'ਚ ਨਾਮਜ਼ਦ ਅਸ਼ੋਕ ਕੁਮਾਰ ਸਿੱਕਾ ਨੇ ਕਾਲੋਨੀ ਮਾਲਕਾਂ ਨੂੰ ਲਾਭ ਪਹੁੰਚਾਉਣ ਦੀ ਨੀਅਤ ਨਾਲ ਆਪਣੇ ਅਹੁਦੇ ਦੀ ਦੁਰਵਰਤੋਂ ਕਰਦਿਆਂ ਕਾਲੋਨੀਆਂ ਵੱਖ-ਵੱਖ ਪੱਤਰਾਂ ਨਾਲ ਰੈਗੂਲਰ ਕਰਵਾਉਣ ਸਮੇਂ ੨ ਪ੍ਰਤੀਸ਼ਤ ਦੇ ਹਿਸਾਬ ਨਾਲ ਕੰਪੋਜੀਸ਼ਨ ਫ਼ੀਸ ਜਮਾਂ ਕਰਵਾਈ।ਇਸ ਨਾਲ ਪੰਜਾਬ ਸਰਕਾਰ ਨੂੰ ਕਰੋੜਾਂ ਰੁਪਏ ਦਾ ਵਿੱਤੀ ਨੁਕਸਾਨ ਪਹੁੰਚਾਇਆ। ਦੱਸਣਯੋਗ ਹੈ ਕਿ ਕਾਲੋਨੀ ਮਾਲਕਾਂ ਵਲੋਂ ਇਸ ਜ਼ਮੀਨ ਦੀਆਂ ਰਜਿਸਟਰੀਆਂ ਕਰਵਾਉਣ ਸਮੇਂ ਸਰਕਾਰ ਨੂੰ ਸਿਰਫ਼ ੨ ਕਰੋੜ ੪੧ ਲੱਖ ੯੭ ਹਜ਼ਾਰ ਰੁਪਏ ਹੀ ਰਜਿਸਟਰੀ ਖ਼ਰਚ ਅਦਾ ਕੀਤਾ ਗਿਆ, ਜਦੋਂਕਿ ਜ਼ਮੀਨ ਦੀ ਖਰੀਦ-ਵੇਚ ਸਬੰਧੀ ਕੁਲ ਰਕਮ ਦੀ ਅਦਾਇਗੀ ੮ ਕਰੋੜ ੧੭ ਲੱਖ ੬੯ ਹਜ਼ਾਰ ੨੮੭ ਰੁਪਏ ਅਦਾ ਕੀਤੇ ਗਏ, ਜੋ ਕਿ ਬੈਨਾਮਿਆਂ ਤੋਂ ਵੱਧ ਰਕਮ ਕੋਠੀ ਨੰ-੩੦੪੮ ਸੈਕਟਰ-੨੦ ਚੰਡੀਗੜ ਦੀ ਖ਼ਰੀਦ 'ਚ ਵਰਤੇ ਗਏ।ਇਸ ਦਰਜ ਮੁਕੱਦਮੇ ਤੋਂ ਬਾਅਦ ਸੁਰਿੰਦਰਜੀਤ ਸਿੰਘ ਜਸਪਾਲ ਵਾਸੀ ਫੇਜ਼-੩ ਬੀ ੧, ਤਰਨਜੀਤ ਸਿੰਘ ਬਾਵਾ ਵਾਸੀ ਸੰਨੀ ਇਨਕਲੇਵ ਖਰੜ, ਨਿਮਰਤ ਦੀਪ ਸਿੰਘ ਵਾਸੀ ਸੈਕਟਰ-੩੫ ਡੀ ਚੰਡੀਗੜ ਅਤੇ ਮੋਹਿਤ ਪੁਰੀ ਵਾਸੀ ਨਿਊ ਚੰਡੀਗੜ ਨੂੰ ਨਾਮਜ਼ਦ ਕੀਤਾ ਗਿਆ ਹੈ। ਜੇਲ ਮੰਤਰੀ ਰੰਧਾਵਾ ਨੇ ਕੈਪਟਨ ਤੋਂ ਕੀਤੀ ਮੰਗ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਦੇ ਰਿਹਾਅ ਹੋਣ 'ਤੇ ਨਾਰਾਜ਼ਗੀ ਪ੍ਰਗਟ ਕਰਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਐਡਵੋਕੇਟ ਜਨਰਲ ਨੂੰ ਬਰਖ਼ਾਸਤ ਕਰਨ ਦੀ ਮੰਗ ਕੀਤੀ ਹੈ। ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਆਪਣੀ ਹੀ ਸਰਕਾਰ ਦੇ ਐਡਵੋਕਟ ਜਨਰਲ, ਗ੍ਰਹਿ ਸਕੱਤਰ ਤੇ ਡੀਜੀਪੀ ਨੂੰ ਕਟਹਿਰੇ 'ਚ ਖੜਾ ਕਰ ਦਿੱਤਾ ਹੈ। ਉਨਾਂ ਨੇ ਉਨਾਂ ਦੀ ਪ੍ਰੋਫੈਸ਼ਨਲ ਕੈਪੀਟੈਂਸੀ 'ਤੇ ਵੀ ਸਵਾਲ ਚੁੱਕੇ ਹਨ। ਉਨਾਂ ਨੇ ਮੁੱਖ ਮੰਤਰੀ ਕੈਪਟਨ ਤੋਂ ਮੰਗ ਕੀਤੀ ਹੈ ਕਿ ਸੈਣੀ ਦਾ ਕੇਸ ਸਹੀ ਢੰਗ ਨਾਲ ਨਾ ਲੜ ਸਕਣ ਕਾਰਨ ਐਡਵੋਕੇਟ ਜਨਰਲ, ਵਿਜੀਲੈਂਸ ਪ੍ਰਮੁੱਖ, ਡੀਜੀਪੀ, ਪੰਜਾਬ ਤੇ ਗ੍ਰਹਿ ਸਕੱਤਰ ਨੂੰ ਤੁਰੰਤ ਬਰਖ਼ਾਸਤ ਕੀਤਾ ਜਾਵੇ।

ਰੰਧਾਵਾ ਨੇ ਪਿਛਲੇ ਲੰਬੇ ਸਮੇਂ ਤੋਂ ਬੇਅਦਬੀ ਮਾਮਲੇ ਨੂੰ ਲੈ ਕੇ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਖ਼ਿਲਾਫ਼ ਮੋਰਚਾ ਖੋਲਿਆ ਹੋਇਆ ਹੈ। ਉਦੋਂ ਵੀ ਸਰਕਾਰ ਨੂੰ ਮੂੰਹ ਦੀ ਖਾਣੀ ਪਈ ਸੀ ਜਦੋਂ ਹਾਈ ਕੋਰਟ ਨੇ ਇਸ ਕੇਸ ਦੀ ਜਾਂਚ ਕਰ ਰਹੀ ਐੱਸਆਈਟੀ ਨੂੰ ਹੀ ਰੱਦ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ ਸਨ।

ਹਾਲਾਂਕਿ ਕੱਲ ਹੀ ਇਸ ਮਾਮਲੇ 'ਚ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ 'ਚ ਸਪੈਸ਼ਲ ਲੀਵ ਪਟੀਸ਼ਨ ਦਾਇਰ ਕੀਤੀ ਹੈ ਪਰ ਇਕ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਵਿਜੀਲੈਂਸ ਰਾਹੀਂ ਸੁਮੇਧ ਸਿੰਘ ਸੈਣੀ ਨੂੰ ਜਦੋਂ ਗ੍ਰਿਫ਼ਤਾਰ ਕੀਤਾ ਤਾਂ ਸਰਕਾਰ ਨੇ ਰਾਹਤ ਦਾ ਸਾਹ ਲਿਆ ਕਿਉਂਕਿ ਹੁਣ ਉਨਾਂ ਕੋਲ ਸਿਆਸੀ ਤੌਰ 'ਤੇ ਲੋਕਾਂ ਦੇ ਸਾਹਮਣੇ ਇਹ ਗੱਲ ਰੱਖਣ ਦਾ ਮੌਕਾ ਸੀ ਕਿ ਸਰਕਾਰ ਨੇ ਸੈਣੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਪਰ ਉਨਾਂ ਤੋਂ ਇਹ ਮੌਕਾ ਵੀ ਖੁੱਸ ਗਿਆ ਹੈ ਕਿਉਂਕਿ ਸੈਣੀ ਦੇ ਵਕੀਲਾਂ ਨੇ ਹਾਈ ਕੋਰਟ 'ਚ ਜਿਰਹ ਕਰ ਕੇ ਸੈਣੀ ਨੂੰ ਛੁਡਵਾ ਲਿਆ। ਨਾਲ ਹੀ ਵਿਜੀਲੈਂਸ ਨੂੰ ਉਨਾਂ ਦੀ ਕਾਰਵਾਈ ਲਈ ਝਾੜ ਪਾਈ।

## ਅਫ਼ਗਾਨੀ ਸਿੱਖ ਖ਼ੁਦ...

ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਅਫ਼ਗਾਨਿਤਾਨ ਵਿੱਚ ਰਹਿ ਰਹੇ ਘੱਟ ਗਿਣਤੀ ਸਿੱਖ ਅਤੇ ਭਾਰਤੀ ਪਰਿਵਾਰਾਂ ਤੋਂ ਇਲਾਵਾ ਗੁਰਧਾਮਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੂੰ ਅਪੀਲ ਕੀਤੀ ਹੈ।

ਚੀਫ਼ ਖਾਲਸਾ ਦੀਵਾਨ ਨੇ ਐਲਾਨ ਕੀਤਾ ਹੈ ਕਿ ਅਫ਼ਗਾਨਿਸਤਾਨ ਵਿੱਚ ਫਸੇ ਸਿੱਖ ਪਰਿਵਾਰਾਂ ਦੇ ਭਾਰਤ ਆਉਣ 'ਤੇ ਇਨਾਂ ਦੇ ਬੱਚਿਆਂ ਨੂੰ ਸਿੱਖ ਸੰਸਥਾ ਦੇ ਪ੍ਰਬੰਧ ਹੇਠ ਚੱਲ ਰਹੇ ਸਕੂਲਾਂ ਵਿੱਚ ਮੁਫ਼ਤ ਸਿੱਖਿਆ ਦਿੱਤੀ ਜਾਵੇਗੀ।

## ਬਟਵਾਰੇ ਵੇਲੇ ਸਿੱਖ...

ਇਕ ਤਗੜੀ ਚਿੱਖਾ ਬਣਾਈ ਗਈ ਅੱਗ ਲਾਉਣ ਤੋਂ ਪਹਿਲਾਂ ਕੜਾਹ ਪ੍ਰਸ਼ਾਦ ਕੀਤਾ ਗਿਆ ਵੰਡਿਆ ਗਿਆ। ਅਰਦਾਸ ਵਿਚ ਕਿਹਾ ਗਿਆ ਕੇ ਹੇ ਅਕਾਲ ਪੁਰਖ ਮਨੁੱਸ਼ਾਂ ਨੂੰ ਧਰਮ ਖਾਤਰ ਲੜਣ ਦਾ ਬਲ ਬਖਸ਼ ਤੇ ਬੀਬੀਆਂ ਨੂੰ ਧਰਮ ਬਚਾਉਣ ਖਾਤਰ ਸਤੀ ਹੋਣ ਦਾ ਬਲ ਬਖਸ਼ ! ਪ੍ਰਸ਼ਾਦ ਛੱਕ ਬਲਦੀ ਚਿਖਾਂ ਵਿੱਚ ਸਤਿਨਾਮ ਵਹਿਗੁਰੂ ਕਹਿ ਛਾਲਾਂ ਮਾਰ ਸੌ ਤੋਂ ਉਪਰ ਇਸ ਤਰਾਂ ਸ਼ਹੀਦ ਹੋ ਗਈਆਂ। ਕੁਝ ਮਾਪਿਆਂ ਨੇ ਹੱਥੀ ਵੱਡ ਕੱਟ ਵਿਹਲੇ ਹੋ ਕੇ ਗੁਰਦੁਆਰੇ ਤੋਂ ਨਿਕਲ ਦੁਸ਼ਮਨਾਂ ਦੇ ਹਿੱਸੇ ਗਲ ਪੈ ਸ਼ਹੀਦੀਆਂ ਪ੍ਰਾਪਤ ਕੀਤੀਆਂ।

**ਹੱਥੀ ਬੀਬੀਆਂ ਵੱਢੀਆਂ :**

ਰਾਵਲਪਿੰਡੀ ਤੋਂ ਪੰਦਰਾਂ ਮੀਲ ਇਕ ਛੋਟਾ ਜਿਹਾ ਪਿੰਡ " ਲੱਤ ਗੜ ਬਾਲਾ ਜੀ " ਨਾ ਪ੍ਰਸਿੱਧ ਸੀ। ਇਸ ਪਿੰਡ ਵਿਚ ੧੮ ਕੁ ਘਰ ਸਿੱਖਾਂ ਦੇ , ਆਲੇ ਦੁਆਲੇ ਮੁਸਲਮਾਨਾਂ ਦੇ ਪਿੰਡ ਸਨ।੮ ਮਾਰਚ ੧੯੪੭ ਨੂੰ ਇਲਾਕੇ ਦੇ ਮੁਸਲਮਾਨਾਂ ਨੇ ਢੋਲ ਮਾਰ ਕੇ ਇਸ ਪਿੰਡ ਤੇ ਹਮਲਾ ਕੀਤਾ। ਸਾਰੇ ਪਿੰਡ ਨੂੰ ਘੇਰਾ ਪਾ ਲਿਆ। ਪਿੰਡ ਚੋਂ ਮੁਖੀਆਂ ਨੂੰ ਬਾਹਰ ਸੱਦ ਕੇ ਕਿਹਾ ਕਿ " ਜੇ ਤੁਸੀਂ ਮੁਸਲਮਾਨ ਬਣ ਜਾਓ। ਸਾਡੀਆਂ ਧੀਆਂ ਦੇ ਰਿਸ਼ਤੇ ਲਓ ਆਪਣੀਆਂ ਦੇ ਸਾਨੂੰ ਦਿਓ। ਇਸ ਤਰਾਂ ਤੁਸੀਂ ਬਚ ਸਕਦੇ ਹੋ ਨਹੀਂ ਤਾਂ ਕਤਲ ਕਰ ਦਿੱਤੇ ਜਾਓਗੇ। " ਮੁਖੀਆਂ ਕਿਹਾ ਕਿ ਉਨਾਂ ਨੂੰ ਵਿਚਾਰ ਕਰ ਲੈਣ ਦਿਓ। ਸਾਰਿਆ ਗੁਰਦੁਆਰੇ ਇਕੱਠੇ ਹੋ ਕੇ ਵਿਚਾਰ ਕੀਤੀ ਕਿ " ਸਭ ਸ਼ਹੀਦੀਆਂ ਪਾਓ। ਮਰਨਾ ਤਾਂ ਇਕ ਵਾਰੀ ਹੈ , ਧਰਮ ਨਹੀਂ ਛੱਡਣਾ ਚਾਹੀਦਾ। ਉਧਰ ਮਾਈਆਂ ਬੀਬੀਆਂ ਕਿਹਾ ਪਹਿਲਾਂ ਸਾਨੂੰ ਕਤਲ ਕਰ ਕੇ ਸਾਡੀ ਇੱਜ਼ਤ ਨੂੰ ਬਚਾਓ। ' ਸਭ ਨੇ ਆਪਣੀਆਂ ਮਾਵਾਂ ਭੈਣਾ , ਭਰਜਾਈਆਂ ਕਤਲ ਕਰ ਦਿੱਤੀਆ। ਇਕ ਬਿਰਧ ਮਾਈ ਨੂੰ ਕੋਈ ਨਾ ਮਾਰੇ ਉਹ ਮਰਨ ਲਈ ਤਰਲੇ ਕਰ ਹੀ ਰਹੀ ਸੀ ਕਿ ਏਨੇ ਚਿਰ ਸਿੱਖ ਮਿਲਟਰੀ ਆ ਗਈ। ਉਹ ਵੀ ਸਿੱਖ ਵੀ ਬੱਚ ਗਏ ਕਿਸੇ ਨੇ ਹੰਝੂ ਨਹੀਂ ਕੇਰਿਆ।

**ਬੀਬੀ ਹਰਬੰਸ ਕੌਰ ਦੀ ਦਲੇਰੀ :**

– ਜੜਾਂ ਵਾਲੇ ਕੈਂਪ ਵਿਚੋਂ ਦੀ ਸਰਦਾਰ ਚਰਨ ਸਿੰਘ ਭੋਰਛੀ ੧੫ ਅਗਸਤ ੧੯੪੭ ਨੂੰ ਮਿਲਟਰੀ ਦੇ ਟਰੱਕ ਵਿਚ ਸਵਾਰ ਲੰਘਿਆ ਸੀ ਜਦੋਂ ਕਿ ਆਪਣੇ ਪਿੰਡ ਦਾ ਸਵਰਨ ਸਿੰਘ ਜਿਹੜਾ ਕਿ ਮਿਲਟਰੀ ਵਿਚ ਸੀ ਆਪਣੀ ਭੈਣ ਦੇ ਪਰਵਾਰ ਨੂੰ ਘਸੀਟ ਪੁਰ ਤੋਂ ਲਾਮੋਕੇ ਕਿ ਸਰਲੀ ( ਲਾਇਲਪੁਰ ) ਲੈ ਕੇ ਗਿਆ ਸੀ। ਚਰਨ ਸਿੰਘ ਭੋਰਛੀ ਵੀ ਘਸੀਟ ਪੂਰੇ ਆਪਣੇ ਤਾਏ ਦੀ ਧੀ ਭੈਣ ਪਾਸ ਰੁਕਿਆ ਬੈਠਾ ਸੀ। ਉਦੋਂ ਇਕ ਕੈਂਪ ਸਿੱਖਾਂ ਹਿੰਦੂਆਂ ਨਾਲ ਭਰਿਆ ਸੀ। ਇਸ ਤੋਂ ਕੁਝ ਦਿਨ ਬਾਦ ਇਸ ਕੈਂਪ ਤੇ ਬਲੋਚੀ ਮਿਲਟਰੀ ਨੇ ਹਮਲਾ ਕਰ ਸਿੱਖ ਮਾਰ ਦਿੱਤੇ ਸਿੱਖਾਂ ਦੀਆਂ ਧੀਆਂ ਆਪਣੀ ਘਰੀ ਲੈ ਗਏ। ਉਸ ਵੇਲੇ ਰਾਈ ਅਨਵਰ ਖਾਨ ਐਮ . ਐਲ . ਏ . ਪਿੰਡ ਜਗਾਤਨ ਨੇ ਬੀਬੀ ਹਰਬੰਸ ਕੌਰ ਬੀ . ਏ . ਬੀ . ਟੀ . ਜਿਹੜੀ ਲੀ . ਬੀ . ਹਾਈ ਸਕੂਲ ਦੀ ਮੁੱਖ ਅਧਿਆਪਕਾ ਸੀ , ਛੁੱਟੀਆਂ ਵਿਚ ਆਪਣੇ ਭੈਣ ਪਾਸ ਆਈ ਨੂੰ ਕੈਂਪ ਵਿੱਚ ਆਈ ਨੂੰ ਲੁਟ ਕੇ ਆਪਣੇ ਘਰ ਲੈ ਗਿਆ ਬੀਬੀ ਹਰਬੰਸ ਕੌਰ ਬੜੀ ਸੁੰਦਰ ਤੇ ਧਾਰਮਿਕ ਵਿਚਾਰਾਂ ਵਾਲੀ ਅੰਮ੍ਰਿਤ ਧਾਰੀ ਸਿੰਘਣੀ ਸੀ। ਬੀਬੀ ਨਾਲ ਅਨਵਰ ਖਾਨ ਨੇ ਆਪਣਾ ਨਿਕਾਹ ਕਰਨ ਦਾ ਹਰ ਹਰਬਾ ਵਰਤਿਆ। ਪਰ ਧਰਮੀ ਬੀਬੀ ਰਤਾ ਨਾ ਡੋਲੀ। ਇਥੋਂ ਤੱਕ ਇਸ ਦੇ ਦੋ ਪੁੱਤਰਾਂ ਨੂੰ ਅਧੀ ਜ਼ਮੀਨ ਨਾਮ ਲਵਾਉਣ ਦੀ ਵੀ ਪੇਸ਼ਕਸ਼ ਕੀਤੀ। ਸਾਰੇ ਸੋਨੇ ਦੇ ਜ਼ੇਵਰ ਅੱਗੇ ਲਿਆ ਦੇਰੀ ਕੀਤੇ ਪਰ ਧਰਮੀ ਰਤਾ ਨਾ ਡੋਲੀ। ਹਾਰ ਕੇ ਕੁੱਟ ਮਾਰ ਕਰ , ਬੇਹੋਸ਼ ਹੋ ਜਾਂਦੀ ਤਾਂ ਮੂੰਹ ਵਿਚ ਪਾਣੀ ਪਾ ਹੋਸ਼ ਵਿਚ ਲਿਆ ਫਿਰ ਕੁਝ ਪੁੱਠਾ ਲਟਕਾਂ ਛੱਡੀ ਧਰਮੀ ਬੀਬੀ ਸਿਦਕ ਤੋਂ ਨਾ ਡੋਲੀ ਹੌਸਲਾ ਨਾ ਹਾਰਿਆ। ਫਿਰ ਤੱਤਾ ਸੜਦਾਤੇਲ ਸਿਰ ਵਿਚ ਪਾਇਆ ਨੰਗਿਆ ਕਰ ਗਰਮ ਰੇਤਿਆਂ ਤੇ ਲਟਾਇਆ। ਪਰ ਉਸਦਾ ਭਾਣਾ ਖਿੜੇ ਮੱਥੇ ਮੰਨ ਅਡੋਲ ਰਹੀ। ਫਿਰ ਅਖੀਰਲਾ ਹਥਿਆਰ ਦੋਵੇਂ ਬੱਚੇ ਸਾਹਮਣੇ ਖੜੇ ਕਰ ਤਲਵਾਰ ਨੰਗੀ ਕੱਢ ਡਰਾਉਣ ਲੱਗਾ ਕਿ " ਤੇਰੇ ਸਾਹਮਣੇ ਤੇਰੇ ਬੱਚੇ ਕਤਲ ਕਰ ਦੇਵਾਂਗਾ। ਡੋਲੀ ਨਹੀਂ ਸਗੋਂ ਕਿਹਾ ਕਿ ਇਹ ਕਲਗੀਆਂ ਵਾਲੇ ਦੇ ਬੱਚੇ ਸਨ। ਜੇ ਸ਼ਹੀਦ ਹੋ ਜਾਣਗੇ ਤੇ ਮੇਰੀ ਕੁੱਖ ਸਫਲੀ ਹੋਵੇਗੀ। ਇਹ ਗਲ ਸੁਣ ਦੁਸ਼ਟ ਚੰਡਾਲ ਨੇ ਦੋਵੇਂ ਬੱਚੇ ਇਕ ਅੱਠ ਸਾਲ ਤੇ ਦੂਜਾ ਛੇ ਸਾਲ ਨਿਰਦੋਸ਼ ਮਾਸੂਮਾਂ ਨੂੰ ਸ਼ਹੀਦ ਕਰ ਦਿੱਤਾ। ਹੁਣ ਸੜਦਾ ਤੇਲ ਨੰਗੇ ਸਰੀਰ ਤੇ ਪਾਇਆ ਸਰੀਰ ਛਾਲੋ ਛਾਲੀ ਹੋ ਗਿਆ , ਬੇਹੋਸ਼ ਹੋ ਗਈ। ਫਿਰ ਅੱਖਾਂ ਖੋਲੀਆਂ ਤੇ ਉਹ ਪ੍ਰਸ਼ਨ ਕਿ " ਨਿਕਾਹ ਲਈ ਮੰਨ ਜਾ ਫਿਰ ਬੀਬੀ ਹਰਬੰਸ ਕੌਰ ਨੇ ਹੌਲੀ ਹੌਲੀ ਮੂੰਹ ਵਿੱਚ ਕੁਝ ਪੜਿਆ। ਅੱਖਾਂ ਮੀਟੀਆਂ ਗਈਆਂ। ਏਨੇ ਤਸੀਹੇ ਝਲਦੀ ਬਹਾਦਰ ਬੀਬੀ ਕਲਗੀਧਰ ਜੀ ਦੇ ਚਰਨਾਂ ਵਿੱਚ ਜਾ ਬਿਰਾਜੀ।

ਬਟਵਾਰੇ ਵੇਲੇ ਬੀਬੀ ਅੰਮ੍ਰਿਤਾ ਪ੍ਰੀਤਮ ਨੇ ਦਿਲ ਟੁੰਬਵੀਂ ਕਵਿਤਾ ਲਿਖੀ ਸੀ। ਉਸ ਦੇ ਕੁਝ ਮੁਢਲੇ ਸ਼ਬਦ ਮੇਰੇ ਕੰਨਾ ਵਿਚ ਇਵੇਂ ਅਜੇ ਤੱਕ ਗੂੰਜ ਰਹੇ ਹਨ।

ਅੱਜ ਆਖਾਂ ਵਾਰਸ ਸ਼ਾਹ ਨੂੰ ਕਿੱਤੇ ਕਬਰਾਂ ਵਿਚੋਂ ਬੋਲ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ। ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿੱਖ – ਲਿੱਖ ਮਾਰੇ ਵੈਣ। ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ਼ ਸ਼ਾਹ ਨੂੰ ਕਹਿਣ , ਉਠ ਦਰਦ ਮੰਦਾ ਦਿਆ ਦਰਦੀਆਂ ਅੱਜ ਤੱਕ ਲੈ ਆਪਣਾ ਪੰਜਾਬ , ਅੱਜ ਬੇਲੀ ਲਾਸ਼ਾਂ ਰੁਲਦੀਆਂ ਲਹੂ ਭਰਿਆ ਚਨਾਬ।




## ਪੰਜਾਬੀ ਸਿਆਸਤਦਾਨਾਂ ਤੋਂ..

ਦੇਸ਼ ਭਰ ਵਿੱਚ ਪਹਿਲੇ ਨੰਬਰ 'ਤੇ ਰਹਿਣ ਵਾਲਾ ਪੰਜਾਬ ਹੁਣ ਤਿੰਨ ਲੱਖ ਕਰੋੜ ਰੁਪਏ ਦੇ ਕਰਜ਼ੇ ਦੇ ਬੋਝ ਥੱਲੇ ਦੱਬਿਆ ਹੋਇਆ ਹੈ। ਪੰਜਾਬ ਦਾ ਜੰਮਦਾ ਬੱਚਾ ਹੀ ਕਰਜ਼ਾਈ ਹੁੰਦਾ ਹੈ। ਉਚੇਰੀ ਸਿੱਖਿਆ ਅੱਤ ਦਰਜੇ ਦੀ ਮਹਿੰਗੀ ਅਤੇ ਨਿੱਜੀ ਅਦਾਰਿਆਂ ਦੀ ਬਦੌਲਤ ਵਪਾਰਕ ਬਣਾ ਦਿੱਤੀ ਗਈ ਹੈ। ਸਰਕਾਰੀ ਕਾਲਜਾਂ ਅਤੇ ਹਸਪਤਾਲਾਂ ਵਿੱਚ ਨਾ ਲੋੜੀਂਦਾ ਸਟਾਫ ਹੈ ਅਤੇ ਨਾ ਹੀ ਹੋਰ ਸਾਜ਼ੋ-ਸਮਾਨ ਉਪਲਬਧ ਹੈ। ਠੇਕੇ 'ਤੇ ਰੋਜ਼ਗਾਰ ਦੇ ਕੇ ਨੌਜਵਾਨਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਵਿੱਦਿਆ ਤੇ ਸਿਹਤ ਸਹੂਲਤਾਂ ਉੱਚ ਪੱਧਰ ਦੀਆਂ ਅਤੇ ਮੁਫਤ ਜਾਂ ਸਸਤੀਆਂ ਕਰਨੀਆਂ ਚਾਹੀਦੀਆਂ ਹਨ, ਉਨਾਂ ਦੀ ਹਾਮੀ ਕੋਈ ਪਾਰਟੀ ਨਹੀਂ ਭਰਦੀ। ਬਿਜਲੀ ਮੁਫਤ ਕਰਕੇ ਜਿਹੜਾ ਥੋੜ੍ਹਾ ਬਹੁਤਾ ਧਰਤੀ ਹੇਠ ਪੀਣ ਯੋਗ ਪਾਣੀ ਬਚਿਆ ਹੈ, ਉਹ ਖਤਮ ਕਰਕੇ ਡੰਡੇ ਵਜਾਉਣ ਲਈ ਮਜਬੂਰ ਕਰਨ ਲਈ ਸਭ ਉਤਾਵਲੇ ਹਨ।

ਪੀਣ ਵਾਲਾ ਸ਼ੁੱਧ ਪਾਣੀ ਅਤੇ ਸਾਹ ਲੈਣ ਲਈ ਸ਼ੁੱਧ ਹਵਾ ਤੋਂ ਬਿਨਾਂ ਜੀਵਨ ਅਸੰਭਵ ਹੈ। ਦਰਖਤ ਕੱਟ ਕੇ ਪੰਜਾਬ ਨੂੰ ਪਹਿਲਾਂ ਹੀ ਖੋਖਲਾ ਤੇ ਰੇਗਸਤਾਨ ਬਣਾਉਣ ਦਾ ਮੁੱਢ ਬੱਝ ਚੁੱਕਾ ਹੈ। ਸ਼ੁੱਧਤਾ ਦਾ ਖਾਤਮਾ ਹੋ ਰਿਹਾ ਹੈ ਅਤੇ ਹਰ ਪਾਸੇ ਮਿਲਾਵਟ ਦਾ ਬੋਲਬਾਲਾ ਹੈ। ਭ੍ਰਿਸ਼ਟਾਚਾਰ ਨੇ ਸਮਾਜ ਦੀਆਂ ਜੜਾਂ ਖੋਖਲੀਆਂ ਕਰ ਦਿੱਤੀਆਂ ਹਨ। ਪੰਜਾਬੀਓ, ਇੱਕ ਪਾਸੇ ਤਾਂ ਤੁਸੀਂ ਕਈ ਮਹੀਨਿਆਂ ਤੋਂ ਦੇਸ਼ ਦੀ ਰਾਜਧਾਨੀ ਦੀਆਂ ਬਰੂਹਾਂ 'ਤੇ ਸੰਘਰਸ਼ ਕਰ ਰਹੇ ਹੋ, ਦੂਜੇ ਪਾਸੇ ਤੁਹਾਨੂੰ ਮੁਫਤ ਦੇ ਚੱਕਰ ਵਿੱਚ ਮੰਗਤਾ ਕਲਚਰ ਦੇ ਚੱਕਰਵਿਊ ਵਿੱਚ ਫਸਾਇਆ ਜਾ ਰਿਹਾ ਹੈ। ਇਸ ਦੁਨੀਆਂ ਵਿੱਚ ਕਿਸੇ ਨੂੰ ਵੀ ਕੁਝ ਵੀ ਮੁਫਤ ਨਹੀਂ ਮਿਲਦਾ। ਕਿਸੇ ਨਾ ਕਿਸੇ ਰੂਪ ਵਿੱਚ ਕੀਮਤ ਅਦਾ ਜ਼ਰੂਰ ਕਰਨੀ ਪੈਂਦੀ ਹੈ। ਕੁਦਰਤ ਦਾ ਅਨਮੋਲ ਤੋਹਫਾ ਹਵਾ ਅਤੇ ਪਾਣੀ ਸਾਨੂੰ ਮੁਫਤ ਮਿਲਦਾ ਪ੍ਰਤੀਤ ਹੁੰਦਾ ਸੀ। ਪਰ ਅਮੀਰ ਲੋਕਾਂ ਨੇ ਆਪਣੀਆਂ ਸੁਖ ਸਹੂਲਤਾਂ ਲਈ ਸਭ ਕਾਸੇ ਨੂੰ ਇਸ ਤਰਾਂ ਪ੍ਰਦੂਸ਼ਤ ਕਰ ਦਿੱਤਾ ਹੈ ਕਿ ਹੁਣ ਪਾਣੀ ਅਤੇ ਸ਼ੁੱਧ ਹਵਾ ਦੀ ਵੀ ਕਮੀ ਮਹਿਸੂਸ ਹੋਣ ਲੱਗੀ ਹੈ। ਇਸੇ ਕਾਰਨ ਹੀ ਆਕਸੀਜਨ ਦੀ ਕਮੀ ਕਾਰਨ ਲੋਕਾਂ ਦੀਆਂ ਅਣਕਿਆਸੀਆਂ ਮੌਤਾਂ ਹੋਈਆਂ ਸਨ। ਮੁਫਤ ਦੇ ਭਰਮ-ਜਾਲ ਵਿੱਚੋਂ ਨਿਕਲ ਕੇ ਈਮਾਨਦਾਰ, ਅਨੁਸ਼ਾਸਤ, ਪੜੇ ਲਿਖੇ ਸਮਝਦਾਰ ਅਤੇ ਨੈਤਿਕ ਕਦਰਾਂ ਕੀਮਤਾਂ ਦੀ ਪਾਲਣਾ ਕਰਨ ਵਾਲੇ ਪ੍ਰਤੀਬੱਧ ਇਨਸਾਨਾਂ ਵਾਲੀ ਸਰਕਾਰ ਦੀ ਚੋਣ ਕਰਨਾ ਸਮੇਂ ਦੀ ਮੁੱਖ ਲੋੜ ਹੈ। ਔਰਤ ਅਤੇ ਮਰਦ ਦੋਵੇਂ ਸਮਾਜ ਦੀ ਪ੍ਰਗਤੀ ਲਈ ਬਰਾਬਰ ਦੇ ਹਿੱਸੇਦਾਰ ਹਨ। ਤਤਕਾਲੀ ਓਲੰਪਿਕ ਖੇਡਾਂ ਵਿੱਚ ਲੜਕੀਆਂ ਦਾ ਲੜਕਿਆਂ ਵਾਂਗ ਹੀ ਵਧ ਚੜ ਕੇ ਮੁਹਾਰਤ ਦਿਖਾਉਣਾ ਪ੍ਰਤੱਖ ਪ੍ਰਮਾਣ ਹੈ। ਹਰ ਤਰਾਂ ਦੀ ਵਿਤਕਰਾ ਰਹਿਤ ਵਿਵਸਥਾ ਹੀ ਦੇਸ਼ ਅਤੇ ਸਮਾਜ ਦਾ ਭਲਾ ਕਰ ਸਕਦੀ ਹੈ। ਪਿਛਲੇ ਦਿਨੀ ਸੰਸਦ ਵਿੱਚ ਪੈਟਰੋਲ ਦੀਆਂ ਵੱਧ ਕੀਮਤਾਂ ਅਤੇ ਵੱਧ ਟੈਕਸਾਂ ਸਬੰਧੀ ਪੈਟਰੋਲੀਅਮ ਮੰਤਰੀ ਵੱਲੋਂ ਸਵਾਲਾਂ ਦਾ ਜਵਾਬ ਦਿੰਦੇ ਹੋਏ ਦੱਸਿਆ ਗਿਆ ਸੀ ਕਿ ਪੈਟਰੋਲ ਉੱਪਰਲੇ ਵੱਧ ਟੈਕਸਾਂ ਦੀ ਕਮਾਈ ਨਾਲ ਦੇਸ਼ ਦੇ 80 ਕਰੋੜ ਲੋਕਾਂ ਨੂੰ ਮੁਫਤ ਅਨਾਜ ਦਿੱਤਾ ਜਾ ਰਿਹਾ ਹੈ। ਇਸ ਤੋਂ ਸਪੱਸ਼ਟ ਹੈ ਕਿ ਇੱਕ ਮੁਫਤ ਚੀਜ਼ ਦੀ ਸਪਲਾਈ ਲੋਕਾਂ ਦਾ ਦੂਜੇ ਢੰਗ ਨਾਲ ਕਚੂਮਰ ਵੀ ਕੱਢਦੀ ਹੈ। ਹਾਂ, ਕਾਂਗਰਸ ਪਾਰਟੀ ਵੱਲੋਂ ਤਿੰਨ ਰੁਪਏ ਪ੍ਰਤੀ ਯੂਨਿਟ ਬਿਜਲੀ ਦਾ ਵਾਅਦਾ ਕੁਝ ਸਾਜ਼ਗਾਰ ਲੱਗਦਾ ਹੈ। ਪਰ ਜੇ ਉਹ ਏਨੇ ਲੋਕ ਹਿਤੈਸ਼ੀ ਬਣਦੇ ਹਨ ਤਾਂ ਇਹ ਹੁਣ ਤੋਂ ਹੀ ਲਾਗੂ ਕਿਉਂ ਨਹੀਂ ਕਰਦੇ? ਇਸ ਲਈ ਚੋਣ ਵਾਅਦਿਆਂ ਵਿਚਲੇ ਮੁਫਤ ਦੇ ਭੰਬਲਭੂਸੇ ਤੋਂ ਸੁਚੇਤ ਰਹੋ ਪੰਜਾਬੀਓ। ਮੁਫਤ-ਮੁਫਤ ਸੁਣਨ ਨੂੰ ਜਰੂਰ ਚੰਗਾ ਲੱਗਦਾ ਹੈ ਤੇ ਮਨ ਲਲਚਾਉਣ ਲੱਗ ਜਾਂਦਾ ਹੈ ਪਰ ਇਹ ਛਲਾਵੇ ਤੋਂ ਵੱਧ ਕੁਝ ਨਹੀਂ ਹੁੰਦਾ।

## ਸਾਡੇ ਰਾਜਨੀਤਕ ਨੇਤਾਵਾਂ...

ਇਹੀ ਮੁੱਠੀ ਘਸੁੰਨ ਦੇ ਰੂਪ ਵਿੱਚ ਜਨਤਾ 'ਤੇ ਚਲਾਇਆ ਜਾਂਦਾ ਹੈ। ਜਨਤਾ ਦਾ ਇਕੱਲਾ ਇਕੱਲਾ ਜੀਅ ਰੋਂਦਾ ਰਹਿੰਦਾ ਹੈ। ਜੇ ਕਿਤੇ ਜਨਤਾ ਨੂੰ ਵੀ ਪੰਜੇ ਉਂਗਲਾਂ ਬਰਾਬਰ ਕਰ ਕੇ ਮੁੱਠੀ ਜਾਂ ਘਸੁੰਨ ਬਣਾਉਣਾ ਆ ਜਾਏ ਤਾਂ ਫੇਰ ਲੁਟੇਰਿਆਂ ਦੀ ਲੁੱਟ ਨੂੰ ਨੱਥ ਪਾਈ ਜਾ ਸਕਦੀ ਹੈ। ਕਿਸਾਨੀ ਸੰਘਰਸ਼ ਤੋਂ ਇਸਦੀ ਸ਼ੁਰੂਆਤ ਹੋ ਚੁੱਕੀ ਹੈ। ਜਿਹੜੇ ਮੇਰੇ ਵਰਗੇ ਕੁਝ ਕਰਨ ਜੋਗੇ ਨਹੀਂ, ਉਹ ਅਰਜ਼ੋਈਆਂ ਕਰਦੇ ਨੇ ਉੱਪਰ ਵੱਲ ਨੂੰ ਮੂੰਹ ਚੁੱਕ ਕੇ ਬਹੁੜ ਪਉ ਰੱਬ ਜੀ' ਇਹ ਰਾਜੇ ਵਜ਼ੀਰ ਨਹੀਂ ਜਾਣਦੇ ਇਨਾਂ ਹੱਥੋਂ ਕਿੰਨਾ ਵੱਡਾ ਪਾਪ ਹੋ ਰਿਹਾ, ਇਨਾਂ ਨੂੰ ਆਪਣੇ ਭਰੇ ਭੰਡਾਰਿਆਂ ਵਿੱਚੋਂ ਭੋਰਾ ਸੁਮੱਤ ਬਖ਼ਸ਼ ਦਿਓ। ਕਿਤੇ ਇਹ ਨਾ ਹੋਵੇ ਕਿ ਇਤਿਹਾਸ ਵਿੱਚ ਇਨਾਂ ਦਾ ਰਾਜ ਭਾਗ ਖਤਾ ਕਰਨ ਵਾਲੇ ਲਮਹੇਂ ਵਜੋਂ ਜਾਣਿਆ ਜਾਵੇ। ਸਦੀਆਂ ਤੱਕ ਇਸਦੀ ਸਜ਼ਾ ਜਨਤਾ ਨੂੰ ਭੁਗਤਣੀ ਪਵੇ। ਹੱਥ ਮਸਲ ਕੇ ਅੱਖਾਂ ਨੂੰ ਲਾਈਦੇ ਨੇ ਕਿ ਕੋਈ ਚਮਤਕਾਰ ਹੋ ਜਾਵੇ। ਸਾਨੂੰ ਵੀ ਕੋਈ ਬਾਬੇ ਵਰਿਆਮੇ ਵਾਲੀ 'ਦਿੱਬ ਦ੍ਰਿਸ਼ਟੀ' ਮਿਲ ਜਾਵੇ। ਫਿਰ ਇਨਾਂ ਨੂੰ ਦੱਸੀਏ ਕਿ ਇਨਾਂ ਨੂੰ ਜਨਤਾ ਦਾ ਖੂਨ ਚੂਸਣ ਦੇ ਗੁਨਾਹ ਦੀ ਸਜ਼ਾ ਕੀ ਮਿਲੇਗੀ। ਚਲੋ, ਹੁਣ ਆਪਾਂ ਬਹੁਤਾ ਕੀ ਆਖਣੈ। ਸਭ ਕੁਝ ਸਮੇਂ ਨੇ ਦਿਖਾ ਹੀ ਦੇਣਾ ਹੈ। ਭਾਈ ਵੀਰ ਸਿੰਘ ਦੇ ਆਖਣ ਵਾਂਗ, 'ਇਹ ਠਹਿਰਨ ਜਾਚ ਨਾ ਜਾਣਦਾ, ਲੰਘ ਗਿਆ ਨਾ ਮੁੜ ਕੇ ਆਂਵਦਾ।' ਸਮੇਂ ਨੇ ਆਪਣੀ ਤੋਰੇ ਤੁਰਦੇ ਰਹਿਣਾ ਹੈ। ਕਿਤੇ ਇਹ ਨਾ ਹੋਵੇ ਜਨਤਾ ਵਿੱਚ ਵਸਦਾ ਰੱਬ ਤਾਕਤ ਦੇ ਹੰਕਾਰੀਆਂ ਨੂੰ ਇਹੋ ਜਿਹਾ ਮੂਧੇ ਮੂੰਹ ਸੁੱਟੇ, ਮੁੜ ਕੇ ਤੁਰਨ ਤਾਂ ਕੀ ਖਲੋਣ ਜੋਗੇ ਵੀ ਨਾ ਰਹਿਣ। 'ਵਖਤੋਂ ਖੁੰਝੀ ਡੂੰਮਣੀ ਗਾਵੇ ਆਲ ਪਤਾਲ' ਵਾਲੀ ਗੱਲ ਨਾ ਹੋ ਜਾਵੇ। ਨਾ ਲੋਕਾਂ ਨੂੰ ਸਮਝ ਲੱਗੇ ਕਿ ਕੀ ਕਮਲ ਮਾਰ ਰਹੇ ਨੇ, ਨਾ ਇਨਾਂ ਨੂੰ ਖੁਦ ਨੂੰ ਸਮਝ ਲੱਗੇ ਕਿ ਇਹ ਕਿਹੜਾ ਰਾਗ ਅਲਾਪ ਰਹੇ ਆਂ।

## ਤਾਲਿਬਾਨਾਂ ਦਾ ਕਬਜ਼ਾ...

ਉਨਾਂ ਨੇ ਤਾਲਿਬਾਨ ਤੋਂ ਕੁਝ ਨਹੀਂ ਮੰਗਿਆ। ਇਸ ਦੌਰਾਨ ਤਾਲਿਬਾਨ ਨੂੰ ਸਪੱਸ਼ਟ ਕਰ ਦਿੱਤਾ ਸੀ ਕਿ ਸਾਡੇ ਮੁਲਾਜ਼ਮਾਂ ਜਾਂ ਕੰਮ ਵਿਚ ਕੋਈ ਦਖਲ ਦਿੱਤਾ ਤਾਂ ਉਸਦਾ ਤੁਰੰਤ ਜਵਾਬ ਮਿਲੇਗਾ।

ਤਾਲਿਬਾਨ ਦੀ ਸਰਕਾਰ ਨੂੰ ਮਾਨਤਾ ਦੇਣ ਦੇ ਸਬੰਧ ਵਿਚ ਬਲਿੰਕਨ ਨੇ ਕਿਹਾ ਕਿ ਭਵਿੱਖ ਦੀ ਸਰਕਾਰ ਜਿਹੜੀਆਂ ਔਰਤਾਂ ਦੇ ਮੂਲ ਅਧਿਕਾਰ ਬਰਕਰਾਰ ਨਹੀਂ ਰੱਖਦੀ, ਦਹਿਸ਼ਤਗਰਦਾਂ ਨੂੰ ਪਨਾਹ ਦਿੰਦੀ ਹੈ ਤੇ ਅਮਰੀਕਾ ਜਾਂ ਉਸਦੇ ਸਹਿਯੋਗੀ ਦੇਸ਼ਾਂ ਦੇ ਖ਼ਿਲਾਫ਼ ਸਾਜ਼ਿਸ਼ ਰੱਚਦੀ ਹੈ, ਤਾਂ ਉਸਨੂੰ ਮਾਨਤਾ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਸਾਡਾ ਮੰਨਣਾ ਹੈ ਕਿ ਤਾਲਿਬਾਨ ਦਾ ਇੰਜ ਮਜ਼ਬੂਤ ਹੋਣਾ ਪੂਰੀ ਦੁਨੀਆ ਲਈ ਖ਼ਤਰਨਾਕ ਹੈ। ਦੁਨੀਆ ਭਰ ਦੇ ਮੁਲਕਾਂ ਨੂੰ ਤਾਲਿਬਾਨ ਨਾਲ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ ਤਾਂ ਜੋ ਆਮ ਲੋਕਾਂ 'ਤੇ ਜ਼ੁਲਮਾਂ ਨੂੰ ਰੋਕਿਆ ਜਾ ਸਕੇ। ਹਾਲਾਂਕਿ ਤਾਲਿਬਾਨ ਦੇ ਬੁਲਾਰੇ ਨੇ ਹਾਲਾਂਕਿ ਸਾਫ ਕਰ ਦਿੱਤਾ ਕਿ ਉਹ ਕੁੱਲ ਆਲਮ ਨਾਲੋਂ ਅਲਹਿਦਾ ਨਹੀਂ ਰਹਿਣਗੇ ਤੇ ਕੌਮਾਂਤਰੀ ਰਿਸ਼ਤਿਆਂ ਵਿਚ ਅਮਨ ਦੇ ਹਾਮੀ ਹਨ। ਪਰ ਅਫਗਾਨਿਸਤਾਨ ਵਿਚ ਅਰਾਜਕਤਾ ਦਾ ਮਾਹੌਲ ਭਾਰਤ ਤੇ ਪੱਛਮੀ ਦੇਸ਼ਾਂ ਲਈ ਕਾਫੀ ਖਤਰਨਾਕ ਹੋਵੇਗਾ।

## ਅਸਫ਼ਲ ਰਾਜ ਦੀਆਂ...

ਇਸ ਨੂੰ ਦਿੱਲੀ ਉੱਚ ਅਦਾਲਤ ਦੇ ਦੋ ਜੱਜਾਂ ਦੇ ਬੈਂਚ ਦੁਆਰਾ ਹਾਲ ਹੀ ਵਿਚ ਮਹਾਂਮਾਰੀ ਬਾਰੇ ਦਿੱਤੀ ਵਿਆਖਿਆ ਰਾਹੀ ਸਮਝਿਆ ਜਾ ਸਕਦਾ ਹੈ, "ਰਾਜ ਆਪਣੇ ਨਾਗਰਿਕਾਂ ਦੇ ਸਭ ਤੋਂ ਮੁੱਢਲੇ ਅਧਿਕਾਰ, ਜਿੰਦਗੀ ਦਾ ਅਧਿਕਾਰ ਦੀ ਰਾਖੀ ਕਰਨ ਵਿਚ ਅਸਫਲ ਰਿਹਾ ਹੈ। ਭਾਰਤੀ ਸੰਵਿਧਾਨ ਦੇ ਆਰਟੀਕਲ ੧੨ ਦੇ ਅਨੁਸਾਰ ਰਾਜ ਵਿਚ ਕੇਂਦਰ ਸਰਕਾਰ, ਸੰਸਦ, ਰਾਜ ਸਰਕਾਰਾਂ, ਵਿਧਾਨ ਸਭਾਵਾਂ ਅਤੇ ਸਥਾਨਿਕ ਸੰਸਥਾਵਾਂ ਸ਼ਾਮਿਲ ਹੁੰਦੀਆਂ ਹਨ। ਅਸੀ ਆਪਣੀਆਂ ਅੱਖਾਂ ਸਾਹਮਣੇ ਰਾਜ ਦੀ ਕੁੱਲ ਗਿਰਾਵਟ ਨੂੰ ਦੇਖ ਸਕਦੇ ਹਾਂ।"

ਜਿਹੜੇ ਰਾਜ ਇਸ ਸੂਚੀ ਵਿਚ ਸਫਲ ਰਾਜਾਂ ਦੀ ਸ਼੍ਰੇਣੀ ਵਿਚ ਸ਼ਾਮਿਲ ਹਨ, ਉਹ ਨੌਰਡਿਕ ਦੇਸ਼ ਹਨ ਜਿਹਨਾਂ ਵਿਚ ਨਾਰਵੇ ਅਤੇ ਫਿਨਲੈਂਡ ਸ਼ਾਮਿਲ ਹਨ।ਭਾਰਤ ਇਸ ਸ਼੍ਰੇਣੀ ਵਿਚ ਸ਼ਾਮਿਲ ਨਹੀਂ ਹੈ। ਇਸ ਦਾ ਸਥਾਨ ਉਨਾਂ ਦੇਸ਼ਾਂ ਵਿਚ ਤਾਂ ਬਿਲਕੁਲ ਨਹੀਂ ਹੈ ਜੋ ਕਿ ਸਥਿਰ ਅਤੇ ਟਿਕਾਊ ਹਨ।ਭਾਰਤ ਥੱਲਿਓਂ ਪੰਜਵੇਂ ਨੰਬਰ ਤੇ ਹੈ ਜਿਸ ਨੂੰ ਇਕ ਚੇਤਾਵਨੀ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ।ਇਸ ਸ਼੍ਰੇਣੀ ਵਿਚ ਤੀਹ ਦੇਸ਼ ਹਨ, ਪਰ ਪਿਛਲੇ ਵਰੇ ਸਿਰਫ ਚਾਰ ਵਿਚ ਹੀ ਗਿਰਾਵਟ ਦਰਜ ਕੀਤੀ ਗਈ ਹੈ।ਇਹਨਾਂ ਚਾਰ ਵਿਚ ਭਾਰਤ ਵੀ ਸ਼ਾਮਿਲ ਹੈ ਜੋ ਕਿ ਪ੍ਰਫੁੱਲਿਤ ਅਤੇ ਲੋਕਤੰਤਰਿਕ ਹੋਣ ਦੇ ਨੇੜੇ ਵੀ ਨਹੀਂ ਹੈ ਜਿਸ ਦੀ ਇਹ ਪੱਛਮੀ ਦੇਸ਼ਾਂ ਵਾਂਗ ਅਭਿਲਾਸ਼ਾ ਰੱਖਦਾ ਹੈ।ਭਾਰਤੀ ਸਰਕਾਰ ਦੁਆਰਾ ਬਹੁਤ ਹੀ ਅਵਿਵਸਥਿਤ ਢੰਗ ਨਾਲ ਲਾਗੂ ਕੀਤੀਆਂ ਨੀਤੀਆਂ ਅਤੇ ਸੁਧਾਰ ਇਸ ਦੀ ਕਮਜ਼ੋਰੀ ਦਾ ਪ੍ਰਮੁੱਖ ਕਾਰਣ ਹਨ।ਭਾਰਤ ਦੀ ਆਰਥਿਕ ਵਿਕਾਸ ਦਰ ੧੯੭੮ ਤੋਂ ਸਭ ਤੋਂ ਹੇਠਲੇ ਪੱਧਰ ਤੇ ਆ ਗਈ ਹੈ।ਭਾਰਤ ਦੀ ਸਥਿਤੀ ਲਗਾਤਾਰ ਕਮਜ਼ੋਰ ਰਾਜ ਹੋਣ ਵੱਲ ਵਧ ਰਹੀ ਹੈ ਜਦੋਂ ਕਿ ਸਰਕਾਰ ਅਸਲੀਅਤ ਤੋਂ ਕੋਹਾਂ ਪਰੇ ਆਰਥਿਕਤਾ, ਸੁਰੱਖਿਆ, ਸਥਿਰਤਾ ਅਤੇ ਵਿਕਾਸ ਦੀ ਗੱਲ ਕਰ ਰਹੀ ਹੈ।ਇਕ ਸਥਿਰ ਲੋਕਤੰਤਰ ਅਤੇ ਭਾਰਤ ਦੀ ਵਿਸ਼ਵ ਵਿਚ ਚੰਗੀ ਛਵੀ ਨੇ ਇਸ ਦੀ ਕਮਜ਼ੋਰ ਰਾਜ ਦੀ ਸਥਿਤੀ ਨੂੰ ਲੁਕਾਈ ਰੱਖਿਆ ਹੈ।

ਭਾਰਤ ਦੀ ਸਰਕਾਰ ਦੁਆਰਾ ਆਪਣੇ ਹੀ ਨਾਗਰਿਕਾਂ ਦਾ ਸਖਤੀ ਨਾਲ ਦਮਨ ਕਰਨ ਨੇ ਦੂਜੇ ਦੇਸ਼ਾਂ ਨੂੰ ਇਸ ਪ੍ਰਤੀ ਚੇਤੰਨ ਕਰ ਦਿੱਤਾ ਹੈ।ਆਰਥਿਕ ਫਰੰਟ ਤੇ ਭਾਰਤ ਦੀ ਅਸਫਲਤਾ ਨੂੰ ਵੀ ਹਿੰਦੂਵਾਦੀ ਏਜੰਡੇ ਨਾਲ ਜੋੜ ਕੇ ਦੇਖਿਆ ਜਾਂਦਾ ਹੈ ਕਿਉਂਕਿ ਇਹ ਭਾਰਤ ਦੇ ਸਮਾਜਿਕ ਤਾਣੇ-ਬਾਣੇ ਦਾ ਨੁਕਸਾਨ ਕਰ ਰਿਹਾ ਹੈ ਅਤੇ ਭਾਰਤੀਆਂ ਦੀ ਸੁਰੱਖਿਆ ਨੂੰ ਖਤਰੇ ਵਿਚ ਪਾ ਰਿਹਾ ਹੈ।ਕਮਜ਼ੋਰ ਰਾਜਾਂ ਦੀ ਸੂਚੀ ਮਹਿਜ਼ ਇਹ ਅੰਕਿਤ ਕਰਦੀ ਹੈ ਕਿ ਭਾਰਤ ਵਰਗੇ ਮੁਲਕ ਕਿਸ ਦਿਸ਼ਾ ਵੱਲ ਵਧ ਰਹੇ ਹਨ, ਪਰ ਇਹ ਇਸ ਦੇ ਲਈ ਕੋਈ ਰਾਸਤਾ ਨਹੀਂ ਸੁਝਾਉਂਦੀ।ਆਰਥਿਕ ਅਤੇ ਸਮਾਜਿਕ ਦੋਹਾਂ ਹੀ ਰੂਪਾਂ ਵਿਚ ਭਾਰਤ ਅਗਾਂਹ ਦੀ ਬਜਾਇ ਪਿਛਾਂਹ ਵੱਲ ਹੀ ਗਿਆ ਹੈ। ਇਸ ਸਰਕਾਰ ਦੇ ਆਪਣੇ ਹੀ ਅੰਕੜੇ ਦਿਖਾਉਂਦੇ ਹਨ ਕਿ ੨੦੧੨ ਦੇ ਮੁਕਾਬਲਤਨ ਭਾਰਤੀ ਹੁਣ ਘੱਟ ਖਾ ਅਤੇ ਕਮਾ ਰਹੇ ਹਨ।ਬਿਨਾਂ ਕਿਸੇ ਰੁਕਾਵਟ ਜਾਂ ਹੋਰ ਬਦਲਾਅ ਦੇ ਵਿਕਾਸ ਦੀ ਗਤੀ ਪਿੱਛਲੇ ਛੱਤੀ ਮਹੀਨਿਆਂ ਵਿਚ ਲਗਾਤਾਰ ਥੱਲੇ ਆ ਰਹੀ ਹੈ ਜੋ ਕਿ ਭਾਰਤ ਨੂੰ ਤਬਾਹੀ ਵੱਲ ਹੀ ਲੈ ਕੇ ਜਾ ਰਹੀ ਹੈ।ਇਹ ਇਕ ਅਜਿਹੇ ਭਵਿੱਖ ਦਾ ਤਸੱਵਰ ਕਰਵਾ ਰਿਹਾ ਹੈ ਜੋ ਕਿ ਭਾਰਤੀਆਂ ਨੂੰ ਡਰਾ ਦੇਵੇਗਾ।ਤਿੰਨ ਸਾਲਾਂ ਦੀ ਲਗਾਤਾਰ ਆਰਥਿਕ ਗਿਰਾਵਟ ਨੇ ਅਜਿਹੀ ਸਥਿਤੀ ਪੈਦਾ ਕਰ ਦਿੱਤੀ ਹੈ ਜਿਸ ਵਿਚ ਪਿਛਲੇ ਅਠਤਾਲੀ ਸਾਲਾਂ ਵਿਚ ਰਿਕਾਰਡ ਬੇਰੁਜ਼ਗਾਰੀ ਅਤੇ ਸਮਾਜਿਕ ਦਬਾਅ ਦਰਜ਼ ਕੀਤਾ ਗਿਆ ਹੈ।ਇਹ ਉਹ ਬਿਰਤਾਂਤ ਹੈ ਜਿਸ ਬਾਰੇ ਸਰਕਾਰ ਆਪਣੇ ਹੀ ਲੋਕਾਂ ਨੂੰ ਜਾਣੂ ਨਹੀਂ ਕਰਵਾਉਂਦੀ।ਕੁਝ ਦਹਾਕੇ ਪਹਿਲਾਂ ਹੀ ਭਾਰਤੀ ਵਿਸ਼ਲੇਸ਼ਣਕਰਤਾ ਇਸ ਵਿਚ ਮਾਣ ਮਹਿਸੂਸ ਕਰਦੇ ਸਨ ਕਿ ਕਮਜ਼ੋਰ ਦੇਸ਼ਾਂ ਦੀ ਸੂਚੀ ਵਿਚ ਪਾਕਿਸਤਾਨ ਨੂੰ ਅਸਫਲ ਰਾਜ ਦਿਖਾਇਆ ਜਾ ਰਿਹਾ ਹੈ। ਪਰ ਉਨਾਂ ਨੇ ਇਹ ਨਹੀਂ ਸੀ ਸੋਚਿਆ ਕਿ ਛੇਤੀ ਹੀ ਭਾਰਤ ਵੀ ਉਸੇ ਰਸਤੇ ਤੇ ਸ਼ਾਮਿਲ ਹੋ ਜਾਵੇਗਾ।

ਆਕਸਫਾਰਡ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਅਰਥ-ਸ਼ਾਸ਼ਤਰੀ ਇਆਨ ਪਰਿਚੈਟ ਨੇ ੨੦੦੯ ਵਿਚ ਹਾਰਵਰਡ ਕੈਨੇਡੀ ਸਕੂਲ ਵਿਚ ਕਿਹਾ ਸੀ ਕਿ, "ਭਾਰਤ ਡੋਲ ਰਿਹਾ (ਫਲੇਲਿੰਗ) ਦੇਸ਼ ਹੈ ਜੋ ਕਿ ਦਰਦ ਨਾਲ ਤੜਫ ਰਿਹਾ ਹੈ, ਬੇਚੈਨੀ ਨਾਲ ਜੂਝ ਰਿਹਾ ਹੈ, ਉਲਝਣ ਵਿਚ ਹੈ ਅਤੇ ਤਬਾਹੀ ਦੇ ਕੰਢੇ 'ਤੇ ਹੈ, ਪਰ ਇਹ ਜਵਾਬਾਂ ਦੀ ਭਾਲ ਵਿਚ ਹੈ।" ਉਹ ਅੱਗੇ ਕਹਿੰਦਾ ਹੈ ਕਿ "ਭਾਰਤ ਇਜ ਡੋਲ ਰਿਹਾ ਰਾਜ ਹੈ ਜਿਸ ਵਿਚ ਚਹੁੰ-ਮਾਰਗੀ ਸੜਕਾਂ ਨੂੰ ਹੀ ਵਿਕਾਸ ਅਤੇ ਆਧੁਨਿਕਤਾ ਦਾ ਮਾਪਦੰਡ ਮੰਨਿਆ ਜਾ ਰਿਹਾ ਹੈ।" ਮੋਦੀ ਦੀ ਸੱਤ ਸਾਲਾਂ ਦੀ ਸੱਤਾ ਦੌਰਾਨ ਭਾਰਤ ਬੁਰੀ ਤਰਾਂ ਅਵਿਵਸਥਿਤ ਅਤੇ ਡੋਲ ਰਿਹਾ ਰਾਜ ਹੈ।ਰਾਜ ਦੀ ਸਿਖਰਲੀ ਲੀਡਰਸ਼ਿਪ, ਇਸ ਦੀਆਂ ਸੰਸਥਾਵਾਂ, ਜਿਸ ਵਿਚ ਨੌਕਰਸ਼ਾਹੀ ਅਤੇ ਵਿਗਿਆਨਿਕ ਸੰਸਥਾ ਸ਼ਾਮਿਲ ਹਨ, ਜਾਂ ਤਾਂ ਕੋਈ ਕੰਮ ਨਹੀਂ ਕਰ ਰਹੀਆਂ ਜਾਂ ਫਿਰ ਆਪਣੇ ਕੀਤੇ ਉੱਤੇ ਪਰਦਾ ਪਾ ਰਹੀਆਂ ਹਨ।ਇਸ ਤਰਾਂ ਦੀ ਸਥਿਤੀ ਜਿਆਦਾ ਦੇਰ ਤੱਕ ਸਰਕਾਰ ਦੀ ਛਵੀ ਨੂੰ ਬਚਾ ਕੇ ਨਹੀਂ ਰੱਖ ਸਕਦੀ ਕਿਉਂਕਿ ਇਸ ਤਰਾਂ ਕਰਕੇ ਅਸਲੀਅਤ ਨੂੰ ਨਹੀਂ ਬਦਲਿਆ ਜਾ ਸਕਦਾ।ਸਰਕਾਰ ਦੀਆਂ ਮੁੱਢਲੀਆਂ ਸੰਸਥਾਵਾਂ ਨੂੰ ਮਜਬੂਤ ਕਰਨ ਲਈ ਕੁਝ ਨਹੀਂ ਕੀਤਾ ਗਿਆ।ਭਾਰਤ ਅਸਫਲਤਾ ਦੇ ਅਜਿਹੇ ਕਗਾਰ ਤੇ ਆ ਗਿਆ ਹੈ ਜਿੱਥੇ ਪ੍ਰਭੂਸੱਤਾ ਪ੍ਰਾਪਤ ਸਰਕਾਰ ਢੰਗ ਨਾਲ ਕੰਮ ਨਹੀਂ ਕਰ ਰਹੀ।ਭਾਰਤੀ ਸਰਕਾਰ ਨੇ ਮਾੜੇ ਪ੍ਰਸ਼ਾਸ਼ਨ, ਨੀਵੀਆਂ ਜਾਤਾਂ ਦੇ ਅਪਮਾਨ, ਉਲਝੀ ਅਤੇ ਨਕਲੀ ਲੀਡਰਸ਼ਿਪ, ਨੈਤਿਕਤਾ ਦੀ ਘਾਟ ਅਤੇ ਮਾੜੇ ਸਿਹਤ ਪ੍ਰਬੰਧ ਕਰਕੇ ਆਪਣੇ ਹੀ ਲੋਕਾਂ ਨਾਲ ਦਗਾ ਕਮਾਇਆ ਹੈ।ਬਹੁਤ ਪਹਿਲਾਂ ਤੋਂ ਹੀ ਨੀਵੀਆਂ ਜਾਤਾਂ ਨੂੰ ਵੋਟ ਦੇ ਅਧਿਕਾਰ ਤੋਂ ਵਾਂਝਾ ਕਰਨ ਦੀ ਰੀਤ ਚੱਲਦੀ ਰਹੀ ਹੈ।ਗਰੀਬੀ ਦੇ ਖਿਲਾਫ ਕਦੇ ਵੀ ਗੰਭੀਰਤਾ ਨਾਲ ਅਵਾਜ਼ ਨਹੀਂ ਉਠਾਈ ਗਈ ਕਿਉਂਕਿ ਨੀਵੀਆਂ ਜਾਤਾਂ ਨੂੰ ਆਪਣੀ ਅਵਾਜ਼ ਉਠਾਉਣ ਕਰਕੇ ਉਦੋਂ ਹੀ ਦਬਾ ਦਿੱਤਾ ਜਾਂਦਾ ਹੈ।ਆਰਥਿਕ ਮੈਗਜ਼ੀਨ ਦੇ ਅਨੁਸਾਰ ਭਾਰਤ ਵਿਚ ਰਾਜ ਦਾ ਪਤਨ ਹੋ ਗਿਆ ਹੈ।ਇੱਥੋਂ ਤੱਕ ਕਿ ਇੰਡੀਆ ਟੂਡੇ ਮੈਗਜ਼ੀਨ ਨੇ ਆਪਣੇ ਹਾਲੀਆ ਅੰਕ ਵਿਚ ਭਾਰਤ ਨੂੰ ਅਸਫਲ ਰਾਜ ਦਿਖਾਉਂਦੀ ਤਸਵੀਰ ਲਗਾਈ ਸੀ।ਵਿਸ਼ਵ ਪੱਧਰ ਦੇ ਨੀਤੀਘਾੜੇ ਰੁਚਿਰ ਸ਼ਰਮਾ ਨੇ ਫਾਈਨੈਂਸ਼ੀਅਲ ਟਾਈਮਜ਼ ਵਿਚ ਲਿਖਿਆ ਸੀ ਕਿ ਮਹਾਂਮਾਰੀ ਨੇ ਦਿਖਾ ਦਿੱਤਾ ਹੈ ਕਿ ਬਹੁਤ ਹੀ ਮਾੜੀ ਸਿਹਤ ਵਿਵਸਥਾ ਨਾਲ ਭਾਰਤ ਦੀ ਸਥਿਤੀ ਪਾਕਿਸਤਾਨ ਅਤੇ ਬੰਗਲਾਦੇਸ਼ ਜਿਹੀ ਹੀ ਹੈ।

ਭਾਰਤ ਵਿਚ ਸ਼ਾਸ਼ਨ ਦੀ ਅਸਫਲਤਾ ਸੰਸਥਾਵਾਂ ਦੀ ਗਿਰਾਵਟ ਕਰਕੇ ਹੋਈ ਹੈ। ਕੋਈ ਵੀ ਰਾਜ ਜੋ ਆਪਣੀਆਂ ਮੁੱਢਲੀਆਂ ਜ਼ਿੰਮੇਵਾਰੀਆਂ ਨਹੀਂ ਨਿਭਾ ਸਕਦਾ, ਉਹ ਹਾਰ ਜਾਂਦਾ ਹੈ।ਭਾਰਤ ਦੀਆਂ ਸੰਸਥਾਵਾਂ ਕਮਜ਼ੋਰ ਹੋ ਰਹੀਆਂ ਹਨ ਅਤੇ ਆਪਣੀ ਭਰੋਸੇਯੋਗਤਾ ਗੁਆ ਰਹੀਆਂ ਹਨ।ਸੱਤਾ ਦੇ ਮੁਖੀ ਆਪਣਾ ਕੰਮ ਕਰਦੇ ਰਹਿੰਦੇ ਹਨ ਪਰ ਇਹ ਢੰਗ ਨਾਲ ਕੰਮ ਨਹੀਂ ਕਰ ਸਕਦੇ ਕਿਉਂਕਿ ਇਹਨਾਂ ਦਾ ਰਾਜ ਦੇ ਵੱਖ-ਵੱਖ ਅੰਗਾਂ/ਹਿੱਸਿਆਂ ਨਾਲ ਕੋਈ ਸੰਬੰਧ ਨਹੀਂ ਰਹਿੰਦਾ।ਉੱਚ ਪੱਧਰ ਉੱਤੇ ਕੁਸ਼ਲਤਾ ਦਾ ਮੁਖੌਟਾ ਉਤਰ ਗਿਆ ਹੈ।ਅਗਰ ਭਾਰਤ ਵਿਚ ਹਰ ਸੰਸਥਾ ਆਪਣਾ ਕੰਮ ਕਰਨ ਵਿਚ ਅਸਫਲ ਹੋ ਰਹੀ ਹੈ ਅਤੇ ਇਸ ਨੂੰ ਬੇਵਜਾ ਰੋਕਾਂ-ਟੋਕਾਂ ਵਿਚੋਂ ਲੰਘਣਾ ਪੈ ਰਿਹਾ ਹੈ ਤਾਂ ਭਾਰਤ ਅਸਫਲ ਰਾਜ ਵਜੋਂ ਹੀ ਵਿਚਰ ਰਿਹਾ ਹੈ।ਹਾਲਾਂਕਿ ਇਹ ਬਹਿਸ ਅਜੇ ਵੀ ਚੱਲ ਰਹੀ ਹੈ ਕਿ ਕੀ ਭਾਰਤ ਅਸਫਲ ਰਾਜ ਹੈ ਜਾਂ ਨਹੀਂ, ਪਰ ਇਹ ਧਿਆਨ ਕਰਨ ਯੋਗ ਗੱਲ ਹੈ ਕਿ ਇਹ ਅਗਾਂਹ ਜਾਣ ਦੀ ਬਜਾਇ ਪਿਛਾਂਹ ਜਾ ਰਿਹਾ ਹੈ ਜਦੋਂ ਕਿ ਇਸ ਨੂੰ ਵਿਸ਼ਵ ਸ਼ਕਤੀ ਜਾਂ ਵਿਸ਼ਵ ਗੁਰੂ ਦੇ ਰੂਪ ਵਿਚ ਵੀ ਪ੍ਰਚਾਰਿਆ ਜਾ ਰਿਹਾ ਹੈ।ਮੌਜੂਦਾ ਸਰਵੇ ਅਤੇ ਭਵਿੱਖੀ ਸੰਭਾਵਨਾਵਾਂ ਦਿਖਾਉਂਦੀਆਂ ਹਨ ਕਿ ਅੰਤਰਰਾਸ਼ਟਰੀ ਵਿਵਸਥਾ ਵਿਚ ਰਾਜ ਨੂੰ ਕੇਂਦਰੀ ਮੰਨਿਆ ਗਿਆ ਹੈ।ਪਰ ਇਸ ਸਮੇਂ ਇਹ ਸੁਆਲ ਕਰਨਾ ਵੀ ਵਾਜ਼ਿਬ ਬਣਦਾ ਹੈ ਕਿ ਅੰਦਰੂਨੀ ਅਤੇ ਬਾਹਰੀ ਪੱਧਰ ਤੇ ਅਸਫਲ ਹੋ ਰਹੇ ਰਾਜਾਂ ਨੂੰ ਮੁੜ ਵਿਵਸਥਿਤ ਕਰਨ ਲਈ ਕੀ ਨੀਤੀਆਂ ਅਪਣਾਈਆਂ ਜਾਣ?

## ਮਾਮਲਾ ਕਾਨਪੁਰ ਵਿੱਚ...

ਐੱਸਆਈਟੀ ਇਸ ਵਿੱਚ ਕਿਹੜੀ ਨਵੀਂ ਚੀਜ਼ ਲੱਭ ਰਹੀ ਹੈ? ਕਿਸਨੇ ਮਾਰਿਆ ਅਤੇ ਇਸ ਸਭ ਦੇ ਪਿੱਛੇ ਕੌਣ ਲੋਕ ਸਨ, ਉਸਦੇ ਬਾਰੇ ਚਸ਼ਮਦੀਦ ਲੋਕਾਂ ਦੇ ਵੀ ਬਿਆਨ ਨਹੀਂ ਲਏ ਜਾ ਰਹੇ ਹਨ।'

ਅੰਮ੍ਰਿਤਸਰ ਟਾਈਮਜ਼ ਦਾ ਮੰਨਣਾ ਹੈ ਕਿ 2019 ਦੌਰਾਨ ਸਿੱਖ ਵਿਰੋਧੀ ਕਤਲੇਆਮ ਦੀ ਜਾਂਚ ਲਈ ਰਾਜ ਸਰਕਾਰ ਵੱਲੋਂ ਐੱਸਆਈਟੀ ਦਾ ਗਠਨ ਕੀਤਾ ਗਿਆ ਸੀ। ਹਾਲਾਂਕਿ, ਇਸ ਤੋਂ ਪਹਿਲਾਂ ਵੀ ਕਈ ਤਰਾਂ ਦੀ ਜਾਂਚ ਹੋਈ, ਕਈ ਗਵਾਹਾਂ ਦੇ ਬਿਆਨ ਲਏ ਗਏ, ਚਸ਼ਮਦੀਦ ਗਵਾਹਾਂ ਤੋਂ ਪੁੱਛਗਿੱਛ ਕੀਤੀ ਗਈ, ਬਹੁਤ ਸਾਰੀਆਂ ਐੱਫਆਈਆਰ ਦਰਜ ਕੀਤੀਆਂ ਗਈਆਂ ਪਰ ਲਗਭਗ ਸਾਰੇ ਮੁਕੱਦਮਿਆਂ ਦੀਆਂ ਫਾਈਲਾਂ ਇਹ ਕਹਿ ਕੇ ਬੰਦ ਕਰ ਦਿੱਤੀਆਂ ਗਈਆਂ ਕਿ ਆਰੋਪੀਆਂ ਵਿਰੁੱਧ ਕੋਈ ਵਿਸ਼ੇਸ਼ ਸਬੂਤ ਨਹੀਂ ਮਿਲੇ ਹਨ।ਰਾਜ ਸਰਕਾਰ ਵੱਲੋਂ ਦੋ ਸਾਲ ਪਹਿਲਾਂ, ਸਿੱਖ ਵਿਰੋਧੀ ਕਤਲੇਆਮ ਦੀ ਜਾਂਚ ਲਈ ਐੱਸਆਈਟੀ ਦਾ ਗਠਨ ਕੀਤਾ ਗਿਆ ਸੀ ਹਾਲਾਂਕਿ, ਐੱਸਆਈਟੀ ਦੇ ਕੁਝ ਅਧਿਕਾਰੀਆਂ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਕੁਝ ਲੋਕਾਂ ਦੇ ਖਿਲਾਫ ਬਹੁਤ ਅਹਿਮ ਸਬੂਤ ਮਿਲੇ ਹਨ ਅਤੇ ਉਨਾਂ ਦੀ ਗ੍ਰਿਫ਼ਤਾਰੀ ਵੀ ਹੋ ਸਕਦੀ ਹੈ।

ਪਰ ਸਿੱਖ ਕਤਲੇਆਮ ਦੇ ਪੀੜਤਾਂ ਲਈ ਇਨਸਾਫ਼ ਦੀ ਲੜਾਈ ਲੜ ਰਹੇ ਲੋਕਾਂ ਨੂੰ ਇਨਾਂ ਸਾਰੀਆਂ ਗੱਲਾਂ ਵਿੱਚ ਬਹੁਤਾ ਵਿਸ਼ਵਾਸ ਨਹੀਂ ਹੈ।

ਅਸ਼ੋਕ ਨਗਰ ਦੇ ਵਸਨੀਕ, ਸਰਦਾਰ ਮੋਕਾਮ ਸਿੰਘ ਖੁਦ ਆਪ ਵੀ ਇਸ ਕਤਲੇਆਮ ਦੇ ਚਸ਼ਮਦੀਦ ਰਹੇ ਹਨ ਅਤੇ ਉਨਾਂ ਨੇ ਆਪਣੇ ਰਿਸ਼ਤੇਦਾਰਾਂ ਨੂੰ ਵੀ ਗੁਆ ਦਿੱਤਾ ਹੈ।ਪਿਛਲੇ ਕਈ ਸਾਲਾਂ ਤੋਂ ਉਹ ਪੀੜਤਾਂ ਨੂੰ ਨਿਆਂ ਅਤੇ ਮੁਆਵਜ਼ਾ ਦਿਵਾਉਣ ਲਈ ਲੜਾਈ ਲੜ ਰਹੇ ਹਨ। ਸਰਦਾਰ ਮੋਕਾਮ ਸਿੰਘ ਕਹਿੰਦੇ ਹਨ, 'ਇਸ ਕੇਸ ਵਿੱਚ ਹੁਣ ਐੱਸਆਈਟੀ ਨੂੰ ਬਹੁਤਾ ਕੁਝ ਮਿਲਣ ਹੋਣ ਦੀ ਉਮੀਦ ਨਹੀਂ ਹੈ ਕਿਉਂਕਿ ਮ੍ਰਿਤਕਾਂ ਦੇ ਜ਼ਿਆਦਾਤਰ ਪਰਿਵਾਰ ਤਾਂ ਕਾਨਪੁਰ ਛੱਡ ਕੇ ਚਲੇ ਗਏ ਹਨ।ਸ਼ੁਰੂ ਵਿੱਚ ਤਾਂ ਐੱਸਆਈਟੀ ਵਾਲਿਆਂ ਨੇ ਕੋਈ ਵਿਸ਼ੇਸ਼ ਜਾਂਚ ਨਹੀਂ ਕੀਤੀ ਪਰ ਪਿਛਲੇ ਕੁਝ ਦਿਨਾਂ ਤੋਂ ਉਹ ਕਾਫੀ ਸਰਗਰਮ ਹਨ। ਪਰ ਇਨਾਂ ਨੂੰ ਵੀ ਗਵਾਹ ਅਤੇ ਚਸ਼ਮਦੀਦ ਨਹੀਂ ਮਿਲ ਰਹੇ ਹਨ।ਕਈ ਪੀੜਤ ਸਿਖ ਗਵਾਹੀ ਦੇਣ ਤੋਂ ਝਿਜਕ ਰਹੇ ਹਨ। ਸਿੱਖਾਂ ਨੂੰ ਹੁਣ ਕਿਸੇ ਖਾਸ ਇਨਸਾਫ਼ ਦੀ ਉਮੀਦ ਨਹੀਂ ਹੈ ਅਤੇ ਇਨਸਾਫ਼ ਹੁਣ ਮਿਲਣਾ ਵੀ ਮੁਸ਼ਕਲ ਹੈ ਕਿਉਂਕਿ ਬਹੁਤ ਦੇਰ ਹੋ ਚੁੱਕੀ ਹੈ।'

ਸਿੱਖ ਕਤਲੇਆਮ ਵਿੱਚ ਮਾਰੇ ਗਏ ਲੋਕਾਂ ਅਤੇ ਲੁੱਟਾਂ-ਖੋਹਾਂ ਆਦਿ ਨਾਲ ਸਬੰਧਤ ਤਕਰੀਬਨ ਦੋ ਦਰਜਨ ਮਾਮਲੇ, ਸ਼ਹਿਰ ਦੇ ਵੱਖ-ਵੱਖ ਥਾਣਿਆਂ ਜਿਵੇਂ ਗੋਵਿੰਦ ਨਗਰ, ਬੱਰਾ, ਫਜ਼ਲਗੰਜ,ਨੌਬਸਤਾ,ਆਦਿ ਵਿੱਚ ਦਰਜ ਹਨ। ਐੱਸਐੱਸਪੀ ਬਾਲੇਂਦੂ ਭੂਸ਼ਣ ਦੇ ਅਨੁਸਾਰ, ਹੁਣ ਤੱਕ ਪੰਜਾਬ, ਦਿੱਲੀ ਅਤੇ ਮੱਧ ਪ੍ਰਦੇਸ਼ ਤੋਂ ਇਲਾਵਾ ਕਾਨਪੁਰ ਅਤੇ ਯੂ.ਪੀ. ਦੇ ਹੋਰ ਹਿੱਸਿਆਂ ਵਿੱਚ ਸੌ ਤੋਂ ਵੱਧ ਲੋਕਾਂ ਦੇ ਬਿਆਨ ਦਰਜ ਕੀਤੇ ਜਾ ਚੁੱਕੇ ਹਨ।ਸੱਠ ਤੋਂ ਵੱਧ ਮੁਲਜ਼ਮ ਸ਼ੱਕ ਦੇ ਘੇਰੇ ਵਿੱਚ ਸਨ, ਜਿਨਾਂ ਵਿੱਚੋਂ ਕਈ ਲੋਕਾਂ ਦੀ ਮੌਤ ਵੀ ਹੋ ਚੁੱਕੀ ਹੈ। ਇਨਾਂ ਮਾਮਲਿਆਂ ਵਿੱਚ ਹੁਣ ਤੱਕ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ ਹੈ।ਸਰਕਾਰੀ ਅੰਕੜਿਆਂ ਦੇ ਮੁਤਾਬਕ, ਕਾਨਪੁਰ ਵਿੱਚ ਹੋਏ ਇਸ ਕਤਲੇਆਮ ਵਿੱਚ 127 ਸਿੱਖਾਂ ਦੀ ਮੌਤ ਹੋਈ ਸੀ, ਜਦੋਂ ਕਿ ਚਸ਼ਮਦੀਦਾਂ ਦਾ ਕਹਿਣਾ ਹੈ ਕਿ ਮਰਨ ਵਾਲਿਆਂ ਦੀ ਗਿਣਤੀ ਇਸ ਤੋਂ ਕਿਤੇ ਜ਼ਿਆਦਾ ਸੀ।

ਨਵੇਂ ਸਿਰੇ ਤੋਂ ਇਸ ਦੀ ਜਾਂਚ ਲਈ ਫਰਵਰੀ 2019 ਵਿੱਚ ਐੱਸਆਈਟੀ ਦਾ ਗਠਨ ਕੀਤਾ ਗਿਆ ਸੀ ਅਤੇ ਉਸ ਨੂੰ ਛੇ ਮਹੀਨਿਆਂ ਵਿੱਚ ਰਿਪੋਰਟ ਸੌਂਪਣ ਲਈ ਕਿਹਾ ਗਿਆ ਸੀ, ਪਰ ਲਗਭਗ ਢਾਈ ਸਾਲ ਬੀਤਣ ਤੋਂ ਬਾਅਦ ਵੀ ਐੱਸਆਈਟੀ ਦੇ ਹੱਥ ਕੁਝ ਖਾਸ ਨਹੀਂ ਲੱਗ ਸਕਿਆ ਹੈ।

## ਜ਼ਫਰ ਜੰਗ ਰਾਣੀ

ਉਧਰ ਲੱਖਾਂ ਦੀ ਗਿਣਤੀ ਇਧਰ ਸੈਂਕੜਿਆਂ ਦੀ ਰਾਣੀ ਨੇ ਸਾਰੇ ਸਰਦਾਰਾਂ ਨੂੰ ਵਿਉਂਤਬੱਧ ਯੋਜਨਾ ਨਾਲ ਹਮਲਾ ਕਰਾਇਆ। ਜਿਵੇਂ ਭੁੱਖਾ ਸ਼ੇਰ ਭੇਡਾਂ ਦੇ ਵਾੜੇ ਵਿਚ ਵੜ ਕੇ ਤੜਥੱਲੀ ਮਚਾਉਂਦੇ ਹਨ। ਸਿੱਖਾਂ ਨੇ ਮਰਹੱਟਿਆਂ ਵਿੱਚ ਭਾਜੜਾਂ ਪਾ ਦਿੱਤੀਆਂ। ਆਪ ਘੋੜੇ ਤੇ ਚੜ ਵੈਰੀ ਨਾਲ ਲੋਹਾ ਲੈਂਦੀ ਲਹੂ ਨਾਲ ਭਿੱਜੀ ਤਲਵਾਰ ਹਵਾ ਵਿਚ ਲਹਿਰਾ ਕੇ ਹੱਲਾਸ਼ੇਰੀ ਦੇ ਰਹੀ ਹੈ। ਸਿੱਖ ਕਣਕ ਦੀ ਵਾਢੀ ਵਾਂਗ ਵੈਰੀ ਦੀਆਂ ਸਫਾ ਵਿਛਾਈ ਜਾਂਦੇ ਹਨ। ਲੋਹੇ ਨਾਲ ਲੋਹਾ ਖੜਕ ਰਿਹਾ। ਮਰਹੱਟਿਆਂ ਦਾ ਅੱਜ ਸੂਰਮਿਆਂ ਨਾਲ ਵਾਹ ਪਿਆ ਹੈ, ਨਾਨੀ ਚੇਤੇ ਆ ਗਈ ਹੈ। ਦੋਹਾਂ ਧਿਰਾਂ ਦੇ ਖ਼ੂਨ ਨੇ ਧਰਤੀ ਤੇ ਸੂਹੇ ਲਾਲ ਰੰਗ ਦੀ ਚਾਦਰ ਵਿਛਾ ਦਿੱਤੀ ਹੈ। ਨੁਕਸਾਨ ਮਰਹੱਟਿਆਂ ਦਾ ਵੀ ਬਹੁਤ ਹੋਇਆ ਹੈ। ਪਰ ਫੌਜ ਕਈ ਗੁਣਾਂ ਹੋਣ ਕਰਕੇ ਉਸ ਦਾ ਪਲੜਾ ਭਾਰੀ ਰਿਹਾ। ਹੁਣ ਮਰਹੱਟੇ ਪਟਿਆਲੇ ਵਿਚ ਦਾਖਲ ਹੋਣ ਦੇ ਸੁਪਨੇ ਲੈਣ ਲੱਗੇ। ਉਪਰੋਂ ਸੂਰਜ ਵੀ ਏਨਾ ਖ਼ੂਨ ਵੇਖ ਸ਼ਰਮਾ ਕੇ ਲੁਕ ਗਿਆ ਹੈ ਰਾਤ ਪੈ ਗਈ ਹੈ। ਦੋਹਾਂ ਪਾਸਿਆਂ ਨੇ ਸੁਖ ਦਾ ਸਾਹ ਲਿਆ। ਮਰਹੱਟੇ ਜਿੱਤ ਦੀ ਖੁਸ਼ੀ ਵਿਚ ਸਾਰੀ ਰਾਤ ਗਾਉਂਦੇ ਵਜਾਉਦੇ ਰਹੇ ਨੱਚ ਟੱਪ ਘੂਕ ਸੌਂ ਗਏ। ਹੁਣ ਰਾਣੀ ਸਾਹਿਬ ਕੌਰ ਨੇ ਆਪਣੇ ਮੁਖੀ ਸਰਦਾਰਾਂ ਨੂੰ ਇਕੱਠਾ ਕਰ ਦਿਨ ਵਾਲੀ ਲੜਾਈ ਦਾ ਲੇਖਾ ਜੋਖਾ ਕੀਤਾ। ਸਾਰੇ ਸਿੱਖਾਂ ਦਾ ਏਨਾ ਨੁਕਸਾਨ ਹੋਇਆ ਵੇਖ ਘਾਬਰ ਜਿਹੇ ਗਏ ਹਨ। ਪਰ ਰਾਣੀ ਆਖਰੀ ਦਮਾਂ ਤੱਕ ਲੜਨ ਲਈ ਤਿਆਰ ਸੀ। ਸਰਦਾਰਾਂ ਲੱਖਾਂ ਦੀ ਗਿਣਤੀ ਨਾਲ ਟਾਕਰਾ ਲੈਣ ਦੀ ਥਾਂ ਰਾਤੋਂ ਰਾਤ ਪਿਛੋਂ ਪਟਿਆਲੇ ਪਰਤ ਜਾਣ ਦੀ ਰਾਣੀ ਨੂੰ ਸਲਾਹ ਦਿੱਤੀ। ਉਹ ਜਾਣਦੀ ਸੀ ਕਿ ਇਨਾਂ ਦੀ ਘਬਰਾਹਟ ਜਾਇਜ਼ ਸੀ। ਬਹਾਦਰ ਤੇ ਦਲੇਰ ਪਿਓ ਰਾਜਾ ਅਮਰ ਸਿੰਘ ਦਾ ਖ਼ੂਨ ਇਸ ਦੀਆਂ ਰਗਾਂ ਵਿਚ ਖੋਲ ਰਿਹਾ ਸੀ। ਸਾਰੀ ਫੌਜ ਤੇ ਮੁਖੀ ਸਰਦਾਰਾਂ ਨੂੰ ਇਕੱਤਰ ਕਰ ਇਓਂ ਸੰਬੋਧਨ ਕਰਨ ਲੱਗੇ, 'ਸੂਰਮੇ ਵੀਰੋ! ਮੈਦਾਨੇ ਜੰਗ ਵਿਚ ਹਰ ਪਾਸੇ ਤੁਹਾਡੇ ਵੀਰਾਂ ਦੀ ਲੋਥਾਂ ਹੀ ਲੋਥਾਂ ਦਿਸ ਰਹੀਆਂ ਹਨ। ਇਨਾਂ ਸੂਰਮਿਆਂ ਨੇ ਆਪਣੀ ਅਣਖ ਤੇ ਇੱਜ਼ਤ ਲਈ ਜਾਨਾਂ ਵਾਰੀਆਂ ਹਨ। ਕੀ ਇਨਾਂ ਨੂੰ ਇਸੇ ਤਰਾਂ ਕਾਵਾਂ ਕੁੱਤਿਆਂ ਲਈ ਛੱਡ ਤੁਸੀਂ ਆਪਣੀਆਂ ਜਾਨਾਂ ਪਿਆਰੀਆਂ ਕਰ ਨੱਸਣਾ ਚਾਹੁੰਦੇ ਹੋ? 'ਵੀਰੋ! ਤੁਸੀਂ ਬੜੀ ਅਣਖ ਨਾਲ ਡੱਟ ਕੇ ਲੜੇ ਹੋ, ਆਪਣੀ ਆਣ ਨੂੰ ਵੱਟਾ ਨਹੀਂ ਲੱਗਣ ਦਿੱਤਾ। ਤੁਹਾਡੀ ਸੂਰਮਤਾ ਦੇ ਕਾਰਨਾਮੇ ਸੰਸਾਰ ਪ੍ਰਸਿੱਧ ਹਨ। ਤੁਹਾਡੇ ਬਾਜ਼ਾਂ ਵਾਲੇ ਪਿਤਾ ਨੇ ਚਾਲੀ ਸਿੱਖਾਂ ਨਾਲ ਦਸ ਲੱਖ ਦਾ ਟਾਕਰਾ ਕੀਤਾ ਸੀ। ਅੱਜ ਜੇ ਅਸਾਂ ਦੁਸ਼ਮਣ ਨੂੰ ਪਿੱਠ ਵਿਖਾਈ ਤਾਂ ਆਣ ਵਾਲੀ ਪੀੜੀ ਸਾਨੂੰ ਲਾਹਣਤਾਂ ਪਾਵੇਗੀ। ਮਰਹੱਟੇ ਜਿੱਤ ਦੇ ਨਸ਼ੇ ਵਿਚ ਘੂਕ ਸੁੱਤੇ ਪਏ ਹਨ। ਪੰਜਾਬ ਦੇ ਸ਼ੇਰੋ! ਅੱਜ ਭੇਡਾਂ ਦੇ ਵਾੜੇ ਵਿਚ ਵੜ ਕੇ ਇਨਾਂ ਦਿੱਲੀ ਦਾ ਰਾਹ ਭੁਲਾ ਦਿਓ। ਅੱਜ ਜੇ ਅਸੀਂ ਅਵੇਸਲੇ ਹੋ ਗਏ ਤਾਂ ਕੱਲ ਨੂੰ ਤੁਹਾਡੇ ਪਟਿਆਲੇ ਦੀ ਧਰਤੀ ਨਹੀਂ ਸਾਰੇ ਪੰਜਾਬ ਦੀ ਧਰਤੀ ਤੁਹਾਡੇ ਪੈਰਾਂ ਹੇਠੋਂ ਨਿਕਲ ਮਰਹੱਟਿਆਂ ਦੇ ਪੈਰਾਂ ਹੇਠ ਹੋਵੇਗੀ। ਸੋ ਸੂਰਮਿਓ! ਬਲ ਅਤੇ ਹੌਸਲਾ ਧਾਰੋ। ਅਕਾਲ ਪੁਰਖ ਦਾ ਨਾਂ ਲੈ ਆਪਣੀਆਂ ਭਗਾਉਤੀਆਂ ਸੂਤ ਕੇ ਵੈਰੀ ਦੇ ਟਿੱਡੀ ਦਲ ਤੇ ਟੁੱਟ ਪਉ। ਜਿੱਤ ਬਾਜਾਂ ਵਾਲੇ ਦੀ ਹੋਵੇਗੀ। ਸਿੰਘਾਂ ਦੇ ਜੰਮੇ ਠੰਢੇ ਲਹੂ ਨੂੰ ਇਨਾਂ ਸ਼ਬਦਾਂ ਨੇ ਉਬਾਲਾ ਦਿੱਤਾ। ਰਾਣੀ ਚੰਡੀ ਬਣ ਨੰਗੀ ਤਲਵਾਰ ਫੜ ਅੱਗੇ ਲੱਗ ਤੁਰੀ। ਪਿਛੇ ਹੀ ਸਿੱਖਾਂ ਨੇ ਵਹੀਰਾਂ ਘੱਤ ਲਈਆਂ। ਅੱਧੀ ਰਾਤ ਦਾ ਸਮਾਂ ਨਗਾਰੇ ਤੋਂ ਚੋਟ ਮਾਰੀ ਗਈ ਲੜਾਈ ਦਾ ਮੈਦਾਨ ਰਾਤ ਗੂੰਜ ਉਠਿਆ, ਉਧਰ ਸਿੰਘ ਬੋਲੇ ਸੌ ਨਿਹਾਲ ਦੇ ਜੈਕਾਰਿਆਂ ਨੇ ਬਦਲ ਦੀ ਗਰਜ ਵਰਗੀ ਧੁਨੀ ਪੈਦਾ ਕੀਤੀ। ਤਲਵਾਰਾਂ ਬਿਜਲੀ ਵਾਂਗ ਚਮਕੀਆਂ, ਸਾਹਿਬ ਕੌਰ ਦੀ ਫੌਜ ਪਾਣੀ ਤੇ ਹੜ ਵਾਂਗ ਅੱਗੇ ਵਧੀ। ਵੈਰੀ ਦਲ ਨੂੰ ਹੱਥਾਂ ਪੈਰਾਂ ਦੀ ਪੈ ਗਈ। ਹੱਥ ਪੈਰ ਕੰਬਣ ਲੱਗੇ। ਹਿੰਮਤ ਦੇ ਤੋਤੇ ਉਡ ਗਏ। ਹੱਥ ਵਿਚ ਕੋਈ ਸ਼ਸਤਰ ਨਾ ਆਵੇ ਹਫੜਾ ਦਫੜੀ ਮੱਚ ਗਈ। ਅੱਗੇ ਵਧੇ ਤਾਂ ਖਾਲਸੇ ਦੀ ਸ੍ਰੀ ਸਾਹਿਬ ਦੇ ਸ਼ਿਕਾਰ ਹੁੰਦੇ ਗਏ ਪਿਛੇ ਮੁੜਨ ਨੇਜੇ ਬਰਛੇ ਵਿੰਨੀ ਜਾਣ। ਅੱਧੀ ਰਾਤ ਤੋਂ ਵਾਢੀ ਸ਼ੁਰੂ ਹੋਈ ਦਿਨ ਚੜ ਗਿਆ। ਹੁਣ ਇਕ ਪਾਸੇ ਅੰਟਾ ਰਾਓ ਆਪਣੀ ਫੌਜ ਨੂੰ ਹੱਲਾ ਸ਼ੇਰੀ ਦੇ ਰਿਹਾ ਦੂਜੇ ਪਾਸੇ ਲਛਮੀ ਰਾਓ ਹੱਲਾਸ਼ੇਰੀ ਦੇ ਰਿਹਾ ਹੈ। ਪਰ ਸ਼ੀਹਣੀ ਸਾਹਿਬ ਕੌਰ ਦੀ ਫੌਜ ਦੀ ਜਿੱਤ ਹੋਈ। ਮਰਦਾਪੁਰ ਦੀ ਇਸ ਫਹਿਤ ਨੇ ਪਟਿਆਲੇ ਨੂੰ ਹੀ ਨਹੀਂ ਪੰਜਾਬ ਨੂੰ ਮਰਹੱਟਿਆਂ ਦੀ ਗੁਲਾਮੀ ਤੋਂ ਬਚਾ ਲਿਆ। ਮਰਹੱਟਿਆਂ ਫਿਰ ਏਧਰ ਅੱਖ ਚੁੱਕ ਕੇ ਨਾ ਵੇਖਿਆ ਤੇ ਦਿੱਲੀ ਤਕ ਸਿੱਖਾਂ ਦੀ ਧਾਂਕ ਬੈਠ ਗਈ ਤੇ ਇੱਜ਼ਤ ਮਾਣ ਵਧਿਆ। ਭੈਣ ਭਰਾ ਵਿਚ ਅਨਬਣ: ਮਹਾਰਾਜਾ ਸਾਹਿਬ ਸਿੰਘ ਦੇ ਕੁਝ ਕਰਮਚਾਰੀ ਭੈੜੇ ਆਚਾਰ ਦੇ ਸਨ, ਬੀਬੀ ਨੇ ਉਨਾਂ ਨੂੰ ਤਾੜ ਲਿਆ। ਹੁਣ ਉਨਾਂ ਰਾਜੇ ਦੇ ਆਪਣੀ ਭੈਣ ਵਿਰੁੱਧ ਕੰਨ ਭਰਨੇ ਸ਼ੁਰੂ ਕਰ ਦਿੱਤੇ। ਉਧਰ ਰਾਜੇ ਦੀ ਪਤਨੀ ਆਸ ਕੌਰ ਬੀਬੀ ਸਾਹਿਬ ਕੌਰ ਵਾਲੇ ਸਾਰੇ ਅਧਿਕਾਰ ਲੈਣਾ ਚਾਹੁੰਦੀ ਸੀ। ਉਸ ਨੇ ਘਰਵਾਲੇ ਨੂੰ ਚੁਕਿਆ ਭਰਾ ਨੇ ਭੈਣ ਦੇ ਸਾਰੇ ਅਹਿਸਾਨ ਛਿਕੇ ਤੇ ਟੰਗ ਸਗੋਂ ਉਸ ਤੇ ਦੂਸ਼ਣ ਮੁੜਨੇ ਸ਼ੁਰੂ ਕਰ ਦਿੱਤੇ। ਭੈਣ ਆਪਣੇ ਸੌਹਰੇ ਘਰ ਦੀ ਥਾਂ ਆਪਣੀ ਜਾਗੀਰ ਕਿਲੇ ਭਰੀਆਂ ਜਾ ਬੈਠੀ। ਭਰਾ ਨੇ ਸੁਨੇਹਾ ਭੇਜਿਆ ਕਿ ਉਹ ਇਹ ਜਾਗੀਰ ਛੱਡ ਕੇ ਆਪਣੇ ਸੋਹਰੇ ਘਰ ਚਲੀ ਜਾਵੇ। ਉਹ ਵਿਚਾਰੀ ਅਜੇ ਸੋਚਾਂ ਵਿਚਾਰਾਂ ਵਿਚ ਗਲਤਾਨ ਸੀ ਕਿ ਭਰਾ ਕਿਲੇ ਭੇਰੀਆਂ ਨੂੰ ਤੋਪਾਂ ਨਾਲ ਘੇਰਾ ਪਾ ਲਿਆ। ਹਾਰ ਕੇ ਬੀਬੀ ਨੂੰ ਭਰਾ ਵਿਰੁੱਧ ਹਥਿਆਰ ਚੁੱਕਣੇ ਪਏ। ਤਿੰਨ ਦਿਨ ਲੜਾਈ ਹੁੰਦੀ ਰਹੀ। ਰਾਜੇ ਦੀ ਸਾਰੀ ਫੌਜ ਤਬਾਹ ਹੋ ਗਈ। ਲਾਲ ਸਿੰਘ ਤੇ ਜੋਧ ਸਿੰਘ ਕਲਸੀਆਂ ਨੇ ਵਿਚ ਪੈ ਕੇ ਭੈਣ ਭਰਾ ਦੀ ਸੁਲਾਹ ਕਰਾ ਦਿੱਤੀ ਤਾਂ ਭਰਾ ਦੇ ਕਹੇ ਭੈਣ ਪਟਿਆਲੇ ਚਲੀ ਗਈ। ਪਰ ਅਕ੍ਰਿਤਘਣ ਤੇ ਕਮੀਨੇ ਭਰਾ ਨੇ ਉਸ ਦੇ ਕੀਤੇ ਪਰਉਪਕਾਰ ਭੂਲਾ ਉਸ ਨੂੰ ਭਵਾਨੀਗੜ ਕਿਲੇ ਵਿਚ ਕੈਦ ਕਰ ਦਿੱਤਾ। ਪਰ ਇਥੋਂ ਕੁਝ ਚਿਰ ਬਾਅਦ ਭੇਸ ਬਦਲ ਕੇ ਨਿਕਲ ਫਿਰ ਆਪਣੀ ਜਾਗੀਰ ਕਿਲੇ ਭੌਰੀਆਂ ਵਿਚ ਜਾ ਟਿਕੀ। ਆਪਣੇ ਭਰਾ ਨਾਲ ਅਣਬਣ ਹੋ ਜਾਣ ਦੇ ਸਦਮੇ ਕਾਰਨ 1799 ਨੂੰ ਪੰਜਾਬ ਦੀ ਬਹਾਦਰ, ਸੂਰਬੀਰ, ਨਿਰਭੈ, ਅਣਖੀਲੀ, ਦੂਰ ਦ੍ਰਿਸ਼ਟ, ਦਇਆਵਾਨ ਨੀਤੀਵਾਨ ਤੇ ਸਿੱਖਾਂ ਸਲਾਰ ਜਫਰਜੰਗ ਬੀਬੀ ਜਿਸ ਦੀ ਉਦਾਹਰਨ ਸੰਸਾਰ ਦੇ ਇਤਿਹਾਸ ਵਿਚ ਮਿਲਣੀ ਅਸੰਭਵ ਹੈ, ਸਦਾ ਹੀ ਨੀਂਦ ਸੌਂ ਗਈ।

## ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ...

ਮੇਰਾ ਗੁਰੂ ਗੋਬਿੰਦ ਸਿੰਘ ਦਰਵਾਜ਼ੇ ਖੋਲ ਕੇ ਮੈਨੂੰ ਉਡੀਕ ਰਿਹਾ ਹੋਣਾ ਹੈ।

ਅੱਲਾ ਯਾਰ ਖਾਨ ਜੋਗੀ ਨੇ ਚਮਕੌਰ ਨੂੰ ਹਿੰਦੂਆਂ ਦਾ ਇਕੋ-ਇਕ ਤੀਰਥ ਅਸਥਾਨ ਮੰਨਿਆ ਹ।

ਬੁੱਲੇ ਸ਼ਾਹ ਜੋ ਇਕ ਮਹਾਨ ਮੁਸਲਿਮ ਸੂਫ਼ੀ ਸ਼ਾਇਰ ਹੋਏ ਹਨ ਉਹ ਗੁਰੂ ਸਾਹਿਬ ਬਾਰੇ ਲਿਖਦੇ ਹਨ :

**ਨਾ ਕਹੂੰ ਜਬ ਕੀ ਨਾ ਕਹੂੰ ਤਬ ਕੀ**
**ਬਾਤ ਕਹੂੰ ਮੈਂ ਅਬ ਕੀ**
**ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ**
**ਤੋ ਸੁਨਤ ਹੋਤਿ ਸਭ ਕੀ।**

ਇੰਦੂ ਭੂਸ਼ਣ ਬੇਨਰਜੀ ਲਿਖਦੇ ਹਨ ਕੀ ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਅਧਿਆਤਮਿਕ ਨੇਤਾ ਸਨ ਜਿਨਾਂ ਨੇ ਆਪਣੇ ਰੂਹਾਨੀ ਕਮਾਲਾਂ ਸਦਕੇ ਲਾਸਾਨੀ ਕਾਰਨਾਮੇ ਕਰ ਵਿਖਾਏ। ਲੜਾਈਆਂ ਲੜਨਾ ਉਨਾਂ ਦਾ ਪੇਸ਼ਾ ਨਹੀਂ ਸੀ ਨਾਂ ਇਮਪਾਇਰ ਖੜਾ ਕਰਨਾ ਕੋਈ ਮਕਸਦ। ਉਨਾਂ ਨੇ ਤਲਵਾਰ ਕਿਸੇ ਵੈਰ ਵਿਰੋਧ ਲਈ ਨਹੀਂ ਸਗੋਂ ਸਵੇ ਤੇ ਮਜ਼ਲੂਮਾਂ ਦੀ ਰਖਿਆ ਲਈ ਚੁੱਕੀ। ਉਨਾਂ ਨੇ ਆਪਣੇ ਜੀਵਨ ਵਿਚ ਕਿਸੇ ਵੀ ਪੜਾਵ ਤੇ ਆਪਣੇ ਰੂਹਾਨੀ ਅਤੇ ਧਾਰਮਿਕ ਫਰਜ਼ ਨੂੰ ਪਿਛੇ ਨਹੀਂ ਪੈਣ ਦਿੱਤਾ। ਕਈ ਇਤਿਹਾਸਕਾਰ ਆਪਣੀ ਸਾਧਾਰਨ ਸੋਚ ਤੇ ਨਿੱਜੀ ਪੈਮਾਨੇ ਨਾਲ ਗੁਰੂ ਸਾਹਿਬ ਦੀਆਂ ਸਫਲਤਾਵਾਂ ਤੇ ਅਸਫਲਤਾਵਾਂ ਦਾ ਨਾਪ ਤੋਲ ਕਰਦੇ ਰਹਿੰਦੇ ਹਨ। ਕੁਨਿੰਘਮ ਲਿਖਦੇ ਹਨ 'ਸਿਰਫ ਸੰਸਾਰਿਕ ਕਾਮਯਾਬੀ ਕਿਸੇ ਦੀ ਵਡਿਆਈ ਦਾ ਨਿਸ਼ਾਨਾ ਨਹੀਂ ਹੁੰਦੀ। ਵਡੀਤਣ ਤੇ ਆਦਰਸ਼ ਦੇ ਨਿਸ਼ਾਨੇ ਦੀ ਹੁੰਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਉਨਾਂ ਦੇ ਆਦਰਸ਼ ਇਤਨੇ ਉਚੇ ਤੇ ਮਹਾਨ ਸਨ ਕਿ ਵਕਤ ਦੀ ਹਕੂਮਤ ਵੀ ਝੁਕਾ ਨਹੀਂ ਸਕੀ। ਲਤੀਫ ਲਿਖਦਾ ਹੈ ਕਿ ਉਨਾਂ ਦਾ ਨਿਸ਼ਾਨਾ ਉੱਚਾ ਸੀ। ਉਨਾਂ ਨੇ ਜਿਸ ਕੰਮ ਵਿਚ ਵੀ ਹੱਥ ਪਾਇਆ ਉਹ ਮਹਾਨ ਸੀ। ਉਨਾਂ ਨੇ ਖਤਰੇ ਤੇ ਤਬਾਹੀ ਦੇ ਵਿਚਕਾਰ ਵੀ ਇਸਤਕਬਾਲ ਦਾ ਪੱਲਾ ਨਹੀਂ ਛੱਡਿਆ। ਹਿੰਦੁਸਤਾਨ ਦੇ ਬਾਦਸ਼ਾਹ ਨੂੰ ਫਿਟਕਾਰਾਂ ਭਰੀ ਚਿੱਠੀ ਲਿਖਣੀ ਜਿਸ ਨੂੰ ਜਫਰਨਾਮਾ ਤੇ ਗੁਰੂ ਸਾਹਿਬ ਦਾ ਫਤਿਹਨਾਮਾ ਕਿਹਾ ਜਾਂਦਾ ਹੈ, ਇਕ ਵਡੇਰੀ ਜੁਅੱਰਤ ਦੀ ਮਿਸਾਲ ਹੈ। ਉਸ ਨੂੰ ਟਕੇ ਦਾ ਮੁਰੀਦ ਤੇ ਈਮਾਂ-ਸ਼ਿਕਨ (ਬੇਈਮਾਨ) ਕਿਹਾ। ਉਸ ਨੂੰ ਵੰਗਾਰ ਕੇ ਕਿਹਾ ਕਿ ਜੇਕਰ ਹੁਣ ਤੂੰ ਪੰਜਾਬ ਵੱਲ ਮੂੰਹ ਕਰੇਗਾਂ ਤਾਂ ਤੇਰੇ ਘੋੜੇ ਦੇ ਖੁਰਾਂ ਹੇਠ ਅਜਿਹੀ ਅੱਗ ਬਾਲ ਦਿਆਂਗਾ ਕਿ ਪੰਜਾਬ ਵਿਚ ਤੈਨੂੰ ਪਾਣੀ ਨਸੀਬ ਨਹੀਂ ਹੋਵੇਗਾ. ਕੋਈ ਛੋਟੀ ਗੱਲ ਨਹੀਂ। ਇਹ ਜਫਰਨਾਮਾ ਸਿੰਘਾਂ ਨੇ ਜਦ ਔਰੰਗਜ਼ੇਬ ਦੇ ਹੱਥ ਵਿਚ ਇਹ ਕਹਿਕੇ ਫੜਾਇਆ ਕਿ ਗੁਰੂ ਸਾਹਿਬ ਨੇ ਤੁਹਾਡੇ ਲਈ ਇਕ ਬੜਾ ਕੀਮਤੀ ਕੁਰਾਨ ਭੇਜਿਆ ਹੈ ਤਾਂ ਉਸਨੇ ਬੜੀ ਅਕੀਦਤ ਨਾਲ ਉਸ ਨੂੰ ਸਿਰ ਨਿਵਾ ਕੇ ਖੋਲਿਆ ਤੇ ਜਦ ਪੜਿਆ, ਉਸਦਾ ਰੰਗ ਪੀਲਾ ਪੈ ਗਿਆ, ਚਿਹਰੇ ਦੀਆਂ ਹਵਾਈਆਂ ਉੱਡ ਗਈਆਂ, ਉਸ ਨੂੰ ਆਪਣੇ, ਅਹਿਲਕਾਰਾਂ ਦੀਆਂ ਵਧੀਕੀਆਂ ਤੇ ਗਲਤ ਨੀਤੀਆਂ ਦਾ ਪਤਾ ਚਲਿਆ। ਉਸਦੀ ਆਤਮਾ ਝਨਝੋਰ ਉਠੀ ਜਿਸਦਾ ਉਲੇਖ ਉਸਦੇ ਵਸੀਅਤਨਾਮੇ ਵਿਚ ਸਾਫ਼ ਨਜ਼ਰ ਆਉਂਦਾ ਹੈ।ਮੌਤ ਤੋਂ ਪਹਿਲਾਂ ਉਸਨੇ ਇਕ ਚਿਠੀ ਲਿਖੀ ਜਿਸ ਵਿਚ ਉਸਨੇ ਆਪਣੇ ਗੁਨਾਹਾਂ ਦਾ ਇਕਬਾਲ ਕੀਤਾ,'ਮੈਂ ਦੁਨੀਆ ਵਿਚ ਖਾਲੀ ਹੱਥ ਆਇਆ ਸੀ, ਪਾਪਾਂ ਦੀ ਪੰਡ ਲੈ ਕੇ ਜਾ ਰਿਹਾਂ ਹਾਂ ਮੈਂ ਇਤਨੇ ਪਾਪ ਕਰ ਚੁੱਕਾ ਹਾਂ ਕੀ ਪ੍ਰਮਾਤਮਾ ਨੂੰ ਮੂੰਹ ਦਿਖਾਣ ਜੋਗਾ ਨਹੀਂ ਰਿਹਾ।'

ਭਾਈ ਦਾਇਆ ਸਿੰਘ ਜੀ ਨੂੰ ਸ਼ਾਹੀ ਸਨਮਾਨਾਂ ਨਾਲ, ਸੁਰਖਿਆ ਦਾ ਪਰਵਾਨਾ ਦੇ ਕੇ ਵਿਦਾ ਕੀਤਾ। ਉਸਨੇ ਆਪਣੀ ਕੀਤੀ 'ਤੇ ਪਛਤਾਵਾ ਜਹਿਰ ਕਰਦਿਆਂ ਆਪਣੇ ਅਹਿਲਕਾਰਾਂ ਨੂੰ ਹੁਕਮਨਾਮਾ ਭੇਜਿਆ ਕਿ ਗੁਰੂ ਸਾਹਿਬ ਜਿਥੇ ਵੀ ਰਹਿਣ, ਜੋ ਵੀ ਕਰਨ ਉਸ ਵਿਚ ਕੋਈ ਦਖਲ ਅੰਦਾਜੀ ਨਹੀਂ ਹੋਣੀ ਚਾਹੀਦੀ। ਇਨਾਂ ਹੁਕਮਾਂ 'ਤੇ ਅਮਲ ਵੀ ਹੋਣਾ ਸ਼ੁਰੂ ਹੋ ਗਿਆ।

ਇਕ ਚਿੱਠੀ ਵਿਚ ਉਸਨੇ ਗੁਰੂ ਸਾਹਿਬ ਨੂੰ ਤਰਲਿਆਂ ਮਿਨਤਾਂ ਨਾਲ ਆਪਣੇ ਕੋਲ ਸਦਿਆ। ਮਿਲਣ ਦੀ ਖਾਹਿਸ਼ ਤੇ ਆਪਣੀ ਨਾ ਆ ਸਕਣ ਦੀ ਮਜਬੂਰੀ ਜਾਹਿਰ ਕੀਤੀ। ਉਸਨੇ ਨੇ ਲਿਖਿਆ ਕਿ ਮੈਂ ਤੁਹਾਡੇ ਕੋਲ ਖੁਦ ਚਲ ਕੇ ਆਉਂਦਾ ਪਰ ਬੀਮਾਰੀ ਮੈਨੂੰ ਇਜਾਜ਼ਤ ਨਹੀਂ ਦਿੰਦੀ। ਗੁਰੂ ਸਾਹਿਬ ਨੇ ਜਦ ਚਿੱਠੀ ਪੜੀ ਤਾਂ ਸਭ ਕੁਝ ਭੁਲਾ ਕੇ ਜਾਣ ਦੀ ਤਿਆਰੀ ਕਰ ਲਈ ਪਰ ਉਹ ਵੱਖਰੀ ਗਲ ਹੈ ਕਿ ਉਸ ਦੇ ਨਾਲ ਮੇਲ ਨਾ ਹੋ ਸਕਿਆ, ਪਛਤਾਵੇ ਦੀ ਅੱਗ ਵਿਚ ਸੜਦਾ ਤੇ ਗੁਰੂ ਸਾਹਿਬ ਦੀਆਂ ਫਿਟਕਾਰਾਂ ਦੀ ਤਾਬ ਨਾ ਝਲਦਾ ਸ਼ਹਿਨਸ਼ਾਹ ਔਰੰਗਜੇਬ 1707 ਈਸਵੀ ਵਿਚ ਬਿਨਾਂ ਆਪਣੇ ਗੁਨਾਹ ਬਖ਼ਸ਼ਾਏ ਇਸ ਦੁਨੀਆ ਤੋਂ ਕੂਚ ਕਰ ਗਿਆ।

## ਤਾਨਾਸ਼ਾਹੀ ਨੂੰ ਜਨਮ...

ਧਾਰਮਿਕ ਤੌਰ 'ਤੇ ਕੀਤੀ ਗਈ ਗਲਤੀ ਦੀ ਬਿਨਾਂ ਕਿਸੇ ਅਪੀਲ ਅਤੇ ਦਲੀਲ ਦੇ ਸਜ਼ਾ ਨਿਸ਼ਚਿਤ ਕੀਤੀ ਗਈ ਹੋਵੇ। ਰਲਾ ਮਿਲਾ ਕੇ ਸੱਤਾ 'ਤੇ ਕਾਬਜ਼ ਧਿਰ ਤੇ ਕਿਸੇ ਦੀ ਬਹੁਤੀ ਰੋਕ ਟੋਕ ਨਾ ਹੋਵੇ। ਜਿਸਨੂੰ ਜੀਅ ਕੀਤਾ ਰਿਹਾ ਕਰ ਦਿੱਤਾ ਜਾਵੇ ਅਤੇ ਜਿਸਨੂੰ ਜੀਅ ਕੀਤਾ ਗੋਲੀ ਮਾਰ ਦਿੱਤੀ ਜਾਂਦੀ ਹੋਵੇ।

ਕੀ ਇਹੋ ਜਿਹਾ ਮੁਲਖ ਕਦੇ ਕਿਸੇ ਦੇ ਸੁਪਨਿਆਂ ਦਾ ਮੁਲਖ ਹੋ ਸਕਦਾ ਹੈ? ਕੀ ਅੱਗੇ ਤੁਰਨ ਦੀ ਬਜਾਇ ਪਿਛਲਗ਼ਾਤ ਨੂੰ ਝੂਰਨ ਨਾਲ ਅੱਜ ਦੇ ਸਮਾਜ ਅਤੇ ਅਜੋਕੀ ਪੀੜੀ ਨੂੰ ਖੁਸ਼ ਰੱਖਿਆ ਜਾ ਸਕਦਾ ਹੈ? ਕੀ ਤਾਨਾਸ਼ਾਹੀ ਮੁਲਕ ਕਦੇ ਹਰ ਇਕ ਦੀ ਖੁਸ਼ਹਾਲੀ ਦਾ ਪ੍ਰਤੀਤ ਬਣ ਸਕਦੇ ਹਨ? ਮੇਰਾ ਨਿਜ਼ੀ ਖਿਆਲ ਹੈ ਕਿ ਇਕ ਖੁਸ਼ਹਾਲ ਦੇਸ਼ ਅਲੱਗ ਅਲੱਗ ਲੋਕਾਂ ਦੇ ਸਮੂਹ ਨਾਲ ਹੀ ਬਣਦਾ ਹੈ ਅਤੇ ਉਸ ਦੇਸ਼ ਉੱਤੇ ਉਥੋਂ ਦੇ ਹਰ ਇਕ ਬਾਸ਼ਿੰਦੇ ਦਾ ਪੂਰਾ ਹੱਕ ਤੇ ਮਾਣ ਹੁੰਦਾ ਹੈ। ਆਪਣੇ ਮੁਲਖ ਵਿੱਚ ਵੀ ਜੇ ਅਜ਼ਾਦੀ ਦੀਆਂ ਫਿਜ਼ਾਵਾਂ ਨਾ ਵਗਣ ਤਾਂ ਜਿੰਦਗੀ ਜਿਉਂਦੇ ਜੀਅ ਨਰਕ ਸਮਾਨ ਹੀ ਹੈ। ਪਾਬੰਦੀਆਂ ਨਾਲੋਂ ਹਰ ਇਕ ਨੂੰ ਅਜ਼ਾਦੀ ਦੇਣਾ ਹੀ ਅਸਲ ਰਾਸ਼ਟਰੀ ਕਾਰਜ ਹੈ। ਭੂਤਕਾਲ ਦੀ ਸਥਾਪਤੀ ਦੇ ਪਿੱਛੇ ਭੱਜ ਕੇ ਕੁਝ ਵੀ ਨਵਾਂ ਵਾਪਰਨ ਦਾ ਵਿਕਲਪ ਖਤਮ ਹੋ ਜਾਵੇਗਾ ਅਤੇ ਮਨੁੱਖੀ ਜੀਵਨ ਦੇ ਵਿਕਾਸ ਵਿੱਚ ਖੜੋਤ ਆ ਜਾਵੇਗੀ। ਮਨੁੱਖ ਦਾ ਬੌਧਿਕ ਵਿਕਾਸ ਕਰਨਾ ਅਤੇ ਮਨੁੱਖਤਾ ਨੂੰ ਨਵੀਂ ਦੇਣ ਦੇਣਾ ਹੀ ਮਨੁੱਖਤਾ ਅਤੇ ਸ੍ਰਿਸ਼ਟੀ ਦਾ ਨਿਜ਼ਮ ਹੈ ਅਤੇ ਪ੍ਰਮਾਤਮਾ ਦੀ ਬਣਾਈ ਸ੍ਰਿਸ਼ਟੀ ਦੇ ਨਿਜ਼ਮਾਂ ਨੂੰ ਵੰਗਾਰ ਕੇ ਇਨਸਾਨ ਕਦੀ ਵੀ ਸੁੱਖੀ ਨਹੀਂ ਰਹਿ ਸਕਦਾ।

ਪਿਛਲਗ਼ਾਤ ਨੇ ਸਦਾ ਤਾਨਾਸ਼ਾਹੀ ਨੂੰ ਹੀ ਜਨਮ ਦਿੱਤਾ ਹੈ ਅਤੇ ਪਿਛਲਗ਼ਾਤ ਨੂੰ ਸਥਾਪਿਤ ਕਰਨ ਲਈ ਹਮੇਸ਼ਾ ਕਤਲੋ ਗਾਰਤ ਹੀ ਹੁੰਦੀ ਆਈ ਹੈ। ਵਰਤਮਾਨ ਵਿੱਚ ਜਿਉਣਾ ਅਤੇ ਭਵਿੱਖ ਸਵਾਰਨ ਲਈ ਯੋਗ ਵਿਉਂਤਬੰਦੀ ਕਰਨਾ ਹੀ ਹਰ ਇਨਸਾਨ ਦਾ ਅਸਲੀ ਫਰਜ਼ ਹੈ। ਇਨਸਾਨੀਅਤ ਨੂੰ ਲੋਕਤੰਤਰ ਪ੍ਰਣਾਲੀ ਤੋਂ ਤਾਨਾਸ਼ਾਹੀ ਵੱਲ ਧੱਕਣਾ ਮਾਨਵ ਜਾਤੀ ਨਾਲ ਕੀਤੀ ਗਈ ਸਭ ਤੋਂ ਵੱਡੀ ਗਲਤੀ ਤੇ ਬੇਇਨਸਾਫ਼ੀ ਸਾਬਿਤ ਹੋਵੇਗੀ। ਲੋਕਤੰਤਰ ਦੇ ਅੰਦਰ ਸਰਕਾਰ ਦਾ ਮੁਢਲਾ ਕਦਮ ਇਹ ਹੋਣਾ ਚਾਹੀਦਾ ਹੈ ਕਿ ਹਰ ਇਕ ਇਨਸਾਨ ਆਪਣੀ ਮਰਜੀ ਨਾਲ ਆਪਣੀ ਜਿੰਦਗੀ ਜੀਅ ਸਕੇ ਅਤੇ ਕਿਸੇ ਵੀ ਨਾਗਰਿਕ ਨੂੰ ਆਪਣੇ ਦੇਸ਼ ਅੰਦਰ ਬੇਗਾਨਾਪਨ ਅਤੇ ਡਰ ਮਹਿਸੂਸ ਨਾ ਹੋਵੇ। ਗੁਲਾਮੀ ਦਾ ਅਹਿਸਾਸ ਤੇ ਪਿਛਲਗ਼ਾਤ ਹੀ ਕਤਲੇਆਮ ਅਤੇ ਤਾਨਾਸ਼ਾਹੀ ਦੀ ਚਾਹ ਰੱਖਣ ਦਾ ਮੁੱਖ ਕਾਰਨ ਬਣਦਾ ਹੈ ਇਸ ਕਰਕੇ ਕਾਨੂੰਨ ਦਾ ਪੈਮਾਨਾ ਹਰ ਇਕ ਲਈ ਇੱਕ ਸਮਾਨ ਅਤੇ ਅਸਰਦਾਰ ਹੋਣਾ ਚਾਹੀਦਾ ਹੈ ਫਿਰ ਉਹ ਭਾਵੇਂ ਕਾਨੂੰਨ ਘੜਨ ਵਾਲੇ ਹਾਕਮ ਹੋਣ ਜਾਂ ਕਾਨੂੰਨ ਤੋੜਨ ਵਾਲੇ ਆਮ ਲੋਕ ਹੋਣ।

## 'ਚਮਕੌਰ ਤੇ ਚੁਰਾਸੀ'

ਪੂਰਨ ਦੀ ਨਕਾਮ ਕੋਸ਼ਿਸ਼ ਕੀਤੀ ਪਰ ਗੁਰਬਾਣੀ ਨੂੰ ਨਾ ਮਿੱਟਾ ਸਕੇ, ਫਿਰ ਕੁਝ ਦਹਾਕੇ ਪਹਿਲਾਂ ਵੀ ਸਮੇਂ ਦੇ ਹੁਕਮਰਾਨਾਂ ਐਸਾ ਹੀ ਕੁਕਰਮ ਕੀਤਾ। ਪਰ ਸਿੱਖਾਂ ਨੇ ਪੁਰਾਤਨ ਸਿੰਘਾਂ ਵਾਂਗ ਰੜੇ ਮੈਦਾਨੀ ਇਲਾਕੇ ਵਿਚ ਸਵਾ ਲੱਖ ਨਾਲ ਇਕ ਲੜਨ ਦੇ ਜੌਹਰ ਅਖੌਤੀ ਸੁਪਰ ਪਾਵਰ ਨੂੰ ਦਿਖਾਏ ਤੇ ਦੱਸ ਬਾਰਾਂ ਸਾਲ ਹਕੂਮਤ ਦੇ ਨਾਂਸੀ ਧੂੰਆਂ ਦੇ ਛੱਡਿਆ। ਅਜੋਕੇ ਦੁਸ਼ਮਣ ਨੂੰ ਤੁਹਾਥੋਂ ਹਮੇਸ਼ਾ ਖਤਰਾ ਏ ਕਿਉਂਕਿ ਤੁਹਾਡੇ ਗੁਰੂ ਸਾਹਿਬਾਨ ਉਨਾਂ ਦੇ ਪਾਖੰਡਵਾਦ ਦਾ ਭਾਂਡਾ ਭੰਨਦੇ ਹਨ, ਇਸ ਲਈ ਦੁਸ਼ਮਣ ਤੁਹਾਡੇ ਵਿੱਚ ਸ਼ੰਕੇ ਪੈਦਾ ਕਰ ਤੇ ਕਰਾ ਰਿਹਾ ਏ, ਬਾਣੀ ਵਿੱਚ, ਬਾਣੇ ਵਿੱਚ, ਅਰਦਾਸ ਵਿਚ, ਇਤਿਹਾਸ ਵਿਚ ਗੱਲ ਕੀ ਹਰ ਜਗਾ। ਉਹ ਤੁਹਾਡੇ ਤੋਂ ਸ੍ਰੀ ਸਾਹਿਬ ਵੱਖ ਕਰ ਮੰਤਰ ਪੜਨ ਲਾਉਣਾ ਚਾਹੁੰਦਾ ਏ। ਸੋ ਸਾਵਧਾਨ, ਬਾਕੀ ਫਿਰ ਸਹੀ।

ਏਸ ਕੱਚੀ ਚਮਕੌਰ ਦੀ ਗੜੀ ਮੂਹਰੇ,
ਕਿਲਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ।
ਝੋਰਾ ਕਰੀਂ ਨਾ ਕਿਲੇ ਅਨੰਦਪੁਰ ਦਾ,
ਕੁੱਲੀ ਕੁੱਲੀ ਨੂੰ ਕਿਲਾ ਬਣਾ ਦਿਆਂਗੇ।
ਮਾਛੀਵਾੜੇ ਦੇ ਸੱਥਰ ਦੇ ਗੀਤ ਵਿੱਚੋਂ,
ਅਸੀ ਉਠਾਂਗੇ ਚੰਡੀ ਦੀ ਵਾਰ ਬਣ ਕੇ।
ਜਿਨਾਂ ਸੂਲਾਂ ਨੇ ਦਿੱਤਾ ਨਾ ਸੌਣ ਤੈਨੂੰ,
ਛਾਂਗ ਦਿਆਗੇ ਖੰਡੇ ਦੀ ਧਾਰ ਬਣ ਕੇ।

## ਸਿੱਖ ਕੌਮ ਦੀ ਅਦੁੱਤੀ...

ਕੋਹਲਾਪੁਰ ਸਾਂਗਲੀ ਵਿੱਚ ਬਹੁਤ ਸਾਰੇ ਇਲਾਕਿਆਂ ਵਿੱਚ ਪਾਣੀ ਭਰ ਗਿਆ ਸੀ ਤਾਂ ਉਸ ਸਮੇਂ ਉਨਾਂ ਨੇ 50 ਬੰਦਿਆਂ ਦੇ ਜਥੇ ਨਾਲ ਪ੍ਰਭਾਵਿਤ ਖੇਤਰਾਂ ਵਿਚ ਲੰਗਰ, ਮੈਡੀਸਨ, ਪਾਣੀ ਆਦਿ ਦੀ ਸੇਵਾ ਆਪ ਖ਼ੁਦ ਜਾ ਕੇ ਕੀਤੀ। ਦਿੱਲੀ ਦੀਆਂ ਬਰੂਹਾਂ 'ਤੇ ਚੱਲ ਰਹੇ ਕਿਸਾਨੀ ਸੰਘਰਸ਼ ਵਿਚ ਵੀ ਵੱਧ ਚੜ ਕੇ ਹਿੱਸਾ ਪਾਇਆ ਅਤੇ ਦੂਜਿਆਂ ਨੂੰ ਵੀ ਇਸ ਵੱਲ ਆਉਣ ਲਈ ਪ੍ਰੇਰਿਤ ਕੀਤਾ। ਕਿਸਾਨੀ ਅੰਦੋਲਨ ਪੱਖੀ ਗੱਲ ਕਰਨ ਦੇ ਨਾਲ ਨਾਲ ਉਨਾਂ ਨੇ ਉੱਥੇ ਰਹਿ ਕੇ ਆਪਣੀ ਟੀਮ ਨਾਲ ਲੰਗਰ ਦੀ ਸੇਵਾ ਵੀ ਕੀਤੀ। ਇਸ ਦੇ ਨਾਲ ਹੀ ਸ. ਰਵਿੰਦਰ ਸਿੰਘ ਆਸ਼ਾ ਸਿੰਘ ਬੁੰਗਈ ਜੀ ਨੇ ਗਲਵਾਨ ਘਾਟੀ ਦੇ ਸ਼ਹੀਦ ਗੁਰਤੇਜ ਸਿੰਘ ਦੇ ਪਰਿਵਾਰ ਨੂੰ ਤਖਤ ਸ੍ਰੀ ਸੱਚਖੰਡ ਹਜੂਰ ਸਾਹਿਬ ਵੱਲੋਂ 11 ਲੱਖ ਦੀ ਮੱਦਦ ਕਰਵਾਈ। ਉਹ ਆਪਣਾ ਜੀਵਨ ਆਮ ਲੋਕਾਂ ਦੀ ਸੇਵਾ ਲਈ ਅਰਪਿਤ ਕਰ ਚੁੱਕੇ ਹਨ।

ਮੌਜੂਦਾ ਸਮੇਂ ਦੌਰਾਨ ਉਹ ਗੁਰੂਘਰ ਦੀ ਸੇਵਾ ਦੇ ਨਾਲ ਨਾਲ ਸਮਾਜਿਕ ਕਾਰਜਾਂ ਨੂੰ ਵੀ ਪਹਿਲ ਦੇ ਰਹੇ ਹਨ ਤਾਂ ਜੋ ਗੁਰੂ ਨਾਨਕ ਪਾਤਸ਼ਾਹ ਜੀ ਦੇ ਦਰਸਾਏ ਰਾਹ ਉੱਤੇ ਚੱਲ ਕੇ ਜੀਵਨ ਨੂੰ ਸਫਲ ਬਣਾਇਆ ਜਾ ਸਕੇ। ਗੁਰੂ ਪਾਤਸ਼ਾਹ ਜੀ ਦੀ ਸੋਚ ਉੱਤੇ ਪਹਿਰਾ ਦਿੰਦੇ ਹੋਏ ਸ. ਰਵਿੰਦਰ ਸਿੰਘ ਆਸ਼ਾ ਸਿੰਘ ਬੁੰਗਈ ਜੀ ਬਿਨਾਂ ਕਿਸੇ ਮੱਤਭੇਦ ਤੋਂ ਆਮ ਲੋਕਾਈ ਦੀ ਸੇਵਾ ਲਈ ਹਰ ਸਮੇਂ ਹਾਜ਼ਰ ਰਹਿੰਦੇ ਹਨ। ਅਸੀਂ ਅਰਦਾਸ ਕਰਦੇ ਹਾਂ ਕਿ ਸ. ਰਵਿੰਦਰ ਸਿੰਘ ਆਸ਼ਾ ਸਿੰਘ ਬੁੰਗਈ ਜੀ ਨੂੰ ਅਕਾਲ ਪੁਰਖ ਨੇਕ ਉੱਦਮ ਅਤੇ ਉਤਸ਼ਾਹ ਬਖ਼ਸ਼ਦੇ ਰਹਿਣ, ਤਾਂ ਜੋ ਆਉਣ ਵਾਲੇ ਸਮੇਂ ਵਿੱਚ ਨੌਜਵਾਨ ਪੀੜੀ ਇਨਾਂ ਦੇ ਨਕਸ਼ੇ ਕਦਮ ਉੱਤੇ ਚੱਲ ਕੇ ਜੀਵਨ ਸਫਲ ਕਰ ਸਕਣ।

## ਉਸਤਤਿ ਕਾਇਨਾਤ

ਅੱਖਾਂ ਖੋਲਾਂ ਹਰ ਮੂਰਤ ਵਿਚ ਤੂੰ
ਅੱਖਾਂ ਬੰਦ ਵੀ ਹੁੰਦਾ ਤੇਰਾ ਦਿਦਾਰ
ਜ਼ਰੇ ਜ਼ਰੇ ਵਿੱਚ ਮਹਿਕ ਤੇਰੀ
ਰੋਮ ਰੋਮ ਵਿੱਚ ਮਹਿਕੇ ਤੇਰਾ ਪਿਆਰ
ਕਾਗਜ਼ ਕਲਮ ਤੇ ਸਿਆਹੀ ਤੂੰ
ਤੇਰੇ ਬੋਲ ਹੀ ਨੇ ਕਵਿਤਾ ਦਿਲ ਸ਼ਿੰਗਾਰ
ਤੇਰੇ ਦਰਸ਼ਨ ਪਰਸਿਆ ਭੁੱਖ ਉਤਰੇ
ਤੇਰੇ ਦਰ ਤੋਂ ਮਿਲਦਾ ਰੂਹ ਨੂੰ ਪਿਆਰ
ਇਹ ਜੰਗਲ ਇਹ ਨਦੀਆਂ ਦਰਿਆਵਾਂ 'ਚ ਤੂੰ
ਕੋਇਲਾ ਵੀ ਕਰਦੀਆਂ ਤੇਰਾ ਗੁਣਗਾਣ
ਅਮੀਰੀ ਵਿੱਚ ਤੂੰ ਗਰੀਬ ਵੀ ਤੂੰ
ਢਾਹਵੇ ਬਣਾਵੇ ਇਹ ਦੁਨੀ ਬਜ਼ਾਰ
ਰਾਜਾ ਵੀ ਤੂੰ ਤੇ ਮੰਗਤਾ ਵੀ ਤੂੰ
ਤੂੰ ਹੀ ਤਾਂ ਹੈ ਲੈਂਦਾ ਡਾਕੇ ਜੋ ਮਾਰ
ਚੋਰ ਵੀ ਤੂੰ ਤੇ ਸਾਧ ਵੀ ਤੂੰ
ਤੂੰ ਹੀ ਚਲਾਵੇ ਇਹ ਫ਼ਾਨੀ ਸੰਸਾਰ
ਬਚਪਨ ਵੀ ਤੂੰ ਬੁਢੇਪਾ ਵੀ ਤੂੰ
ਬਣਕੇ ਸੁਹਾਗਣ ਕਰਦਾ ਸ਼ਿੰਗਾਰ
ਪਲ ਪਲ ਤੇਰੀ ਯਾਦ 'ਚ ਗੁਜ਼ਰੇ
ਜਗਦੀਪ ਤੇ ਕਰਦੇ ਕਿਰਪਾ ਅਪਾਰ
ਬੱਚਾ ਹਾਂ ਤੇਰਾ ਬਖਸ਼ਦੇ ਮੈਨੂੰ
ਅੰਦਰ ਭਰੇ ਨੇ ਅਵਗੁਣ ਹਜ਼ਾਰ।

– ਜਗਦੀਪ ਸਿੰਘ ਖ਼ਾਲਸਾ

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700, gbsingh84@gmail.com